ਸ਼ੁੱਕਰਵਾਰ, 10 ਨਵੰਬਰ, 2023
25 ਕੱਤਕ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 161

# ਨਵਾਂ ਜ਼ਮਾਨਾ

DAILY NAWAN ZAMANA • FRIDAY, 10 NOVEMBER, 2023
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.L.)-00068/57 E-mail : nawanzamana@gmail.com www.nawanzamana.in ਸਫ਼ੇ : 12

## ਰੋਬੋਟ ਵੱਲੋਂ ਵਰਕਰ ਕਤਲ !

**ਸਿਓਲ** : ਦੱਖਣੀ ਕੋਰੀਆ 'ਚ ਸਬਜ਼ੀ ਪੈਕਿੰਗ ਪਲਾਂਟ 'ਚ ਉਦਯੋਗਿਕ ਰੋਬੋਟ ਨੇ ਵਰਕਰ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਪੁਲਸ ਨੇ ਦੱਸਿਆ ਕਿ ਵਰਕਰ ਮਸ਼ੀਨ ਦੀ ਜਾਂਚ ਕਰ ਰਿਹਾ ਸੀ। ਮਸ਼ੀਨ ਦੇ ਰੋਬੋਟਿਕ ਹੱਥਾਂ ਵੱਲੋਂ ਫੜੇ ਜਾਣ ਅਤੇ ਦਬਾਉਣ ਕਾਰਨ ਵਿਅਕਤੀ ਦੇ ਸਿਰ ਅਤੇ ਛਾਤੀ 'ਤੇ ਸੱਟਾਂ ਲੱਗੀਆਂ ਤੇ ਉਸ ਦੀ ਮੌਤ ਹੋ ਗਈ।

## ਅੱਜ 596 ਨਿਯੁਕਤੀ ਪੱਤਰ ਵੰਡੇ ਜਾਣਗੇ

**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਕਰਕੇ ਦੱਸਿਆ ਹੈ ਕਿ 10 ਨਵੰਬਰ ਨੂੰ 596 ਮੁੰਡੇ-ਕੁੜੀਆਂ ਨੂੰ ਸਰਕਾਰੀ ਨੌਕਰੀ ਦੇ ਨਿਯੁਕਤੀ ਪੱਤਰ ਵੰਡੇ ਜਾਣਗੇ। ਆਉਣ ਵਾਲੇ ਦਿਨਾਂ 'ਚ ਹਜ਼ਾਰਾਂ ਨੌਕਰੀਆਂ ਪੰਜਾਬੀਆਂ ਦੇ ਬੂਹੇ 'ਤੇ ਦਸਤਕ ਨੂੰ ਤਿਆਰ ਨੇ। ਇਹ ਅਹਿਸਾਨ ਨਹੀਂ, ਫਰਜ਼ ਹੈ।

## ਸੁਪਰੀਮ ਕੋਰਟ ਦੇ ਜੱਜਾਂ ਦੀ ਗਿਣਤੀ ਮੁਕੰਮਲ

**ਨਵੀਂ ਦਿੱਲੀ** : ਹਾਈ ਕੋਰਟ ਦੇ ਤਿੰਨ ਚੀਫ ਜਸਟਿਸ ਨੂੰ ਵੀਰਵਾਰ ਸੁਪਰੀਮ ਕੋਰਟ ਦਾ ਜੱਜ ਨਿਯੁਕਤ ਕੀਤਾ ਗਿਆ ਤੇ ਸ਼ਾਮੀਂ ਉਨ੍ਹਾਂ ਦੇ ਸਹੁੰ ਚੁੱਕਣ ਤੋਂ ਬਾਅਦ ਸੁਪਰੀਮ ਕੋਰਟ ਲਈ ਨਿਸ਼ਚਿਤ ਜੱਜਾਂ ਦੀ ਗਿਣਤੀ 34 ਹੋ ਗਈ। ਦਿੱਲੀ ਹਾਈ ਕੋਰਟ ਦੇ ਚੀਫ ਜਸਟਿਸ ਸਤੀਸ਼ ਚੰਦਰ ਸ਼ਰਮਾ, ਰਾਜਸਥਾਨ ਹਾਈ ਕੋਰਟ ਦੇ ਚੀਫ ਜਸਟਿਸ ਆਗਸਟੀਨ ਜਾਰਜ ਮਸੀਹ ਅਤੇ ਗੁਹਾਟੀ ਹਾਈ ਕੋਰਟ ਦੇ ਚੀਫ ਜਸਟਿਸ ਸੰਦੀਪ ਮਹਿਤਾ ਨੂੰ ਸੁਪਰੀਮ ਕੋਰਟ ਦੇ ਚੀਫ ਜਸਟਿਸ ਡੀ ਵਾਈ ਚੰਦਰਚੂੜ ਨੇ ਸਹੁੰ ਚੁਕਾਈ। ਸੁਪਰੀਮ ਕੋਰਟ ਕਾਲੇਜੀਅਮ ਨੇ 6 ਨਵੰਬਰ ਨੂੰ ਉਨ੍ਹਾਂ ਦੇ ਨਾਵਾਂ ਦੀ ਸਿਫਾਰਸ਼ ਕੀਤੀ ਸੀ।

## ਕੇਜਰੀਵਾਲ ਦੀ ਪਟੀਸ਼ਨ ਖਾਰਜ

**ਅਹਿਮਦਾਬਾਦ** : ਗੁਜਰਾਤ ਹਾਈ ਕੋਰਟ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਉਸ ਪਟੀਸ਼ਨ ਨੂੰ ਖਾਰਜ ਕਰ ਦਿੱਤਾ, ਜਿਸ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਡਿਗਰੀ ਬਾਰੇ ਜਾਣਕਾਰੀ ਮੁਹੱਈਆ ਕਰਾਉਣ ਦੇ ਕੇਂਦਰੀ ਸੂਚਨਾ ਕਮਿਸ਼ਨ ਦੇ ਨਿਰਦੇਸ਼ਾਂ ਨੂੰ ਰੱਦ ਕਰਨ ਦੇ ਅਦਾਲਤ ਦੇ ਹੁਕਮ ਨੂੰ ਚੁਣੌਤੀ ਦਿੱਤੀ ਗਈ ਸੀ।

## ਕੌਮਾਂਤਰੀ ਮਨੁੱਖੀ ਤਸਕਰੀ ਦੇ ਸੰਬੰਧ 'ਚ 44 ਫੜੇ

**ਨਵੀਂ ਦਿੱਲੀ** : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀਰਵਾਰ ਕਿਹਾ ਕਿ ਕੌਮੀ ਜਾਂਚ ਏਜੰਸੀ (ਐੱਨ ਆਈ ਏ) ਨੇ ਕੌਮਾਂਤਰੀ ਮਨੁੱਖੀ ਤਸਕਰੀ ਨਾਲ ਸੰਬੰਧਤ ਪੰਜ ਮਡਿਊਲਾਂ ਦਾ ਪਰਦਾ ਫਾਸ਼ ਕਰਕੇ 10 ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ 'ਚ ਇੱਕੋ ਸਮੇਂ ਮਾਰੇ ਛਾਪਿਆਂ ਦੌਰਾਨ 44 ਵਿਅਕਤੀ ਗ੍ਰਿਫਤਾਰ ਕੀਤੇ ਹਨ। ਉਨ੍ਹਾ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਰਕਾਰ ਗੈਰ-ਕਾਨੂੰਨੀ ਪਰਵਾਸ ਪ੍ਰਤੀ ਆਪਣੀ 'ਜ਼ੀਰੋ ਟਾਲਰੈਂਸ' ਪਹੁੰਚ ਜਾਰੀ ਰੱਖੇਗੀ ਤੇ ਭਾਰਤ ਨੂੰ ਇਸ ਖਤਰੇ ਤੋਂ ਬਚਾਉਣ ਲਈ ਵਚਨਬੱਧ ਹੈ।

## ਪਾਕਿਸਤਾਨੀ ਗੋਲੀਬਾਰੀ 'ਚ ਜਵਾਨ ਸ਼ਹੀਦ



**ਜੰਮੂ** : ਸਾਂਬਾ ਜ਼ਿਲ੍ਹੇ ਦੇ ਰਾਮਗੜ੍ਹ ਸੈਕਟਰ 'ਚ ਕੌਮਾਂਤਰੀ ਸਰਹੱਦ ਨੇੜੇ ਬੁੱਧਵਾਰ ਦੇਰ ਰਾਤ ਪਾਕਿਸਤਾਨੀ ਰੇਂਜਰਾਂ ਦੀ ਗੋਲੀਬਾਰੀ 'ਚ ਬੀ ਐੱਸ ਐੱਫ ਦਾ ਹੌਲਦਾਰ ਲਾਲ ਫਾਮ ਕੀਮਾ (50) ਸ਼ਹੀਦ ਹੋ ਗਿਆ। ਉਹ ਮਿਜ਼ੋਰਮ ਦੇ ਐਜ਼ਵਾਲ ਦਾ ਸੀ। ਸਰਹੱਦੀ ਚੌਕੀਆਂ ਨੂੰ ਨਿਸ਼ਾਨਾ ਬਣਾ ਕੇ ਕੀਤੀ ਗੋਲੀਬਾਰੀ 24 ਦਿਨਾਂ 'ਚ ਜੰਮੂ 'ਚ ਕੌਮਾਂਤਰੀ ਸਰਹੱਦ ਦੇ ਨਾਲ ਪਾਕਿਸਤਾਨੀ ਰੇਂਜਰਾਂ ਵੱਲੋਂ ਜੰਗਬੰਦੀ ਦੀ ਉਲੰਘਣਾ ਦੀ ਤੀਜੀ ਘਟਨਾ ਹੈ। ਉਧਰ, ਵੀਰਵਾਰ ਸ਼ੋਪੀਆਂ ਜ਼ਿਲ੍ਹੇ ਦੇ ਕਠੋਹਲਾਨ ਇਲਾਕੇ 'ਚ ਮੁਕਾਬਲੇ 'ਚ 'ਦਿ ਰਜਿਸਟੈਂਸ ਫਰੰਟ' (ਟੀ ਆਰ ਐੱਫ) ਨਾਲ ਸੰਬੰਧਤ ਦਹਿਸ਼ਤਗਰਦ ਮਾਰਿਆ ਗਿਆ।

## ਵਰੁਣ ਨੇ ਦਮ ਤੋੜਿਆ



**ਵਾਸ਼ਿੰਗਟਨ** : ਅਮਰੀਕਾ ਦੇ ਇੰਡੀਆਨਾ ਸੂਬੇ ਵਿਚ ਸਥਿਤ ਫਿਟਨੈੱਸ ਸੈਂਟਰ ਵਿਚ ਚਾਕੂ ਨਾਲ ਹਮਲੇ 'ਚ ਜ਼ਖ਼ਮੀ 24 ਸਾਲਾ ਭਾਰਤੀ ਵਿਦਿਆਰਥੀ ਵਰੁਣ ਰਾਜ ਦੀ ਇਲਾਜ ਦੌਰਾਨ ਮੌਤ ਹੋ ਗਈ। ਵਾਲਪੇਰਾਈਸੋ ਯੂਨੀਵਰਸਿਟੀ 'ਚ ਕੰਪਿਊਟਰ ਸਾਇੰਸ ਦੇ ਵਿਦਿਆਰਥੀ ਵਰੁਣ ਉੱਤੇ 29 ਅਕਤੂਬਰ ਨੂੰ ਜਿੰਮ 'ਚ ਹਮਲਾਵਰ ਜੋਰਡਨ ਐਂਡਰੇਡ ਨੇ ਚਾਕੂ ਨਾਲ ਹਮਲਾ ਕੀਤਾ ਸੀ।

## ਮਾਤਾ-ਪਿਤਾ ਦਾ ਕਤਲ



**ਮਜੀਠਾ (ਸੋਇਮ ਆਨੰਦ)**-ਹਲਕਾ ਮਜੀਠਾ ਦੇ ਪਿੰਡ ਪੰਧੇਰ ਕਲਾਂ ਦੇ ਵਸਨੀਕ ਨੌਜੁਆਨ ਪ੍ਰਿਤਪਾਲ ਸਿੰਘ ਉਰਫ ਪੀਤੂ ਨੇ ਕਥਿਤ ਤੌਰ 'ਤੇ ਪਿਤਾ ਗੁਰਮੀਤ ਸਿੰਘ ਤੇ ਮਾਤਾ ਕੁਲਵਿੰਦਰ ਕੌਰ ਨੂੰ ਕਤਲ ਕਰ ਦਿੱਤਾ। ਗੁਆਂਢ ਵਿੱਚ ਚੱਲ ਰਹੇ ਕਿਸੇ ਵਿਆਹ ਕਾਰਜ ਵਿੱਚ ਪ੍ਰਿਤਪਾਲ ਸਿੰਘ ਸ਼ਰਾਬ ਪੀ ਰਿਹਾ ਸੀ ਤੇ ਦੇਰ ਰਾਤ ਹੋਣ ਕਰਕੇ ਉਸ ਦੇ ਪਿਤਾ ਨੇ ਉਸ ਨੂੰ ਵਾਰ-ਵਾਰ ਘਰ ਆਉਣ ਲਈ ਕਿਹਾ ਤਾਂ ਪ੍ਰਿਤਪਾਲ ਸਿੰਘ ਨੇ ਨਸ਼ੇ ਦੀ ਹਾਲਤ 'ਚ ਗੁੱਸੇ ਵਿੱਚ ਆ ਕੇ ਮਾਤਾ ਤੇ ਪਿਤਾ ਨੂੰ ਰਾਡ ਨਾਲ ਮਾਰਿਆ। ਕੁਲਵਿੰਦਰ ਕੌਰ ਦੀ ਮੌਕੇ 'ਤੇ ਹੀ ਮੌਤ ਹੋ ਗਈ ਤੇ ਗੁਰਮੀਤ ਸਿੰਘ ਨੇ ਜ਼ੇਰੇ ਇਲਾਜ ਦਮ ਤੋੜ ਦਿੱਤਾ। ਮਜੀਠਾ ਪੁਲਸ ਨੇ ਪ੍ਰਿਤਪਾਲ ਸਿੰਘ ਨੂੰ ਫੜ ਲਿਆ ਹੈ।

# ਕਾਨੂੰਨਸਾਜ਼ਾਂ ਖ਼ਿਲਾਫ਼ ਅਪਰਾਧਕ ਕੇਸ ਨਿਬੇੜਨ ਲਈ ਸਪੈਸ਼ਲ ਬੈਂਚ ਕਾਇਮ ਕਰਨ ਦੀ ਹਦਾਇਤ

### ਸੁਣਵਾਈ ਖਾਸ ਕਾਰਨਾਂ ਨੂੰ ਛੱਡ ਕੇ ਮੁਲਤਵੀ ਨਾ ਕੀਤੀ ਜਾਵੇ : ਸੁਪਰੀਮ ਕੋਰਟ



**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਵੀਰਵਾਰ ਅਹਿਮ ਫੈਸਲੇ ਵਿਚ ਸਾਰੀਆਂ ਹਾਈ ਕੋਰਟਾਂ ਨੂੰ ਨਿਰਦੇਸ਼ ਦਿੱਤੇ ਕਿ ਉਹ ਜਨਤਕ ਨੁਮਾਇੰਦਿਆਂ ਵਿਰੁੱਧ ਲਟਕੇ ਅਪਰਾਧਕ ਮਾਮਲਿਆਂ ਦੀ ਨਿਗਰਾਨੀ ਲਈ ਵਿਸ਼ੇਸ਼ ਬੈਂਚ ਕਾਇਮ ਕਰਨ ਤੇ ਖੁਦ-ਬ-ਖੁਦ ਨੋਟਿਸ ਲੈ ਕੇ ਮਾਮਲੇ ਦਰਜ ਕਰਨ, ਤਾਂ ਜੋ ਉਨ੍ਹਾਂ ਦਾ ਜਲਦੀ ਨਿਬੇੜਾ ਕੀਤਾ ਜਾ ਸਕੇ। ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਵਾਲੀ ਬੈਂਚ ਨੇ ਅਸ਼ਵਨੀ ਉਪਾਧਿਆਏ ਦੀ ਜਨਤਕ ਨੁਮਾਇੰਦਿਆਂ ਵਿਰੁੱਧ ਲਟਕੇ ਅਪਰਾਧਕ ਮਾਮਲਿਆਂ ਦੇ ਜਲਦੀ ਨਿਬੇੜੇ ਦੀ ਮੰਗ ਕਰਨ ਵਾਲੀ ਜਨਹਿਤ ਪਟੀਸ਼ਨ 'ਤੇ ਹਾਈ ਕੋਰਟਾਂ ਅਤੇ ਹੇਠਲੀਆਂ ਅਦਾਲਤਾਂ ਨੂੰ ਕਈ ਨਿਰਦੇਸ਼ ਜਾਰੀ ਕੀਤੇ। ਸੁਪਰੀਮ ਕੋਰਟ ਨੇ ਕਿਹਾ ਕਿ ਜਨਤਕ ਨੁਮਾਇੰਦਿਆਂ ਵਿਰੁੱਧ ਲਟਕੇ ਮਾਮਲਿਆਂ ਦੇ ਤੇਜ਼ੀ ਨਾਲ ਨਿਬੇੜੇ ਲਈ ਹੇਠਲੀਆਂ ਅਦਾਲਤਾਂ ਨੂੰ ਇਕਸਾਰ ਨਿਰਦੇਸ਼ ਦੇਣਾ ਉਸ ਲਈ ਮੁਸ਼ਕਲ ਹੋਵੇਗਾ। ਸੁਪਰੀਮ ਕੋਰਟ ਨੇ ਫੈਸਲੇ 'ਚ ਕਿਹਾ ਹੈ ਕਿ ਹਾਈ ਕੋਰਟਾਂ ਕਾਨੂੰਨਸਾਜ਼ਾਂ ਵਿਰੁੱਧ ਅਪਰਾਧਕ ਮੁਕੱਦਮਿਆਂ ਦੀ ਨਿਗਰਾਨੀ ਕਰਨ ਲਈ ਵਿਸ਼ੇਸ਼ ਬੈਂਚ ਕਾਇਮ ਕਰਨਗੀਆਂ, ਜਿਸ ਦੀ ਅਗਵਾਈ ਚੀਫ ਜਸਟਿਸ ਜਾਂ ਉਸ (ਚੀਫ ਜਸਟਿਸ) ਵੱਲੋਂ ਨਾਮਜ਼ਦ ਬੈਂਚ ਕਰਨਗੇ। ਸੁਪਰੀਮ ਕੋਰਟ ਨੇ ਕਿਹਾ ਕਿ ਹਾਈ ਕੋਰਟਾਂ ਅਪਰਾਧਕ ਮਾਮਲਿਆਂ 'ਚ ਜਨਤਕ ਪ੍ਰਤੀਨਿਧੀਆਂ ਵਿਰੁੱਧ ਕੇਸਾਂ ਬਾਰੇ ਵਿਸ਼ੇਸ਼ ਹੇਠਲੀਆਂ ਅਦਾਲਤਾਂ ਤੋਂ ਸਥਿਤੀ ਰਿਪੋਰਟ ਮੰਗ ਸਕਦੀਆਂ ਹਨ। ਇਸ 'ਚ ਕਿਹਾ ਗਿਆ ਹੈ—ਸੁਣਵਾਈ ਅਦਾਲਤਾਂ ਸੰਸਦ ਮੈਂਬਰਾਂ, ਵਿਧਾਇਕਾਂ ਅਤੇ ਵਿਧਾਨ ਪ੍ਰੀਸ਼ਦ ਮੈਂਬਰਾਂ ਖਿਲਾਫ ਕੇਸਾਂ ਦੀ ਸੁਣਵਾਈ ਨੂੰ ਵਿਸ਼ੇਸ਼ ਕਾਰਨਾਂ ਨੂੰ ਛੱਡ ਕੇ ਮੁਲਤਵੀ ਨਹੀਂ ਕਰਨਗੀਆਂ।

# ਭਲਕੇ ਲਾਂਘੇ ਦੀ ਚੈੱਕ ਪੋਸਟ ਦੇ ਅੰਦਰ ਜਾਣ ਦੀ ਖੁੱਲ੍ਹ



**ਡੇਰਾ ਬਾਬਾ ਨਾਨਕ** : ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਪੰਜਵੀ ਵਰ੍ਹੇਗੰਢ ਵੀਰਵਾਰ ਲਾਂਘੇ ਉੱਪਰ ਲੈਂਡ ਪੋਰਟ ਅਥਾਰਟੀ, ਬੀ ਐੱਸ ਐੱਫ, ਸਥਾਨਕ ਲੋਕਾਂ ਅਤੇ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਸਾਂਝੇ ਤੌਰ 'ਤੇ ਮਨਾਈ ਗਈ। ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਕੀਰਤਨ ਉਪਰੰਤ ਗੁਰੂ ਕੇ ਅਤੁੱਟ ਲੰਗਰ ਵੀ ਵਰਤਾਏ ਗਏ। ਲੈਂਡ ਪੋਰਟ ਅਥਾਰਟੀ ਦੇ ਜਨਰਲ ਮੈਨੇਜਰ ਟਿੱਕਾ ਰਾਮ ਨੇ ਦੱਸਿਆ ਕਿ ਦੀਵਾਲੀ ਤੋਂ ਇੱਕ ਦਿਨ ਪਹਿਲਾਂ 11 ਨਵੰਬਰ ਨੂੰ ਕਰਤਾਰਪੁਰ ਸਾਹਿਬ ਲਾਂਘਾ ਆਮ ਲੋਕਾਂ ਲਈ ਇੱਕ ਦਿਨ ਵਾਸਤੇ ਖੋਲ੍ਹਿਆ ਜਾ ਰਿਹਾ ਹੈ। ਜੋ ਸ਼ਰਧਾਲੂ ਕਿਸੇ ਕਾਰਨ ਪਾਕਿਸਤਾਨ ਨਹੀਂ ਜਾ ਸਕਦੇ, ਉਨ੍ਹਾਂ ਦੀ ਮੰਗ ਨੂੰ ਧਿਆਨ 'ਚ ਰੱਖ ਕੇ ਲੈਂਡ ਪੋਰਟ ਅਥਾਰਟੀ ਨੇ ਇਹ ਫੈਸਲਾ ਕੀਤਾ ਹੈ ਕਿ ਆਮ ਸ਼ਰਧਾਲੂਆਂ ਨੂੰ ਕਰਤਾਰਪੁਰ ਲਾਂਘੇ ਦੀ ਚੈੱਕ ਪੋਸਟ, ਜੋ ਬਹੁਤ ਹੀ ਸੁੰਦਰ ਤੇ ਆਧੁਨਿਕ ਬਣੀ ਹੋਈ ਹੈ, ਨੂੰ ਵੇਖਣ ਦਾ ਮੌਕਾ ਦਿੱਤਾ ਜਾਵੇਗਾ, ਜਿਸ ਲਈ 50 ਰੁਪਏ ਪ੍ਰਤੀ ਵਿਅਕਤੀ ਟਿਕਟ ਵੀ ਰੱਖੀ ਗਈ ਹੈ। ਕਰਤਾਰਪੁਰ ਲਾਂਘੇ ਨੂੰ ਨੇੜਿਓਂ ਵੇਖਣ ਲਈ ਸਵੇਰੇ 11 ਤੋਂ ਬਾਅਦ ਦੁਪਹਿਰ 3 ਵਜੇ ਤੱਕ ਦਾ ਸਮਾਂ ਰੱਖਿਆ ਗਿਆ ਹੈ। ਜੋ ਸ਼ਰਧਾਲੂ ਪਾਕਿਸਤਾਨ ਜਾਂਦੇ ਹਨ, ਉਨ੍ਹਾਂ ਨੂੰ ਕੋਈ ਮੁਸ਼ਕਿਲ ਨਾ ਆਵੇ, ਇਸ ਲਈ ਆਮ ਲੋਕਾਂ ਲਈ ਇਹ ਸਮਾਂ ਰੱਖਿਆ ਗਿਆ ਹੈ। ਇਸ ਤੋਂ ਪਹਿਲਾਂ ਸਿਰਫ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਨੂੰ ਲਾਂਘੇ ਦੇ ਅੰਦਰ ਦਾਖਲਾ ਮਿਲਦਾ ਹੈ ਅਤੇ ਆਮ ਲੋਕਾਂ ਨੂੰ ਲਾਂਘੇ ਦੇ ਨੇੜੇ ਜਾਣ ਦੀ ਆਗਿਆ ਨਹੀਂ ਹੁੰਦੀ। ਉਨ੍ਹਾਂ ਆਮ ਲੋਕਾਂ ਨੂੰ 11 ਤਰੀਕ ਨੂੰ ਲਾਂਘੇ 'ਤੇ ਆਉਣ ਦਾ ਸੱਦਾ ਦਿੱਤਾ ਹੈ।

## ਬਿਹਾਰ ਅਸੰਬਲੀ ਵੱਲੋਂ ਰਿਜ਼ਰਵੇਸ਼ਨ 75 ਫੀਸਦੀ ਕਰਨ ਦਾ ਬਿੱਲ ਪਾਸ

**ਪਟਨਾ** : ਬਿਹਾਰ ਅਸੰਬਲੀ ਨੇ ਸਰਕਾਰੀ ਨੌਕਰੀਆਂ ਤੇ ਵਿਦਿਅਕ ਅਦਾਰਿਆਂ ਵਿਚ ਰਿਜ਼ਰਵੇਸ਼ਨ ਵਰਤਮਾਨ 60 ਫੀਸਦੀ (ਕੇਂਦਰ ਵੱਲੋਂ ਆਰਥਕ ਤੌਰ 'ਤੇ ਕਮਜ਼ੋਰ ਵਰਗਾਂ ਲਈ ਲਾਜ਼ਮੀ ਬਣਾਏ 10 ਫੀਸਦੀ ਸਮੇਤ) ਤੋਂ ਵਧਾ ਕੇ 75 ਫੀਸਦੀ ਕੀਤੇ ਜਾਣ ਦਾ ਬਿੱਲ ਵੀਰਵਾਰ ਪਾਸ ਕਰ ਦਿੱਤਾ। ਬਿੱਲ ਵਿਚ ਹੋਰਨਾਂ ਪਿਛੜੀਆਂ ਸ਼੍ਰੇਣੀਆਂ (ਓ ਬੀ ਸੀ) ਲਈ 18 ਫੀਸਦੀ, ਅਤਿਅੰਤ ਪੱਛੜੀਆਂ ਸ਼੍ਰੇਣੀਆਂ ਲਈ 25 ਫੀਸਦੀ, ਅਨੁਸੂਚਿਤ ਜਾਤਾਂ ਲਈ 20 ਫੀਸਦੀ ਅਤੇ ਅਨੁਸੂਚਿਤ ਕਬੀਲਿਆਂ ਲਈ 2 ਫੀਸਦੀ ਰਿਜ਼ਰਵੇਸ਼ਨ ਦੀ ਵਿਵਸਥਾ ਕੀਤੀ ਗਈ ਹੈ। ਬਿੱਲ ਦੀ ਜਾਤੀ ਸਰਵੇਖਣ ਦਾ ਵਿਰੋਧ ਕਰਨ ਵਾਲੀ ਭਾਜਪਾ ਨੇ ਵੀ ਹਮਾਇਤ ਕੀਤੀ। ਕੈਬਿਨੇਟ ਨੇ ਦੋ ਦਿਨ ਪਹਿਲਾਂ ਬਿੱਲ ਨੂੰ ਮਨਜ਼ੂਰੀ ਦਿੱਤੀ ਸੀ। ਮੀਟਿੰਗ ਵਿਚ ਮੁੱਖ ਮੰਤਰੀ ਨਿਤਿਸ਼ ਕੁਮਾਰ ਨੇ ਕਿਹਾ ਸੀ ਕਿ ਸੂਬੇ ਦੀ ਆਬਾਦੀ ਦੇ ਜਾਤੀ ਸਰਵੇਖਣ ਵਿਚ ਸਾਹਮਣੇ ਆਏ ਅੰਕੜਿਆਂ ਦੇ ਹਿਸਾਬ ਨਾਲ ਪੱਛੜੀਆਂ ਸ਼੍ਰੇਣੀਆਂ ਦੀ ਰਿਜ਼ਰਵੇਸ਼ਨ ਵਿਚ ਵਾਧਾ ਕੀਤਾ ਜਾਵੇਗਾ।

# ਮਹੂਆ ਨੂੰ ਲੋਕ ਸਭਾ 'ਚੋਂ ਕੱਢਣ ਦੀ ਸਿਫਾਰਸ਼



**ਨਵੀਂ ਦਿੱਲੀ** : ਪੈਸੇ ਲੈ ਕੇ ਸਵਾਲ ਪੁੱਛਣ ਦੇ ਮਾਮਲੇ ਵਿਚ ਲੋਕ ਸਭਾ ਦੀ ਸਦਾਚਾਰ ਕਮੇਟੀ ਨੇ ਤ੍ਰਿਣਮੂਲ ਕਾਂਗਰਸ ਦੀ ਲੋਕ ਸਭਾ ਮੈਂਬਰ ਮਹੂਆ ਮੋਇਤਰਾ ਨੂੰ ਕੱਢਣ ਦੀ ਸਿਫਾਰਸ਼ ਕਰ ਦਿੱਤੀ ਹੈ। ਕਮੇਟੀ ਨੇ ਫੈਸਲਾ 6-4 ਨਾਲ ਲਿਆ। ਹੁਣ ਲੋਕ ਸਭਾ ਦੇ ਸਪੀਕਰ ਓਮ ਬਿੜਲਾ ਅੰਤਮ ਫੈਸਲਾ ਲੈਣਗੇ। ਸਿਫਾਰਸ਼ ਦਾ ਵਿਰੋਧ ਕਰਨ ਵਾਲੇ ਮੈਂਬਰਾਂ ਨੇ ਫੈਸਲੇ ਨੂੰ ਗਿਣਿਆ-ਮਿਥਿਆ ਦੱਸਿਆ।

ਕਮੇਟੀ ਦੇ 15 ਮੈਂਬਰ ਹਨ। ਚੇਅਰਮੈਨ ਵਿਨੋਦ ਕੁਮਾਰ ਸੋਨਕਰ ਸਣੇ ਭਾਜਪਾ ਦੇ 7 ਮੈਂਬਰ ਹਨ, ਜਦਕਿ ਕਾਂਗਰਸ ਦੇ ਤਿੰਨ ਅਤੇ ਬਸਪਾ, ਸ਼ਿਵ ਸੈਨਾ, ਵਾਈ ਐੱਸ ਆਰ ਕਾਂਗਰਸ, ਮਾਰਕਸੀ ਪਾਰਟੀ ਤੇ ਜਨਤਾ ਦਲ ਯੂਨਾਈਟਿਡ ਦੇ ਇੱਕ-ਇੱਕ ਮੈਂਬਰ ਹਨ। ਕਾਂਗਰਸ ਦੀ ਪਰਨੀਤ ਕੌਰ ਨੇ ਸਿਫਾਰਸ਼ ਦੇ ਹੱਕ ਵਿਚ ਵੋਟ ਪਾਈ। ਭਾਜਪਾ ਮੈਂਬਰ ਅਪਰਾਜਿਤਾ ਸਾਰੰਗੀ ਨੇ ਕਿਹਾ ਕਿ ਪਰਨੀਤ ਕੌਰ ਸੱਚ ਨਾਲ ਖੜ੍ਹੀ। ਮਹੂਆ ਖਿਲਾਫ ਸ਼ਿਕਾਇਤ ਕਰਨ ਵਾਲੇ ਭਾਜਪਾ ਮੈਂਬਰ ਨਿਸ਼ੀਕਾਂਤ ਦੂਬੇ ਨੇ ਕਿਹਾ ਕਿ ਪੰਜਾਬ ਹਮੇਸ਼ਾ ਭਾਰਤ ਦੀ ਪਛਾਣ ਤੇ ਕੌਮੀ ਸੁਰੱਖਿਆ ਨਾਲ ਖੜ੍ਹਾ ਹੈ। ਅੱਜ ਵੀ ਕੈਪਟਨ ਅਮਰਿੰਦਰ ਸਿੰਘ ਤੇ ਕਾਂਗਰਸ ਮੈਂਬਰ ਪਰਨੀਤ ਕੌਰ ਨੇ ਕੌਮੀ ਸੁਰੱਖਿਆ ਨਾਲ ਸਮਝੌਤਾ ਨਹੀਂ ਕੀਤਾ। ਭਾਰਤ ਹਮੇਸ਼ਾ ਬਹਾਦਰਾਂ ਦਾ ਸ਼ੁਕਰਗੁਜ਼ਾਰ ਰਿਹਾ ਹੈ ਤੇ ਰਹੇਗਾ। ਬਸਪਾ ਸਾਂਸਦ ਤੇ ਸਦਾਚਾਰ ਕਮੇਟੀ ਦੇ ਮੈਂਬਰ ਦਾਨਿਸ਼ ਅਲੀ ਨੇ ਕਮੇਟੀ ਦੇ ਚੇਅਰਮੈਨ ਵਿਨੋਦ ਸੋਨਕਰ ਤੇ ਭਾਜਪਾ ਮੈਂਬਰਾਂ 'ਤੇ ਕਾਰਵਾਈ ਲੀਕ ਕਰਨ ਤੇ ਨਿਯਮਾਂ ਦੀ ਉਲੰਘਣਾ ਦਾ ਦੋਸ਼ ਲਾਉਂਦਿਆਂ ਕਿਹਾ ਕਿ ਕਮੇਟੀ ਨੇ ਕਠੋਰ ਸਿਫਾਰਸ਼ ਕੀਤੀ ਹੈ। ਬਿਜ਼ਨੈੱਸਮੈਨ ਗੌਤਮ ਅਡਾਨੀ ਬਾਰੇ ਸਵਾਲ ਪੁੱਛਣ ਵਾਲੀ ਮੋਇਤਰਾ ਨੇ ਲੋਕ ਸਭਾ ਸਪੀਕਰ ਨੂੰ ਪੱਤਰ ਲਿਖ ਕੇ ਸ਼ਿਕਾਇਤ ਕੀਤੀ ਹੈ ਕਿ ਉਸ ਖਿਲਾਫ ਸਿਫਾਰਸ਼ ਦੀ ਇਕ ਨਿੱਜੀ ਟੀ ਵੀ ਨਿਊਜ਼ ਚੈਨਲ ਨੇ ਖਬਰ ਚਲਾਈ ਤੇ ਇਹ ਚੈਨਲ ਅਡਾਨੀ ਗਰੁੱਪ ਦਾ ਹੈ। ਚੈਨਲ ਨੇ ਸਦਾਚਾਰ ਕਮੇਟੀ ਦੇ ਖੁਫੀਆ ਦਸਤਾਵੇਜ਼ ਹਾਸਲ ਕੀਤੇ।

# ਚੋਣ ਰੱਥ ਦੀ ਰੇਲਿੰਗ ਟੁੱਟੀ



**ਹੈਦਰਾਬਾਦ** : ਤਿਲੰਗਾਨਾ ਦੇ ਨਿਜ਼ਾਮਾਬਾਦ ਜ਼ਿਲ੍ਹੇ ਦੇ ਆਰਮੂਰ ਵਿਚ ਵੀਰਵਾਰ ਚੋਣ ਰੱਥ ਦੀ ਰੇਲਿੰਗ ਟੁੱਟਣ ਕਾਰਨ ਰੋਡ ਸ਼ੋਅ ਕਰ ਰਹੇ ਭਾਰਤੀ ਰਾਸ਼ਟਰੀ ਸਮਿਤੀ ਦੇ ਆਗੂ ਤੇ ਮੰਤਰੀ ਕੇ ਟੀ ਆਰ ਥੱਲੇ ਡਿੱਗ ਗਏ।

ਉਹ ਮੁੱਖ ਮੰਤਰੀ ਕੇ ਸੀ ਆਰ ਦੇ ਬੇਟੇ ਹਨ।

# ਗੈਰ-ਕਾਨੂੰਨੀ ਓਪੀਔਡਜ਼ ਮੈਨੂੰਫੈਕਚਰਿੰਗ ਤੇ ਸਪਲਾਈ ਨੈੱਟਵਰਕ ਦਾ ਪਰਦਾ ਫਾਸ਼



**ਚੰਡੀਗੜ੍ਹ** : ਪੰਜਾਬ ਪੁਲਸ ਨੇ ਦਿੱਲੀ ਤੇ ਹਰਿਆਣਾ ਸਥਿਤ ਫਾਰਮਾ ਫੈਕਟਰੀਆਂ ਤੋਂ ਗੈਰ-ਕਾਨੂੰਨੀ ਓਪੀਔਡਜ਼ ਮੈਨੂੰਫੈਕਚਰਿੰਗ ਅਤੇ ਸਪਲਾਈ ਦੇ ਅੰਤਰਰਾਜੀ ਨੈੱਟਵਰਕ ਦਾ ਪਰਦਾ ਫਾਸ਼ ਕੀਤਾ ਹੈ। ਡੀ ਜੀ ਪੀ ਪੰਜਾਬ ਗੌਰਵ ਯਾਦਵ ਨੇ ਇਹ ਜਾਣਕਾਰੀ ਦਿੱਤੀ। ਇਹ ਕਾਰਵਾਈ ਫਤਿਹਗੜ੍ਹ ਸਾਹਿਬ ਪੁਲਸ ਵੱਲੋਂ ਅੰਬਾਲਾ ਦੇ ਨਸ਼ਾ ਤਸਕਰ ਗੌਰਵ ਸਿੰਘ ਉਰਫ ਕਾਲਾ, ਜਿਸ ਨੂੰ 44 ਲੀਗੇਸਿਕ ਅਤੇ 44 ਐਵੀਲ ਇੰਜੈਕਸ਼ਨਾਂ ਸਮੇਤ ਗ੍ਰਿਫਤਾਰ ਕੀਤਾ ਗਿਆ ਸੀ, ਦੀ ਗ੍ਰਿਫ਼ਤਾਰੀ ਉਪਰੰਤ ਤਿੰਨ ਮਹੀਨੇ ਦੀ ਬਰੀਕੀ ਨਾਲ ਜਾਂਚ ਤੋਂ ਬਾਅਦ ਅਮਲ 'ਚ ਲਿਆਂਦੀ ਗਈ ਹੈ।

ਯਾਦਵ ਨੇ ਕਿਹਾ ਕਿ ਸਪਲਾਇਰ ਦੀ ਗ੍ਰਿਫ਼ਤਾਰੀ ਤੋਂ ਬਾਅਦ ਮਾਮਲੇ ਦੀ ਜਾਂਚ ਕਰਦਿਆਂ ਫਤਿਹਗੜ੍ਹ ਪੁਲਸ ਦੀ ਟੀਮ ਦਿੱਲੀ ਦੇ ਗੈਰ-ਕਾਨੂੰਨੀ ਫਾਰਮਾ ਨਿਰਮਾਤਾ ਸੁਮਿਤ ਅਗਰਵਾਲ, ਜੋ ਕਿ ਪੈਕਸਨਜ਼ ਫਾਰਮਾਸਿਊਟੀਕਲਜ਼ ਪ੍ਰਾਈਵੇਟ ਲਿਮਟਿਡ ਦਾ ਮਾਲਕ ਹੈ ਅਤੇ ਜਿਸ ਦੀਆਂ ਯੂਨਿਟਾਂ ਦਿੱਲੀ ਦੇ ਰੋਹਿਣੀ ਅਤੇ ਹਰਿਆਣਾ ਦੇ ਬਹਾਦਰਗੜ੍ਹ 'ਚ ਹਨ, ਨੂੰ ਟਰੇਸ ਕਰਨ ਅਤੇ ਗ੍ਰਿਫ਼ਤਾਰ ਕਰਨ 'ਚ ਕਾਮਯਾਬ ਹੋਈ। ਸੀ ਆਈ ਏ ਫ਼ਤਿਹਗੜ੍ਹ ਸਾਹਿਬ ਦੇ ਪੁਲਸ ਮੁਲਾਜ਼ਮਾਂ ਅਤੇ ਦੋ ਡਰੱਗ ਇੰਸਪੈਕਟਰਾਂ ਦੀ ਟੀਮ ਨੇ ਆਪਣੇ ਡਰੱਗ ਇੰਸਪੈਕਟਰ ਦੀ ਮੌਜੂਦਗੀ 'ਚ ਬਹਾਦਰਗੜ੍ਹ ਸਥਿਤ ਫਾਰਮਾ ਫੈਕਟਰੀ 'ਤੇ ਛਾਪਾ ਮਾਰਿਆ ਅਤੇ ਫੈਕਟਰੀ ਵਿੱਚੋਂ ਲਗਭਗ 6 ਲੱਖ ਬਿਨਾਂ ਲੇਬਲ ਵਾਲੇ ਟੀਕਿਆਂ ਸਮੇਤ ਕਈ ਗੈਰ-ਕਾਨੂੰਨੀ ਵਪਾਰਕ, ਵਿੱਤੀ, ਟਰਾਂਸਪੋਰਟ ਦਸਤਾਵੇਜ਼ ਬਰਾਮਦ ਕੀਤੇ। ਇਹ ਬਰਾਮਦਗੀ ਇਸ ਮਾਮਲੇ 'ਚ ਪਹਿਲਾਂ ਹੋਈ 3.24 ਲੱਖ ਗੋਲੀਆਂ/ ਕੈਪਸੂਲ/ ਟੀਕੇ/ ਸ਼ੀਸ਼ੀਆਂ ਅਤੇ 2.20 ਲੱਖ ਰੁਪਏ ਦੀ ਡਰੱਗ ਮਨੀ ਦੀ ਬਰਾਮਦਗੀ ਤੋਂ ਇਲਾਵਾ ਹੈ।

ਇਸ ਮਾਮਲੇ 'ਚ ਹੁਣ ਤੱਕ ਪੁਲਸ ਟੀਮਾਂ 7 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਚੁੱਕੀਆਂ ਹਨ। ਗ੍ਰਿਫ਼ਤਾਰ ਕੀਤੇ ਗਏ ਪੰਜ ਹੋਰ ਮੁਲਜ਼ਮਾਂ ਦੀ ਪਛਾਣ ਮੁਹੰਮਦ ਅਰਬਾਜ਼, ਮੁਹੰਮਦ ਸਲਮਾਨ, ਮੁਹੰਮਦ ਸ਼ਾਹਬੇਜ਼, ਰਾਕੇਸ਼ ਕੁਮਾਰ ਅਤੇ ਘਨਸ਼ਿਆਮ ਸ਼ਰਮਾ ਵਜੋਂ ਹੋਈ ਹੈ।

ਆਈ ਜੀ ਰੋਪੜ ਰੇਂਜ ਗੁਰਪ੍ਰੀਤ ਸਿੰਘ ਭੁੱਲਰ ਨੇ ਐੱਸ ਐੱਸ ਪੀ ਫਤਿਹਗੜ੍ਹ ਸਾਹਿਬ ਡਾ. ਰਵਜੋਤ ਕੌਰ ਗਰੇਵਾਲ ਨਾਲ ਪ੍ਰੈੱਸ ਕਾਨਫਰੰਸ ਵਿਚ ਦੱਸਿਆ ਕਿ ਗੌਰਵ ਦੀ ਗ੍ਰਿਫਤਾਰੀ ਤੋਂ ਬਾਅਦ ਫਤਿਹਗੜ੍ਹ ਸਾਹਿਬ ਪੁਲਸ ਨੇ ਗੈਰ-ਕਾਨੂੰਨੀ ਕੈਮਿਸਟਾਂ, ਫਾਰਮੇਸੀਆਂ, ਗੋਦਾਮਾਂ 'ਚ ਛਾਪੇਮਾਰੀ ਕੀਤੀ, ਜਿਸ ਸਦਕਾ ਮੁਹੰਮਦ ਅਰਬਾਜ਼, ਮੁਹੰਮਦ ਸਲਮਾਨ ਅਤੇ ਮੁਹੰਮਦ ਸ਼ਾਹਬੇਜ਼ ਸਮੇਤ ਤਿੰਨ ਹੋਰ ਸਪਲਾਇਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਤਿੰਨਾਂ ਸਪਲਾਇਰਾਂ ਤੋਂ ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ● ਬਾਕੀ ਸਫ਼ਾ 2 'ਤੇ

## ਹਰਿਆਣਾ 'ਚ ਐੱਸ ਪੀ ਓ ਦਾ ਮਾਣ ਭੱਤਾ ਵਧਿਆ

**ਚੰਡੀਗੜ੍ਹ (ਕ੍ਰਿਸ਼ਨ ਗਰਗ)**-ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਸੂਬੇ ਵਿਚ ਤਾਇਨਾਤ ਵਿਸ਼ੇਸ਼ ਪੁਲਸ ਅਧਿਕਾਰੀ (ਐੱਸ ਪੀ ਓ) ਨੂੰ ਦੀਵਾਲੀ ਦੇ ਤੋਹਫਾ ਦਿੰਦੇ ਹੋਏ ਉਨ੍ਹਾਂ ਦੇ ਮਹੀਨਾ ਮਾਣ ਭੱਤੇ ਨੂੰ 18000 ਰੁਪਏ ਤੋਂ ਵਧਾ ਕੇ 20000 ਰੁਪਏ ਕਰਨ ਦੀ ਪ੍ਰਸ਼ਾਸਨਿਕ ਮਨਜ਼ੂਰੀ ਪ੍ਰਦਾਨ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸਾਡੇ ਵਿਸ਼ੇਸ਼ ਪੁਲਸ ਅਧਿਕਾਰੀਆਂ ਵੱਲੋਂ ਪ੍ਰਦਰਸ਼ਤ ਪ੍ਰਤੀਬੱਧਤਾ ਅਤੇ ਸਮਰਪਣ ਸ਼ਲਾਘਾਯੋਗ ਹੈ।

## ਸਾਬਕਾ ਨੇਵੀ ਅਫਸਰਾਂ ਨੂੰ ਸਜ਼ਾ ਖਿਲਾਫ ਕਤਰ ਦੀ ਕੋਰਟ 'ਚ ਅਪੀਲ ਦਾਇਰ

**ਦੋਹਾ** : ਭਾਰਤ ਸਰਕਾਰ ਨੇ ਕਤਰ ਦੀ ਅਦਾਲਤ ਵੱਲੋਂ 8 ਸਾਬਕਾ ਭਾਰਤੀ ਨੇਵੀ ਅਫਸਰਾਂ ਨੂੰ ਮੌਤ ਦੀ ਸਜ਼ਾ ਸੁਣਾਏ ਜਾਣ ਖਿਲਾਫ ਅਪੀਲ ਦਾਇਰ ਕਰ ਦਿੱਤੀ ਹੈ। ਵਿਦੇਸ਼ ਮੰਤਰਾਲੇ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਨੂੰ ਕੈਦੀਆਂ ਨੂੰ ਮਿਲਣ ਦਾ ਮੌਕਾ ਵੀ ਮਿਲ ਗਿਆ ਹੈ।

ਭਾਰਤ ਸਰਕਾਰ ਕਤਰ ਸਰਕਾਰ ਦੇ ਲਗਾਤਾਰ ਸੰਪਰਕ ਵਿਚ ਹੈ। ਜਿਨ੍ਹਾਂ ਅਫਸਰਾਂ ਨੂੰ ਸਜ਼ਾ ਦਿੱਤੀ ਗਈ ਹੈ, ਉਨ੍ਹਾਂ ਵਿਚ ਕੈਪਟਨ ਨਵਤੇਜ ਸਿੰਘ ਗਿੱਲ ਵੀ ਹਨ।

# ਸਾਬਕਾ ਫੌਜੀਆਂ ਨੂੰ ਪੈਨਸ਼ਨ ਬਕਾਏ ਦੀ ਤੀਜੀ ਕਿਸ਼ਤ

**ਨਵੀਂ ਦਿੱਲੀ** : ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੀਰਵਾਰ ਦੀਵਾਲੀ ਤੋਂ ਪਹਿਲਾਂ ਡਿਫੈਂਸ ਪੈਨਸ਼ਨਰਾਂ ਨੂੰ ਵਨ ਰੈਂਕ ਵਨ ਪੈਨਸ਼ਨ (ਓ ਆਰ ਓ ਪੀ) ਦੇ ਤਹਿਤ ਬਕਾਏ ਦੀ ਤੀਜੀ ਕਿਸ਼ਤ ਜਾਰੀ ਕਰਨ ਦੇ ਨਿਰਦੇਸ ਦਿੱਤੇ। ਪਿਛਲੇ ਦਸੰਬਰ 'ਚ ਸਰਕਾਰ ਨੇ 1 ਜੁਲਾਈ, 2019 ਤੋਂ ਪਿਛਲੇ ਪ੍ਰਭਾਵ ਨਾਲ ਪੈਨਸ਼ਨ 'ਚ ਸੋਧ ਨੂੰ ਮਨਜ਼ੂਰੀ ਦਿੱਤੀ ਸੀ। ਇਸ ਦੇ ਬਕਾਏ ਚਾਰ ਕਿਸ਼ਤਾਂ 'ਚ ਅਦਾ ਕੀਤੇ ਜਾਣੇ ਹਨ।

ਰੱਖਿਆ ਮੰਤਰੀ ਦੇ ਦਫਤਰ ਨੇ 'ਸਪਰਸ਼' ਸਿਸਟਮ ਰਾਹੀਂ ਪੈਨਸ਼ਨ ਕਢਵਾਉਣ ਵਾਲੇ ਸਾਰੇ ਰੱਖਿਆ ਪੈਨਸ਼ਨਰਾਂ ਲਈ ਬੈਂਕਾਂ ਅਤੇ ਹੋਰ ਏਜੰਸੀਆਂ ਨੂੰ ਵੀ ਨਿਰਦੇਸ਼ ਦਿੱਤੇ ਹਨ। ਰੱਖਿਆ ਮੰਤਰਾਲੇ ਦੀ ਆਨਲਾਈਨ ਪੈਨਸ਼ਨ ਵੰਡ ਪ੍ਰਣਾਲੀ ਨੂੰ 'ਸਪਰਸ਼' ਕਿਹਾ ਜਾਂਦਾ ਹੈ, ਜੋ ਸਾਲ 2021 'ਚ ਸ਼ੁਰੂ ਕੀਤੀ ਗਈ ਸੀ। 30 ਜੂਨ 2019 ਤੱਕ ਸੇਵਾਮੁਕਤ ਜਵਾਨ ਸੋਧੀ ਹੋਈ ਪੈਨਸ਼ਨ ਦੇ ਦਾਇਰੇ 'ਚ ਹਨ।

## ਸੰਸਦ ਦਾ ਸੈਸ਼ਨ 4 ਤੋਂ

**ਨਵੀਂ ਦਿੱਲੀ** : ਕੇਂਦਰੀ ਸੰਸਦੀ ਕਾਰਜ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਵੀਰਵਾਰ ਦੱਸਿਆ ਕਿ ਸੰਸਦ ਦਾ ਸਰਦ ਰੁੱਤ ਸੈਸ਼ਨ 4 ਦਸੰਬਰ ਤੋਂ 22 ਦਸੰਬਰ ਤੱਕ ਚੱਲੇਗਾ। ਸੈਸ਼ਨ 'ਚ 15 ਬੈਠਕਾਂ ਹੋਣਗੀਆਂ।

# ਰਾਜਾ ਵੜਿੰਗ ਝੂਠ ਬੋਲ ਰਹੇ : ਮਾਨ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀਰਵਾਰ ਸੂਬਾ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ 'ਝੂਠਾ' ਕਰਾਰ ਦਿੰਦਿਆਂ ਉਨ੍ਹਾ ਦੀ ਗਲਤ, ਘਟੀਆ ਅਤੇ ਮਨਘੜਤ ਬਿਆਨਾਂ ਰਾਹੀਂ ਲੋਕਾਂ ਨੂੰ ਗੁੰਮਰਾਹ ਕਰਨ ਲਈ ਕਰੜੀ ਨਿੰਦਾ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਰਾਜਾ ਵੜਿੰਗ ਮੀਡੀਆ ਸਾਹਮਣੇ ਵਾਹ-ਵਾਹ ਖੱਟਣ ਲਈ ਤੱਥਾਂ ਨੂੰ ਛੁਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਪੰਜਾਬ ਸਰਕਾਰ ਨੇ ਸੂਬੇ ਦੇ ਹਿੱਤਾਂ ਦੀ ਰਾਖੀ ਲਈ ਸੁਪਰੀਮ ਕੋਰਟ ਵਿੱਚ ਹਲਫਨਾਮਾ ਦਾਇਰ ਕੀਤਾ ਹੈ। ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਹਲਫਨਾਮੇ ਵਿੱਚ ਦੱਸਿਆ ਹੈ ਕਿ ਕੇਂਦਰ ਸਰਕਾਰ ਵੱਲੋਂ 40 ਸਾਲਾਂ ਤੋਂ ਦਿੱਤੇ ਜਾ ਰਹੇ ਪ੍ਰੋਤਸਾਹਨ ਸੂਬੇ ਵਿੱਚ ਝੋਨੇ ਦੀ ਕਾਸ਼ਤ ਨੂੰ ਅਪਣਾਉਣ ਦਾ ਕਾਰਨ ਬਣਿਆ ਹੈ, ਜਿਸ ਸਦਕਾ ਘੱਟੋ-ਘੱਟ ਸਮਰਥਨ ਮੁੱਲ ਜ਼ਰੀਏ ਕਿਸਾਨਾਂ ਨੂੰ ਲਾਭ ਦਿੱਤਾ ਜਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹਲਫਨਾਮੇ ਵਿੱਚ ਅੱਗੇ ਲਿਖਿਆ ਗਿਆ ਹੈ ਕਿ ਝੋਨੇ ਦੀ ਬਜਾਏ ਹੋਰਨਾਂ ਫਸਲਾਂ ਦੀ ਖੇਤੀ ਕਰਕੇ ਫਸਲੀ ਚੱਕਰ ਨੂੰ ਤੋੜਨ ਅਤੇ ਖੇਤੀ ਵਿਭਿੰਨਤਾ ਲਈ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਯਕੀਨੀ ਬਣਾਉਣ ਦੇ ਨਾਲ-ਨਾਲ ਹੋਰ ਪ੍ਰੋਤਸਾਹਨ ਮੁਹੱਈਆ ਕਰਵਾਏ ਜਾਣਗੇ, ਤਾਂ ਜੋ ਕਿਸਾਨਾਂ ਨੂੰ ਹੋਰ ਫਸਲਾਂ ਦੀ ਖੇਤੀ ਕਰਨ ਲਈ ਉਤਸ਼ਾਹਤ ਕੀਤਾ ਜਾ ਸਕੇ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਨੇ ਬੇਨਤੀ ਕੀਤੀ ਸੀ ਕਿ ਕਿਸਾਨਾਂ ਨੂੰ ਫ਼ਸਲੀ ਚੱਕਰ ਵਿੱਚੋਂ ਕੱਢਣ ਲਈ ਇੱਕ ਟਿਕਾਊ ਰਣਨੀਤੀ ਦੀ ਲੋੜ ਹੋਵੇਗੀ। ਮਾਨ ਨੇ ਕਿਹਾ ਕਿ ਇਨ੍ਹਾਂ ਉਪਰਾਲਿਆਂ ਨੂੰ ਲਾਗੂ ਕਰਨ ਨਾਲ ਫ਼ਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਵਿੱਚ ਕਾਫੀ ਮਦਦ ਮਿਲੇਗੀ। ਮੁੱਖ ਮੰਤਰੀ ਨੇ ਕਿਹਾ ਕਿ ਰਾਜਾ ਵੜਿੰਗ ਵੱਲੋਂ ਆਪਣੇ ਹਿੱਤਾਂ ਮੁਤਾਬਕ ਹਲਫ਼ਨਾਮੇ ਦਾ ਹਵਾਲਾ ਦਿੱਤਾ ਜਾ ਰਿਹਾ ਹੈ, ਜੋ ਕਾਂਗਰਸੀ ਵਿਧਾਇਕ ਦੇ ਗੈਰ-ਸੰਜੀਦਾ ਰਵੱਈਏ ਨੂੰ ਦਰਸਾਉਂਦਾ ਹੈ। ਉਨ੍ਹਾ ਕਿਹਾ ਕਿ ਸੂਬਾ ਕਾਂਗਰਸ ਪ੍ਰਧਾਨ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਬੱਸਾਂ ਦੇ ਅਦਾਰਿਆਂ ਲਈ ਪੱਤਰ ਲਿਖਣ ਅਤੇ ਸੁਪਰੀਮ ਕੋਰਟ ਵਿੱਚ ਸੂਬੇ ਦੇ ਹਿੱਤਾਂ ਦੀ ਰਾਖੀ ਲਈ ਪੱਤਰ ਲਿਖਣ ਵਿੱਚ ਬਹੁਤ ਜ਼ਿਆਦਾ ਅੰਤਰ ਹੈ। ਉਹਨਾ ਕਿਹਾ ਕਿ ਇਸ ਗੈਰ-ਸੰਜੀਦਗੀ ਅਤੇ ਕਾਹਲੇਪਣ ਨੇ ਕਾਂਗਰਸ ਪਾਰਟੀ ਦਾ ਬੇੜਾ ਡੋਬ ਦਿੱਤਾ ਹੈ।

## ਅੱਜ-ਨਾਮਾ

ਆ ਗਿਆ ਦਿਨ ਦੀਵਾਲੀ ਦਾ ਜਦੋਂ ਨੇੜੇ,
ਹਰ ਕੋਈ ਚੱਲਿਆ ਵੱਲ ਬਾਜ਼ਾਰ ਭਾਈ।
ਅਗੇਤਾ ਗਿਆਨ ਆ ਅੱਗੇ ਵਪਾਰੀਆਂ ਨੂੰ,
ਸਾਰੀਆਂ ਚੀਜ਼ਾਂ ਦੀ ਕੁੱਲ ਭਰਮਾਰ ਭਾਈ।
ਜਿਹੜੇ ਭਾਅ ਮਿਲਦਾ, ਲੋਕ ਲਈ ਜਾਂਦੇ,
ਕਰਨੀਂ ਬਹੁਤੀ ਨਾ ਸੋਚ-ਵਿਚਾਰ ਭਾਈ।
ਜਿਹੜਾ ਅਟਕਿਆ ਜਾਪਦਾ ਮਾਲ ਸੀਗਾ,
ਬੇੜੀ ਉਹਦੀ ਵੀ ਲੱਗ ਜਾਊ ਪਾਰ ਭਾਈ।
ਮਠਿਆਈ ਵੱਲੋਂ ਹੈ ਸਿਰੇ ਦਾ ਸੱਚ ਕੌੜਾ,
ਨਕਲੀ ਦੁੱਧ ਦਾ ਆਮ ਹੀ ਜ਼ਿਕਰ ਭਾਈ।
ਕਰਦੇ ਜ਼ਿਕਰ ਵੀ ਲੋਕ ਸਭ ਲਈ ਜਾਂਦੇ,
ਮਾੜੇ ਅਸਰ ਦਾ ਕੋਈ ਨਾ ਫਿਕਰ ਭਾਈ।

-ਤੀਸ ਮਾਰ ਖਾਂ

# ਜਾਲ੍ਹੀ ਬੀ ਸੀ ਤੇ ਐੱਸ ਸੀ ਸਰਟੀਫਿਕੇਟ ਰੱਦ

### ਟੀਚਰ ਤੇ ਪੰਚ ਖਿਲਾਫ ਕਾਰਵਾਈ ਦੇ ਨਿਰਦੇਸ਼

**ਚੰਡੀਗੜ੍ਹ (ਗੁਰਜੀਤ ਬਿੱਲਾ)**

ਜਸਵੀਰ ਸਿੰਘ ਵਾਸੀ ਘਨੌਰ, ਤਹਿਸੀਲ ਤੇ ਜ਼ਿਲ੍ਹਾ ਪਟਿਆਲਾ (ਈ ਟੀ ਟੀ ਟੀਚਰ ਤਾਇਨਾਤੀ ਬਲਟਾਣਾ ਜ਼ੀਰਕਪੁਰ ਐੱਸ ਏ ਐੱਸ ਨਗਰ) ਦਾ ਜਾਲ੍ਹੀ ਪੱਛੜੀ ਸ਼੍ਰੇਣੀ ਸਰਟੀਫਿਕੇਟ ਅਤੇ ਪੰਚ ਮਿੱਠੂ ਰਾਮ ਪਿੰਡ ਸੁਰਲ ਕਲਾਂ, ਜ਼ਿਲ੍ਹਾ ਪਟਿਆਲਾ ਦਾ ਜਾਲ੍ਹੀ ਅਨੁਸੂਚਿਤ ਜਾਤੀ ਸਰਟੀਫਿਕੇਟ ਰਾਜ ਪੱਧਰੀ ਸਕਰੂਟਨੀ ਕਮੇਟੀ ਵੱਲੋਂ ਰੱਦ ਕਰ ਦਿੱਤਾ ਗਿਆ ਹੈ।

ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਬਾਰੇ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਬਲਵੀਰ ਸਿੰਘ ਪਿੰਡ ਆਲਮਪੁਰ, ਜ਼ਿਲ੍ਹਾ ਪਟਿਆਲਾ ਨੇ ਡਾਇਰੈਕਟਰ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਨੂੰ ਸ਼ਿਕਾਇਤ ਦਰਜ ਕਰਵਾਈ ਸੀ ਕਿ ਜਸਵੀਰ ਸਿੰਘ ਹਰਿਆਣਾ ਤੋਂ ਆ ਕੇ ਵਿਆਹ ਤੋਂ ਬਾਅਦ ਇੱਥੋਂ ਦਾ ਵਸਨੀਕ ਬਣਿਆ ਹੈ ਅਤੇ ਉਸ ਵੱਲੋਂ ਪੰਜਾਬ ਰਾਜ ਦਾ ਪੱਛੜੀ ਸ਼੍ਰੇਣੀ ਸਰਟੀਫਿਕੇਟ ਬਣਾਇਆ ਗਿਆ ਹੈ। ਇਸ ਸਰਟੀਫਿਕੇਟ ਦੇ ਆਧਾਰ 'ਤੇ ਉਸ ਨੇ ਸਿੱਖਿਆ ਵਿਭਾਗ ਵਿੱਚ ਅਧਿਆਪਕ ਦੀ ਨੌਕਰੀ ਪ੍ਰਾਪਤ ਕੀਤੀ ਹੋਈ ਹੈ। ਸ਼ਿਕਾਇਤਕਰਤਾ ਵੱਲੋਂ ਜਸਵੀਰ ਸਿੰਘ ਦਾ ਪੱਛੜੀ ਸ਼੍ਰੇਣੀ ਸਰਟੀਫਿਕੇਟ ਰੱਦ ਕਰਨ ਅਤੇ ਉਸ ਵਿਰੁੱਧ ਕਾਰਵਾਈ ਲਈ ਲਿਖਿਆ ਗਿਆ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸੇ ਤਰ੍ਹਾਂ ਹੀ ਪਾਲਾ ਸਿੰਘ, ਜਸਵਿੰਦਰ ਸਿੰਘ ਅਤੇ ਹਰਨੀਤ ਸਿੰਘ ਸਾਰੇ ਵਾਸੀ ਪਿੰਡ ਸੁਰਲ ਕਲਾਂ, ਜ਼ਿਲ੍ਹਾ ਪਟਿਆਲਾ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਮਿੱਠੂ ਰਾਮ ਪੰਚ ਗ੍ਰਾਮ ਪੰਚਾਇਤ ਸੁਰਲ ਕਲਾਂ, ਜ਼ਿਲ੍ਹਾ ਪਟਿਆਲਾ ਰਾਜਪੂਤ ਜਾਤੀ ਨਾਲ ਸੰਬੰਧ ਰੱਖਦਾ ਹੈ, ਪਰ ਉਸ ਵੱਲੋਂ ਅਨੁਸੂਚਿਤ ਜਾਤੀ (ਓਡ) ਦਾ ਸਰਟੀਫਿਕੇਟ ਬਣਾਇਆ ਗਿਆ ਹੈ।

ਮੰਤਰੀ ਨੇ ਕਿਹਾ ਕਿ ਇਸ ਮਾਮਲੇ ਸੰਬੰਧੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਅਤੇ ਡਿਪਟੀ ਕਮਿਸ਼ਨਰ ਪਟਿਆਲਾ ਵੱਲੋਂ ਰਿਪੋਰਟ ਮੰਗੀ ਗਈ ਸੀ। ਇਸ ਕੇਸ ਦੀ ਜਾਂਚ ਕਰਨ ਉਪਰੰਤ ਪਾਇਆ ਗਿਆ ਕਿ ਜਸਵੀਰ ਸਿੰਘ ਦੀ ਜਾਤੀ ਪੱਛੜੀ ਸ਼੍ਰੇਣੀ ਹੈ, ਪ੍ਰੰਤੂ ਉਹ ਬਾਹਰੋਂ ਆ ਕੇ ਇਥੋਂ ਦਾ ਵਸਨੀਕ ਬਣਿਆ ਹੈ। ਇਸ ਲਈ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਉਹ ਪੰਜਾਬ ਵਿੱਚ ਪੱਛੜੀ ਸ਼੍ਰੇਣੀ ਦੇ ਸਰਟੀਫਿਕੇਟ ਦਾ ਲਾਭ ਨਹੀਂ ਲੈ ਸਕਦਾ। ਇਸ ਲਈ ਜਸਵੀਰ ਸਿੰਘ ਦਾ ਪੰਜਾਬ ਦੇ ਪੱਕੇ ਵਸਨੀਕ ਹੋਣ ਵਜੋਂ ਬਣਾਏ ਪੱਛੜੀ ਸ਼੍ਰੇਣੀ ਸਰਟੀਫਿਕੇਟ ਰੱਦ ਕਰਨ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾ ਦੱਸਿਆ ਕਿ ਇਸੇ ਤਰ੍ਹਾਂ ਮਿੱਠੂ ਰਾਮ, ਦੇ ਕੇਸ ਦੀ ਜਾਂਚ ਕਰਨ ਉਪਰੰਤ ਪਾਇਆ ਗਿਆ ਕਿ ਮਿੱਠੂ ਰਾਮ ਦੇ ਸਕੂਲ ਰਿਕਾਰਡ, ਕੁਰਸੀਨਾਮੇ ਅਤੇ ਨੰਬਰਦਾਰਾਂ ਦੇ ਬਿਆਨਾਂ ਅਨੁਸਾਰ ਰਾਜਪੂਤ ਜਾਤੀ ਨਾਲ ਸੰਬੰਧਤ ਹੈ, ਪ੍ਰੰਤੂ ਉਸ ਨੇ ਅਨੁਸੂਚਿਤ ਜਾਤੀ ਸਰਟੀਫਿਕੇਟ ਬਣਾਇਆ ਹੈ। ਵਿਜੀਲੈਂਸ ਸੈੱਲ ਵੱਲੋਂ ਰਿਪੋਰਟ ਵਾਚਣ ਲਈ 22, 28 ਜੂਨ, 24 ਅਗਸਤ ਅਤੇ 1 ਸਤੰਬਰ ਨੂੰ ਮਿੱਠੂ ਰਾਮ ਨੂੰ ਹਾਜ਼ਰ ਹੋਣ ਲਈ ਕਿਹਾ ਗਿਆ ਸੀ, ਪਰ ਉਹ ਹਾਜ਼ਰ ਨਹੀ ਹੋਇਆ। ਇਸ ਲਈ ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰ ਪਟਿਆਲਾ ਦੀ ਰਿਪੋਰਟ ਨੂੰ ਮੰਨਦੇ ਹੋਏ ਮਿੱਠੂ ਰਾਮ ਦਾ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਰੱਦ ਕਰਨ ਦਾ ਫੈਸਲਾ ਕੀਤਾ ਗਿਆ ਹੈ। ਮੰਤਰੀ ਨੇ ਦੱਸਿਆ ਕਿ ਪਟਿਆਲਾ ਦੇ ਡਿਪਟੀ ਕਮਿਸ਼ਨਰ ਨੂੰ ਜਸਵੀਰ ਸਿੰਘ ਦੇ ਪੱਛੜੀ ਸ਼੍ਰੇਣੀ ਸਰਟੀਫਿਕੇਟ ਅਤੇ ਮਿੱਠੂ ਰਾਮ ਦੇ ਅਨੁਸੂਚਿਤ ਜਾਤੀ ਸਰਟੀਫਿਕੇਟ ਰੱਦ ਕਰਨ ਅਤੇ ਜ਼ਬਤ ਕਰਨ ਦੇ ਹੁਕਮ ਦਿੱਤੇ ਗਏ ਹਨ। ਇਸੇ ਤਰ੍ਹਾਂ ਵਿਭਾਗ ਵੱਲੋਂ ਡੀ ਪੀ ਆਈ (ਐਲੀਮੈਂਟਰੀ ਸਿੱਖਿਆ) ਨੂੰ ਜਸਵੀਰ ਸਿੰਘ ਵੱਲੋਂ ਬੀ ਸੀ ਸਰਟੀਫਿਕੇਟ ਦੇ ਆਧਾਰ 'ਤੇ ਲਏ ਲਾਭ ਵਾਪਸ ਲੈਣ ਲਈ ਨਿਰਦੇਸ਼ ਦਿੱਤੇ ਗਏ ਹਨ।

## ਮਾਨ ਤੇ ਕੇਜਰੀਵਾਲ ਵੱਲੋਂ ਰੋਡ ਸ਼ੋਅ



**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਵੀਰਵਾਰ ਮੱਧ ਪ੍ਰਦੇਸ ਵਿਧਾਨ ਸਭਾ ਚੋਣਾਂ ਲਈ 'ਆਪ' ਉਮੀਦਵਾਰ ਨਾਲ ਸੇਂਵਢਾਂ ਅਤੇ ਦਤੀਆ 'ਚ ਰੋਡ ਸ਼ੋਅ ਕੀਤੇ ਅਤੇ ਲੋਕਾਂ ਨੂੰ ਆਮ ਆਦਮੀ ਪਾਰਟੀ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ।

ਰੋਡ ਸ਼ੋਅ ਵਿੱਚ ਲੋਕਾਂ ਦੀ ਭਾਰੀ ਭੀੜ ਨੂੰ ਦੇਖਦਿਆਂ ਭਗਵੰਤ ਮਾਨ ਨੇ ਕਿਹਾ ਕਿ ਇਹ ਮੱਧ ਪ੍ਰਦੇਸ਼ ਵਿੱਚ ਬਦਲਾਅ ਦਾ ਸਬੂਤ ਹੈ। ਜਿਸ ਤਰ੍ਹਾਂ ਅੱਜ ਮੱਧ ਪ੍ਰਦੇਸ਼ ਵਿੱਚ ਸਾਡੇ ਰੋਡ ਸ਼ੋਅ ਵਿੱਚ ਵੱਡੀ ਗਿਣਤੀ ਵਿੱਚ ਲੋਕ ਇਕੱਠੇ ਹੋਏ ਹਨ, ਪਿਛਲੇ ਸਾਲ ਪੰਜਾਬ ਅਤੇ ਉਸ ਤੋਂ ਪਹਿਲਾਂ ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਵੀ ਅਜਿਹੀ ਹੀ ਭੀੜ ਹੁੰਦੀ ਸੀ। ਇਸ ਵਾਰ ਮੱਧ ਪ੍ਰਦੇਸ਼ ਦੇ ਲੋਕ ਭਾਜਪਾ ਨੂੰ ਸੂਬੇ ਦੀ ਸੱਤਾ ਤੋਂ ਲਾਂਭੇ ਕਰ ਕੇ ਆਮ ਆਦਮੀ ਪਾਰਟੀ ਦੀ ਇਮਾਨਦਾਰ ਰਾਜਨੀਤੀ ਨੂੰ ਮੌਕਾ ਦੇਣਗੇ।

## ਸੁਨੀਲ ਪਨਸੇਜਾ ਬਾਬਾ ਖੇਤਰਪਾਲ ਮੰਦਰ ਕਮੇਟੀ ਦੇ ਪ੍ਰਧਾਨ ਬਣੇ



ਮੁਕਤਸਰ (ਸ਼ਮਿੰਦਰਪਾਲ, ਪੂਜਾ)-ਸ੍ਰੀ ਮੁਕਤਸਰ ਸਾਹਿਬ ਦੇ ਪੁਰਾਣੀ ਦਾਣਾ ਮੰਡੀ ਸਥਿਤ ਬਾਬਾ ਖੇਤਰਪਾਲ ਮੰਦਰ ਵਿਖੇ ਮੀਟਿੰਗ ਹੋਈ। ਜਿਸ 'ਚ ਸਰਵਸੰਮਤੀ ਨਾਲ ਨਵੀਂ ਕਮੇਟੀ ਦੀ ਚੋਣ ਕਰਦਿਆਂ ਸੁਨੀਲ ਪਨਸੇਜਾ ਨੂੰ ਪ੍ਰਧਾਨ ਚੁਣਿਆ ਗਿਆ। ਜਦਕਿ ਬ੍ਰਿਜੇਸ਼ ਗੁਪਤਾ ਨੂੰ ਚੇਅਰਮੈਨ, ਅਨਿਲ ਵਾਟਸ ਨੂੰ ਕੈਸ਼ੀਅਰ ਤੇ ਰਾਜ ਖੁਰਾਣਾ ਨੂੰ ਮੀਡੀਆ ਪ੍ਰਭਾਰੀ ਲਾਇਆ ਗਿਆ ਹੈ। ਅਸ਼ੋਕ ਤੇਰੀਆ ਪਹਿਲਾ ਵਾਂਗ ਹੀ ਸੁਪਰਸਤ ਬਣੇ ਰਹਿਣਗੇ। ਇਸ ਮੌਕੇ ਸਾਰੇ ਮੈਂਬਰਾਂ ਨੇ ਨਵੀਂ ਚੁਣੀ ਗਈ ਟੀਮ ਦਾ ਹਾਰ ਪਵਾ ਕੇ ਸਵਾਗਤ ਕੀਤਾ। ਇਸ ਤੋਂ ਪਹਿਲਾਂ ਲਗਭਗ 25 ਸਾਲਾਂ ਤੋਂ ਨਰੇਸ਼ ਕੋਚਾ ਮੰਦਰ ਕਮੇਟੀ ਦੇ ਪ੍ਰਧਾਨ ਵਜੋਂ ਸੇਵਾਵਾਂ ਨਿਭਾ ਰਹੇ ਸਨ। ਜਿਨ੍ਹਾ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਮੀਟਿੰਗ ਦੌਰਾਨ ਮੰਦਰ ਕਮੇਟੀ ਵੱਲੋਂ ਅਗਲੇ ਸਾਲ ਤੋਂ ਮੰਡੀ ਵਿਖੇ ਰਾਮਲੀਲ੍ਹਾ ਦਾ ਆਯੋਜਨ ਵੀ ਕੀਤੇ ਜਾਣ ਦਾ ਫੈਸਲਾ ਕੀਤਾ ਗਿਆ। ਮੰਚ ਸੰਚਾਲਨ ਜੀਵਨ ਸ਼ਰਮਾ ਨੇ ਕੀਤਾ। ਇਸ ਮੌਕੇ ਨਵੀਂ ਚੁਣੀ ਗਈ ਟੀਮ ਨੇ ਬਾਬਾ ਖੇਤਰਪਾਲ ਦੇ ਦਰਬਾਰ 'ਚ ਮੱਥਾ ਟੇਕਿਆ ਤੇ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਨਰੇਸ਼ ਕੋਚਾ, ਨਰੇਸ਼ ਗਿਰਧਰ, ਮੁਕਤਸਰ ਲੰਗਰ ਕਮੇਟੀ ਦੇ ਪ੍ਰਧਾਨ ਸੋਨੂੰ ਵਡੇਰਾ, ਬਲਦੇਵ ਬਿੱਲਾ, ਸੰਜੀਵ ਕੁਮਾਰ ਟਿੰਕੂ ਸਾਲਾਸਰ, ਇਸ਼ਾਨ ਕਾਲੜਾ, ਜਸਵਿੰਦਰ ਸਿੰਘ ਜੈਲਾ, ਹਰੀਸ਼ ਭਾਟੀਆ, ਸੰਨੀ ਕਟਾਰੀਆ, ਲਵਿਸ਼ ਕੱਕੜ, ਟੀਨਾ ਸੋਢੀ, ਡਾ. ਨਿੱਕਾ, ਮੋਨੂੰ ਧਵਨ, ਅਨਿਲ ਨਾਗਪਾਲ, ਚੰਦਨ ਨਾਗਪਾਲ, ਬਲਵਿੰਦਰ, ਨਿੱਕਾ ਸੁਖੀਜਾ, ਰਿੰਕੂ ਛਾਬੜਾ, ਦੀਪਕ ਨਾਰੰਗ, ਦੌਲੀ ਵਾਟਸ, ਸ਼ੰਮੀ ਵਾਟਸ, ਅਮ੍ਰਿਤ ਲਾਲ ਖੁਰਾਣਾ ਸਮੇਤ ਵੱਖ-ਵੱਖ ਸੁਸਾਇਟੀ ਨਾਲ ਜੁੜੇ ਅਹੁਦੇਦਾਰ ਮੌਜੂਦ ਰਹੇ।

## ਸੁਕਦੇਵਾ ਕ੍ਰਿਸ਼ਨਾ ਕਾਲਜ 'ਚ ਮਨਾਇਆ ਕੈਂਸਰ ਜਾਗਰੂਕਤਾ ਦਿਵਸ



ਮੋਗਾ (ਅਮਰਜੀਤ ਬੱਬਰੀ)-ਸੁਕਦੇਵਾ ਕ੍ਰਿਸ਼ਨਾ ਕਾਲਜ ਆਫ ਐਜੂਕੇਸ਼ਨ ਫਾਰ ਗਰਲਜ਼ ਘੱਲ ਕਲਾਂ, ਮੋਗਾ ਵਿੱਚ ਵਿਦਿਆਰਥੀਆਂ ਨੂੰ ਕੈਂਸਰ ਵਰਗੀ ਘਾਤਕ ਬਿਮਾਰੀ ਬਾਰੇ ਜਾਗਰੂਕ ਕਰਨ ਲਈ ਰੈਡ ਰਿਬਨ ਦੀਆ ਗਾਈਡ ਲਾਈਨਜ਼ ਅਨੁਸਾਰ ਰਾਸ਼ਟਰੀ ਕੈਂਸਰ ਜਾਗਰੂਕਤਾ ਦਿਵਸ ਮਨਾਇਆ ਗਿਆ।ਕਾਲਜ ਪ੍ਰਿੰ ਡਾ. ਮੋਨਿਕਾ ਵਰਮਾ ਨੇ ਰਾਸ਼ਟਰੀ ਕੈਂਸਰ ਜਾਗਰੂਕਤਾ ਦਿਵਸ ਬਾਰੇ ਜਾਣਕਾਰੀ ਦਿੰਦੇ ਕਿਹਾ ਕਿ ਇਸ ਦਿਵਸ ਦਾ ਐਲਾਨ ਪਹਿਲੀ ਵਾਰ ਕੇਂਦਰੀ ਸਿਹਤ ਮੰਤਰੀ ਡਾ. ਹਰਸ਼ਵਰਧਨ ਦੁਆਰਾ ਸਤੰਬਰ 2014 ਵਿੱਚ ਕੀਤਾ ਗਿਆ ਸੀ।ਇਸ ਲਈ 2014 ਤੋਂ 7 ਨਵੰਬਰ ਨੂੰ ਰਾਸ਼ਟਰੀ ਕੈਂਸਰ ਜਾਗਰੂਕਤਾ ਦਿਵਸ ਵਜੋਂ ਮਨਾਇਆ ਜਾ ਰਿਹਾ ਹੈ।ਡਬਲਯੂ ਐਚ ਓ ਅਨੁਸਾਰ ਦੁਨੀਆ ਭਰ ਵਿਚ ਮੌਤ ਦਾ ਦੂਜਾ ਪ੍ਰਤੱਖ ਕਾਰਨ ਹੈ।ਗਲੋਬਲ ਪੱਧਰ ਦੀ ਗੱਲ ਕਰੀਏ ਤਾਂ6 ਵਿਚੋਂ ਇਕ ਮੌਤ ਕੈਂਸਰ ਕਾਰਨ ਹੁੰਦੀ ਹੈ ।ਉਨ੍ਹਾਂ ਦੱਸਿਆ ਕਿ ਆਪਣੀ ਜੀਵਨ ਸ਼ੈਲੀ ਵਿਚ ਸੁਧਾਰ ਜਿਵੇਂ ਤੰਬਾਕੂ ਅਤੇ ਸ਼ਰਾਬ ਤੋਂ ਪ੍ਰਹੇਜ਼ ਸਿਹਤਮੰਦ ਖੁਰਾਕ ਅਲਟਰਾਵਾਇਲਟ ਰੇਡੀਏਸ਼ਨ ਤੋਂ ਬਚਾ ਆਦਿ ਦੁਆਰਾ ਕੈਂਸਰ ਦੇ ਜੋਖਮ ਨੂੰ ਘਟਾ ਸਕਦੇ ਹਾਂ।ਇਸ ਉਪਰੰਤ ਵਿਦਿਆਰਥੀਆਂ ਦੇ ਸਲੋਗਨ ਲਿਖਣ ਮੁਕਾਬਲੇ ਕਰਵਾਏ ਗਏ।ਜੇਤੂਆਂ ਨੂੰ ਇਨਾਮ ਦੇ ਸਨਮਾਨਤ ਕੀਤਾ ਗਿਆ।ਇਸ ਮੌਕੇ ਬੀ ਐਡ ਅਤੇ ਈ ਟੀ ਟੀ ਦੇ ਵਿਦਿਆਰਥੀ ਹਾਜ਼ਰ ਸਨ ।

## ਸੈਂਟੀਨਲ ਇੰਟਰਨੈਸ਼ਨਲ ਸਕੂਲ ਨੂੰ ਮਿਲਿਆ ਬੈਸਟ ਸਕੂਲ ਦਾ ਐਵਾਰਡ



ਸਮਰਾਲਾ (ਸੁਰਜੀਤ ਸਿੰਘ)-ਬੀਤੇ ਦਿਨੀਂ ਪੀ ਟੀ ਸੀ ਨਿਊਜ਼ ਚੈਨਲ ਵੱਲੋਂ ਕਰਵਾਏ ਬੈਸਟ ਐਵਾਰਡ ਸਮਾਰੋਹ ਵਿੱਚ ਸੈਂਟੀਨਲ ਇੰਟਰਨੈਸ਼ਨ ਸਕੂਲ ਨੂੰ ਸਮਰਾਲਾ ਇਲਾਕੇ ਵਿੱਚੋਂ ਬੈਸਟ ਸਕੂਲ ਦੇ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਇਸ ਐਵਾਰਡ ਦੇ ਮਿਲਣ ਨਾਲ ਸਕੂਲ ਮੈਨੇਜਮੈਂਟ, ਸਮੂਹ ਵਿਦਿਆਰਥੀਆਂ ਅਤੇ ਸਟਾਫ ਵੱਲੋਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਇਹ ਐਵਾਰਡ ਮਿਲਣ ਸਬੰਧੀ ਸਕੂਲ ਪ੍ਰਿੰਸੀਪਲ ਮੈਡਮ ਪੂਨਮ ਸ਼ਰਮਾ ਨੇ ਦੱਸਿਆ ਕਿ ਪਿਛਲੇ ਕੁਝ ਸਮੇਂ ਦੌਰਾਨ ਹੀ ਸਕੂਲ ਦੀਆਂ ਲਾਮਿਸਾਲ ਪ੍ਰਾਪਤੀਆਂ ਬਦਲੇ ਸਕੂਲ ਨੂੰ ਇਹ ਇਨਾਮ ਦਿੱਤਾ ਗਿਆ ਹੈ। ਇਸ ਸਕੂਲ ਦੀ ਸ਼ੁਰੂਆਤ ਕਰੀਬ ਤਿੰਨ ਸਾਲ ਪਹਿਲਾਂ ਹੀ ਸਾਲ 2020 ਵਿੱਚ ਸਮਰਾਲਾ ਹਲਕੇ ਦੇ ਸਾਬਕਾ ਵਿਧਾਇਕ ਅਮਰੀਕ ਸਿੰਘ ਢਿੱਲੋਂ ਨੇ ਆਪਣੇ ਪਰਿਵਾਰਕ ਮੈਂਬਰਾਂ ਕਮਲਜੀਤ ਸਿੰਘ ਢਿੱਲੋਂ, ਅੰਮ੍ਰਿਤਪਾਲ ਕੌਰ ਢਿੱਲੋਂ ਡਾਇਰੈਕਟਰ ਤੇ ਕਰਨਵੀਰ ਸਿੰਘ ਢਿੱਲੋਂ ਨੂੰ ਨਾਲ ਲੈ ਕੇ ਸ਼ੁਰੂਆਤ ਪ੍ਰੀ ਨਰਸਰੀ ਤੋਂ ਲੈ ਕੇ 12ਵੀਂ ਜਮਾਤ ਤੱਕ ਦੇ ਬੱਚਿਆਂ ਨੂੰ ਵਧੀਆ ਐਜੂਕੇਸ਼ਨ ਦੇਣ ਦੇ ਮਕਸਦ ਨਾਲ ਕੀਤੀ। ਸਕੂਲ ਵਿੱਚ ਤੈਰਾਕੀ, ਘੋੜ ਸਵਾਰੀ, ਨਿਸ਼ਾਨੇਬਾਜ਼ੀ ਆਦਿ ਸਪੋਰਟਸ ਗਤੀਵਿਧੀਆਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਸਕੂਲ ਦਾ ਮੁੱਖ ਮਕਸਦ ਬੱਚਿਆਂ ਅੰਦਰ ਪੜ੍ਹਾਈ ਦਾ ਮਹੌਲ ਸਿਰਜ ਕੇ ਉਨ੍ਹਾਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਤੇ ਸਮਾਜਿਕ ਗਤੀਵਿਧੀਆਂ ਵਿੱਚ ਵੀ ਉੱਚੇਰੀ ਸਿੱਖਿਆ ਦੇਣਾ ਹੈ। ਇਸ ਦੇ ਫਲਸਰੂਪ ਹੀ ਸਕੂਲ ਦੀ ਛੇਵੀਂ ਜਮਾਤ ਦੀ ਵਿਦਿਆਰਥਣ ਗੁਰਮਨ ਕੌਰ ਨੇ ਐਥਲੈਟਿਕਸ ਵਿੱਚ 2023 -24 ਦੀਆ ਰਾਜ ਪੱਧਰੀ ਖੇਡਾਂ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ ਹੈ। ਪ੍ਰਿੰਸੀਪਲ ਡਾ. ਪੂਨਮ ਸ਼ਰਮਾ ਨੇ ਅੱਗੇ ਦੱਸਿਆ ਕਿ ਇਸ ਸਕੂਲ ਨੂੰ ਹੋਰ ਉੱਚ ਬੁਲੰਦੀਆਂ ਤੱਕ ਪਹੁੰਚਾਉਣ ਲਈ ਸਕੂਲ ਸਟਾਫ, ਮੈਨੇਜਮੈਂਟ ਕਮੇਟੀ ਪੂਰੀ ਤਨਦੇਹੀ ਨਾਲ ਯਤਨ ਕਰ ਰਹੇ ਹਨ, ਸਕੂਲ ਵਿੱਚ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਵਿੱਦਿਅਕ ਟੂਰ ਵੀ ਕਰਵਾਏ ਜਾਂਦੇ ਹਨ।

## ਵਿਦਿਆਰਥਣਾਂ ਨੂੰ ਪ੍ਰਦੂਸ਼ਣ ਰਹਿਤ ਦੀਵਾਲੀ ਮਨਾਉਣ ਲਈ ਕੀਤਾ ਪ੍ਰੇਰਿਤ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ,ਜਗਦੀਸ਼ ਰਾਏ)-ਨਗਰ ਕੌਂਸਲ ਮਾਛੀਵਾੜਾ ਵੱਲੋਂ ਸਕੂਲੀ ਵਿਦਿਆਰਥੀਆਂ ਨੂੰ ਪ੍ਰਦੂਸ਼ਣ ਰਹਿਤ ਦੀਵਾਲੀ ਮਨਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਅੱਜ ਸਰਕਾਰੀ ਕੰਨਿਆ ਸਕੂਲ ਵਿਖੇ ਕਾਰਜ ਸਾਧਕ ਅਫ਼ਸਰ ਗੁਰਪਾਲ ਸਿੰਘ ਦੀ ਅਗਵਾਈ ਹੇਠ ਨਗਰ ਕੌਂਸਲ ਟੀਮ ਵਲੋਂ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਗਿਆ ਕਿ ਉਹ ਪ੍ਰਦੂਸ਼ਣ ਰਹਿਤ ਦੀਵਾਲੀ ਮਨਾਉਣ ਕਿਉਂਕਿ ਪਟਾਕਿਆਂ ਦਾ ਧੂੰਆਂ ਸਾਡੇ ਵਾਤਾਵਰਣ ਨੂੰ ਗੰਧਲਾ ਕਰਦਾ ਹੈ। ਇਸ ਮੌਕੇ ਵਿਦਿਆਰਥੀਆਂ ਨੇ ਪ੍ਰਣ ਕੀਤਾ ਕਿ ਉਹ ਪ੍ਰਦੂਸ਼ਣ ਰਹਿਤ ਦੀਵਾਲੀ ਮਨਾਉਣਗੇ ਅਤੇ ਆਪਣੇ ਘਰਾਂ 'ਚ ਦੀਵੇ ਜਲਾ ਕੇ ਵਾਤਾਵਰਣ ਨੂੰ ਸ਼ੁੱਧ ਰੱਖਣ ਦਾ ਸੁਨੇਹਾ ਦੇਣਗੇ। ਇਸ ਮੌਕੇ ਸੈਨੇਟਰੀ ਇੰਸਪੈਕਟਰ ਸੁਖਦੇਵ ਸਿੰਘ ਬਿੱਟੂ, ਕਲਰਕ ਭੁਪਿੰਦਰ ਸਿੰਘ, ਮੋਟੀਵੇਟਰ ਹਰਮਨਪ੍ਰੀਤ ਕੌਰ, ਸੁਮਨ, ਗਗਨਪ੍ਰੀਤ ਕੌਰ ਮੌਜੂਦ ਸਨ।

## 'ਜੀਵਨ ਸਚਾਈਆਂ' ਦਾ ਦੂਜਾ ਭਾਗ ਲੋਕ ਅਰਪਣ



ਧੂਰੀ (ਸੁਖਦੇਵ ਧੂਰੀ)-ਸਾਹਿਤ ਸਭਾ ਧੂਰੀ ਦੀ ਮਾਸਿਕ ਇਕੱਤਰਤਾ ਮੂਲ ਚੰਦ ਸ਼ਰਮਾ ਦੀ ਪ੍ਰਧਾਨਗੀ ਹੇਠ ਡਾ. ਰਾਮ ਸਿੰਘ ਸਿੱਧੂ ਯਾਦਗਾਰੀ ਸਾਹਿਤ ਭਵਨ ਵਿਖੇ ਹੋਈ, ਜਿਸ ਵਿੱਚ ਸੇਵਾ ਮੁਕਤ ਥਾਣੇਦਾਰ ਸੇਵਾ ਸਿੰਘ ਧਾਲੀਵਾਲ ਦਾ ਦੂਸਰਾ ਕਾਵਿ ਸੰਗ੍ਰਹਿ "ਜੀਵਨ ਸਚਾਈਆਂ-2" ਲੋਕ ਅਰਪਣ ਕੀਤਾ ਗਿਆ। ਸਮਾਗਮ ਵਿੱਚ ਸਭ ਤੋਂ ਪਹਿਲਾਂ ਪ੍ਰੋ. ਅਨੂਪ ਸਿੰਘ ਵਿਰਕ, ਸੁਰਜਨ ਸਿੰਘ ਜੀਰਵੀ, ਪਾਲਾ ਮੱਲ ਸਿੰਗਲਾ, ਨਰਿੰਦਰ ਸਿੰਘ ਸੁਮਨ ਅਤੇ ਬਾਬਾ ਸੁਖਵਿੰਦਰ ਸਿੰਘ ਟਿੱਬਾ ਸਮੇਤ ਪਿਛਲੇ ਮਹੀਨੇ ਸਦੀਵੀ ਵਿਛੋੜਾ ਦੇਣ ਵਾਲੇ ਸਾਹਿਤਕਾਰਾਂ ਤੇ ਸਾਹਿਤ ਪ੍ਰੇਮੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਜੀਵਨ ਸਚਾਈਆਂ ਪੁਸਤਕ ਦੀ ਜਾਣ ਪਹਿਚਾਣ ਕਰਾਉਂਦਿਆਂ ਰੇਣੂੰ ਸ਼ਰਮਾ ਹਥਨ ਅਤੇ ਅਜਮੇਰ ਸਿੰਘ ਫਰੀਦਪੁਰ ਤੋਂ ਇਲਾਵਾ ਖੁਦ ਲੇਖਕ ਧਾਲੀਵਾਲ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ ਪਿੰਡ ਈਨਾ ਬਾਜਵਾ ਦੇ ਜੰਮਪਲ ਅਤੇ ਅਮਰੀਕਾ ਨਿਵਾਸੀ ਉੱਘੇ ਘੁਲਾਟੀਏ ਸੁਖਦੇਵ ਸਿੰਘ ਬਾਜਵਾ ਨੇ ਸਭਾ ਅਤੇ ਸਾਹਿਤ ਭਵਨ ਦੀ ਬਿਹਤਰੀ ਲਈ ਸੁਝਾਅ ਦੇਣ ਤੋਂ ਇਲਾਵਾ ਇੱਕ ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਵੀ ਭੇਟ ਕੀਤੀ ।ਉਪਰੰਤ ਮਸ਼ਹੂਰ ਗਜ਼ਲਗੋ ਸੁਖਵਿੰਦਰ ਸਿੰਘ ਲੋਟੇ ਦੀ ਸਟੇਜ ਸਕੱਤਰੀ ਅਤੇ ਰਜਿੰਦਰ ਸਿੰਘ ਰਾਜਨ ਦੀ ਸਰਪ੍ਰਸਤੀ ਅਧੀਨ ਹੋਏ ਕਵੀ ਦਰਬਾਰ ਵਿੱਚ ਹੋਰਨਾਂ ਤੋਂ ਇਲਾਵਾ ਕਾਮਰੇਡ ਸੁਖਦੇਵ ਸ਼ਰਮਾ, ਮਹਿੰਦਰ ਜੀਤ ਸਿੰਘ , ਸੁਰਜੀਤ ਸਿੰਘ ਰਾਜੋਮਾਜਰਾ, ਜਗਤਾਰ ਸਿੰਘ ਸਿੱਧੂ, ਅਮਰ ਗਰਗ ਕਲਮਦਾਨ, ਇੰਦਰਜੀਤ ਸਿੰਘ, ਸੁਰਿੰਦਰ ਸ਼ਰਮਾ ਹਰਚੰਦਪੁਰੀ, ਡਾ. ਪਰਮਜੀਤ ਸਿੰਘ ਦਰਦੀ, ਚਰਨਜੀਤ ਮੀਮਸਾ, ਪੇਂਟਰ ਸੁਖਦੇਵ ਧੂਰੀ , ਬਲਵੰਤ ਕੌਰ ਘਨੌਰੀ, ਖੁਸ਼ਪ੍ਰੀਤ ਕੌਰ, ਰੇਣੂੰ ਸ਼ਰਮਾ ਜਗਜੀਤ ਸਿੰਘ ਬਨਭੌਰੀ ਤੇ ਰਜਿੰਦਰ ਰਾਜਨ ਨੇ ਰਚਨਾਵਾਂ ਪੇਸ਼ ਕਰਕੇ ਖੂਬ ਰੰਗ ਬੰਨ੍ਹਿਆਂ।ਅੰਤ ਵਿੱਚ ਜਨਰਲ ਸਕੱਤਰ ਤੇ ਲੋਕ ਗਾਇਕ ਗੁਰਦਿਆਲ ਨਿਰਮਾਣ ਧੂਰੀ ਵੱਲੋਂ ਵਿਸ਼ੇਸ਼ ਮਹਿਮਾਨ ਤੇ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ।

# ਦਿਹਾੜੀ ਸਮਾਂ 12 ਘੰਟੇ ਕਰਨ ਵਿਰੁੱਧ ਲੇਬਰ ਕਮਿਸ਼ਨਰ ਦਫਤਰ ਮੋਹਾਲੀ ਸਾਹਮਣੇ ਧਰਨਾ 17 ਨੂੰ : ਕੂੰਮ ਕਲਾਂ



ਸਮਰਾਲਾ (ਸੁਰਜੀਤ ਸਿੰਘ)-ਇੱਥੇ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ ਸੂਬਾਈ ਪ੍ਰਧਾਨ ਸਾਥੀ ਸ਼ੇਰ ਸਿੰਘ ਫਰਵਾਹੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੇ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਯੂਨੀਅਨ ਸੂਬਾ ਜਨਰਲ ਸਕੱਤਰ ਸਾਥੀ ਅਮਰਨਾਥ ਕੂੰਮਕਲਾਂ ਨੇ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਮਜ਼ਦੂਰ/ਮੁਲਾਜ਼ਮਾਂ ਨੂੰ ਮੁੜ ਗੁਲਾਮ ਬਣਾ ਕੇ ਪਸ਼ੂਆਂ ਵਾਂਗ ਕੰਮ ਕਰਵਾਉਣ ਲਈ ਇੱਕ ਨੋਟੀਫਿਕੇਸ਼ਨ ਜਾਰੀ ਕਰ ਕੇ 8 ਘੰਟੇ ਤੋਂ 12 ਘੰਟੇ ਕੰਮ ਕਰਨ ਦਾ ਨਾਦਰਸ਼ਾਹੀ ਫੁਰਮਾਨ ਜਾਰੀ ਕਰ ਦਿੱਤਾ ਜਿਸ ਪ੍ਰਤੀ ਮਜ਼ਦੂਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਘੱਟੋ ਘੱਟ ਦਿਹਾੜੀ ਕਾਫੀ ਲੰਮੇ ਅਰਸੇ ਤੋਂ ਵਧਾਈ ਨਹੀਂ ਗਈ ਭਾਰਤੀ ਲੇਬਰ ਦੀਆਂ 44ਵੀਂ 45ਵੀਂ46ਵੀਂ ਕਾਨਫਰੰਸਾਂ ਦੀਆਂ ਸਿਫਾਰਸ਼ਾਂ ਅਨੁਸਾਰ ਮਿਨੀਮਮ ਵੇਜ 26000/- ਰੁਪਏ ਪ੍ਰਤੀ ਮਹੀਨਾ ਕੀਤੀ ਜਾਵੇ ਜਿਸ ਦੇ ਅਨੁਸਾਰ ਮਨਰੇਗਾ ਮਜ਼ਦੂਰਾਂ ਦੀ ਦਿਹਾੜੀ 700/-ਰੁਪਏ ਪ੍ਰਤੀ ਦਿਨ ਦਿੱਤੀ ਜਾਵੇ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਜਿੰਨੀ ਦੇਰ ਮਿਨੀਮਮ ਵੇਜ ਵਿਚ ਵਾਧਾ ਨਹੀਂ ਕੀਤਾ ਜਾਂਦਾ ਓਨੀ ਦੇਰ ਪੰਜਾਬ ਸਰਕਾਰ ਮਨਰੇਗਾ ਮਜ਼ਦੂਰਾਂ ਨੂੰ ਖੇਤ ਮਜ਼ਦੂਰਾਂ ਵਾਲੀ ਦਿਹਾੜੀ 430 ਰੁਪਏ 70 ਪੈਸੇ ਪ੍ਰਤੀ ਦਿਨ ਦੇਣਾ ਯਕੀਨੀ ਬਣਾਏ। ਆਨਲਾਈਨ ਹਾਜ਼ਰੀ ਦੇ ਨਾਲ-ਨਾਲ ਆਫ ਲਾਈਨ ਹਾਜ਼ਰੀ ਵੀ ਲਗਾਈ ਜਾਵੇ ਕਿਉਂ ਕਿ ਜਦੋਂ ਨੈੱਟਵਰਕ ਨਹੀਂ ਚਲਦਾ ਕਈ ਵਾਰ ਮਜ਼ਦੂਰਾਂ ਵੱਲੋਂ ਅੱਧਾ ਦਿਨ ਕੀਤੇ ਗਏ ਕੰਮਾਂ ਦੀ ਦਿਹਾੜੀ ਮਰ ਜਾਂਦੀ ਹੈ। ਇਸ ਲਈ ਆਫ ਲਾਈਨ ਹਾਜ਼ਰੀ ਵੀ ਲਗਾਈ ਜਾਵੇ ਤਾਂ ਕਿ ਮਜ਼ਦੂਰਾਂ ਦੀ ਦਿਹਾੜੀ ਨਾ ਮਰੇ। ਮਨਰੇਗਾ ਮਜ਼ਦੂਰਾਂ ਵੱਲੋਂ ਕੀਤੇ ਗਏ ਕੰਮਾਂ ਦੀ ਲੱਖਾਂ ਰੁਪਏ ਬਕਾਇਆ ਪੇਮੈਂਟ ਮਜ਼ਦੂਰਾਂ ਦੇ ਖਾਤਿਆਂ ਵਿਚ ਪਾਈ ਜਾਵੇ, ਮਨਰੇਗਾ ਮਜ਼ਦੂਰਾਂ ਨੂੰ ਸਾਲ ਵਿੱਚ 200 ਦਿਨ ਕੰਮ ਦਿੱਤਾ ਜਾਵੇ, ਕੰਮ ਨਾ ਦੇਣ ਦੀ ਸੂਰਤ ਵਿੱਚ ਮਨਰੇਗਾ ਕਾਨੂੰਨ ਮੁਤਾਬਿਕ ਬੇ-ਰੁਜ਼ਗਾਰੀ ਭੱਤਾ ਦਿੱਤਾ ਜਾਵੇ। ਪੰਚਾਇਤੀ ਰਾਜ ਸੰਸਥਾਵਾਂ ਵਿੱਚੋਂ ਠੇਕੇਦਾਰੀ ਸਿਸਟਮ ਬੰਦ ਕੀਤਾ ਜਾਵੇ, ਜੀ ਆਰ ਐਸ. ਅਤੇ ਹੋਰ ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣ। ਸੂਬਾ ਪੱਧਰੀ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਉਪਰੋਕਤ ਮੰਗਾਂ ਦੀ ਪ੍ਰਾਪਤੀ ਲਈ 17 ਨਵੰਬਰ ਦੇ ਐਕਸ਼ਨ ਨੂੰ ਕਾਮਯਾਬ ਕਰਨ ਲਈ ਯੂਨੀਅਨ ਵੱਲੋਂ ਰਿਲੀਜ਼ ਕੀਤੇ ਗਏ ਹੈਂਡਬਿਲ ਨੂੰ ਘਰ -ਘਰ ਪਹੁੰਚਾਇਆ ਜਾਵੇ ਅਤੇ ਇਸ ਐਕਸ਼ਨ ਨੂੰ ਕਾਮਯਾਬ ਕਰਨ ਵਿਚ ਕੋਈ ਕਸਰ ਬਾਕੀ ਨਾ ਛੱਡੀ ਜਾਵੇ।

# ਅਜਨੋਹਾ ਵਿਖੇ ਸਾਲਾਨਾ ਫੁੱਟਬਾਲ ਟੂਰਨਾਮੈਂਟ ਭਲਕੇ ਤੋਂ



ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)

ਪਿੰਡ ਅਜਨੋਹਾ ਵਿਖੇ ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆ ਅਤੇ ਇਲਾਕੇ ਦੇ ਸਹਿਯੋਗ ਨਾਲ ਸਰਦਾਰ ਪਿਆਰਾ ਸਿੰਘ ਅਤੇ ਮਨਮੋਹਣ ਸਿੰਘ ਮੈਮੋਰੀਅਲ ਸਾਲਾਨਾ ਫੁੱਟਬਾਲ ਟੂਰਨਾਮੈਂਟ 11ਤੋਂ 19 ਨਵੰਬਰ ਤੱਕ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਸੋਹਣ ਸਿੰਘ ਠੰਡਲ ਸਾਬਕਾ ਕੈਬਨਿਟ ਮੰਤਰੀ ਪੰਜਾਬ ਅਤੇ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਫੁੱਟਬਾਲ ਟੂਰਨਾਮੈਂਟ ਦੇ ਪ੍ਰੋਸਟਰ ਰਿਲੀਜ ਕੀਤੇ ਗਏ। ਇਸ ਮੌਕੇ ਫੁੱਟਬਾਲ ਕਮੇਟੀ ਦੇ ਪ੍ਰਧਾਨ ਸਵਿੰਦਰ ਸਿੰਘ, ਸ਼ਮਿੰਦਰ ਪਾਲ ਸ਼ਰਮਾ, ਜਥੇਦਾਰ ਮਾਸਟਰ ਹਰਭਜਨ ਸਿੰਘ ਅਜਨੋਹਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 11 ਨਵੰਬਰ ਨੂੰ ਸਵੇਰੇ 11ਵਜੇ ਡਾਕਟਰ ਰਾਜ ਕੁਮਾਰ ਹਲਕਾ ਵਿਧਾਇਕ ਚੱਬੇਵਾਲ ਅਤੇ ਰਜਿੰਦਰ ਸਿੰਘ ਪਰਮਾਰ ਆਪਣੇ ਕਰ ਕਮਲਾਂ ਨਾਲ ਫੁੱਟਬਾਲ ਟੂਰਨਾਮੈਂਟ ਦਾ ਉਦਘਾਟਨ ਕਰਨਗੇ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ 12 ਨਵੰਬਰ ਨੂੰ ਜਥੇਦਾਰ ਹਰੀ ਸਿੰਘ ਜਸਵਾਲ ਭਾਮ ਸਵੇਰੇ 11 ਵਜੇ ਜਿਮ ਦਾ ਆਪਣੇ ਕਰ ਕਮਲਾਂ ਨਾਲ ਉਦਘਾਟਨ ਕਰਨਗੇ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਫੁੱਟਬਾਲ ਟੂਰਨਾਮੈਂਟ ਦੀ ਸੋਹਣ ਸਿੰਘ ਠੰਡਲ ਸਾਬਕਾ ਕੈਬਨਿਟ ਮੰਤਰੀ ਪੰਜਾਬ ਅਤੇ ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ, ਡਾਕਟਰ ਦਿਲਬਾਗ ਰਾਏ ਨੈਸ਼ਨਲ ਕੌਂਸਲ ਮੈਂਬਰ ਮਾਹਿਲਪੁਰ, ਡਾਕਟਰ ਪਰਮਿੰਦਰ ਸਿੰਘ ਸੇਖੋਂ ਪ੍ਰਧਾਨਗੀ ਕਰਨਗੇ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ 19 ਨਵੰਬਰ ਨੂੰ ਮੁੱਖ ਮਹਿਮਾਨ ਸੋਮ ਪ੍ਰਕਾਸ ਕੈਂਥ ਕੇਂਦਰੀ ਰਾਜ ਮੰਤਰੀ ਭਾਰਤ ਸਰਕਾਰ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਸਨਮਾਨਿਤ ਕਰਨਗੇ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ 19 ਨਵੰਬਰ ਨੂੰ ਫੁੱਟਬਾਲ ਟੂਰਨਾਮੈਂਟ ਦੌਰਾਨ ਬੱਚਿਆਂ ਦੇ ਅਥਲੈਟਿਕ ਮੁਕਾਬਲੇ ਅਤੇ 50 ਮੀਟਰ ਦੌੜ, 100 ਮੀਟਰ ਦੀਆਂ ਦੌੜਾਂ ਕਰਵਾਈਆਂ ਜਾਣਗੀਆਂ। ਇਸ ਮੌਕੇ ਫੁੱਟਬਾਲ ਕਮੇਟੀ ਦੇ ਪ੍ਰਧਾਨ ਸਵਿੰਦਰ ਸਿੰਘ, ਸ਼ਮਿੰਦਰ ਪਾਲ ਸ਼ਰਮਾ, ਰਵਿੰਦਰ ਸਿੰਘ ਠੰਡਲ ਯੂਥ ਅਕਾਲੀ ਆਗੂ, ਪ੍ਰਿੰਸੀਪਲ ਰਛਪਾਲ ਸਿੰਘ ਜਲਵੇਹੜਾ, ਨੰਬਰਦਾਰ ਸਰਜਿੰਦਰ ਸਿੰਘ ਕਿੰਗ ਦਿਹਾਣਾ, ਜਥੇਦਾਰ ਮਾਸਟਰ ਹਰਭਜਨ ਸਿੰਘ ਅਜਨੋਹਾ, ਜਥੇਦਾਰ ਬਰਿੰਦਰ ਸਿੰਘ ਜਸਵਾਲ ਦਿਹਾਣਾ, ਭਗਤ ਸਿੰਘ ਅਜਨੋਹਾ, ਹਰਵੇਲ ਸਿੰਘ ਬੱਡੋ ਆਦਿ ਹਾਜਰ ਸਨ।

## ਕੋਰਟ ਨਿਰਦੇਸ਼ਾਂ ਮੁਤਾਬਕ ਪਰਾਲੀ ਸਾੜਨ ਵਾਲਿਆਂ 'ਤੇ ਹੋਵੇਗੀ ਕਾਰਵਾਈ : ਪੰਕਜ ਸ਼ਰਮਾ



ਬਲਾਚੌਰ/ਕਾਠਗੜ (ਸੁਭਾਸ ਭਾਟੀਆ)

ਪ੍ਰਦੂਸਣ ਦੀ ਵਧਦੀ ਜਾ ਰਹੀ ਸਮੱਸਿਆ ਨੂੰ ਲੈ ਕੇ ਮਾਨਯੋਗ ਸੁਪਰੀਮ ਕੋਰਟ ਨੇ ਗੰਭੀਰ ਨੋਟਿਸ ਲੈਂਦੇ ਹੋਏ ਸੂਬਾ ਸਰਕਾਰ ਨੂੰ ਸਖਤੀ ਵਰਤਣ ਦੇ ਨਿਰਦੇਸ ਦਿੱਤੇ ਗਏ ਹਨ ਜਿਸ ਤੋਂ ਬਾਅਦ ਸੂਬਾ ਸਰਕਾਰ ਵੱਲੋਂ ਪੁਲਿਸ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਇਸ ਸਮੱਸਿਆ ਨਾਲ ਨਜਿੱਠਣ ਲਈ ਵਿਸੇਸ ਮੁਹਿਮ ਸੁਰੂ ਕੀਤੀ ਗਈ ਹੈ। ਪਰਾਲੀ ਨੂੰ ਸਾੜਨ ਤੋਂ ਰੋਕਣ ਲਈ ਪੁਲਿਸ ਵਿਭਾਗ ਵੱਲੋਂ ਟੀਮਾਂ ਬਣਾ ਕੇ ਕਿਸਾਨਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਉਹਨਾਂ ਨੂੰ ਪਰਾਲੀ ਦੀ ਅੱਗ ਨਾਲ ਵਾਤਾਵਰਨ ਵਿੱਚ ਫੈਲ ਰਹੇ ਧੂੰਏ ਦੇ ਨੁਕਸਾਨ ਸਬੰਧੀ ਸਮਝਾਇਆ ਜਾ ਰਿਹਾ।

ਇਹ ਜਾਣਕਾਰੀ ਮੀਡੀਆ ਨਾਲ ਸਾਂਝੀ ਕਰਦੇ ਹੋਏ ਥਾਣਾ ਕਾਠਗੜ੍ਹ ਦੇ ਮੁਖੀ ਇੰਸਪੈਕਟਰ ਪੰਕਜ ਸਰਮਾ ਨੇ ਕਿਹਾ ਕਿ ਅੱਜ ਵਾਤਾਵਰਨ ਦਾ ਜਿਆਦਾ ਪ੍ਰਦੂਸਣ ਹੋਣਾ ਇੱਕ ਵੱਡੀ ਸਮੱਸਿਆ ਬਣਦਾ ਜਾ ਰਿਹਾ ਹੈ ਜਿਸ ਨਾਲ ਮਨੁੱਖ ਖਤਰਨਾਕ ਬਿਮਾਰੀਆਂ ਦੀ ਲਪੇਟ ਵਿੱਚ ਆ ਰਿਹਾ ਹੈ ਜਦਕਿ ਹਵਾ ਵਿੱਚ ਫੈਲ ਰਹੇ ਧੂੰਏ ਨਾਲ ਹਾਦਸੇ ਵੀ ਵਾਪਰਨ ਦੀ ਸੰਭਾਵਨਾ ਬਣੀ ਰਹਿੰਦੀ ਹੈ।

ਉਹਨਾਂ ਕਿਹਾ ਕਿ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਪੁਲਿਸ ਵੱਲੋਂ ਕਿਸਾਨਾਂ ਨੂੰ ਸਮਝਾਇਆ ਜਾ ਰਿਹਾ ਹੈ ਪ੍ਰੰਤੂ ਫਿਰ ਵੀ ਜੋ ਕਿਸਾਨ ਆਪਣੀ ਮਨ ਮਰਜੀ ਨਾਲ ਪਰਾਲੀ ਨੂੰ ਸਾੜੇਗਾ ਤਾਂ ਉਸ 'ਤੇ ਬਣਦੀ ਕਾਰਵਾਈ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਕਿਸਾਨਾਂ ਨੂੰ ਖੁਦ ਹੀ ਸਹਿਯੋਗ ਦੇਣਾ ਚਾਹੀਦਾ ਹੈ, ਸਾਫ ਵਾਤਾਵਰਨ ਰੱਖਣ ਵਿੱਚ ਸਾਡੀ ਸਭ ਦੀ ਭਲਾਈ ਹੈ।

## ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਵਫ਼ਦ ਦੀ ਵਿੱਤ ਮੰਤਰੀ ਨਾਲ ਹੋਈ ਮੀਟਿੰਗ



ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਵਫ਼ਦ ਦੀ ਅਹਿਮ ਮੀਟਿੰਗ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਹੋਈ ਹੈ। ਸਿਵਲ ਸਕੱਤਰੇਤ ਚੰਡੀਗੜ੍ਹ ਵਿਖੇ ਹੋਈ ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਸੰਘਰਸ਼ ਕਮੇਟੀ ਦੇ ਸੂਬਾ ਕਨਵੀਨਰ ਜਸਵੀਰ ਤਲਵਾੜਾ ਨੇ ਦਸਿਆ ਕਿ ਵਿੱਤ ਮੰਤਰੀ ਚੀਮਾ ਨਾਲ ਮੀਟਿੰਗ ਸੁਖਾਵੇਂ ਮਾਹੌਲ 'ਚ ਹੋਈ ਹੈ। ਪਰ ਵਿੱਤ ਮੰਤਰੀ ਚੀਮਾ ਨੇ ਵਫ਼ਦ ਨੂੰ 20 ਤਾਰੀਕ ਨੂੰ ਲਿਕਯੂਡੀਏਸ਼ਨ ਕਮੇਟੀ ਦੀ ਹੋਣ ਵਾਲੀ ਮੀਟਿੰਗ ਤੋਂ ਬਾਅਦ ਹੀ ਪੁਰਾਣੀ ਪੈਨਸ਼ਨ 'ਤੇ ਕੋਈ ਫੈਸਲਾ ਲੈਣ ਦੀ ਗੱਲ ਕਹੀ ਹੈ। ਜਿਸ 'ਤੇ ਵਫ਼ਦ ਮੈਂਬਰਾਂ ਨੇ ਤਿੱਖਾ ਰੋਸ ਜਤਾਇਆ ਹੈ। ਤਲਵਾੜਾ ਨੇ ਪੁਰਾਣੀ ਪੈਨਸ਼ਨ ਬਹਾਲੀ ਦੇ ਮਾਮਲੇ 'ਚ ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਕਰੀਬ ਪੌਣੇ ਦੋ ਸਾਲ ਦਾ ਕਾਰਜ਼ਕਾਲ ਪੂਰਾ ਹੋਣ ਦੇ ਬਾਵਜੂਦ 'ਆਪ' ਸਰਕਾਰ ਐਨਪੀਐਸ ਮੁਲਾਜ਼ਮਾਂ ਨੂੰ ਅਜੇ ਤੱਕ ਲਾਅਰੇ ਲਾ ਡੰਗ ਟਪਾ ਰਹੀ ਹੈ। ਵਿੱਤ ਮੰਤਰੀ ਚੀਮਾ ਨੇ ਵਿਧਾਨ ਸਭਾ ਚੋਣਾਂ ਮੌਕੇ ਪਹਿਲੀ ਮੀਟਿੰਗ 'ਚ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਮੁਲਾਜ਼ਮਾਂ ਨਾਲ ਵਾਅਦਾ ਕੀਤਾ ਸੀ, ਪਰ ਹੁਣ ਸਰਕਾਰ ਇਸ ਮਾਮਲੇ 'ਚ ਭੱਜਦੀ ਹੋਈ ਨਜ਼ਰ ਆ ਰਹੀ ਹੈ। ਹਾਲਾਂਕਿ ਵਫ਼ਦ ਦੇ ਰੋਸ ਮਗਰੋਂ ਵਿੱਤੀ ਮੰਤਰੀ ਚੀਮਾ ਨੇ ਸੰਘਰਸ਼ ਕਮੇਟੀ ਨੂੰ ਅਗਲੇ ਮਹੀਨੇ ਦੀ 12 ਤਾਰੀਕ ਨੂੰ ਮੁੜ ਮੀਟਿੰਗ ਦਾ ਸੱਦਾ ਦਿੱਤਾ ਹੈ। ਪਰ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਨੇ ਆਪਣੇ ਪਹਿਲਾਂ ਦਿੱਤੇ ਸਾਰੇ ਐਕਸ਼ਨ ਜਿਉਂ ਦੇ ਤਿਉਂ ਕਰਨ ਦਾ ਐਲਾਨ ਕੀਤਾ ਹੈ। ਮੀਟਿੰਗ 'ਚ ਸੂਬਾ ਸਕੱਤਰ ਜਰਨੈਲ ਸਿੰਘ ਪੱਟੀ, ਸੂਬਾ ਕੋ ਕਨਵੀਨਰ ਜਸਵਿੰਦਰ ਸਿੰਘ ਜੱਸਾ ਪਿਸ਼ੌਰੀਆ, ਰਣਬੀਰ ਉਪੱਲ, ਸੂਬਾ ਜੁਆਇੰਦ ਸਕੱਤਰ ਬਿਕਰਮਜੀਤ ਸਿੰਘ ਕੱਦੋਂ ਤੇ ਸੂਬਾ ਵਿੱਤ ਸਕੱਤਰ ਵਰਿੰਦਰ ਵਿੱਕੀ ਸ਼ਾਮਲ ਸਨ।

...ਸ.ਫਾ 1 ਦੇ ਬਾਕੀ

### ਗੈਰ-ਕਾਨੂੰਨੀ ਓਪੀਔਡਜ਼...

ਕਿ ਉਹ ਆਗਰਾ ਤੋਂ ਨਸ਼ੀਲੇ ਪਦਾਰਥਾਂ ਦੀ ਖਰੀਦਦਾਰੀ ਕਰ ਰਹੇ ਸਨ। ਪੁਲਸ ਟੀਮਾਂ ਨੇ ਇੱਕ ਹੋਰ ਮੁਲਜ਼ਮ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਦੀ ਪਛਾਣ ਰਾਕੇਸ਼ ਕੁਮਾਰ ਵਜੋਂ ਹੋਈ ਹੈ, ਜਿਸ ਦਾ ਆਗਰਾ 'ਚ ਨਸ਼ੀਲੇ ਪਦਾਰਥਾਂ ਦਾ ਗੈਰ-ਕਾਨੂੰਨੀ ਗੋਦਾਮ ਹੈ। ਰਾਕੇਸ਼ ਨੇ ਖੁਲਾਸਾ ਕੀਤਾ ਕਿ ਉਹ ਗਾਜ਼ੀਆਬਾਦ ਦੇ ਲੋਨੀ ਦਿਹਾਤ ਦੇ ਵਿਅਕਤੀ ਦੇ ਸੰਪਰਕ 'ਚ ਸੀ, ਜਿਸ ਦੀ ਪਛਾਣ ਘਨਸ਼ਿਆਮ ਸ਼ਰਮਾ ਵਜੋਂ ਕੀਤੀ ਗਈ, ਜੋ ਕਿ ਨਸ਼ੀਲੇ ਪਦਾਰਥਾਂ ਦਾ ਥੋਕ ਵਿਕਰੇਤਾ ਹੈ ਅਤੇ ਉਸ ਦੀ ਸ਼੍ਰੀ ਸ਼ਿਆਮਾ ਨਾਮੀ ਆਪਣੀ ਮੈਡੀਕਲ ਏਜੰਸੀ ਵੀ ਹੈ। ਘਣਸ਼ਿਆਮ ਨੂੰ 2 ਨਵੰਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਸ ਨਾਲ ਨਸ਼ੀਲੇ ਪਦਾਰਥਾਂ ਦੇ ਨਿਰਮਾਤਾ ਸੁਮਿਤ ਅਗਰਵਾਲ ਦੀ ਗ੍ਰਿਫ਼ਤਾਰੀ ਕਰਨ 'ਚ ਸਫਲਤਾ ਮਿਲੀ।


## ਉੱਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

### ਈ-ਨਿਵਿਦਾ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਸਾਧਾਰਨ, ਉਤਰ ਰੇਲਵੇ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਟੈਂਡਰਾਂ (www.ireps.gov.in) ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| ਟੈਂਡਰ ਸੰਖਿਆ | ਕੰਮਾਂ ਦਾ ਵੇਰਵਾ | ਅੰਦਾਜਨ ਲਾਗਤ ਰੁ. | ਬਿਆਨਾ ਰਾਸ਼ੀ (ਰੁ.) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬਸਾਈਟ |
|---|---|---|---|---|---|---|
| 251- ਬਿਜਲੀ- T-42- 2023-24 | ਬਨਿਹਾਲ-ਬਾਰਾਮੂਲਾ ਸੈਕਸ਼ਨ ਵਿਚ ਸੁਰੱਖਿਆ ਏਜੰਸੀਆਂ ਦੀ ਜਰੂਰਤ ਨੂੰ ਪੂਰਾ ਕਰਨ ਦੇ ਸਬੰਧ ਵਿਚ ਬਿਜਲੀ ਕੰਮ-ਸੁਰੰਗ ਟੀ-80 ਦੱਖਣ ਪੋਰਟਲ ਪਾਸੇ ਤੋਂ ਚਾਰ ਚਿਨਾਰ ਰੇਲਵੇ ਪੁਲ ਦੇ ਵਿਚ ਕੰਟੀਨਾ ਤਾਰ ਦੇ ਨਾਲ ਤਾਰ ਜਾਲ ਸਟੀਲ ਬਾੜ ਦਾ ਨਿਰਮਾਣ, ਸੁਰੰਗ ਦੇ ਦੋਵੇਂ ਸਿਰਿਆਂ ਤੇ ਸੰਤਰੀ ਚੌਕੀਆਂ ਦੇ ਲਈ ਕੰਕ੍ਰੀਟ ਬੰਕਰ 6'x6' ਸੁਰੰਗ ਦੇ ਦੋਵੇਂ ਪਾਸੇ ਤੇ ਸੰਤਰੀ ਪਦਾਂ ਦੇ ਲਈ ਗਾਰਡ ਰੂਮ 10'x12' ਅਤੇ ਵਿਵਿਧ ਸਬੰਧ ਕੰਮ ਅਤੇ 02 ਨੰਬਰ ਕੁਤੇ ਕੇਨੇਲ ਦਾ ਨਿਰਮਾਣ ਐਸਵੀਡੀਕੇ ਅਤੇ ਬੀਏਐਚਐਲ ਰੇਲਵੇ ਸਟੇਸ਼ਨਾਂ ਤੇ ਸਬੰਧਤ ਕੰਮ। | 23,49,527.74 | 47,000.00 | 04 ਮਹੀਨੇ | 01.12.2023 15:00 ਵਜੇ ਦੇ ਬਾਅਦ | www.ireps.gov.in |

ਨੰ. 251-ਬਿਜਲੀ ਟੈਂਡਰ ਨੋਟਿਸ ਨੰ. 34/ਬਿਜਲੀ-2023-24 ਮਿਤੀ : 08.11.2023 3512/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਡੀ ਏ ਵੀ ਪਬਲਿਕ ਸਕੂਲ ਨੇ ਦੀਵਾਲੀ ਤੇ ਦਯਾਨੰਦ ਨਿਰਵਾਣ ਦਿਵਸ ਮਨਾਇਆ



ਨਾਭਾ (ਵਰਿੰਦਰ ਵਰਮਾ)-ਡੀ.ਏ.ਵੀ. ਪਬਲਿਕ ਸਕੂਲ ਵਿੱਚ ਚੇਅਰਪਰਸਨ ਸ੍ਰੀਮਤੀ ਪੁਸ਼ਪਾ ਸੋਫਤ ਤੇ ਯੋਗ ਪ੍ਰਬੰਧਕ ਸ੍ਰੀਮਤੀ ਜਯਾ ਭਾਰਦਵਾਜ ਤੇ ਸਕੂਲ ਦੀ ਮਾਣਯੋਗ ਮੁੱਖ ਅਧਿਆਪਕਾ ਸ੍ਰੀਮਤੀ ਰੇਣੂ ਠਾਕੁਰ ਦੀ ਗਤੀਸ਼ੀਲ ਅਗਵਾਈ ਵਿੱਚ ਦੀਵਾਲੀ ਦਾ ਤਿਉਹਾਰ ਤੇ ਮਹਾਰਿਸ਼ੀ ਦਯਾਨੰਦ ਸਰਸਵਤੀ ਦਾ 140ਵਾਂ ਨਿਰਵਾਣ ਦਿਵਸ ਬੰਦੀ ਛੋੜ ਦਿਵਸ ਦੇ ਨਾਲ-ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਵਿਹੜੇ ਵਿੱਚ ਸਵੇਰ ਦੀ ਸਭਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਕੂਲ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਦੀਵਾਲੀ, ਰਿਸ਼ੀ ਨਿਰਵਾਣ ਦਿਵਸ ਅਤੇ ਬੰਦੀ ਛੋੜ ਦਿਵਸ ਸਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ। ਮੁੱਖ ਅਧਿਆਪਕਾ ਸ੍ਰੀਮਤੀ ਰੇਣੂ ਠਾਕੁਰ ਨੇ ਵਿਦਿਆਰਥੀਆਂ ਨੂੰ ਈਕੋ ਫਰੈਂਡਲੀ ਦੀਵਾਲੀ ਬਾਰੇ ਦੱਸਦੇ ਹੋਏ ਕਿਹਾ ਕਿ ਆਓ ਅੱਜ ਪ੍ਰਣ ਕਰੀਏ ਕਿ ਇਸ ਦੀਵਾਲੀ 'ਤੇ ਅਸੀਂ ਕਿਸੇ ਵੀ ਤਰ੍ਹਾਂ ਦੇ ਚੀਨੀ ਬਣੇ ਸਾਮਾਨ ਦੀ ਵਰਤੋਂ ਨਹੀਂ ਕਰਾਂਗੇ ਤੇ ਆਪਣੇ ਵਾਤਾਵਰਨ ਨੂੰ ਸੁਰੱਖਿਅਤ ਰੱਖਣ ਲਈ ਪਟਾਕਿਆਂ ਦੀ ਵਰਤੋਂ ਨਹੀਂ ਕਰਾਂਗੇ। ਵਿਦਿਆਰਥੀਆਂ ਨੂੰ ਆਪਣੇ ਮਾਪਿਆਂ ਨੂੰ ਪਟਾਕੇ ਨਾ ਖਰੀਦਣ ਲਈ ਕਹਿਣਾ ਚਾਹੀਦਾ ਹੈ। ਵਾਤਾਵਰਨ ਨੂੰ ਬਚਾਉਣ ਲਈ ਇਹ ਸਾਡਾ ਯਤਨ ਹੋਵੇਗਾ। ਬੱਚਿਆਂ ਨੂੰ ਪਟਾਕਿਆਂ ਦੀ ਵਰਤੋਂ ਨਾ ਕਰਨ ਲਈ ਪ੍ਰੇਰਿਤ ਕਰਨ ਲਈ ਇੱਕ ਛੋਟਾ ਨਾਟਕ ਦਿਖਾਇਆ ਗਿਆ। ਇਸ ਤੋਂ ਬਾਅਦ ਰਿਸੀ ਨਿਰਵਾਣ ਦਿਵਸ ਦੇ ਮੌਕੇ 'ਤੇ ਸਕੂਲ ਦੇ ਵਿਹੜੇ 'ਚ ਪੰਚ ਕੁੰਡੀਆ ਹਵਨ ਯੱਗ ਕਰਵਾਇਆ ਗਿਆ, ਜਿਸ 'ਚ ਮੁੱਖ ਅਧਿਆਪਕਾ ਰੇਣੂ ਠਾਕੁਰ ਤੇ ਸਮੂਹ ਅਧਿਆਪਕਾਂ ਦੇ ਨਾਲ-ਨਾਲ ਵਿਦਿਆਰਥੀਆਂ ਨੇ ਗੁਰੂ ਦੇ ਪਾਵਨ ਮੰਤਰਾਂ ਦਾ ਜਾਪ ਕਰਦੇ ਹੋਏ ਯੱਗ 'ਚ ਬਲੀਦਾਨ ਕੀਤਾ। ਮੁੱਖ ਅਧਿਆਪਕਾ ਰੇਣੂ ਠਾਕੁਰ ਨੇ ਸਭ ਤੋਂ ਪਹਿਲਾਂ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਦੀਵਾਲੀ ਦੇ ਪਵਿੱਤਰ ਤਿਉਹਾਰ ਦੀ ਵਧਾਈ ਦਿੱਤੀ ਤੇ ਰਿਸ਼ੀ ਦਯਾਨੰਦ ਨਿਰਵਾਣ ਦੇ ਮੌਕੇ 'ਤੇ ਸਾਰੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚੱਲਣਾ ਚਾਹੀਦਾ ਹੈ। ਨਾਭਾ ਦੇ ਸਥਾਨਕ ਮੀਡੀਆ ਦੇ ਮੈਂਬਰਾਂ ਵੱਲੋਂ ਮੁੱਖ ਅਧਿਆਪਕ ਦਾ ਸਨਮਾਨ ਵੀ ਕੀਤਾ ਗਿਆ। ਅੰਤ ਵਿੱਚ ਸਾਰਿਆਂ ਨੂੰ ਪ੍ਰਸਾਦ ਵੰਡ ਕੇ ਤੇ ਸ਼ਾਂਤੀ ਦਾ ਜਾਪ ਕਰਕੇ ਪ੍ਰੋਗਰਾਮ ਦੀ ਸਮਾਪਤੀ ਕੀਤੀ ਗਈ।


AXIS BANK

**Retail Asset Centre:** AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001.
**Corporate Office:** 'Axis House', Block-B, Bombay Dyeing Mills Compound, Pandurang Budhkar Marg, Worli, Mumbai-400025
**Registered Office:** 'Trishul', 3rd floor, opposite Samartheswar Temple, Law garden, Ellisbridge, Ahmadabad-380006

## ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਿਟਾਈਜੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਕਰਜ਼ਦਾਰਾਂ ਨੂੰ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ 'ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਰਕਮ ਦੀ ਅਦਾਇਗੀ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਸੈਕਸ਼ਨ 13 (4) ਅਤੇ ਉਕਤ ਨਿਯਮ ਦੇ ਨਿਯਮ 8 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਦਰਜ ਮਿਤੀਆਂ ਨੂੰ ਹੇਠਾਂ ਦਰਜ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ 'ਤੇ ਐਕਸਿਸ ਬੈਂਕ ਲਿ. ਵੱਲੋਂ ਵਸੂਲੀ ਕੀਤੀ ਜਾਵੇਗੀ।

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ | ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਕਮ (ਰੁਪਏ) |
|---|---|---|---|---|---|
| 1. | 1. ਸ੍ਰੀ ਭਵਿਸ਼ ਕੁਮਾਰ ਸ਼ਰਮਾ ਪੁੱਤਰ ਗੋਪਾਲ ਕ੍ਰਿਸ਼ਨ ਸ਼ਰਮਾ ਨੇੜੇ ਅੱਗਰਵਾਲ ਧਰਮਸ਼ਾਲਾ ਤਹਿਸੀਲ ਫਿਰੋਜ਼ਪੁਰ ਸਿਟੀ, ਫਿਰੋਜ਼ਪੁਰ 152002 : ਨਾਲ ਹੀ ਮੈਸਰਜ਼ ਆਨੰਦ ਫੋਟੋਗ੍ਰਾਫਰ ਮਲਕੀਅਤ ਭਵਿਸ਼ ਕੁਮਾਰ ਸ਼ਰਮਾ ਡਾ. ਅੰਮ੍ਰਿਤ ਲਾਲ ਚੌਕ ਅੰਦਰੂਨ ਚੂਹੀ ਚੌਕ, ਫਿਰੋਜ਼ਪੁਰ ਪੰਜਾਬ-152002 2. ਸ੍ਰੀਮਤੀ ਪ੍ਰਵੀਨ ਪਤਨੀ ਭਵਿਸ਼ ਕੁਮਾਰ ਸ਼ਰਮਾ ਖੰਡ ਵਾਲੀ ਹਵੇਲੀ, ਟਾਹਲੀ ਮੁਹੱਲਾ ਵਾਰਡ ਨੰ. 24 ਫਿਰੋਜ਼ਪੁਰ ਸਿਟੀ, ਫਿਰੋਜ਼ਪੁਰ 152082 : ਕਰਜ਼ਾ ਖਾਤਾ ਨੰਬਰ : PHR024206178042 & PHR024206678512 | ਬੈਨਾਮਾ ਨੰ. 2020-21/116/1/4536 ਰਾਹੀਂ ਭਵੀਸ਼ ਕੁਮਾਰ ਸ਼ਰਮਾ ਪੁੱਤਰ ਗੋਪਾਲ ਕ੍ਰਿਸ਼ਨ ਸ਼ਰਮਾ ਦੇ ਨਾਂਅ 'ਤੇ ਰਜਿਸਟਰਡ ਜਾਇਦਾਦ/ਪਲਾਟ ਰਕਬਾ 30'×30' ਜੋ ਕਿ ਜ਼ਮੀਨ ਰਕਬਾ 04 ਕਨਾਲਾਂ 14 ਮਰਲੇ 'ਚੋਂ 00 ਕਨਾਲ 3.30 ਮਰਲੇ ਹੈ। ਖਸਰਾ ਨੰ. 95//1/3 (4-14), ਖੇਵਟ/ਖਾਤੌਨੀ ਨੰ. 803/1037, ਸਰਦਾਰ ਕਾਲੋਨੀ, ਸੋਢੇ ਵਾਲਾ ਰੋਡ, ਫਿਰੋਜ਼ਪੁਰ ਸ਼ਹਿਰ, ਫਿਰੋਜ਼ਪੁਰ ਮਾਲੀਆ ਹਦੂਦ ਅੰਦੂਰਨ ਨਾਲ ਸੰਬੰਧਤ ਸਭ ਕੁਝ। ਹੱਦਾਂ : (ਬੈਨਾਮੇ ਅਨੁਸਾਰ) ਪੂਰਬ : ਰਸਤਾ, ਪੱਛਮ : ਮਾਲਕ, ਉੱਤਰ : ਮਾਲਕ, ਦੱਖਣ : ਰਸਤਾ 10' ਚੌੜਾ। | 21.09.2022 | 06.11.2023 | Rs.28,78,403/- (ਅਠਾਈ ਲੱਖ ਅਠੱਤਰ ਹਜ਼ਾਰ ਚਾਰ ਸੌ ਤਿੰਨ ਰੁਪਏ ਸਿਰਫ਼) |
| 2. | 1. ਸ੍ਰੀ ਸੁਭਾਸ਼ ਚੰਦਰ ਪੁੱਤਰ ਰਾਜ ਕੁਮਾਰ ਅਤੇ 2. ਸ੍ਰੀਮਤੀ ਆਸ਼ਾ ਰਾਣਾ ਪਤਨੀ ਸੁਭਾਸ਼ ਚੰਦਰ ਦੋਵੇਂ ਵਾਸੀ ਮਕਾਨ ਨੰ.9 ਗਲੀ ਨੰ.1 ਪ੍ਰੀਤਮ ਨਗਰ, ਫਿਰੋਜ਼ਪੁਰ ਸਿਟੀ- ਫਿਰੋਜ਼ਪੁਰ 152002, ਨਾਲ ਮਕਾਨ ਨੰ. 47ਏ ਸੂਰਜ ਐਵੀਨਿਊ ਲੱਛੇ ਵਾਲਾ ਰੋਡ, ਫਿਰੋਜ਼ਪੁਰ ਸਿਟੀ, ਫਿਰੋਜ਼ਪੁਰ-152002 ਨਾਲ ਹੀ : ਮਕਾਨ ਨੰ. 14 ਗਲੀ ਨੰ.1, ਪ੍ਰੀਤਮ ਨਗਰ, ਫਿਰੋਜ਼ਪੁਰ ਸਿਟੀ, ਫਿਰੋਜ਼ਪੁਰ 152002 ਨਾਲ ਹੀ : ਸ੍ਰੀ ਸੁਭਾਸ਼ ਚੰਦਰ ਪੁੱਤਰ ਰਾਜ ਕੁਮਾਰ ਪ੍ਰੋਪਰਾਈਟਰ, ਮੈਸਰਜ਼ ਸ਼ਿਵ ਸ਼ੰਕਰ ਆਇਰਨ ਸਕਰੈਬ ਕੰਪਨੀ ਫਰੀਦਕੋਟ ਰੋਡ, ਫਿਰੋਜ਼ਪੁਰ ਕੈਂਟ, ਫਿਰੋਜ਼ਪੁਰ -152001 ਕਰਜਾ ਖਾਤਾ ਨੰ. LPR024201668913 | ਬੈਨਾਮਾ ਵਸੀਕਾ ਨੰ. 2692 ਮਿਤੀ 16.07.2012 ਅਨੁਸਾਰ ਸ੍ਰੀ ਸੁਭਾਸ਼ ਚੰਦਰ ਪੁੱਤਰ ਰਾਜ ਕੁਮਾਰ ਅਤੇ ਸ੍ਰੀਮਤੀ ਆਸ਼ਾ ਰਾਣੀ ਪਤਨੀ ਸ੍ਰੀ ਸੁਭਾਸ਼ ਚੰਦਰ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਰਕਬਾ 4.93 ਮਰਲੇ, ਖਸਰਾ ਨੰ. 118//15/2/2 (2-4), ਪ੍ਰੀਤਮ ਨਗਰ, ਫਿਰੋਜ਼ਪੁਰ ਸ਼ਹਿਰ, ਜ਼ਿਲ੍ਹਾ ਫਿਰੋਜ਼ਪੁਰ ਨਾਲ ਸੰਬੰਧਤ ਸਭ ਕੁਝ। ਹੱਦਾਂ : (ਬੈਨਾਮੇ ਅਨੁਸਾਰ) ਪੂਰਬ : ਭੁੱਲਰ ਅਤੇ ਸੰਧੂ, ਪੱਛਮ : ਸੜਕ, ਉੱਤਰ : ਪ੍ਰੀਤਮ ਸਿੰਘ ਅਤੇ ਹੋਰ, ਦੱਖਣ : ਪ੍ਰੀਤਮ ਸਿੰਘ ਅਤੇ ਹੋਰ। | 03.01.2023 | 06.11.2023 | Rs. 529617/- (ਪੰਜ ਲੱਖ ਉਨੱਤੀ ਹਜ਼ਾਰ ਛੇ ਸੌ ਸਤਾਰਾਂ ਰੁਪਏ ਸਿਰਫ) |
| 3. | 1.ਸ੍ਰੀ ਜਗਤਾਰ ਸਿੰਘ ਪੁੱਤਰ ਬੰਤਾ ਸਿੰਘ ਅਤੇ 2. ਸ੍ਰੀਮਤੀ ਗੁਰਵਿੰਦਰ ਕੌਰ ਪਤਨੀ ਜਗਤਾਰ ਸਿੰਘ ਦੋਵੇਂ ਵਾਸੀ ਪਿੰਡ ਛੰਨ ਘੋਗਾ, ਡਾਕ. ਜਸਰੌਰ, ਤਹਿਸੀਲ ਅਜਨਾਲਾ, ਅੰਮ੍ਰਿਤਸਰ-143102 ਨਾਲ ਮਕਾਨ ਨੰ. 41 ਭਗਤ ਨਾਮਦੇਵ ਕਾਲੋਨੀ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ-143102 ਨਾਲ ਸ੍ਰੀ ਜਗਤਾਰ ਸਿੰਘ ਪੁੱਤਰ ਬੰਤਾ ਸਿੰਘ, ਪੰਜਾਬ ਪੁਲਸ ਨੌਵੀਂ ਬਟਾਲੀਅਨ, ਪੀ ਏ ਪੀ, ਮਾਲ ਮੰਡੀ ਸਾਹਮਣੇ ਸੌ ਫੁੱਟੀ ਰੋਡ, ਅੰਮ੍ਰਿਤਸਰ-143102 ਕਰਜ਼ਾ ਖਾਤਾ ਨੰ. PHR068501841466 | ਬੈਨਾਮਾ ਵਸੀਕਾ ਨੰ. 2238 ਮਿਤੀ 27.07.2012 ਅਨੁਸਾਰ ਸ੍ਰੀਮਤੀ ਗੁਰਵਿੰਦਰ ਕੌਰ ਪਤਨੀ ਜਗਤਾਰ ਸਿੰਘ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਨੰ. 41, ਰਕਬਾ 5 ਮਰਲੇ ਜੋ ਕਿ ਕੁਲ ਖੇਤਰ 07 ਕਨਾਲ-12 ਮਰਲੇ ਦਾ 5/152 ਹਿੱਸਾ ਹੈ। ਖਸਰਾ ਨੰ. 71//18 (7-12) ਖੇਵਟ/ਖਾਤੌਨੀ ਨੰ. 115/182, 104/133 ਜਮ੍ਹਾਂਬੰਦੀ ਸਾਲ 2008-2009 ਭਗਤ ਨਾਮਦੇਵ ਕਾਲੋਨੀ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ : (ਬੈਨਾਮੇ ਅਨੁਸਾਰ) ਪੂਰਬ : ਗਲੀ 18 ਫੁੱਟ, ਪੱਛਮ : ਕਰਨੈਲ ਸਿੰਘ ਦਾ ਮਕਾਨ, ਉੱਤਰ : ਰਣਜੀਤ ਸਿੰਘ ਦਾ ਮਕਾਨ, ਦੱਖਣ : ਪਲਾਟ | 11.03.2023 | 06.11.2023 | Rs. 9,27,842/- (ਨੌਂ ਲੱਖ ਸਤਾਈ ਹਜ਼ਾਰ ਅੱਠ ਸੌ ਬਤਾਲੀ ਰੁਪਏ ਸਿਰਫ਼) |
| 4. | 1. ਸ੍ਰੀ ਜਗਤਾਰ ਸਿੰਘ ਪੁੱਤਰ ਬੰਤਾ ਸਿੰਘ ਅਤੇ 2. ਸ੍ਰੀਮਤੀ ਗੁਰਵਿੰਦਰ ਕੌਰ ਪਤਨੀ ਜਗਤਾਰ ਸਿੰਘ ਦੋਵੇਂ ਵਾਸੀ ਪਿੰਡ ਛੰਨ ਘੋਗਾ, ਡਾਕ. ਜਸਰੌਰ, ਤਹਿਸੀਲ ਅਜਨਾਲਾ, ਅੰਮ੍ਰਿਤਸਰ-143102 ਨਾਲ ਮਕਾਨ ਨੰ. 41 ਭਗਤ ਨਾਮਦੇਵ ਕਾਲੋਨੀ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ-143102 ਨਾਲ ਸ੍ਰੀ ਜਗਤਾਰ ਸਿੰਘ ਪੁੱਤਰ ਬੰਤਾ ਸਿੰਘ, ਪੰਜਾਬ ਪੁਲਸ ਨੌਵੀਂ ਬਟਾਲੀਅਨ, ਪੀ ਏ ਪੀ, ਮਾਲ ਮੰਡੀ ਸਾਹਮਣੇ ਸੌ ਫੁੱਟੀ ਰੋਡ, ਅੰਮ੍ਰਿਤਸਰ-143102 ਕਰਜ਼ਾ ਖਾਤਾ ਨੰ. HTR068501878914 | ਬੈਨਾਮਾ ਵਸੀਕਾ ਨੰ. 2238 ਮਿਤੀ 27.07.2012 ਅਨੁਸਾਰ ਸ੍ਰੀਮਤੀ ਗੁਰਵਿੰਦਰ ਕੌਰ ਪਤਨੀ ਜਗਤਾਰ ਸਿੰਘ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਨੰ. 41, ਰਕਬਾ 5 ਮਰਲੇ, ਜੋ ਕਿ ਕੁਲ ਖੇਤਰ 07 ਕਨਾਲ-12 ਮਰਲੇ ਦਾ 5/152 ਹਿੱਸਾ ਹੈ। ਖਸਰਾ ਨੰ. 71//18 (7-10) ਖੇਵਟ/ਖਾਤੌਨੀ ਨੰ. 115/182, 104/133 ਜਮ੍ਹਾਂਬੰਦੀ ਸਾਲ 2008-2009 ਭਗਤ ਨਾਮਦੇਵ ਕਾਲੋਨੀ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ : (ਬੈਨਾਮੇ ਅਨੁਸਾਰ) ਪੂਰਬ : ਗਲੀ 18 ਫੁੱਟ, ਪੱਛਮ : ਕਰਨੈਲ ਸਿੰਘ ਦਾ ਮਕਾਨ, ਉੱਤਰ : ਰਣਜੀਤ ਸਿੰਘ ਦਾ ਮਕਾਨ, ਦੱਖਣ : ਪਲਾਟ | 26.05.2021 | 06.11.2023 | Rs. 356248/- (ਤਿੰਨ ਲੱਖ ਛਿਪੰਜਾ ਹਜ਼ਾਰ ਦੋ ਸੌ ਅਠਤਾਲੀ ਰੁਪਏ ਸਿਰਫ਼) |
| 5. | 1. ਸ੍ਰੀ ਇਮਰਾਨ ਅੰਸਾਰੀ ਪੁੱਤਰ ਮੁਹੰਮਦ ਰਫ਼ੀਕ ਅੰਸਾਰੀ ਅਤੇ 2. ਸ੍ਰੀਮਤੀ ਨਸਰੀਨ ਪਤਨੀ ਰਫ਼ੀਕ ਅਹਿਮਦ ਦੋਵੇਂ ਵਾਸੀ ਮਕਾਨ ਨੰ. 18 ਗਲੀ ਨੰ 9, ਨੇੜੇ ਸਮੁੰਦਰੀ ਪੈਟਰੋਲ ਪੰਪ, ਫਿਰੋਜ਼ਪੁਰ ਕੈਂਟ, ਫਿਰੋਜ਼ਪੁਰ-152001, ਨਾਲ ਹੀ : ਰਿਹਾਇਸ਼ੀ ਜਾਇਦਾਦ/ਪਲਾਟ ਨੰ. 30 ਗੋਬਿੰਦ ਇਨਕਲੇਵ, ਪਿੰਡ ਸੱਤੀਏਵਾਲਾ, ਤਹਿਸੀਲ ਤੇ ਜ਼ਿਲ੍ਹਾ ਫਿਰੋਜ਼ਪੁਰ ਨਾਲ ਸ੍ਰੀਮਤੀ ਨਸਰੀਨ ਪਤਨੀ ਰਫੀਕ ਅਹਿਮਦ ਪਿੰਡ ਚਾਂਦਪੁਰ ਕਾਜ਼ੀਆਂ, ਬਰੇਲੀ, ਉੱਤਰ ਪ੍ਰਦੇਸ਼-243502, ਕਰਜ਼ਾ ਖਾਤਾ ਨੰ. PHR024206226061 | ਦਸਤਾਵੇਜ਼ ਨੰਬਰ 2020-21/116/1/3575 ਮਿਤੀ 16 ਦਸੰਬਰ 2020 ਅਨੁਸਾਰ ਸ੍ਰੀ ਇਮਰਾਨ ਅੰਸਾਰੀ ਪੁੱਤਰ ਮੁਹੰਮਦ ਰਫ਼ੀਕ ਅੰਸਾਰੀ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ। ਪਲਾਟ ਨੰ. 30, ਰਕਬਾ 0 ਕਨਾਲ-4.49 ਮਰਲੇ, ਜੋ ਕਿ ਕੁੱਲ ਜ਼ਮੀਨ ਖੇਤਰ 31 ਕਨਾਲ 10 ਮਰਲੇ ਦਾ 40/5670 ਹਿੱਸਾ ਹੈ, ਖਸਰਾ ਨੰ. 51//22 (7-7), 23 (7-7), 24/2 (4-0), 21 (6-16), 52//25 (6-0), ਖੇਵਟ ਨੰ. 457, 458, ਹਦਬਸਤ ਨੰ. 114, ਜਮ੍ਹਾਂਬੰਦੀ ਸਾਲ 2017-2018, ਗੋਬਿੰਦ ਇਨਕਲੇਵ ਪਿੰਡ ਸਤੀਏ ਵਾਲਾ, ਤਹਿਸੀਲ ਤੇ ਜ਼ਿਲ੍ਹਾ ਫਿਰੋਜ਼ਪੁਰ ਨਾਲ ਸੰਬੰਧਤ ਸਭ ਕੁੱਝ। ਹੱਦਾਂ (ਬੈਨਾਮੇ ਅਨੁਸਾਰ), ਪੂਰਬ : ਪਲਾਟ ਨੰ. 49, ਪੱਛਮ : ਗਲੀ, ਉੱਤਰ : ਪਲਾਟ ਨੰ. 31, ਦੱਖਣ : ਪਲਾਟ ਨੰ. 29 | 24.07.2023 | 06.11.2023 | Rs. 2586987/- (ਪੰਝੀ ਲੱਖ ਛਿਆਸੀ ਹਜ਼ਾਰ ਨੌਂ ਸੌ ਸਤਾਸੀ ਰੁਪਏ ਸਿਰਫ਼) |
| 6. | 1. ਸ੍ਰੀਮਤੀ ਸੋਨੀਆ ਪਤਨੀ ਰਾਜੇਸ਼ ਕੁਮਾਰ ਅਤੇ 2. ਸ੍ਰੀ ਰਾਜੇਸ਼ ਕੁਮਾਰ ਪੁੱਤਰ ਮਦਨ ਲਾਲ ਦੋਵੇਂ ਵਾਸੀ ਮਕਾਨ ਨੰ. ਐਸ-1/953 ਗਲੀ ਮੁਨਸ਼ੀਆਂ ਵਾਲੀ ਨੇੜੇ ਮੋਹਨ ਭੋਗ ਅੱਟਾ ਚੱਕੀ ਕੱਟੜਾ ਕਰਮ ਸਿੰਘ ਅੰਮ੍ਰਿਤਸਰ, ਪੰਜਾਬ-143001, ਕਰਜ਼ਾ ਖਾਤਾ ਨੰ. PHR068506154894 | ਬੈਨਾਮਾ ਨੰ. 2021-22/89/1/1904 ਮਿਤੀ 11-06-2021 ਅਨੁਸਾਰ ਸ੍ਰੀਮਤੀ ਸੋਨੀਆ ਪਤਨੀ ਰਜੇਸ਼ ਕੁਮਾਰ ਅਤੇ ਸ੍ਰੀ ਰਜੇਸ਼ ਕੁਮਾਰ ਪੁੱਤਰ ਮਦਨ ਲਾਲ ਦੇ ਨਾਂਅ 'ਤੇ ਰਜਿਸਟਰਡ ਜਾਇਦਾਦ/ਪਲਾਟ ਨੰ. ਏ-24, ਰਕਬਾ 111.11 ਵਰਗ ਗਜ਼, ਖਸਰਾ ਨੰ. 15//23, 15//24/1, ਖੱਤਾ ਖਾਤੌਨੀ ਨੰ. 476/771, ਜਮ੍ਹਾਂਬੰਦੀ ਸਾਲ 2015-16, ਵਾਕਿਆ ਰਕਬਾ ਪਿੰਡ ਮੂਲੇਚੱਕ, ਅਬਾਦੀ ਸੰਤ ਵਿਹਾਰ, ਝਬਾਲ ਰੋਡ, ਤਹਿਸੀਲ ਅੰਮ੍ਰਿਤਸਰ-1 ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁੱਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਪਲਾਟ ਨੰ. ਏ-23, ਪੱਛਮ : ਪਲਾਟ ਏ-25, ਉੱਤਰ : ਪਲਾਟ ਨੰ. ਏ-29, ਦੱਖਣ : ਸੜਕ 30 ਫੁੱਟ | 26.12.2022 | 07.11.2023 | Rs. 16,95,872/- (ਸੋਲਾਂ ਲੱਖ ਪਚਾਨਵੇਂ ਹਜ਼ਾਰ ਅੱਠ ਸੌ ਬਹੱਤਰ ਰੁਪਏ ਸਿਰਫ਼) |
| 7. | 1. ਸ੍ਰੀ ਦਰਸ਼ਨ ਲਾਲ ਪੁੱਤਰ ਕਰਮ ਚੰਦ 2. ਸ੍ਰੀ ਦੀਪਕ ਕੁਮਾਰ ਪੁੱਤਰ ਦਰਸ਼ਨ ਲਾਲ ਅਤੇ 3. ਸ੍ਰੀਮਤੀ ਪੁਸ਼ਪਾ ਰਾਣੀ ਪਤਨੀ ਦਰਸ਼ਨ ਲਾਲ ਸਾਰੇ ਵਾਸੀ ਮਕਾਨ ਨੰ. 69, ਗਲੀ ਪਾਰਕ ਵਾਲੀ, ਇਸ਼ਵਰ ਨਗਰ, ਤਰਨ ਤਾਰਨ ਰੋਡ ਅੰਮ੍ਰਿਤਸਰ, ਪੰਜਾਬ-143001, ਨਾਲ ਹੀ ਮਕਾਨ ਨੰ. 3040, ਗਲੀ ਨੰ. 7 ਗੁਰੂ ਨਾਨਕ ਕਾਲੋਨੀ ਤਰਨ ਤਾਰਨ ਰੋਡ ਅੰਮ੍ਰਿਤਸਰ ਪੰਜਾਬ-143001, ਨਾਲ ਹੀ : ਇੱਕ ਬਣਿਆ ਹੋਇਆ ਮਕਾਨ, ਜਿਸ ਦਾ ਪ੍ਰਾਈਵੇਟ ਨੰ. 31 ਖਸਰਾ ਨੰ. 1673 ਮਿਨ, ਜੋ ਕਿ ਸੁਲਤਾਨਵਿੰਡ ਅਰਬਨ ਆਬਾਦੀ ਗੁਰੂ ਗੋਬਿੰਦ ਸਿੰਘ ਨਗਰ,ਤਰਨ ਤਾਰਨ ਰੋਡ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ-143001 ਵਿਖੇ ਸਥਿਤ ਹੈ। ਨਾਲ ਹੀ ਸ੍ਰੀ ਦੀਪਕ ਪੁੱਤਰ ਦਰਸ਼ਨ ਲਾਲ ਮਕਾਨ ਨੰ. 2988, ਗਲੀ ਨੰ. 7 ਗੁਰੂ ਨਾਨਕ ਕਾਲੋਨੀ, ਵਾਰਡ ਨੰ. 24 ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ-143001 ਕਰਜ਼ਾ ਖਾਤਾ ਨੰ. PHR068502737925 | ਬੈਨਾਮਾ ਵਸੀਕਾ ਨੰ. 6119 ਮਿਤੀ 01.11.2017 ਅਨੁਸਾਰ ਸ੍ਰੀਮਤੀ ਪੁਸ਼ਪਾ ਰਾਣੀ ਪਤਨੀ ਦਰਸ਼ਨ ਲਾਲ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਪਲਾਟ ਨੰ. 31 'ਤੇ ਨਿਰਮਤ, ਰਕਬਾ 56.6 ਵਰਗ ਗਜ਼, ਖਸਰਾ ਨੰ. 1673 ਮਿਨ, ਸੁਲਤਾਨਵਿੰਡ ਅਰਬਨ ਅਬਾਦੀ, ਗੁਰੂ ਗੋਬਿੰਦ ਸਿੰਘ ਨਗਰ, ਤਰਨ ਤਾਰਨ ਰੋਡ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ : (ਬੈਨਾਮੇ ਅਨੁਸਾਰ) ਪੂਰਬ : ਪਲਾਟ ਨੰ. 32, ਪੱਛਮ : ਪਲਾਟ ਨੰ. 30, ਉੱਤਰ : ਪਲਾਟ ਨੰ. 34, ਦੱਖਣ : ਗਲੀ 12' ਚੌੜੀ | 18.04.2023 | 07.11.2023 | Rs. 459533/- (ਚਾਰ ਲੱਖ ਉਨਾਹਠ ਹਜ਼ਾਰ ਪੰਜ ਸੌ ਤੇਤੀ ਰੁਪਏ ਰੁਪਏ ਸਿਰਫ਼) |
| 8. | 1. ਸ੍ਰੀਮਤੀ ਮੀਨਾ ਦੇਵੀ ਪਤਨੀ ਪਦਮ ਕੁਮਾਰ ਅਤੇ 2. ਸ੍ਰੀ ਭਰਤ ਕੁਮਾਰ ਪੁੱਤਰ ਪਦਮ ਕੁਮਾਰ ਦੋਵੇਂ ਵਾਸੀ ਮਕਾਨ ਨੰ. 149, ਵਿਜੇ ਨਗਰ, ਬਟਾਲਾ ਰੋਡ, ਜ਼ਿਲ੍ਹਾ ਅੰਮ੍ਰਿਤਸਰ-143001 ਨਾਲ ਹੀ: ਮਕਾਨ ਨੰ. 161, ਵਿਜੇ ਨਗਰ ਬਟਾਲਾ ਰੋਡ, ਜ਼ਿਲ੍ਹਾ ਅੰਮ੍ਰਿਤਸਰ-143001 ਨਾਲ ਹੀ: ਸ੍ਰੀਮਤੀ ਮੀਨਾ ਦੇਵੀ ਪਤਨੀ ਪਦਮ ਕੁਮਾਰ ਮੇਕਅੱਪ ਆਰਟਿਸਟ ਮੈਸਰਜ਼ ਲੋਰੀਐਲ ਬਿਊਟੀ ਅਕੈਡਮੀ, 226, ਗਲੀ ਨੰ.6, ਸ਼ਹੀਦ ਊਧਮ ਸਿੰਘ ਨਗਰ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ-143001 ਕਰਜ਼ਾ ਖਾਤਾ ਨੰ. PHR068505841864 | ਬੈਨਾਮਾ ਦਸਤਾਵੇਜ਼ ਨੰ. 2020-21/93/1/13091 ਮਿਤੀ 19 ਫਰਵਰੀ 2021 ਅਨੁਸਾਰ ਸ੍ਰੀਮਤੀ ਮੀਨਾ ਦੇਵੀ ਪਤਨੀ ਪਦਮ ਕੁਮਾਰ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਨੰ. 149, ਯੂ ਆਈ ਡੀ ਨੰ. ਜੀ-6/31055 ਰਕਬਾ 25 ਵਰਗ ਗਜ਼, ਖਸਰਾ ਨੰ. 962/549-551, 963/549-55 ਮਿਨ (ਜਮ੍ਹਾਂਬੰਦੀ ਅਨੁਸਾਰ ਖਸਰਾ ਨੰ. 1466/963/549-551) ਮਿਨ ਖੇਵਟ ਨੰ. 1278/1259, ਖਾਤੌਨੀ ਨੰ. 1483, ਜਮ੍ਹਾਂਬੰਦੀ ਸਾਲ 2016-2017, ਸਬ-ਅਰਬਨ ਅਬਾਦੀ ਟੰਡਨ ਨਗਰ, ਅਬਾਦੀ ਵਿਜੇ ਨਗਰ, ਬਟਾਲਾ ਰੋਡ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ : (ਬੈਨਾਮੇ ਅਨੁਸਾਰ) : ਪੂਰਬ : ਗਲੀ 10' ਚੌੜੀ, ਪੱਛਮ : ਜਾਇਦਾਦ ਦਾ ਬਾਕੀ ਹਿੱਸਾ, ਉੱਤਰ : ਮਾਲਕ ਊਸ਼ਾ ਰਾਣੀ/ਰਕੇਸ਼ ਕੁਮਾਰ, ਦੱਖਣ : ਹੋਰ ਮਾਲਕ। | 21.06.2023 | 07.11.2023 | Rs. .852764/- ਅੱਠ ਲੱਖ ਬਵਿੰਜ਼ਾ ਹਜ਼ਾਰ ਸੱਤ ਸੌ ਚੌਂਹਠ ਰੁਪਏ ਸਿਰਫ਼) |
| 9. | 1. ਸ੍ਰੀ ਨਰਿੰਦਰ ਸਿੰਘ ਪੁੱਤਰ ਕਰਮਜੀਤ ਸਿੰਘ ਅਤੇ 2. ਸ੍ਰੀਮਤੀ ਰੁਪਿੰਦਰ ਕੌਰ ਪਤਨੀ ਨਰਿੰਦਰ ਸਿੰਘ ਦੋਵੇਂ ਵਾਸੀ ਫਲੈਟ ਨੰ. 218, ਗੁਰੂ ਤੇਗ ਬਹਾਦਰ ਨਗਰ, ਮਕਬੂਲਪੁਰਾ, ਨੇੜੇ ਮਾਲ ਮੰਡੀ, ਅੰਮ੍ਰਿਤਸਰ (ਪੰਜਾਬ)143001 ਨਾਲ ਹੀ : ਬਣਿਆ ਮਕਾਨ ਜਿਸ ਦਾ ਪ੍ਰਾਈਵੇਟ ਨੰ. 53 ਮਿਨ, ਸੁਲਤਾਨਵਿੰਡ, ਸਬਅਰਬਨ, ਤਰਫ਼ ਮਾਹਲ-II ਅਬਾਦੀ ਭਾਈ ਮੰਝ ਰੋਡ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਕਰਜ਼ਾ ਖਾਤਾ ਨੰ. PHR068506363773 | ਬੈਨਾਮਾ ਦਸਤਾਵੇਜ਼ ਨੰ. 2021-22/89/1/3854 ਮਿਤੀ 06.08.2021 ਅਨੁਸਾਰ ਸ੍ਰੀਮਤੀ ਰੁਪਿੰਦਰ ਕੌਰ ਪਤਨੀ ਨਰਿੰਦਰ ਸਿੰਘ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਪਲਾਟ ਪ੍ਰਾਈਵੇਟ ਨੰ. 53 ਮਿਨ, ਰਕਬਾ 112.49 ਵਰਗ ਗਜ਼ 'ਤੇ ਨਿਰਮਤ, ਖਸਰਾ ਨੰ. 4668//2 ਮਿਨ, ਖੱਤਾ/ਖਾਤੌਨੀ ਨੰ. 900/2324 ਜਮ੍ਹਾਂਬੰਦੀ ਸਾਲ 2015-16, ਸੁਲਤਾਨਵਿੰਡ ਸਬ-ਅਰਬਨ ਤਰਫ ਮਾਹਲ-II, ਅਬਾਦੀ ਭਾਈ ਮੰਝ ਰੋਡ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ : (ਬੈਨਾਮੇ ਅਨੁਸਾਰ) ਪੂਰਬ : ਹੋਰ ਮਾਲਕ, ਪੱਛਮ : ਗਲੀ 20' ਚੌੜੀ, ਉੱਤਰ : ਪਲਾਟ ਨੰ. 54, ਦੱਖਣ : ਪਲਾਟ ਨੰ. 53 ਮਿਨ ਦਾ ਬਾਕੀ ਹਿੱਸਾ। | 16.06.2023 | 07.11.2023 | Rs. 2191718/- (ਇੱਕੀ ਲੱਖ ਇਕਾਨਵੇਂ ਹਜ਼ਾਰ ਸੱਤ ਸੌ ਅਠਾਰਾਂ ਰੁਪਏ ਸਿਰਫ਼) |
| 10. | 1. ਸ੍ਰੀ ਸ਼ੇਖ ਸੱਦਾਮ ਅਲੀ ਪੁੱਤਰ ਐਸ ਕੇ ਮਹਾਰਾਜ ਅਲੀ ਅਤੇ 2. ਸ੍ਰੀਮਤੀ ਐਸ ਕੇ ਮੋਨੋਆਰਾ ਬੇਗਮ ਪਤਨੀ ਐਸ ਕੇ ਮਹਾਰਾਜ ਅਲੀ ਦੋਵੇਂ ਵਾਸੀ 958, ਆਬਾਦੀ ਨਾਨਕਪੁਰਾ, ਗੁਰੂ ਕੀ ਵਡਾਲੀ, ਛੇਹਰਟਾ, ਅੰਮ੍ਰਿਤਸਰ -II, ਅੰਮ੍ਰਿਤਸਰ-143105 ਨਾਲ ਹੀ : ਸ੍ਰੀ ਸ਼ੇਖ ਸੱਦਾਮ ਅਲੀ ਪੁੱਤਰ ਐਸ ਕੇ ਮਹਾਰਾਜ ਅਲੀ ਵਾਸੀ, ਮਕਾਨ ਜੋ ਕੇ ਵਡਾਲੀ, ਗੁਰੂ ਅਰਬਨ ਆਬਾਦੀ, ਹਰਗੋਬਿੰਦਪੁਰਾ ਨੇੜੇ ਮਾਨ ਆਟਾ ਚੱਕੀ, ਨੇੜੇ ਪੈਟਰੋਲ ਪੰਪ, ਜ਼ਿਲ੍ਹਾ ਅੰਮ੍ਰਿਤਸਰ-143105 ਨਾਲ ਹੀ : ਸ੍ਰੀ ਸ਼ੇਖ ਸੱਦਾਮ ਅਲੀ ਪੁੱਤਰ ਐਸ ਕੇ ਮਹਾਰਾਜ ਅਲੀ ਪ੍ਰੋਪਰਾਇਟਰ ਮੈਸਰਜ਼ ਅਲੀ ਇਮਬਰਾਇਡਰੀ ਵਰਕਸ 958, ਆਬਾਦੀ ਨਾਨਕਪੁਰਾ ਗੁਰੂ ਕੀ ਵਡਾਲੀ, ਛੇਹਰਟਾ, ਅੰਮ੍ਰਿਤਸਰ -II, ਅੰਮ੍ਰਿਤਸਰ-143105 ਕਰਜ਼ਾ ਖਾਤਾ ਨੰ. PHR068506074455 | ਬੈਨਾਮਾ ਦਸਤਾਵੇਜ਼ ਨੰ. 2021-22/93/1/1178 ਮਿਤੀ 23 ਅਪ੍ਰੈਲ 2021 ਅਨੁਸਾਰ ਸ੍ਰੀਮਤੀ ਐੱਸ ਕੇ ਮੋਨਿਆਰਾ ਬੇਗਮ ਪਤਨੀ ਐੱਸ ਕੇ ਮਹਾਰਾਜ ਅਲੀ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਰਕਬਾ 52.88 ਵਰਗ ਗਜ਼, ਖਸਰਾ ਨੰ. 2328/1179, 2329/1179, 2332/1184, 2835/1184, 2329/1184, 2340/1184, 2344/1184, 2327/1179 ਮਿਨ ਵਡਾਲੀ ਗੁਰੂ ਅਰਬਨ, ਅਬਾਦੀ ਹਰਗੋਬਿੰਦਪੁਰਾ, ਨੇੜੇ ਮਾਨ ਆਟਾ ਚੱਕੀ, ਨੇੜੇ ਪੈਟਰੋਲ ਪੰਪ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਦਲਬੀਰ ਸਿੰਘ ਦੀ ਮਲਕੀਅਤ, ਪੱਛਮ : ਜਾਇਦਾਦ ਦਾ ਬਾਕੀ ਹਿੱਸਾ, ਉੱਤਰ : ਜਗਜੀਤ ਸਿੰਘ ਦਾ ਮਕਾਨ, ਦੱਖਣ : ਗਲੀ | 22.06.2023 | 07.11.2023 | Rs. 569347/- (ਪੰਜ ਲੱਖ ਉਨੱਤਰ ਹਜ਼ਾਰ ਤਿੰਨ ਸੌ ਸੰਤਾਲੀ ਰੁਪਏ ਸਿਰਫ਼) |
| 11. | 1. ਸ੍ਰੀ ਮਨੂੰ ਕਾਂਤ ਖੇੜਾ ਪੁੱਤਰ ਸੁਰਿੰਦਰ ਕੁਮਾਰ ਖੇੜਾ ਅਤੇ 2. ਸ੍ਰੀ ਸੁਰਿੰਦਰ ਕੁਮਾਰ ਪੁੱਤਰ ਸ੍ਰੀ ਰਾਮ ਚੰਦ ਦੋਵੇਂ ਵਾਸੀ ਮੇਨ ਬਾਜ਼ਾਰ ਧੇਨੂ ਮੱਲ ਸਟਰੀਟ, ਮੁਕਤਸਰ ਪੰਜਾਬ-152026 ਨਾਲ ਹੀ : ਫਲੈਟ ਨੰ. 1028 ਦਸਵੀਂ ਮੰਜ਼ਲ, ਟਾਵਰ ਨੰ. 7, ਸਾਊਥ ਸਿਟੀ, ਵੀ ਆਈ ਪੀ ਰੋਡ, ਬਿਸ਼ਨਪੁਰਾ, ਐਮ ਸੀ ਜੀਰਕਪੁਰ, ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨਾਲ ਹੀ ਮਨੂੰਕਾਂਤ ਖੇੜਾ ਪੁੱਤਰ ਸੁਰਿੰਦਰ ਕੁਮਾਰ ਖੇੜਾ ਪ੍ਰੋਪ. ਮੈਸਰਜ਼ ਨਾਨਕ ਚੰਦ ਰਾਮ ਚੰਦ, ਸ਼ਾਪ ਨੰ. 173, ਨਿਊ ਗਰੇਨ ਮਾਰਕੀਟ ਸ੍ਰੀ ਮੁਕਤਸਰ-152026 ਕਰਜ਼ਾ ਖਾਤਾ ਨੰ. PHR024205699169 | ਤਬਾਦਲਾ ਬੈਨਾਮਾ ਦਸਤਾਵੇਜ਼ ਨੰ. 2020-21/13/1/10064 ਮਿਤੀ 02 ਫਰਵਰੀ 2021 ਅਨੁਸਾਰ ਸ੍ਰੀ ਮਨੂਕਾਂਤ ਖੇੜਾ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਫਲੈਟ ਨੰ. 1028, 10ਵੀਂ ਮੰਜ਼ਲ, ਟਾਵਰ ਨੰ. 7, ਸਾਊਥ ਸਿਟੀ, ਵੀ ਆਈ ਪੀ ਰੋਡ, ਬਿਸ਼ਨਪੁਰਾ ਐੱਮ ਸੀ ਜ਼ੀਰਕਪੁਰ, ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਖੱਤਾ ਨੰ. 193/259, ਖਸਰਾ ਨੰ. 420 (2-12), 421 (0-8), 422 (3-12), 415 (3-10), 412 (4-16) 413 (2-14), 414 (1-4), 406 (4-13), 407 (1-8), 409 (5-13), 410 (2-10) 411 (3-4), ਟੁਕੜੇ 12, ਖੇਤਰ 36 ਵਿਘੇ 4 ਬਿਸਵੇ (ਅਣਵੰਡੇ) ਦਾ 5/14480 ਹਿੱਸਾ ਰਕਬਾ 0 ਵਿਘਾ 0 ਵਿਸਵੇ 5 ਬਿਸਵਾਸੀ ਕਵਰਡ ਖੇਤਰ 1396 ਵਰਗ ਫੁੱਟ, ਸੁਪਰ ਖੇਤਰ 1960 ਵਰਗ ਫੁੱਟ ਨਾਲ ਸੰਬੰਧਤ ਸਭ ਕੁਝ। | 17.06.2023 | 07.11.2023 | Rs. 6450,416.28 /- (ਚੌਹਠ ਲੱਖ ਪੰਜਾਹ ਹਜ਼ਾਰ ਚਾਰ ਸੌ ਸੋਲਾਂ ਰੁਪਏ ਅਠਾਈ ਪੈਸੇ ਸਿਰਫ਼) |
| 12. | 1. ਪਵਨ ਕੁਮਾਰ ਪੁੱਤਰ ਸ੍ਰੀ ਸੁਰਜੀਤ ਕੁਮਾਰ ਅਤੇ 2. ਸ੍ਰੀਮਤੀ ਅੰਜਨਾ ਪਤਨੀ ਪਵਨ ਕੁਮਾਰ ਦੋਵੇਂ ਵਾਸੀ ਸ੍ਰੀ ਚੰਦ ਨਗਰ, ਬੁਰਜਾ ਰੋਡ, ਵਾਰਡ ਨੰ. 3 ਗਲੀ ਨੰ.1, ਮਲੋਟ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ-152107 ਨਾਲ ਹੀ : ਪਵਨ ਕੁਮਾਰ ਪੁੱਤਰ ਸੁਰਜੀਤ ਕੁਮਾਰ ਮਕਾਨ ਜਿਸ ਦਾ ਪਲਾਟ ਨੰ. 14, ਖਸਰਾ ਨੰ. 1806/2/1(32-15), ਗਣੇਸ਼ ਵਿਹਾਰ ਕਾਲੋਨੀ, ਪਿੰਡ ਮਲੋਟ, ਤਹਿਸੀਲ ਮਲੋਟ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ-152107 ਨਾਲ ਹੀ : ਸ੍ਰੀ ਪਵਨ ਕੁਮਾਰ ਪੁੱਤਰ ਸ੍ਰੀ ਸੁਰਜੀਤ ਕੁਮਾਰ ਪ੍ਰੋਪ. ਮੈਸਰਜ਼ ਕੇ. ਡੀ. ਆਰ. ਫੈਸ਼ਨ ਹਾਊਸ ਸ੍ਰੀ ਚੰਦ ਨਗਰ, ਗਲੀ ਨੰ.1, ਮਲੋਟ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ-152107 ਕਰਜ਼ਾ ਖਾਤਾ ਨੰ. PHR024204506102 | ਬੈਨਾਮਾ ਵਸੀਕਾ ਨੰ. 413 ਮਿਤੀ 15.05. 2017 ਅਨੁਸਾਰ ਸ੍ਰੀ ਪਵਨ ਕੁਮਾਰ ਪੁੱਤਰ ਸੁਰਜੀਤ ਕੁਮਾਰ ਦੇ ਨਾਂਅ 'ਤੇ ਰਜਿਸਟਰਡ ਜਾਇਦਾਦ/ਪਲਾਟ ਨੰ. 14 ਰਕਬਾ 05 ਮਰਲੇ ਜੋ ਕਿ ਕੁਲ ਜ਼ਮੀਨ ਖੇਤਰ 32 ਕਨਾਲ 5 ਮਰਲੇ ਦਾ 5/655 ਹਿੱਸਾ 'ਤੇ ਨਿਰਮਤ ਮਕਾਨ ਖੇਵਟ ਨੰ. 1234, ਖਤੌਨੀ ਨੰ. 2509, ਖਸਰਾ ਨੰ. 1806/2/1 (32-15) ਜਮ੍ਹਾਂਬੰਦੀ ਸਾਲ 2014-2015, ਗਣੇਸ਼ ਵਿਹਾਰ ਕਾਲੋਨੀ, ਪਿੰਡ ਮਲੋਟ, ਤਹਿਸੀਲ ਮਲੋਟ ਨਾਲ ਸੰਬੰਧਤ ਸਭ ਕੁਝ । ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਪਲਾਟ ਨੰ. 13, ਪੱਛਮ : ਪਲਾਟ ਨੰ. 15, ਉੱਤਰ : ਸੜਕ, ਦੱਖਣ : ਖੇਤੀਬਾੜੀ ਵਾਲੀ ਜ਼ਮੀਨ। | 30.03.2023 | 07.11.2023 | Rs. 10,18,198 /- (ਦਸ ਲੱਖ ਅਠਾਰਾਂ ਹਜ਼ਾਰ ਇੱਕ ਅਠਾਨਵੇਂ ਰੁਪਏ ਸਿਰਫ਼) |

ਉਕਤ ਦਰਜ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਾਰੰਟਰਾਂ ਨੂੰ ਰਕਮ ਦੀ ਅਦਾਇਗੀ ਲਈ 30 ਦਿਨਾਂ ਦਾ ਨੋਟਿਸ ਦਿੱਤਾ ਜਾਂਦਾ ਹੈ। ਨਹੀਂ ਤਾਂ ਰਹਿਣ ਕੀਤੀ ਜਾਇਦਾਦ ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ 30 ਦਿਨਾਂ ਦਾ ਸਮਾਂ ਖਤਮ ਹੋ ਜਾਣ 'ਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਤੇ 9 ਦੀਆਂ ਵਿਵਸਥਾਵਾਂ ਅਨੁਸਾਰ ਵੇਚ ਦਿੱਤੀ ਜਾਵੇਗੀ।

ਮਿਤੀ :10.11.2023, ਸਥਾਨ : ਪੰਜਾਬ — ਸਹੀ/- ਅਧਿਕਾਰਤ ਅਫਸਰ , ਐਕਸਿਸ ਬੈਂਕ ਲਿਮਟਿਡ


ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

10-Nov-PAGE- 3 qxd.qxd 11/9/2023 10:53 PM Page 1



# ਆਰ ਐੱਮ ਪੀ ਆਈ ਨੇ ਅਮਰੀਕਾ ਤੇ ਇਜ਼ਰਾਈਲ ਖਿਲਾਫ ਕੀਤੀ ਨਾਅਰੇਬਾਜ਼ੀ



**ਗੁਰਦਾਸਪੁਰ, (ਜਨਕ ਮਹਾਜਨ)**- ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਗੁਰਦਾਸਪੁਰ ਜ਼ਿਲ੍ਹਾ ਕਮੇਟੀ ਵਲੋਂ 7 ਨਵੰਬਰ ਯੁੱਗ ਪਲਟਾਊ ਅਕਤੂਬਰ ਕ੍ਰਾਂਤੀ ਦਿਵਸ, ਇਜ਼ਰਾਈਲ ਵਲੋਂ ਇਕਤਰਫਾ ਵਿੱਢੀ ਗਈ ਜੰਗ ਵਿੱਚ ਮਾਰੇ ਗਏ ਨਿਰਦੋਸ਼ ਫਲਸਤੀਨੀਆਂ ਨੂੰ ਸਮਰਪਤ ਕੀਤਾ ਗਿਆ। ਆਰੰਭ ਵਿਚ ਇਕ ਸ਼ੋਕ ਮਤੇ ਰਾਹੀਂ ਇਜ਼ਰਾਇਲ ਵਲੋਂ ਫ਼ਲਸਤੀਨੀਆਂ ਦੇ ਨਸਲਘਾਤ ਅਤੇ ਉਨ੍ਹਾਂ ਦੀ ਮਾਤ ਭੂਮੀ ਹੜੱਪਣ ਲਈ ਵਿੱਢੀ ਗਈ ਨਿਹੱਕੀ ਤੇ ਅਸਾਵੀਂ ਜੰਗ ਵਿਚ ਮਾਰੇ ਗਏ ਨਿਰਦੋਸ਼ ਲੋਕਾਂ, ਖਾਸ ਕਰਕੇ ਬੱਚਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸ਼ਹੀਦ ਬਲਜੀਤ ਸਿੰਘ ਫਜਲਾਬਾਦ ਯਾਦਗਾਰ ਟਰੱਸਟ ਰੁਲੀਆ ਰਾਮ ਕਲੋਨੀ ਜੇਲ੍ਹ ਰੋਡ ਗੁਰਦਾਸਪੁਰ ਵਿਖੇ ਪਾਰਟੀ ਆਗੂ ਕਾਮਰੇਡ ਸੰਤੋਖ ਸਿੰਘ ਕਾਦੀਆਂ ਅਤੇ ਮਾਸਟਰ ਸੁਭਾਸ਼ ਸ਼ਰਮਾ ਦੀ ਸਾਂਝੀ ਪ੍ਰਧਾਨਗੀ ਹੇਠ ਜਨਰਲ ਬਾਡੀ ਮੀਟਿੰਗ ਕਰਨ ਉਪਰੰਤ ਡਾਕਖਾਨਾ ਚੌਕ ਗੁਰਦਾਸਪੁਰ ਵਿਖੇ ਫਲਸਤੀਨੀ ਮੁਕਤੀ ਸੰਗਰਾਮ ਨਾਲ ਭਾਰਤੀ ਲੋਕਾਂ ਵਲੋਂ ਇਕਮੁੱਠਤਾ ਜ਼ਾਹਰ ਕਰਦਿਆਂ ਮਨੁੱਖਤਾ ਦੇ ਕਾਤਲ ਅਮਰੀਕਾ ਤੇ ਇਜ਼ਰਾਈਲ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਆਰ ਐਮ ਪੀ ਆਈ ਦੀ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਰਘਬੀਰ ਸਿੰਘ ਪਕੀਵਾਂ ਨੇ ਕਿਹਾ ਕਿ ਸੰਸਾਰ ਭਰ ਦੇ ਗਰੀਬ ਦੇਸ਼ਾਂ ਦੇ ਕੁਦਰਤੀ ਵਸੀਲਿਆਂ ਅਤੇ ਕਿਰਤੀ ਲੋਕਾਈ ਦੀ ਬੇਕਿਰਕ ਲੁੱਟ ਜਾਰੀ ਰੱਖਣ ਲਈ ਜੰਗਾਂ ਭੜਕਾ ਰਹੇ ਸਾਮਰਾਜ ਦਾ ਖਾਤਮਾ ਕੀਤੇ ਬਗੈਰ ਵਿਸ਼ਵ ਸ਼ਾਂਤੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਲੁੱਟ-ਖਸੁੱਟ 'ਤੇ ਆਧਾਰਤ ਰਾਜਕੀ ਢਾਂਚੇ ਨੂੰ ਢਹਿ ਢੇਰੀ ਕਰਦਿਆਂ ਕਿਰਤੀਆਂ ਦਾ ਸਮਾਜਵਾਦੀ ਰਾਜ ਪ੍ਰਬੰਧ ਕਾਇਮ ਕੀਤੇ ਬਗੈਰ ਕਿਰਤੀਆਂ ਦੀ ਲੁੱਟ-ਚੋਂਘ, ਜਬਰ-ਵਿਤਕਰੇ ਤੋਂ ਬੰਦ ਖਲਾਸੀ ਹੋਣੀ ਅਸੰਭਵ ਹੈ। ਪਾਰਟੀ ਆਗੂਆਂ ਕਾਮਰੇਡ ਸ਼ਿਵ ਕੁਮਾਰ, ਠਾਕੁਰ ਧਿਆਨ ਸਿੰਘ, ਮੱਖਣ ਕੋਹਾੜ, ਕਾਮਰੇਡ ਅਜੀਤ ਸਿੰਘ ਠੱਕਰਸੰਧੂ, ਅਵਤਾਰ ਸਿੰਘ ਅਤੇ ਸ਼ਮਸ਼ੇਰ ਸਿੰਘ ਨਵਾਂ ਪਿੰਡ ਨੇ ਕਿਹਾ ਕਿ ਭਾਰਤ ਅੰਦਰ ਸਮਾਜਿਕ ਤਬਦੀਲੀ ਦਾ ਮਾਨਵਤਾਵਾਦੀ ਲੋਕ ਸੰਗਰਾਮ, ਸੰਘ ਪਰਵਾਰ ਦੇ ਮਨੂੰ ਸਿਮਰਤੀ 'ਤੇ ਆਧਾਰਤ ਧਰਮ ਆਧਾਰਤ ਕੱਟੜ ਹਿੰਦੂ ਰਾਸ਼ਟਰ ਕਾਇਮ ਕਰਨ ਦੇ ਫਿਰਕੂ-ਫਾਸ਼ੀ, ਵੰਡਵਾਦੀ ਏਜੰਡੇ ਨੂੰ ਭਾਂਜ ਦਿੱਤੇ ਬਗੈਰ ਅਤੇ ਭਾਰਤੀ ਲੋਕਾਂ ਨੂੰ ਕੰਗਾਲ ਕਰਕੇ ਕਾਰਪੋਰੇਟ ਲੋਟੂਆਂ ਤੇ ਬਹੁਕੌਮੀ ਕਾਰਪੋਰੇਸ਼ਨ ਦੇ ਧਨ ਅੰਬਾਰਾਂ 'ਚ ਵਾਧਾ ਕਰਨ ਵਾਲੀਆਂ ਨਵ ਉਦਾਰਵਾਦੀ ਨੀਤੀਆਂ ਨੂੰ ਰੱਦ ਕਰਕੇ ਹੀ ਜਿੱਤ ਵੱਲ ਵਧ ਸਕਦਾ ਹੈ। ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵਲੋਂ ਕੀਤੀ ਜਾ ਰਹੀ ਮਹਿੰਗੀ ਇਸ਼ਤਿਹਾਰਬਾਜ਼ੀ, ਫਜ਼ੂਲ ਦੀ ਬਿਆਨਬਾਜ਼ੀ ਅਤੇ ਲੋਕ ਹਿਤਾਂ ਦੀ ਘੋਰ ਅਣਦੇਖੀ ਕਰਦਿਆਂ ਸਨਅਤਕਾਰਾਂ ਨੂੰ ਟੈਕਸ ਮਾਫੀ ਦੇ ਖੱਲ੍ਹੇ ਗੱਫੇ ਵਰਤਾਉਣ ਵਾਲੀ ਭਗਵੰਤ ਮਾਨ ਸਰਕਾਰ ਦੀ ਵੀ ਸਖ਼ਤ ਨਿੰਦਾ ਕੀਤੀ ਗਈ। ਉਪਰੋਕਤ ਤੋਂ ਇਲਾਵਾ ਕਾਮਰੇਡ ਬਲਵੰਤ ਸਿੰਘ ਘੋਹ, ਬਲਰਾਜ ਸਿੰਘ ਬਿਸ਼ਨਕੋਟ, ਬਲਜੀਤ ਸਿੰਘ ਕਲਾਨੌਰ, ਕਪੂਰ ਸਿੰਘ ਘੁੰਮਣ ਰਘਬੀਰ ਸਿੰਘ ਧਲੌਰੀਆਂ ਸਕੱਤਰ ਸਿੰਘ ਸ਼ਿੰਦਾ ਛਿਥ, ਅਜੀਤ ਰਾਮ ਗੰਦਲਾਂ ਲਾਹੜੀ, ਬਲਕਾਰ ਚੰਦ, ਦਰਸ਼ਨ ਸਿੰਘ, ਮਨਹਰਨ, ਅਸ਼ਵਨੀ ਕੁਮਾਰ ਅਤੇ ਹੋਰ ਸਾਥੀਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ।

# ਚਾਈਨਾ ਡੋਰ ਖਿਲਾਫ਼ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਿਸ਼ੇਸ਼ ਚੈਕਿੰਗ ਮੁਹਿੰਮ : ਵਿਓਮ ਭਾਰਦਵਾਜ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਸਹਾਇਕ ਕਮਿਸ਼ਨਰ ਵਿਓਮ ਭਾਰਦਵਾਜ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਉਹ ਜ਼ਿਲ੍ਹੇ ਵਿਚ ਚਾਈਨਾ ਡੋਰ ਵੇਚਣ, ਸਟਾਕ ਕਰਨ ਤੇ ਖਰੀਦਣ ਵਾਲਿਆਂ 'ਤੇ ਸਖ਼ਤ ਕਾਰਵਾਈ ਕਰਦੇ ਹੋਏ ਇਸ ਨਾਲ ਹੋਣ ਵਾਲੇ ਹਾਦਸਿਆਂ ਨੂੰ ਰੋਕਣ ਲਈ ਜ਼ਰੂਰੀ ਕਦਮ ਚੁੱਕਣ। ਉਹ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਚ ਚਾਈਨਾ ਡੋਰ ਸਬੰਧੀ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀਆਂ ਹਦਾਇਤਾਂ 'ਤੇ ਜ਼ਿਲ੍ਹਾ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਐਸ. ਪੀ ਨਵਨੀਤ ਕੌਰ ਗਿੱਲ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

ਸਹਾਇਕ ਕਮਿਸ਼ਨਰ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਚਾਈਨਾ ਡੋਰ ਖਿਲਾਫ਼ ਪ੍ਰਸ਼ਾਸਨ ਵੱਲੋਂ ਵਿਸ਼ੇਸ਼ ਚੈਕਿੰਗ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ। ਇਸ ਦੌਰਾਨ ਉਨ੍ਹਾਂ ਬੱਚਿਆਂ ਦੇ ਮਾਪਿਆਂ ਨੂੰ ਵੀ ਅਪੀਲ ਕਰਦੇ ਹੋਏ ਕਿਹਾ ਕਿ ਪ੍ਰਸ਼ਾਸਨ ਜ਼ਿਲ੍ਹੇ ਵਿਚ ਚਾਈਨਾ ਡੋਰ ਦੀ ਵਿਕਰੀ ਨੂੰ ਰੋਕਣ ਸਬੰਧੀ ਸਖ਼ਤ ਕਾਰਵਾਈ ਕਰ ਸਕਦਾ ਹੈ, ਪਰੰਤੂ ਮਾਪਿਆਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਚਾਈਨਾ ਡੋਰ ਨਾਲ ਪਤੰਗ ਉਡਾਉਣ ਤੋਂ ਰੋਕਣ ਅਤੇ ਇਸ ਨਾਲ ਹੋਣ ਵਾਲੇ ਨੁਕਸਾਨ ਪ੍ਰਤੀ ਜਾਗਰੂਕ ਕਰਨ। ਉਨ੍ਹਾਂ ਕਿਹਾ ਕਿ ਸਕੂਲ ਮੁਖੀ ਬੱਚਿਆਂ ਦੇ ਮਾਪਿਆਂ ਨੂੰ ਚਾਈਨਾ ਡੋਰ ਨਾਲ ਹੋਣ ਵਾਲੇ ਨੁਕਸਾਨ ਬਾਰੇ ਦੱਸਣ ਤਾਂ ਜੋ ਉਹ ਆਪਣੇ ਬੱਚਿਆਂ ਨੂੰ ਜਾਗਰੂਕ ਕਰ ਸਕਣ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿਚ ਪਹਿਲਾਂ ਹੀ ਧਾਰਾ 144 ਤਹਿਤ ਇਸ ਦੀ ਵਿਕਰੀ 'ਤੇ ਪਾਬੰਦੀ ਦੇ ਹੁਕਮ ਕੀਤੇ ਜਾ ਚੁੱਕੇ ਹਨ, ਪਰੰਤੂ ਇਹ ਧਿਆਨ ਵਿਚ ਆਇਆ ਹੈ ਕਿ ਹੁਣ ਵੀ ਕੁਝ ਲੋਕ ਚਾਈਨਾ ਡੋਰ ਦੀ ਵਿਕਰੀ ਕਰ ਰਹੇ ਹਨ, ਜਿਸ ਨਾਲ ਕਈ ਦੁਰਘਟਨਾਵਾਂ ਹੋ ਰਹੀਆਂ ਹਨ।

ਸਹਾਇਕ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਵਿਚ ਜੇਕਰ ਕੋਈ ਦੁਕਾਨਦਾਰ ਚਾਈਨਾ ਡੋਰ ਵੇਚ ਰਿਹਾ ਹੈ ਜਾਂ ਸਟਾਕ ਕਰਦਾ ਹੈ, ਤਾਂ ਉਸ ਦੀ ਸੂਚਨਾ ਪੁਲਸ ਵਿਭਾਗ ਨੂੰ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸੂਚਨਾ ਦੇਣ ਵਾਲੇ ਦਾ ਨਾਂਅ ਤੇ ਪਤਾ ਗੁਪਤ ਰੱਖਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪੂਰੇ ਜ਼ਿਲ੍ਹੇ ਵਿਚ ਇਸ ਦੇ ਖਿਲਾਫ਼ ਮੁਹਿੰਮ ਚਲਾ ਕੇ ਇਸ ਦੀ ਵਿਕਰੀ 'ਤੇ ਰੋਕ ਲਗਾਉਣ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ। ਉਨ੍ਹਾਂ ਜ਼ਿਲ੍ਹੇ ਦੇ ਸਮੂਹ ਤਹਿਸੀਲਦਾਰਾਂ, ਨਾਇਬ ਤਹਿਸੀਲਦਾਰਾਂ, ਈ.ਓਜ਼ ਨਗਰ ਤੇ ਬੀ.ਡੀ.ਪੀ.ਓਜ਼ ਨੂੰ ਨਿਰਦੇਸ਼ ਦਿੰਦੇ ਹੋਏ ਪੁਲਿਸ ਵਿਭਾਗ ਦੇ ਸਹਿਯੋਗ ਨਾਲ ਚੈਕਿੰਗ ਕਰਨ ਲਈ ਕਿਹਾ ਹੈ ਅਤੇ ਹਦਾਇਤ ਕੀਤੀ ਹੈ ਕਿ ਚਾਈਨਾ ਡੋਰ ਵੇਚਣ ਤੇ ਖਰੀਦਣ ਵਾਲਿਆਂ 'ਤੇ ਸਖਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਜਾਗਰੂਕ ਕਰਨ ਵਿਚ ਸਵੈ ਸੇਵੀ ਸੰਸਥਾਵਾਂ ਮਹੱਤਵਪੂਰਨ ਭੂਮਿਕਾ ਨਿਭਾਅ ਸਕਦੀਆਂ ਹਨ।

ਵਿਓਮ ਭਾਰਦਵਾਜ ਨੇ ਕਿਹਾ ਕਿ ਇਹ ਦੇਖਣ ਵਿਚ ਆਇਆ ਹੈ ਕਿ ਬੱਚੇ ਪਤੰਗ ਉਡਾਉਣ ਲਈ ਨਾਈਲੋਨ, ਸਿੰਥੈਟਿਕ, ਪਲਾਸਟਿਕ ਤੋਂ ਬਣੀ ਚਾਈਨਾ ਡੋਰ ਦੀ ਵਰਤੋਂ ਕਰਦੇ ਹਨ, ਜਿਸ ਨਾਲ ਗਲਾ ਤੇ ਕੰਨ ਕੱਟਣ ਦੀਆਂ ਘਟਨਾਵਾਂ ਹੋ ਜਾਂਦੀਆਂ ਹਨ ਅਤੇ ਕਈ ਵਾਰ ਇਸ ਡੋਰ ਦੀ ਚਪੇਟ ਵਿਚ ਆ ਕੇ ਦੋ ਪਹੀਆ ਵਾਹਨ ਚਾਲਕ ਅਕਸਰ ਜਾਨਲੇਵਾ ਹਾਦਸੇ ਦਾ ਸ਼ਿਕਾਰ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਚਾਈਨਾ ਡੋਰ ਵਿਚ ਪੰਛੀ ਵੀ ਫਸ ਕੇ ਜ਼ਖਮੀ ਜਾਂ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਮਰੇ ਹੋਏ ਪੰਛੀਆਂ ਦੇ ਪੌਦਿਆਂ 'ਤੇ ਟੰਗੇ ਰਹਿਣ ਕਾਰਨ ਬਦਬੂ ਨਾਲ ਵਾਤਾਵਰਣ ਵੀ ਦੂਸ਼ਿਤ ਹੁੰਦਾ ਹੈ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਚਾਈਨਾ ਡੋਰ ਦੀ ਵਰਤੋਂ ਨਾ ਕਰਨ ਅਤੇ ਆਪਣੇ ਬੱਚਿਆਂ ਨੂੰ ਵੀ ਇਸ ਸਬੰਧੀ ਜਾਗਰੂਕ ਕਰਨ।

## ਗੋਦਰੇਜ ਇੰਟੀਰੀਓ ਨੇ ਲਾਂਚ ਕੀਤਾ ਪੋਸਚਰ ਪਰਫੈਕਟ

**ਚੰਡੀਗੜ੍ਹ** : ਗੋਦਰੇਜ ਗਰੁੱਪ ਦੀ ਪ੍ਰਮੁੱਖ ਕੰਪਨੀ ਗੋਦਰੇਜ ਐਂਡ ਬੌਇਸ ਨੇ ਐਲਾਨ ਕੀਤਾ ਹੈ ਕਿ ਉਸਦਾ ਕਾਰੋਬਾਰ ਗੋਦਰੇਜ ਇੰਟੀਰੀਓ, ਭਾਰਤ ਦਾ ਪ੍ਰਮੁੱਖ ਫਰਨੀਚਰ ਅਤੇ ਇੰਟੀਰੀਅਰ ਸਲਿਊਸ਼ਨਜ਼ ਬ੍ਰਾਂਡ, 'ਪੋਸਚਰ ਪਰਫੈਕਟ' ਨਾਮਕ ਸੀਟਿੰਗ ਸਮਾਧਾਨ ਦੇ ਲਾਂਚ ਦੇ ਨਾਲ ਆਫਿਸ ਵੈੱਲਨੈੱਸ ਉਤਪਾਦਾਂ ਦੇ ਆਪਣੇ ਪੋਰਟਫੋਲੀਓ ਦਾ ਵਿਸਤਾਰ ਕਰ ਰਿਹਾ ਹੈ। ਗੋਦਰੇਜ ਇੰਟੀਰੀਓ ਨੇ ਵਿਲੱਖਣ ਟਰੈਕਬੈਕ ਤਕਨਾਲੋਜੀ 'ਤੇ ਅਧਾਰਿਤ ਕੁਰਸੀ ਦੇ ਡਿਜ਼ਾਇਨ ਵਿੱਚ ਇੱਕ ਵੱਡੀ ਉਪਲੱਬਧੀ ਦੀ ਘੋਸ਼ਣਾ ਕੀਤੀ ਹੈ, ਜਿਸ ਨੂੰ 13 ਦੇਸ਼ਾਂ ਵਿੱਚ ਪੇਟੈਂਟ ਕਰਾਇਆ ਗਿਆ ਹੈ। ਇਸ ਕੁਰਸੀ ਨੂੰ ਇਸ ਖੇਤਰ ਦੇ ਇੱਕ ਮੰਨੇ-ਪ੍ਰਮੰਨੇ ਡਿਜ਼ਾਇਨਰ ਜਿੰਮੀ ਉਨਵਾਲਾ ਨੇ ਡਿਜ਼ਾਇਨ ਕੀਤਾ ਹੈ। ਇਸ ਉਤਪਾਦ ਦਾ ਉਦਘਾਟਨ ਗੋਦਰੇਜ ਐਂਡ ਬੌਇਸ ਦੇ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਜਮਸ਼ੇਦ ਐੱਨ ਗੋਦਰੇਜ, ਗੋਦਰੇਜ ਐਂਡ ਬੌਇਸ ਦੇ ਕਾਰਜਕਾਰੀ ਨਿਰਦੇਸ਼ਕ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਅਨਿਲ ਵਰਮਾ ਦੇ ਨਾਲ-ਨਾਲ ਸਵਪਨੀਲ ਨਾਗਰਕਰ, ਸੀਨੀਅਰ ਵਾਈਸ ਪ੍ਰੈਜ਼ੀਡੈਂਟ ਅਤੇ ਬਿਜ਼ਨੈਸ ਹੈੱਡ, ਗੋਦਰੇਜ ਇੰਟੀਰੀਓ ਅਤੇ ਸਮੀਰ ਜੋਸ਼ੀ, ਸੀਨੀਅਰ ਵਾਈਸ ਪ੍ਰੈਜ਼ੀਡੈਂਟ ਸੇਲਜ਼ ਐਂਡ ਮਾਰਕੀਟਿੰਗ (ਬੀ2ਬੀ), ਗੋਦਰੇਜ ਇੰਟੀਰੀਓ ਦੀ ਮੌਜੂਦਗੀ ਵਿੱਚ ਕੀਤਾ ਗਿਆ।

## ਰਾਜਾ ਲਦੇਹ ਦੀ ਪ੍ਰਧਾਨ ਵਜੋਂ ਨਿਯੁਕਤੀ 'ਤੇ ਅਕਾਲੀ ਵਰਕਰਾਂ 'ਚ ਖੁਸ਼ੀ ਦੀ ਲਹਿਰ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਸ਼੍ਰੋਮਣੀ ਅਕਾਲੀ ਦਲ ਹਾਈਕਮਾਨ ਵਲੋਂ ਅਕਾਲੀ ਟਕਸਾਲੀ ਪਰਿਵਾਰ ਨਾਲ ਸਬੰਧਤ ਪਾਰਟੀ ਦੇ ਵਫਾਦਾਰ ਆਗੂ ਰਾਜਵਿੰਦਰ ਸਿੰਘ ਰਾਜਾ ਲਦੇਹ ਨੂੰ ਜ਼ਿਲਾ ਅਕਾਲੀ ਜਥਾ ਦਿਹਾਤੀ ਦਾ ਪ੍ਰਧਾਨ ਨਿਯੁਕਤ ਕਰਨ ਨਾਲ ਅਕਾਲੀ ਆਗੂਆਂ ਤੇ ਵਰਕਰਾਂ 'ਚ ਭਾਰੀ ਖੁਸ਼ੀ ਦੀ ਲਹਿਰ ਹੈ। ਇਹ ਵਿਚਾਰ ਜੰਡਿਆਲਾ ਹਲਕੇ ਦੇ ਸੀਨੀਅਰ ਅਕਾਲੀ ਆਗੂ ਦਲਬੀਰ ਸਿੰਘ ਪ੍ਰਿੰਸ ਅਤੇ ਸਰਕਲ ਦਸਮੇਸ਼ ਨਗਰ ਦੇ ਪ੍ਰਧਾਨ ਸਲਵਿੰਦਰ ਸਿੰਘ ਸੋਹੀ ਨੇ ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟਾਏ। ਉਨ੍ਹਾਂ ਕਿਹਾ ਕਿ ਲੰਮੇ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਵੱਖ-ਵੱਖ ਅਹੁਦਿਆਂ 'ਤੇ ਰਹਿ ਕੇ ਸੇਵਾ ਨਿਭਾਉਣ ਵਾਲੇ ਰਾਜਵਿੰਦਰ ਸਿੰਘ ਰਾਜਾ ਲਦੇਹ ਜ਼ਿਲਾ ਦਿਹਾਤੀ ਦੀ ਪ੍ਰਧਾਨਗੀ ਦੀ ਜ਼ਿੰਮੇਵਾਰੀ ਨੂੰ ਵੀ ਬਾਖੂਬੀ ਨਿਭਾਉਣਗੇ। ਉਕਤ ਆਗੂਆਂ ਨੇ ਆਖਿਆ ਕਿ ਮੌਜੂਦਾ ਹਾਲਾਤ 'ਚ ਸ਼੍ਰੋਮਣੀ ਅਕਾਲੀ ਦਲ ਦੀ ਹੋਰ ਵਧੇਰੇ ਮਜ਼ਬੂਤੀ ਵਾਸਤੇ ਰਾਜਾ ਲਦੇਹ ਜਿਹੇ ਮਿਹਨਤੀ ਅਤੇ ਵਫਾਦਾਰ ਆਗੂ ਨੂੰ ਅਹਿਮ ਅਹੁਦਾ ਨਿਵਾਜ ਕੇ ਪਾਰਟੀ 'ਚ ਅੱਗੇ ਲਿਆਉਣਾ ਵੀ ਸਮੇਂ ਦੀ ਮੁੱਖ ਮੰਗ ਸੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਇਸ ਫੈਸਲੇ ਦੀ ਹਰ ਪਾਸੇ ਸ਼ਲਾਘਾ ਹੋ ਰਹੀ ਹੈ।

## ਅਨੂਪ ਭੁੱਲਰ ਵੱਲੋਂ ਦੁੱਖ ਦਾ ਪ੍ਰਗਟਾਵਾ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਪਿੰਡ ਜਗਤਪੁਰਾ ਦੇ ਸਰਪੰਚ ਗੁਰਪਾਲ ਸਿੰਘ ਜਗਤਪੁਰਾ ਦੇ ਮਾਤਾ ਹਰਭਜਨ ਕੌਰ ਜੋ ਕਿ ਕੁਝ ਦਿਨ ਪਹਿਲਾਂ ਅਕਾਲ ਚਲਾਣਾ ਕਰ ਗਏ ਸਨ, ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਕਾਂਗਰਸ ਪਾਰਟੀ ਦੇ ਹਲਕਾ ਖੇਮਕਰਨ ਤੋਂ ਸਾਬਕਾ ਵਿਧਾਇਕ ਸੁਖਪਾਲ ਸਿੰਘ ਭੁੱਲਰ ਦੇ ਵੱਡੇ ਭਰਾ ਅਨੂਪ ਸਿੰਘ ਭੁੱਲਰ ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚੇ। ਮਾਤਾ ਦੇ ਵਿਛੋੜੇ ਨੂੰ ਪੀੜਤ ਪਰਿਵਾਰ ਲਈ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ। ਇਸ ਮੌਕੇ ਉਨ੍ਹਾਂ ਨਾਲ ਬਲਾਕ ਸੰਮਤੀ ਗੰਡੀਵਿੰਡ ਦੇ ਚੇਅਰਮੈਨ ਰਣਜੀਤ ਸਿੰਘ ਰਾਣਾ ਗੰਡੀਵਿੰਡ, ਸਰਪੰਚ ਪ੍ਰਦੀਪ ਸਿੰਘ ਉੱਪਲ, ਜਸਕਰਨ ਸਿੰਘ, ਦਰਸ਼ਨ ਸਿੰਘ, ਦਲਬੀਰ ਸਿੰਘ, ਕਾਬਲ ਸਿੰਘ, ਮੇਜਰ ਸਿੰਘ, ਗੁਰਮੇਲ ਸਿੰਘ ਅਤੇ ਹੋਰ ਵੀ ਕਾਂਗਰਸ ਪਾਰਟੀ ਦੇ ਵਰਕਰ ਹਾਜ਼ਰ ਸਨ।

## ਸੀ ਕੇ ਡੀ ਆਈ ਐੱਮ ਟੀ 'ਚ ਫੂਡ ਕਾਰਟਿੰਗ ਮੁਕਾਬਲਾ



**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਸੀ.ਕੇ.ਡੀ.ਆਈ.ਐਮ.ਟੀ ਤਰਨ ਤਾਰਨ ਵਿਖੇ ਫੂਡ ਕਾਰਟਿੰਗ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਭਾਗ ਲਿਆ। ਫੂਡ ਕਾਰਵਿੰਗ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਗਰੁੱਪ ਕੇ (ਗੁਰਪੀਤ ਕੌਰ, ਪਲਵੀ, ਜਸ਼ਨਪ੍ਰੀਤ ਕੌਰ ) ਤੇ ਗਰੁੱਪ ਜੀ (ਵਿਕਟਰ, ਅਰਸ਼ਪ੍ਰੀਤ ਸਿੰਘ, ਅਕਾਸ਼ਦੀਪ ਸਿੰਘ) ਦੂਸਰਾ ਸਥਾਨ ਗਰੁੱਪ ਏ (ਅਰਸ਼ਪ੍ਰੀਤ ਕੌਰ, ਤਨਵੀਰ ਸਿੰਘ, ਪਵਨਦੀਪ ਕੌਰ) ਤੇ ਗਰੁੱਪ ਆਈ ( ਲਵਪ੍ਰੀਤ ਕੌਰ, ਹਰਲੀਨ ਕੌਰ, ਜਗਦੀਪ ਕੌਰ) ਅਤੇ ਤੀਸਰਾ ਸਥਾਨ ਗਰੁੱਪ ਐਲ (ਸੁਮਨ ਧੀਰ, ਸੋਫੀਆ, ਰਾਵੀਆ) ਤੇ ਗਰੁੱਪ ਐਚ (ਮਨਦੀਪ ਸਿੰਘ, ਉਂਕਾਰਦੀਪ ਸਿੰਘ, ਤਨੀਸ਼ਾ) ਤੇ ਗਰੁੱਪ ਐਫ (ਲਵਪ੍ਰੀਤ ਸਿੰਘ, ਇੰਦਰਜੀਤ ਸਿੰਘ, ਜਤਿੰਦਰਦੀਪ ਸਿੰਘ, ਹਰਮਨਪ੍ਰੀਤ ਸਿੰਘ) ਨੇ ਲਿਆ। ਇਸ ਸਮੇਂ ਪ੍ਰਿੰਸੀਪਲ ਜਸਬੀਰ ਸਿੰਘ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਕਾਲਜ ਦੇ ਮੈਂਬਰ ਇੰਚਾਰਜ ਹਰਜੀਤ ਸਿੰਘ ਅਤੇ ਜਸਪਾਲ ਸਿੰਘ ਵੱਲੋਂ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਭਾਗ ਲੈਣ ਲਈ ਪ੍ਰੇਰਿਆ ਗਿਆ ਤੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਇਸ ਮੌਕੇ ਸਮੂਹ ਸਟਾਫ ਮੈਂਬਰ ਵੀ ਹਾਜ਼ਰ ਸਨ।

## 19 ਦੀ ਸੰਗਰੂਰ 'ਚ ਪੁਰਾਣੀ ਪੈਨਸ਼ਨ ਦੀ ਬਹਾਲੀ ਰੈਲੀ 'ਚ ਭਰਵੀਂ ਸ਼ਮੂਲੀਅਤ ਕਰਨਗੇ ਮੁਲਾਜ਼ਮ : ਡੀ ਟੀ ਐੱਫ



**ਤਰਨ ਤਾਰਨ ( ਪ੍ਰਿਤਪਾਲ ਸਿੰਘ)**-ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ 19 ਨਵੰਬਰ ਨੂੰ ਸੰਗਰੂਰ ਵਿਖੇ ਉਲੀਕੀ "ਪੈਨਸਨ ਪ੍ਰਾਪਤੀ ਰੈਲੀ" ਦੀ ਤਿਆਰੀ ਸ਼ੁਰੂ ਕਰਦਿਆਂ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਜ਼ਿਲ੍ਹਾ ਤਰਨ ਤਾਰਨ ਦੀ ਮੀਟਿੰਗ ਗਾਂਧੀ ਪਾਰਕ ਵਿਖੇ ਹੋਈ । ਇਹ ਮੀਟਿੰਗ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਦੇ ਜ਼ਿਲ੍ਹਾ ਆਗੂ ਕੰਵਰਦੀਪ ਸਿੰਘ ਅਤੇ ਡੀ ਟੀ ਐਫ ਦੇ ਜ਼ਿਲ੍ਹਾ ਪ੍ਰਧਾਨ ਪ੍ਰਤਾਪ ਸਿੰਘ ਦੀ ਅਗਵਾਈ ਵਿੱਚ ਕੀਤੀ ਗਈ। ਸੰਗਰੂਰ ਰੈਲੀ ਵਿੱਚ ਜ਼ਿਲ੍ਹਾ ਤਰਨ ਤਾਰਨ ਤੋਂ ਵੱਡੀ ਗਿਣਤੀ ਸ਼ਾਮਲ ਹੋਣ ਦਾ ਟੀਚਾ ਮਿੱਥਦਿਆਂ, ਬਲਾਕਾਂ ਦੇ ਹਰ ਸਕੂਲ, ਅਧਿਆਪਕਾਂ ਤੇ ਨਾਨ ਟੀਚਿੰਗ ਤੱਕ ਸੰਪਰਕ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਡੀ.ਟੀ.ਐਫ ਤਰਨ ਤਾਰਨ ਦੇ ਸਾਬਕਾ ਪ੍ਰਧਾਨ ਨਛੱਤਰ, ਜ਼ਿਲ੍ਹਾ ਪ੍ਰਧਾਨ ਪ੍ਰਤਾਪ ਸਿੰਘ ਠੱਠਗੜ੍ਹ , ਜਨਰਲ ਸਕੱਤਰ ਕਸ਼ਮੀਰ ਸਿੰਘ, ਵਿੱਤ ਸਕੱਤਰ ਅਮਰਦੀਪ ਸਸ਼ਮਾ, ਸਰਬਜੀਤ ਸਿੰਘ, ਜਸਵਿੰਦਰ ਸਿੰਘ, ਪ੍ਰਿਸਦੀਪ ਸਿੰਘ, ਜਸਕੀਰਤ ਸਿੰਘ, ਭੁਪਿੰਦਰ ਸਿੰਘ, ਗਗਨਦੀਪ ਕੱਕੜ, ਬਲਰਾਜ ਸਿੰਘ, ਮਨਜਿੰਦਰਜੀਤ ਸਿੰਘ, ਵਰਿੰਦਰ ਸਿੰਘ, ਗੁਲਜ਼ਾਰ ਸਿੰਘ ਆਦਿ ਸ਼ਾਮਲ ਹੋਏ। ਬਾਅਦ ਵਿਚ ਡੀ ਈ ਓ ਐਲੀਮੈਂਟਰੀ ਤਰਨ ਤਾਰਨ ਦੇ ਦਫਤਰ ਵਿਖੇ ਡੀਲਿੰਗ ਹੈਂਡ ਪ੍ਰੋਮੋਸ਼ਨ ਨਾਲ ਸੀ ਐਚ ਟੀ ਦੀਆਂ ਪ੍ਰੋਮੋਸ਼ਨਾਂ ਸੰਬੰਧੀ ਮੀਟਿੰਗ ਕੀਤੀ ਗਈ। ਜਿਸ ਵਿੱਚ ਜਥੇਬੰਦੀ ਵਲੋਂ ਰਹਿੰਦੀਆਂ ਪ੍ਰੋਮੋਸ਼ਨਾਂ ਜਲਦੀ ਕਰਨ ਦੀ ਮੰਗ ਕੀਤੀ ਗਈ।

## ਵਿਦੇਸ਼ ਭੇਜਣ ਦੇ ਨਾਂਅ 'ਤੇ ਠੱਗੀ ਮਾਰਨ ਵਾਲਿਆਂ ਖ਼ਿਲਾਫ਼ ਮਾਮਲਾ ਦਰਜ

**ਧਾਰੀਵਾਲ, ਗੁਰਦਾਸਪੁਰ (ਮਨਦੀਪ ਸਿੰਘ ਵਿੱਕੀ,ਜਨਕ ਮਹਾਜਨ)**- ਥਾਣਾ ਧਾਰੀਵਾਲ ਨੂੰ ਦਿੱਤੀ ਸ਼ਿਕਾਇਤ ਵਿਚ ਸਾਹਿਬ ਸਿੰਘ ਪੁੱਤਰ ਹੀਰਾ ਸਿੰਘ ਵਾਸੀ ਮਾਲੀ ਸਮਰਾਏ ਨੇ ਦੱਸਿਆ ਕਿ ਅਭਿਨਵ ਮਹਾਜਨ ਪੁੱਤਰ ਸੁਨੀਲ ਕੁਮਾਰ, ਲਖਵਿੰਦਰ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਸਲੀਮਪੁਰ ਅਫਗਾਨਾ ਥਾਣਾ ਸਦਰ ਗੁਰਦਾਸਪੁਰ, ਦੋ ਔਰਤਾਂ ਨੇ ਮੇਰੇ ਲੜਕੇ ਲਵਪ੍ਰੀਤ ਸਿੰਘ ਨੂੰ ਵਿਦੇਸ਼ (ਇੰਗਲੈਂਡ) ਭੇਜਣ ਦੇ ਨਾਂਅ 'ਤੇ 18,60,000 ਰੁਪਏ ਦੀ ਠੱਗੀ ਮਾਰੀ ਹੈ। ਲਖਵਿੰਦਰ ਸਿੰਘ ਉਪ ਪੁਲਸ ਕਪਤਾਨ ਦਿਹਾਤੀ ਵਲੋਂ ਜਾਂਚ ਪੜਤਾਲ ਕਰਨ ਤੋਂ ਬਾਅਦ ਉਕਤ ਦੋਸ਼ੀਆਂ ਖ਼ਿਲਾਫ਼ ਥਾਣਾ ਧਾਰੀਵਾਲ ਪੁਲਸ ਨੇ ਧਾਰਾ 420, 120 ਬੀ, ਪੰਜਾਬ ਟਰੈਵਲਰ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

## ਸੀਟੂ ਵੱਲੋਂ ਰੇਲਵੇ ਦੇ ਨਿੱਜੀਕਰਨ ਨੂੰ ਲੈ ਕੇ ਰੋਸ ਪ੍ਰਦਰਸ਼ਨ

**ਫਿਲੌਰ, ( ਨਿਰਮਲ )** ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨ (ਸੀਟੂ) ਵੱਲੋਂ ਡੀ ਵਾਈ ਐੱਫ ਆਈ ਦੇ ਲੀਡਰ ਕਾਮਰੇਡ ਕਮਲਜੀਤ ਸਿੰਘ ਫਿਲੌਰ ਦੀ ਪ੍ਰਧਾਨਗੀ ਹੇਠ ਰੇਲਵੇ ਸਟੇਸਨ ਫਿਲੌਰ ਵਿਖੇ ਇਕੱਠੇ ਹੋ ਕਿ ਰੋਸ ਮਾਰਚ ਕਰਦੇ ਹੋਏ ਰੇਲਵੇ ਦੇ ਨਿੱਜੀਕਰਨ ਖਿਲਾਫ ਪ੍ਰਦਰਸ਼ਨ ਕੀਤਾ ਗਿਆ। ਰੋਸ ਧਰਨੇ ਨੂੰ ਸੰਬੋਧਨ ਕਰਨ ਲਈ ਸੀਟੂ ਜ਼ਿਲ੍ਹਾ ਜਲੰਧਰ ਦੇ ਜਨਰਲ ਸਕੱਤਰ ਕ੍ਰਿਸ਼ਨਾ ਕੁਮਾਰੀ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਰੇਲਵੇ ਦੀ ਅਰਬਾਂ-ਖਰਬਾਂ ਦੀਆਂ ਜ਼ਮੀਨਾਂ, ਪਾਰਕਿੰਗ ਖੇਤਰ, ਇਸ਼ਤਿਹਾਰਬਾਜ਼ੀ ਦੇ ਅਧਿਕਾਰ ਵੀ ਵੇਚਣ ਦੀ ਨੀਤੀ ਦਾ ਐਲਾਨ ਕਰ ਦਿੱਤਾ ਗਿਆ ਹੈ। ਨਿੱਜੀ ਸੰਸਥਾਵਾਂ ਹੋਟਲ, ਸਾਪਿੰਗ ਮਾਲ ਆਦਿ ਬਣਾਉਣ ਲਈ ਅਤੇ ਜਮੀਨ ਦੀ ਵਪਾਰਕ ਹਿੱਤਾਂ ਲਈ ਵਰਤੋਂ ਕਰਨ ਲਈ ਅਧਿਕਾਰਿਤ ਕੀਤੇ ਜਾ ਰਹੇ ਹਨ। ਇਸ ਦਾ ਅਸਰ ਇਹ ਹੋਵੇਗਾ ਕਿ ਰੇਲਵੇ ਸਟੇਸ਼ਨਾਂ ਦੇ ਨੇੜੇ-ਤੇੜੇ ਬਣੀਆਂ ਝੁੱਗੀਆਂ ਉਜਾੜਨ,ਆਟੋ- ਰਿਕਸ਼ਿਆਂ ਦੀਆਂ ਥਾਵਾਂ ਉਜਾੜਨ, ਪਲੇਟਫਾਰਮਾਂ ਉੱਤੇ ਮਹਿੰਗੀਆਂ ਫੀਸਾਂ ਭਰਨ ਆਦਿ ਦਾ ਅਮਲ ਪਹਿਲਾਂ ਹੀ ਤੇਜ ਹੋ ਚੁੱਕਾ ਹੈ। ਇਹ ਵਰਤਾਰਾ ਲੋਕ ਵਿਰੋਧੀ ਹੈ ਅਤੇ ਇਸ ਨੂੰ ਰੋਕਿਆ ਜਾਣਾ ਚਾਹੀਦਾ ਹੈ। ਮੋਦੀ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਨੇ ਸੈਂਕੜੇ ਉਹਨਾਂ ਸਟੇਸਨਾ ਨੂੰ ਬੰਦ ਕਰਨ ਦਾ ਫੈਸਲਾ ਕੀਤਾ ਹੈ, ਜਿੱਥੇ ਟਿਕਟਾਂ ਦੀ ਵਿਕਰੀ ਘੱਟ ਹੈ ਅਤੇ ਮੁਲਾਜਮਾਂ ਦੀ ਤਨਖਾਹ, ਰੱਖ-ਰਖਾਅ ਦਾ ਖਰਚ ਆਦਿ ਜਿਆਦਾ ਹੈ। ਅਜਿਹਾ ਕਰਨ ਨਾਲ ਪੇਂਡੂ ਅਤੇ ਪੱਛੜੇ ਇਲਾਕਿਆਂ ਦੇ ਲੋਕਾਂ ਲਈ ਰੇਲਵੇ ਦੀ ਸੁਵਿਧਾ ਖਤਮ ਕੀਤੀ ਜਾ ਰਹੀ ਹੈ। ਰੇਲਵੇ ਰਾਹੀਂ ਮਾਲ ਦੀ ਢੋਆ-ਢੁਆਈ ਦਾ ਔਸਤ ਖਰਚ ਸੜਕ ਦੇ ਮੁਕਾਬਲੇ 78 ਪ੍ਰਤੀਸ਼ਤ ਘੱਟ ਹੈ ਅਤੇ ਇਹ ਰੇਲਵੇ ਦੀ ਆਮਦਨ ਦਾ 65 ਪ੍ਰਤੀਸ਼ਤ ਹਿੱਸਾ ਹੈ। ਇਹ ਆਮਦਨ ਸਲਾਨਾ 15 ਪ੍ਰਤੀਸ਼ਤ ਤੋਂ ਵਧੇਰੇ ਤੇਜੀ ਨਾਲ ਵੱਧ ਰਹੀ ਹੈ। ਇਹ ਸਾਰੀ ਆਮਦਨ ਕਾਰਪੋਰੇਟਾਂ ਦੇ ਹਵਾਲੇ ਕੀਤੀ ਜਾ ਰਹੀ ਹੈ। ਇਸੇ ਨਿੱਜੀਕਰਣ ਦੀ ਨੀਤੀ ਅਨੁਸਾਰ ਹੀ ਮੁਲਾਜ਼ਮਾਂ ਦੀ ਗਿਣਤੀ ਘਟਾਉਣ ਦੀ ਨੀਤੀ ਉੱਤੇ ਅਮਲ ਕੀਤਾ ਜਾ ਰਿਹਾ ਹੈ। ਪਹਿਲਾਂ ਹੀ 3.1 ਲੱਖ ਖਾਲੀ ਅਸਾਮੀਆਂ ਨੂੰ ਖਤਮ ਕਰਕੇ ਆਊਟਸੋਰਸ ਰਾਹੀਂ ਭਰਤੀ ਕੀਤੇ ਜਾਣ ਦਾ ਅਮਲ ਤੇਜ ਕੀਤਾ ਜਾਵੇਗਾ। ਪਹਿਲਾਂ ਹੀ ਬਿਨਾਂ ਅਰਾਮ ਤੋਂ 14-16 ਘੰਟੇ ਲਈ ਰਨਿੰਗ ਸਟਾਫ ਕੰਮ ਕਰਨ ਲਈ ਮਜਬੂਰ ਹੁੰਦਾ ਹੈ। ਇਹ ਵੀ ਇੱਕ ਕਾਰਣ ਹੈ ਜਿਸ ਕਰਕੇ ਦੁਰਘਟਨਾਵਾਂ ਵਿੱਚ ਲਗਾਤਾਰ ਵਾਧਾ ਹੁੰਦੇ ਜਾਣਾ ਕੁਦਰਤੀ ਹੈ। ਕਵਚ ਸਿਸਟਮ ਲਾਗੂ ਨਹੀਂ ਕੀਤਾ ਜਾ ਰਿਹਾ।

ਸਰਕਾਰੀ ਵਿਭਾਗਾਂ ਅਤੇ ਰੇਲਵੇ ਵਰਗੇ ਵੱਡੇ ਅਦਾਰਿਆਂ ਵਿੱਚ ਦਲਿਤਾਂ, ਕਬਾਇਲਿਆਂ, ਪਛੜੀਆਂ ਸ਼੍ਰੇਣੀਆਂ ਅਤੇ ਅਪੰਗ ਹਿੱਸਿਆਂ ਲਈ ਨੌਕਰੀਆਂ ਵਿੱਚ ਰਿਜਰਵੇਸ਼ਨ ਦਾ ਲਾਭ ਮਿਲਦਾ ਹੈ। ਜਿਉਂ-ਜਿਉਂ ਜਨਤਕ ਖੇਤਰ ਘਟਦਾ ਜਾ ਰਿਹਾ ਹੈ ਤਾਂ ਗਰੀਬ ਲੋਕਾਂ ਨੂੰ ਰੁਜਗਾਰ ਵਿੱਚ ਮਿਲ ਰਹੀ ਇਹ ਸੁਵਿਧਾ ਵੀ ਖਤਮ ਹੋ ਜਾਵੇਗੀ। ਇਸ ਲਈ ਅਸੀਂ ਮੰਗ ਕਰਦੇ ਹਾਂ ਕਿ ਰੇਲਵੇ ਦਾ ਨਿੱਜੀਕਰਨ ਬੰਦ ਕੀਤਾ ਜਾਵੇ । ਧਰਨੇ ਨੂੰ ਜ਼ਿਲ੍ਹਾ ਪ੍ਰੈਸ ਸਕੱਤਰ ਪੂਨਮ ਰਾਣੀ,ਸੋਮਾ ਰਾਣੀ ਸੈਕਟਰੀ,ਨਿਰੰਜਨ ਕੌਰ ਪ੍ਰਧਾਨ, ਕੁਲਵਿੰਦਰ ਪਰਮਿੰਦਰ ਨੇ ਸੰਬੋਧਨ ਕੀਤਾ । ਇਸ ਮੌਕੇ ਪਰਵਿੰਦਰ ਫਲਪੋਤਾ ਡੀ ਵਾਈ ਐਫ ਆਈ, ਸੋਨੂੰ,ਜੱਸੀ, ਰਾਮ ਪਾਲ, ਰਾਮਾ ,ਹੰਸ ਰਾਜ, ਅਤੁਲ ਜੋਸੀ, ਅਮਰਜੀਤ ਕਾਕਾ, ਸਾਥੀ ਸ਼ਾਮਲ ਹੋਏ।

## ਲੁੱਟਾਂ-ਖੋਹਾਂ ਕਰਨ ਵਾਲਿਆਂ 12 ਨੂੰ ਕੀਤਾ ਕਾਬੂ



**ਗੁਰਦਾਸਪੁਰ, (ਜਨਕ ਮਹਾਜਨ)**- ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਦਯਾਮਾ ਹਰੀਸ਼ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਦਿਨੀਂ ਹੋਈਆਂ ਲੁੱਟਾਖੋਹਾਂ ਦੀਆਂ ਵਾਰਦਾਤਾਂ ਨੂੰ ਟਰੇਸ ਕਰਨ ਲਈ ਪ੍ਰਿਥੀਪਾਲ ਸਿੰਘ ਐਸ.ਪੀ. ਇਨਵੈਸਟੀਗੇਸ਼ਨ ਦੀ ਅਗਵਾਈ ਹੇਠ ਇਕ ਸਪੈਸ਼ਲ ਟੀਮ ਬਣਾ ਕੇ ਤਫਤੀਸ਼ ਕਰਵਾਈ ਗਈ, ਜੋ ਥਾਣਾ ਕਲਾਨੌਰ ਵਿਚ ਦੋਸ਼ੀ ਗੁਰਜੀਤ ਸਿੰਘ ਵਾਸੀ ਨਬੀਨਗਰ ਬਟਾਲਾ, ਜਾਰਜ ਅਤੇ ਵਿੱਕੀ ਵਾਸੀਆਨ ਦੀਪੇਵਾਲ ਧਾਰੀਵਾਲ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ ਵਾਰਦਾਤ ਵਿਚ ਵਰਤਿਆ ਗਿਆ ਪਿਸਟਲ 30 ਬੋਰ ਤੇ ਵਰਨਾ ਕਾਰ ਬਰਾਮਦ ਕੀਤੀ ਗਈ ਅਤੇ ਦੋਸ਼ੀ ਜਰਮਨ ਸਿੰਘ ਉਰਫ ਜੰਮੂ ਵਾਸੀ ਚਾਟੀਵਿੰਡ ਅੰਮ੍ਰਿਤਸਰ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ ਖੋਹ ਕੀਤੇ ਪੈਸੇ ਬਰਾਮਦ ਕੀਤੇ ਗਏ। ਇਸ ਤੋਂ ਇਲਾਵਾ ਥਾਣਾ ਧਾਰੀਵਾਲ ਵਿਚ ਦੋਸ਼ੀ ਲਵਜੋਤ ਸਿੰਘ ਉਰਫ ਲਵ ਅਤੇ ਸੂਰਜ ਸਿੰਘ ਵਾਸੀਆਨ ਚਾਟੀਵਿੰਡ ਅੰਮ੍ਰਿਤਸਰ ਨੂੰ ਵਾਰਦਾਤ ਸਮੇਂ ਵਰਤੀ ਇਨੋਵਾ ਗੱਡੀ ਸਮੇਤ ਗ੍ਰਿਫਤਾਰ ਕੀਤਾ ਗਿਆ ਅਤੇ ਥਾਣਾ ਧਾਰੀਵਾਲ ਵਿਚ ਦੋਸ਼ੀ ਅਰਸ਼ਦੀਪ ਸਿੰਘ ਉਰਫ਼ ਅਰਸ਼ ਵਾਸੀ ਮਾਲਿਆ ਕਲਾਂ ਬਟਾਲਾ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ ਵਾਰਦਾਤ ਵਿਚ ਵਰਤੀ ਕਾਰ ਸਵਿਫਟ ਬਰਾਮਦ ਕੀਤੀ। ਥਾਣਾ ਸਿਟੀ ਗੁਰਦਾਸਪੁਰ ਵਿਚ ਦੋਸ਼ੀ ਸਾਜਨ ਵਾਸੀ ਤਰੀਜਾ ਨਗਰ, ਰਜਤ ਕੁਮਾਰ ਵਾਸੀ ਮੁਹੱਲਾ ਗੋਪਾਲ ਨਗਰ, ਅਸ਼ਿਸ਼ ਮਸੀਹ ਵਾਸੀ ਰਣੀਆ ਧਾਰੀਵਾਲ, ਰਕੇਸ਼ ਕੁਮਾਰ ਵਾਸੀ ਨਰਾਇਣਪੁਰ ਬਿਹਾਰ ਅਤੇ ਅਮਨ ਕੁਮਾਰ ਵਾਸੀ ਲੁਧਿਆਣਾ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ 2 ਮੋਬਾਈਲ ਫ਼ੋਨ ਬਰਾਮਦ ਕੀਤੇ ਗਏ। ਉਨ੍ਹਾਂ ਦੱਸਿਆ ਕਿ ਗੁਰਜੀਤ ਸਿੰਘ ਵਾਸੀ ਨਬੀਨਗਰ ਬਟਾਲਾ ਖ਼ਿਲਾਫ਼ ਪਹਿਲਾਂ ਵੀ ਕਤਲ, ਇਰਾਦਾ ਕਤਲ ਤੇ ਖੋਹ ਦੇ ਵੱਖ ਵੱਖ ਥਾਣਿਆਂ ਵਿਚ 3 ਮਾਮਲੇ ਦਰਜ ਹਨ ਅਤੇ ਅਰਸ਼ਦੀਪ ਸਿੰਘ ਉਰਫ਼ ਅਰਸ਼ ਵਾਸੀ ਮਾਲਿਆ ਕਲਾਂ ਬਟਾਲਾ ਦੇ ਖ਼ਿਲਾਫ਼ ਪਹਿਲਾਂ ਵੀ ਚੋਰੀਆਂ, ਲੁੱਟਖੋਹ ਦੇ 5 ਮਾਮਲੇ ਵੱਖ ਵੱਖ ਥਾਣਿਆਂ ਵਿਚ ਦਰਜ ਹਨ।

ਉਕਤ ਮਾਮਲਿਆਂ ਵਿਚ 12 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਿਆ ਹੈ ਅਤੇ ਰਹਿੰਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਲਈ ਛਾਪੇਮਾਰੀ ਜਾਰੀ ਹੈ। ਉਨ੍ਹਾਂ ਕਿਹਾ ਇਨ੍ਹਾਂ ਦੋਸ਼ੀਆਂ ਦਾ ਰਿਮਾਂਡ ਹਾਸਲ ਕਰਕੇ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ।

## ਅੱਜ ਜ਼ਿਲ੍ਹਾ ਰੋਜ਼ਗਾਰ ਦਫ਼ਤਰ ਵਿਖੇ ਲੱਗੇਗਾ ਰੋਜ਼ਗਾਰ ਕੈਂਪ



**ਗੁਰਦਾਸਪੁਰ (ਜਨਕ ਮਹਾਜਨ)**- ਜ਼ਿਲ੍ਹਾ ਰੋਜ਼ਗਾਰ ਅਫ਼ਸਰ ਪਰਸ਼ੋਤਮ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 10 ਨਵੰਬਰ ਦਿਨ ਸ਼ੁੱਕਰਵਾਰ ਨੂੰ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵਿਖੇ ਐੱਮ-ਹੈਲਥ, ਚੈੱਕਮੇਟ ਅਤੇ ਏਅਰਟੈਲ ਇੰਡੀਆ, ਗੁਰਦਾਸਪੁਰ ਵੱਲੋਂ ਬ੍ਰਾਂਚ ਮੈਨੇਜਰ, ਸਿਕਿਓਰਿਟੀ ਗਾਰਡ, ਸੁਪਰਵਾਈਜ਼ਰ, ਟੈਲੀਕਾਲਰ ਅਤੇ ਪਾਰਟ ਟਾਈਮ ਕੰਮ ਕਰਨ ਲਈ ਅਸਾਮੀਆਂ ਵਾਸਤੇ ਲੜਕੇ ਅਤੇ ਲੜਕੀਆਂ ਦੀ ਚੋਣ ਕੀਤੀ ਜਾਵੇਗੀ। ਇਨ੍ਹਾਂ ਵੱਖ-ਵੱਖ ਅਸਾਮੀਆਂ ਲਈ ਯੋਗਤਾ 10ਵੀਂ, 12ਵੀਂ ਪਾਸ, ਗ੍ਰੈਜੂਏਸ਼ਨ, ਏ.ਐਨ.ਐਮ ਅਤੇ ਜੀ.ਐਨ.ਐਮ ਹੋਣੀ ਚਾਹੀਦੀ ਹੈ ਅਤੇ ਇੰਟਰਵਿਊ ਦੇਣ ਲਈ ਉਮਰ ਦੀ ਹੱਦ 21 ਤੋਂ 37 ਸਾਲ ਹੈ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਨੇ ਪ੍ਰਾਰਥੀਆਂ ਨੂੰ ਵੱਖ-ਵੱਖ ਕੰਪਨੀਆਂ ਵਲੋਂ ਯੋਗਤਾ ਅਨੁਸਾਰ 12000 ਤੋਂ 18000 ਤੱਕ ਸੈਲਰੀ ਦਾ ਪੈਕੇਜ ਦਿੱਤਾ ਜਾਵੇਗਾ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਨੇ ਕਿਹਾ ਕਿ ਇੰਟਰਵਿਊ ਦੇਣ ਦੇ ਚਾਹਵਾਨ ਪ੍ਰਾਰਥੀ 10 ਨਵੰਬਰ ਨੂੰ ਦਿਨ ਸ਼ੁੱਕਰਵਾਰ ਵਾਲੇ ਦਿਨ ਆਪਣੇ ਅਸਲ ਦਸਤਾਵੇਜ਼ ਦੀਆ ਕਾਪੀਆਂ, ਰੀਜ਼ੂਮ (ਸੀ.ਵੀ) ਅਤੇ 2 ਫੋਟੋਆਂ ਸਮੇਤ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਗੁਰਦਾਸਪੁਰ, ਬਲਾਕ-ਬੀ, ਕਮਰਾ ਨੰਬਰ-217, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਵਿਖੇ ਸਵੇਰੇ 9:30 ਵਜੇ ਤੱਕ ਪਹੁੰਚਣ।

# ਬਾਹਰੀ ਰਾਜਾਂ ਤੋਂ ਆਏ ਰੋਟਰੀ ਮੈਂਬਰਾਂ ਨੇ ਰੋਟਰੀ ਕੇ ਡੀ ਡਾਇਲਿਸਿਸ ਸੈਂਟਰ ਦੀ ਕੀਤੀ ਸ਼ਲਾਘਾ



**ਅੰਮ੍ਰਿਤਸਰ (ਅਰੋੜਾ)** : ਬੈਂਗਲੌਰ ਅਤੇ ਹੋਰ ਰਾਜਾਂ ਤੋਂ ਆਏ ਰੋਟਰੀ ਮੈਂਬਰਾਂ ਨੇ ਗੁਰੂ ਕੀ ਨਗਰੀ ਦੇ ਲੋੜਵੰਦ ਨਾਗਰਿਕਾਂ ਦੀ ਸਹਾਇਤਾ ਲਈ ਚਲਾਏ ਜਾ ਰਹੇ ਰੋਟਰੀ ਕੇ.ਡੀ. ਡਾਇਲਿਸਿਸ ਸੈਂਟਰ ਦਾ ਨਿਰੀਖਣ ਕਰਕੇ ਭਰਪੂਰ ਸ਼ਲਾਘਾ ਕੀਤੀ। ਰੋਟਰੀ ਡਿਸਟ੍ਰਿਕ 3190, 3191, 3192 ਨੇ ਇਨ੍ਹਾਂ ਰੋਟਰੀ ਮੈਂਬਰਾਂ ਦਾ ਰੋਟੇਰੀਅਨ ਪਦਮ ਸ਼੍ਰੀ ਲੋਕੇਸ਼ ਦੀ ਰਹਿਨੁਮਾਈ ਵਾਲੀ ਇਸ ਅੱਠ ਮੈਂਬਰਾਂ ਦੀ ਟੀਮ ਦਾ ਰੋਟਰੀ ਕਲੱਬ ਨੌਰਥ ਦੇ ਪ੍ਰਧਾਨ ਗੁਰਮੀਤ ਸਿੰਘ ਹੀਰਾ, ਸਕੱਤਰ ਵਰੁਣ ਕੱਕੜ ਅਤੇ ਕੇ.ਡੀ. ਗਣੇਸ਼ਾ ਹਸਪਤਾਲ ਦੇ ਡਾਇਰੈਕਟਰ ਡਾ. ਕੁਲਦੀਪ ਸਿੰਘ ਅਰੋੜਾ, ਰੋਟਰੀ ਦੇ ਜ਼ਿਲ੍ਹਾ ਸਕੱਤਰ ਮੇਜਰ ਡੋਨਰ ਡਾ. ਜੀ.ਐਸ. ਮਦਾਨ, ਸਹਾਇਕ ਗਵਰਨਰ ਡਾ. ਮਨਜੀਤਪਾਲ ਕੌਰ, ਸਾਬਕਾ ਸਹਾਇਕ ਗਵਰਨਰ ਸੀਨੀਅਰ ਰੋਟੇਰੀਅਨ ਰਸਜੀਤ ਸਿੰਘ ਖੇੜਾ ਨੇ ਬਾਹਰੀ ਰਾਜਾਂ ਤੋਂ ਆਏ ਰੋਟਰੀ ਮੈਂਬਰਾਂ ਦਾ ਭਰਪੂਰ ਸਵਾਗਤ ਕੀਤਾ। ਰੋਟਰੀ ਨੌਰਥ ਵੱਲੋਂ ਸਾਰੇ ਮੈਂਬਰਾਂ ਦੇ ਨਾਲ ਰੋਟਰੀ ਚੌਂਕ ਵਿੱਚ ਪਰਮਵੀਰ ਚੱਕਰ ਨਾਲ ਸਨਮਾਨਤ ਰੋਟੇਰੀਅਨ ਜਸਵੰਤ ਸਿੰਘ ਗਿੱਲ ਦੇ ਸਾਹਮਣੇ ਨਤਮਸਤਕ ਹੋ ਕੇ ਉਨ੍ਹਾਂ ਨੂੰ ਪੁਸ਼ਪ ਭੇਟ ਕੀਤੇ। ਉਸ ਤੋਂ ਬਾਅਦ ਸਾਰੇ ਰੋਟਰੀ ਮੈਂਬਰਾਂ ਨੇ ਆਏ ਮਹਿਮਾਨਾਂ ਦੇ ਨਾਲ ਦਰਬਾਰ ਸਾਹਿਬ ਵਿਖੇ ਮੱਥਾ ਟੇਕ ਕੇ ਦੇਸ਼ ਅਤੇ ਸਮਾਜ ਭਲਾਈ ਦੇ ਕੰਮਾਂ ਵਿੱਚ ਹਮੇਸ਼ਾ ਅੱਗੇ ਰਹਿਣ ਲਈ ਅਰਦਾਸ ਕੀਤੀ। ਬਾਹਰੀ ਰਾਜਾਂ ਤੋਂ ਆਏ ਰੋਟਰੀ ਮਹਿਮਾਨਾਂ ਨੇ ਰੋਟਰੀ ਕਲੱਬ ਨੌਰਥ ਵੱਲੋਂ ਚਲਾਏ ਜਾ ਰਹੇ ਰੋਟਰੀ ਕੇ.ਡੀ.ਡਾਇਲਿਸਿਸ ਸੈਂਟਰ ਦੇ ਕੰਮਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਰੋਟਰੀ ਨੌਰਥ ਦਾ ਇਹ ਇੱਕ ਅਜਿਹਾ ਪ੍ਰੋਜੈਕਟ ਹੈ ਜਿਸ ਦੀ ਸਾਰੇ ਰਾਜਾਂ ਨੂੰ ਜ਼ਰੂਰਤ ਹੈ, ਅਜਿਹੇ ਪ੍ਰੋਜੈਕਟਾਂ ਨੂੰ ਕਾਮਯਾਬ ਬਣਾਉਣ ਲਈ ਸਾਰੇ ਰੋਟਰੀ ਮੈਂਬਰਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਨੇ ਭਾਰਤ ਪੋਲੀਓ ਰਹਿਤ ਹੋਣ 'ਤੇ ਸਾਰੇ ਰੋਟਰੀ ਮੈਂਬਰਾਂ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਰੋਟੇਰੀਅਨ ਦਲਜੀਤ ਅਰੋੜਾ, ਰੋਟੇਰੀਅਨ ਮਨਿੰਦਰ ਕੌਰ, ਸਾਬਕਾ ਪ੍ਰਧਾਨ ਰਮੇਸ਼ ਕੱਕੜ, ਵਿਜੇ ਭਸੀਨ, ਵਿਪਨ ਲੂੰਬਾ ਸਹਿਤ ਰੋਟਰੀ ਕਲੱਬ ਨੌਰਥ ਦੇ ਹੋਰ ਮੈਂਬਰ ਮੌਜੂਦ ਸਨ।

# ਅੰਡਰ ਟਰਾਇਲ ਰੀਵਿਊ ਕਮੇਟੀ ਦੀ ਮੀਟਿੰਗ



**ਤਰਨ ਤਾਰਨ( ਪ੍ਰਿਤਪਾਲ ਸਿੰਘ)**-ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਦੇ ਨਿਰਦੇਸ਼ਾਂ ਅਨੁਸਾਰ ਪ੍ਰਤਿਮਾ ਅਰੋੜਾ, ਚੀਫ਼ ਜੂਡੀਸ਼ੀਅਲ ਮੈਜਿਸਟਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਦੀ ਅਗਵਾਈ ਹੇਠ ਜ਼ਿਲ੍ਹਾ ਕਚਹਿਰੀਆਂ ਤਰਨ ਤਾਰਨ ਵਿਖੇ ਅੰਡਰ ਟਰਾਇਲ ਰੀਵਿਊ ਕਮੇਟੀ, ਤਰਨ ਤਾਰਨ ਦੀ ਮੀਟਿੰਗ ਕੀਤੀ ਗਈ, ਜਿਸ ਵਿੱਚ, ਦੀਪਕ ਭਾਟੀਆ ਅਸਿਸਟੈਂਟ ਕਮਿਸ਼ਨਰ ਜਨਰਲ ਤਰਨ ਤਾਰਨ, ਦੇਵ ਸਿੰਘ, ਸੀਨੀਅਰ ਸੁਪਰਡੈਂਟ ਆਫ਼ ਪੁਲਸ ਤਰਨ ਤਾਰਨ, ਗੁਰਚਰਨ ਸਿੰਘ ਧਾਲੀਵਾਲ, ਸੁਪਰਡੈਂਟ ਸੈਂਟਰਲ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ, ਜਤਿੰਦਰਪਾਲ ਸਿੰਘ, ਡਿਪਟੀ ਸੁਪਰਡੈਂਟ, ਸਬ-ਜੇਲ੍ਹ ਪੱਟੀ, ਗੁਰਪ੍ਰੀਤ ਸਿੰਘ, ਵਧੀਕ ਜ਼ਿਲ੍ਹਾ ਅਟਾਰਨੀ, ਤਰਨ ਤਾਰਨ, ਸੰਦੀਪ ਖੰਨਾ, ਚੀਫ਼, ਲੀਗਲ ਏਡ ਡੀਫੈਂਸ ਕੌਂਸਲ, ਤਰਨ ਤਾਰਨ ਅਤੇ ਬਲਦੇਵ ਸਿੰਘ ਗਿੱਲ, ਬਾਰ ਪ੍ਰਧਾਨ, ਬਾਰ ਐਸੋਸੀਏਸ਼ਨ, ਤਰਨ ਤਾਰਨ ਹਾਜ਼ਰ ਸਨ। ਇਸ ਮੀਟਿੰਗ ਵਿੱਚ ਸੁਪਰੀਮ ਕੋਰਟ ਵੱਲੋਂ ਅੰਡਰ ਟਰਾਇਲ ਦੀ ਮਿਤੀ 18 ਸਤੰਬਰ ਤੋਂ 20 ਨਵੰਬਰ ਤੱਕ ਚੱਲ ਰਹੀ ਕੰਪੈਨ ਬਾਰੇ ਜੇਲ੍ਹਾਂ ਦੇ ਸੁਪਰਡੈਂਟਾਂ ਨਾਲ ਵਿਚਾਰ ਕੀਤਾ ਗਿਆ। ਜੇਲ੍ਹਾਂ ਵਿੱਚ ਅੰਡਰ ਟਰਾਈਲਾਂ ਵਾਸਤੇ ਚਲਾਏ ਜਾ ਰਹੇ ਸਕਿੱਲ ਸਿਖਲਾਈ ਪ੍ਰੋਗਰਾਮਾਂ ਬਾਰੇ ਜੇਲ੍ਹਾਂ ਦੇ ਸੁਪਰਡੈਂਟਾਂ ਕੋਲੋਂ ਰਿਪੋਰਟ ਮੰਗੀ ਗਈ। ਮੀਟਿੰਗ ਵਿੱਚ ਸੈਸ਼ਨਜ਼ ਜੱਜ ਨੇ ਸੁਪਰਡੈਂਟ ਆਫ਼ ਪੁਲਸ ਤਰਨ ਤਾਰਨ ਨੂੰ ਕਿਹਾ ਜਿਹੜੇ ਚਲਾਣ ਪੁਲਸ ਸਟੇਸ਼ਨਾਂ ਵਿੱਚ ਲੰਬਿਤ ਪਏ ਹਨ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਕੋਰਟ ਵਿੱਚ ਪੇਸ਼ ਕੀਤਾ ਜਾਵੇ ਤਾਂ ਜੋ ਕੇਸਾਂ ਦਾ ਨਿਪਟਾਰਾ ਕੀਤਾ ਜਾ ਸਕੇ। ਸੈਸ਼ਨਜ਼ ਜੱਜ ਨੇ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੂੰ ਕਿਹਾ ਜਿਹੜੇ ਹਵਾਲਾਤੀ ਘੱਟ ਸੰਗੀਨ ਅਪਰਾਧਾਂ ਵਿੱਚ ਜੇਲ੍ਹਾਂ ਵਿੱਚ ਬੰਦ ਹਨ ਉਨ੍ਹਾਂ ਦੇ ਕੇਸਾਂ ਦਾ ਨਿਪਟਾਰਾ ਕੈਂਪ ਕੋਰਟ ਵਿੱਚ ਕਰਨ ਲਈ ਨਿਰਦੇਸ਼ ਦਿੱਤੇ ਗਏ ।

## ਗੁਰਬਚਨ ਸਿੰਘ ਕਰਮੂੰਵਾਲਾ ਨੇ ਦਿਖਾਈ ਤਿਆਗ ਦੀ ਭਾਵਨਾ

**ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਲਾਨਾ ਚੋਣ ਵਿੱਚ ਹਰਜਿੰਦਰ ਸਿੰਘ ਧਾਮੀ ਮੁੜ ਤੀਜੀ ਵਾਰ ਪ੍ਰਧਾਨ ਚੁਣੇ ਗਏ। ਇਸੇ ਤਰ੍ਹਾਂ ਅਗਜੈਕਟਿਵ ਮੈਂਬਰਾਂ ਦੀ ਚੋਣ ਕੀਤੀ ਗਈ, ਜਿਸ ਵਿੱਚ ਜਥੇਦਾਰ ਗੁਰਬਚਨ ਸਿੰਘ ਕਰਮੂਵਾਲਾ ਨੂੰ ਅਗਜੈਕਟਿਵ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਨਪ੍ਰੀਤ ਸਿੰਘ ਜੱਜ ਚੋਹਲਾ ਨੇ ਦੱਸਿਆ ਕਿ ਉਸ ਸਮੇਂ 'ਤੇ ਜਥੇਦਾਰ ਕਰਮੂਵਾਲਾ ਨੇ ਤਿਆਗ ਦੀ ਮਿਸਾਲ ਪੇਸ਼ ਕਰਦਿਆਂ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਅਗਜੈਕਟਿਵ ਕਮੇਟੀ ਵਿੱਚ ਮੈਂਬਰ ਵਜੋਂ ਉਨ੍ਹਾਂ ਦੀ ਜਗ੍ਹਾ ਖੁਸ਼ਵਿੰਦਰ ਸਿੰਘ ਭਾਟੀਆ ਨੂੰ ਸੇਵਾ ਕਰਨ ਦਾ ਮੌਕਾ ਦਿੱਤਾ ਜਾਵੇ। ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਨੂੰ ਅਗਜੈਕਟਿਵ ਕਮੇਟੀ ਦੇ ਮੈਂਬਰ ਵਜੋਂ ਚੁਣਿਆ ਗਿਆ ਹੋਵੇ ਤੇ ਉਸ ਨੇ ਤਿਆਗ ਦੀ ਭਾਵਨਾ ਦਿਖਾਉਂਦਿਆਂ ਹੋਇਆਂ ਆਪਣੇ ਸਾਥੀ ਨੂੰ ਸੇਵਾ ਦਾ ਮੌਕਾ ਦਿੱਤਾ ਹੋਵੇ। ਇਸ ਤਿਆਗ ਦੀ ਭਾਵਨਾ ਨਾਲ ਕਰਮੂਵਾਲਾ ਦਾ ਸਿਰ ਪੰਜਾਬ ਜਾ ਭਾਰਤ ਵਿੱਚ ਹੀ ਨਹੀਂ ਸਗੋਂ ਪੂਰੀ ਦੁਨੀਆ ਵਿੱਚ ਉੱਚਾ ਹੋਇਆ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਸਰਬਜੀਤ ਸਿੰਘ ਢਿੱਲੋਂ, ਵਿਨੋਦ ਕੁਮਾਰ ਚੋਹਲਾ, ਗੁਰਸਿਮਰਨ ਮੁਹਾਲੀ, ਪ੍ਰਧਾਨ ਪੰਕਜ, ਹਰਮਨ ਕਨੇਡਾ, ਦਿਲਦਾਰ ਧੁੰਨ, ਨਿਰਵੈਰ ਸਿੰਘ ਧੁੰਨ, ਹਰਭਿੰਦਰ ਸਿੰਘ ਮਜੀਠਾ ਆਦਿ ਹਾਜ਼ਰ ਸਨ।

# ਮੌਜੋਮਜਾਰਾ ਠੱਕਰਵਾਲ ਵਿਖੇ ਸੰਤ ਸਮਾਗਮ ਤੇ ਕੀਰਤਨ ਦਰਬਾਰ ਦੀਆਂ ਤਿਆਰੀਆਂ ਜ਼ੋਰਾਂ 'ਤੇ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਮੌਜੋਮਜਾਰਾ ਠੱਕਰਵਾਲ ਵਿਖੇ ਗੁਰਦੁਆਰਾ ਤਪ ਅਸਥਾਨ ਬ੍ਰਹਮ ਗਿਆਨੀ 108 ਸੰਤ ਬਾਬਾ ਦੂਲਾ ਸਿੰਘ ਜੀ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀਆਂ, ਪ੍ਰਵਾਸੀ ਭਾਰਤੀਆ ਅਤੇ ਇਲਾਕੇ ਦੇ ਸਹਿਯੋਗ ਨਾਲ ਡੇਰੇ ਵੱਲੋਂ ਬ੍ਰਹਮ ਗਿਆਨੀ 108 ਸੰਤ ਬਾਬਾ ਦੂਲਾ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਮਹਾਨ ਸੰਤ ਸਮਾਗਮ ਅਤੇ ਕੀਰਤਨ ਦਰਬਾਰ 15 ਨਵੰਬਰ ਨੂੰ ਸ਼ਰਧਾ ਭਾਵਨਾ ਨਾਲ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਹਰਕ੍ਰਿਸ਼ਨ ਸਿੰਘ ਸੋਢੀ ਠੱਕਰਵਾਲ ਪ੍ਰਧਾਨ ਨਿਰਮਲਾ ਸੰਤ ਮੰਡਲ ਪੰਜਾਬ ਦੀ ਅਗਵਾਈ ਹੇਠ ਕਰਵਾਏ ਜਾ ਰਹੇ ਹਨ। ਇਸ ਮੌਕੇ ਬਾਬਾ ਸਰਬਜੀਤ ਸਿੰਘ ਸਾਬੀ, ਬਾਬਾ ਗੁਰਪ੍ਰੀਤ ਸਿੰਘ ਗੋਪੀ ਨੇ ਦੱਸਿਆ ਕਿ ਸਮਾਗਮ ਸਬੰਧੀ ਪਹਿਲੀ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਦੀ ਆਰੰਭਤਾ 04 ਨਵੰਬਰ ਤੋਂ ਕੀਤੀ ਗਈ। ਇਸ ਮੌਕੇ ਸੰਤ ਬਾਬਾ ਹਰਕਿਸ਼ਸਨ ਸਿੰਘ ਸੋਢੀ ਠੱਕਰਵਾਲ ਪ੍ਰਧਾਨ ਨਿਰਮਲਾ ਸੰਤ ਮੰਡਲ ਪੰਜਾਬ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 15 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਮਹਾਨ ਸੰਤ ਸਮਾਗਮ ਅਤੇ ਕੀਰਤਨ ਦਰਬਾਰ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਸਮਾਗਮ ਦੌਰਾਨ ਇਲਾਕੇ ਭਰ ਤੋਂ ਸਾਧੂ, ਸੰਤ ਮਹਾਂਪੁਰਸ ਅਤੇ ਰਾਗੀ, ਢਾਡੀ, ਕਵੀਸ਼ਰੀ ਜਥੇ ਪ੍ਰਚਾਰਕ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ 15 ਨਵੰਬਰ ਨੂੰ ਮਹਾਨ ਸੰਤ ਸਮਾਗਮ ਅਤੇ ਕੀਰਤਨ ਦਰਬਾਰ ਸੰਤ ਬਾਬਾ ਜੋਗਾ ਸਿੰਘ ਰਾਮੂ ਥਿਆੜਾ, ਭਾਈ ਇੰਦਰਜੀਤ ਸਿੰਘ ਦਿੱਲੀ, ਭਾਈ ਕੁਲਤਾਰ ਸਿੰਘ ਜਲੰਧਰ, ਭਾਈ ਮੇਜਰ ਸਿੰਘ ਹੀਰਾ ਇੰਟਰਨੈਸਨਲ ਢਾਡੀ ਜੱਥਾ, ਕਵੀਸਰੀ ਜੱਥਾ ਸਹੋਕੇ ਵਾਲੇ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਸੰਤ ਬਾਬਾ ਹਰਕ੍ਰਿਸਨ ਸਿੰਘ ਸੋਢੀ ਠੱਕਰਵਾਲ ਪ੍ਰਧਾਨ ਨਿਰਮਲਾ ਸੰਤ ਮੰਡਲ ਪੰਜਾਬ, ਬਾਬਾ ਗੁਰਪ੍ਰੀਤ ਸਿੰਘ ਗੋਪੀ, ਬਾਬਾ ਸਰਬਜੀਤ ਸਿੰਘ ਸਾਬੀ, ਦਰਸ਼ਨ ਸਿੰਘ ਰਾਜਾ, ਰਣਵੀਰ ਸਿੰਘ ਰਾਣਾ, ਸੂਬੇਦਾਰ ਇੱਕਬਾਲ ਸਿੰਘ, ਹਰਭਜਨ ਸਿੰਘ ਫੋਜੀ, ਸਾਹਿਲ ਕੁਮਾਰ, ਸੁਦਰਸ਼ਨ ਸਿੰਘ ਆਦਿ ਹਾਜਰ ਸਨ।

ਇਸ ਮੌਕੇ ਸਮਾਗਮ ਦੌਰਾਨ ਚਾਹ ਪੌਕੜੇ ਅਤੇ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਜਾਣਗੇ।

## ਪ੍ਰਦੂਸ਼ਨ ਰਹਿਤ ਦੀਵਾਲੀ ਮਨਾਈ ਜਾਵੇ : ਬਾਬਾ ਚਰਨਜੀਤ ਸਿੰਘ



**ਮਾਹਿਲਪੁਰ (ਸਫਰੀ)** - ਬਾਬਾ ਚਰਨਜੀਤ ਸਿੰਘ ਜੱਸੋਵਾਲ ਗੁਰਦੁਆਰਾ ਸ਼ਹੀਦਾਂ ਜੱਸੋਵਾਲ (ਬੀਹੜਾਂ) ਜ਼ਿਲ੍ਹਾ ਹੁਸ਼ਿਆਰਪੁਰ ਨੇ ਪ੍ਰਦੂਸ਼ਨ ਰਹਿਤ ਦੀਵਾਲੀ ਮਨਾਉਣ ਦੀ ਅਪੀਲ ਕੀਤੀ ਹੈ। ਉਹਨਾਂ ਕਿਹਾ ਕਿ ਕਿਸਾਨਾਂ ਨੂੰ ਮਾਨਵਤਾ ਦੀ ਭਲਾਈ ਲਈ ਪਰਾਲੀ ਨੂੰ ਅੱਗ ਲਾਉਣ ਤੋਂ ਗੁਰੇਜ ਕਰਨਾ ਚਾਹੀਦਾ ਹੈ। ਸਰਕਾਰ ਦੀਆਂ ਹਦਾਇਤਾਂ ਦਾ ਪਾਲਣ ਕਰਨਾ ਚਾਹੀਦਾ ਹੈ। ਦੀਵਾਲੀ ਵਾਲੇ ਦਿਨ ਚਲਾਏ ਜਾਣ ਵਾਲੇ ਪਟਾਕਿਆਂ ਨਾਲ ਹਵਾ ਵਿੱਚ ਪ੍ਰਦੂਸ਼ਨ ਇੰਨ੍ਹਾਂ ਜਿਆਦਾ ਵੱਧ ਜਾਂਦਾ ਹੈ ਕਿ ਇਸ ਨਾਲ ਇਨਸਾਨੀ ਜੀਵਨ ਭਿਆਨਕ ਬਿਮਾਰੀਆਂ ਦੀ ਲਪੇਟ ਵਿਚ ਆ ਜਾਂਦੇ ਹਨ। ਹਵਾ ਵਿੱਚ ਪ੍ਰਦੂਸ਼ਨ ਨਾਲ ਫੇਫੜਿਆਂ ਦੇ ਕੈਂਸਰ ਹੋਣ ਦਾ ਡਰ ਹੈ ।ਆਓ ਇਕ ਹੰਭਲਾ ਮਾਰੀਏ ਕਿ ਹਰ ਵਿਅਕਤੀ ਇਕ ਰੁੱਖ ਲਾਵੇ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਦਾ ਫਾਇਦਾ ਹੋ ਸਕੇ।

## ਪ੍ਰਦੂਸ਼ਣ ਰਹਿਤ ਦੀਵਾਲੀ ਮਨਾਈਏ - ਐੱਸ ਐੱਚ ਓ



**ਮਾਹਿਲਪੁਰ (ਸਫਰੀ)** - ਨਵੇਂ ਆਏ ਥਾਣਾ ਮੁਖੀ ਮਾਹਿਲਪੁਰ ਬਲਵਿੰਦਰ ਜੌੜਾ ਨੇ ਇਲਾਕਾ ਨਿਵਾਸੀ ਨੂੰ ਪ੍ਰਦੂਸ਼ਨ ਰਹਿਤ ਦੀਵਾਲੀ ਮਨਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਕਿਸਾਨ ਵੀਰਾਂ ਨੂੰ ਬੇਨਤੀ ਕੀਤੀ ਹੈ ਕਿ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਪਰਾਲੀ ਨੂੰ ਨਾ ਸਾੜਿਆ ਜਾਵੇ।

ਇਸ ਦੇ ਧੂਏਂ ਨਾਲ ਪ੍ਰਦਸ਼ਨ ਫੈਲਦਾ ਹੈ ਤੇ ਜਿਸ ਨਾਲ ਕੈਂਸਰ ਵਰਗੀਆਂ ਬਿਮਾਰੀਆਂ ਦਾ ਜਨਮ ਹੁੰਦਾ ਹੈ । ਉਹਨਾਂ ਕਿਹਾ ਕਿ ਇਸ ਵਾਰ ਪ੍ਰਦੂਸ਼ਨ ਰਹਿਤ ਗਰੀਨ ਦਿਵਾਲੀ ਮਨਾਈ ਜਾਵੇ ਜਿਸ ਨਾਲ ਸਾਹ ਦੀਆਂ ਬਿਮਾਰੀਆਂ ਤੋਂ ਬਚਾਅ ਹੋ ਸਕੇ। ਬੱਸ ਸਟੈਂਡ, ਸਕੂਲ,ਕਾਲਜ ਅਤੇ ਹਸਪਤਾਲ ਅੱਗੇ ਖੜ੍ਹੇ ਭੂੰਡ ਆਸ਼ਕਾਂ ,ਸ਼ਰਾਰਤੀ ਅਨਸਰਾਂ ਅਤੇ ਨਸ਼ੇ ਦੇ ਸੌਦਾਗਰਾਂ ਨੂੰ ਬਹੁਤ ਜਲਦੀ ਉਹਨਾਂ ਦੀ ਬਣਦੀ ਜਗ੍ਹਾ 'ਤੇ ਭੇਜਿਆ ਜਾਵੇਗਾ।

## ਸੰਤ ਬਾਬਾ ਜਵਾਲਾ ਸਿੰਘ ਹਰਖੋਵਾਲ ਵਾਲਿਆਂ ਦੀ ਬਰਸੀ ਮੌਕੇ ਸਮਾਗਮ 13 ਨੂੰ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਸੰਤ ਬਾਬਾ ਜਵਾਲਾ ਸਿੰਘ ਹਰਖੋਵਾਲ ਵਾਲਿਆਂ ਦੀ ਬਰਸੀ ਮੌਕੇ ਸਮਾਗਮ ਹੁਸ਼ਿਆਰਪੁਰ-ਫਗਵਾੜਾ ਮਾਰਗ 'ਤੇ ਸਥਿਤ ਡੇਰਾ ਸੰਤਗੜ੍ਹ ਹਰਖੋਵਾਲ ਵਿਖੇ 11 ਤੋਂ 13 ਨਵੰਬਰ ਦਿਨ ਤੱਕ ਕਰਵਾਏ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੰਤ ਅਮਰਜੀਤ ਸਿੰਘ ਮੁਖੀ ਹਰਖੋਵਾਲ ਸੰਪ੍ਰਦਾਇ ਨੇ ਦੱਸਿਆ ਕਿ 11 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਅਰੰਭਤਾ ਹੋਵੇਗੀ ਤੇ 12 ਨਵੰਬਰ ਰਾਤਰੀ ਦੇ ਦੀਵਾਨ ਸਜਾਏ ਜਾਣਗੇ, ਜਿਨ੍ਹਾਂ 'ਚ ਭਾਈ ਸਤਿੰਦਰਵੀਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਬਾਬਾ ਜੋਗਾ ਸਿੰਘ ਰਾਮੂ ਥਿਆੜੇ ਵਾਲੇ, ਭਾਈ ਹਰਜੋਤ ਸਿੰਘ ਜ਼ਖ਼ਮੀ ਜਲੰਧਰ ਵਾਲੇ ਤੇ ਭਾਈ ਸਰਬਜੀਤ ਸਿੰਘ ਕਥਾਵਾਚਕ ਲੁਧਿਆਣੇ ਵਾਲੇ ਸੰਗਤਾਂ ਨੂੰ ਗੁਰਮਤਿ ਵਿਚਾਰਾਂ ਤੇ ਗੁਰਬਾਣੀ ਦੇ ਮਨੋਹਰ ਕੀਰਤਨ ਦੁਆਰਾ ਨਿਹਾਲ ਕਰਨਗੇ। ਉਪਰੰਤ ਰਾਤ 1 ਵਜੇ ਢਾਡੀ ਦਰਬਾਰ ਦੀ ਅਰੰਭਤਾ ਹੋਵੇਗੀ। ਉਨ੍ਹਾਂ ਦੱਸਿਆ ਕਿ 13 ਨਵੰਬਰ ਨੂੰ ਸਵੇਰੇ 9 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਹੁਕਮਨਾਮਾ ਸਾਹਿਬ ਦੀ ਕਥਾ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਮੁਖੀ ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ ਤੇ ਪ੍ਰਧਾਨ ਸੰਤ ਸਮਾਜ ਵਲੋਂ ਕੀਤੀ ਜਾਵੇਗੀ। ਉਪਰੰਤ ਵੱਖ ਵੱਖ ਸੰਤ ਮਹਾਂਪੁਰਸ਼ ਤੇ ਰਾਗੀ ਢਾਡੀ ਜਥੇ ਸੰਗਤਾਂ ਨੂੰ ਗੁਰਮਤਿ ਵਿਚਾਰਾਂ ਦੁਆਰਾ ਨਿਹਾਲ ਕਰਨਗੇ।

# ਰਾਸਾ ਸਕੂਲ ਅਧਿਆਪਕਾਂ ਦੇ ਪੰਜਾਬੀ ਅੱਖਰਕਾਰੀ ਮੁਕਾਬਲੇ ਕਰਵਾਏ



**ਤਰਨ ਤਾਰਨ ( ਪ੍ਰਿਤਪਾਲ ਸਿੰਘ)**-ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਪ੍ਰਾਈਵੇਟ ਸਕੂਲਾਂ ਦੀ ਨਾਮਵਰ ਜਥੇਬੰਦੀ ਰੈਕਿਗਨਾਈਜ਼ਡ ਐਂਡ ਐਫੀਲੀਏਟਿਡ ਸਕੂਲ ਐਸੋਸੀਏਸ਼ਨ ਰਾਸਾ ਪੰਜਾਬ ਵਲੋਂ ਤਰਨ ਤਾਰਨ ਜ਼ਿਲ੍ਹੇ ਨਾਲ ਸਬੰਧਤ ਰਾਸਾ ਦੇ ਸਕੂਲਾਂ ਦੇ ਅਧਿਆਪਕਾਂ ਦੇ ਪੰਜਾਬੀ ਅੱਖਰਕਾਰੀ ਮੁਕਾਬਲੇ (ਕੈਲੀਗਰਾਫੀ) ਕਰਵਾਏ ਗਏ । ਇਸ ਸਬੰਧੀ ਤਰਨ ਤਾਰਨ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਰਮਨਪ੍ਰੀਤ ਸਿੰਘ ਗਿੱਲ ਨੇ ਦੱਸਿਆ ਕਿ ਇਹ ਮੁਕਬਲੇ ਪੰਜਾਬ ਮਾਂਹ ਉਤਸਵ ਨੂੰ ਸਮਰਪਤ ਮਾਝਾ ਕਾਲਜ ਤਰਨ ਤਾਰਨ ਵਿਖੇ ਕਰਵਾਏ ਗਏ। ਜਿਸ ਵਿਚ ਜ਼ਿਲ੍ਹੇ ਭਰ ਵਿੱਚੋਂ 91 ਅਧਿਆਪਕਾਂ ਨੇ ਆਪਣੀ ਰਜਿਸਟ੍ਰੇਸ਼ਨ ਕਰਵਾਈ ਸੀ, ਜਿਸ ਵਿੱਚੋਂ ਸੱਤਰ ਦੇ ਕਰੀਬ ਅਧਿਆਪਕਾਂ ਨੇ ਇਸ ਅੱਖਰਕਾਰੀ ਮੁਕਾਬਲੇ ਵਿਚ ਭਾਗ ਲਿਆ। ਇਹ ਮੁਕਬਲੇ ਰਾਸਾ ਪੰਜਾਬ ਪ੍ਰਧਾਨ ਪ੍ਰਿੰਸੀਪਲ ਸਕੱਤਰ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਤੇ ਪ੍ਰਿੰਸੀਪਲ ਸੁਖਜਿੰਦਰ ਸਿੰਘ ਗਿੱਲ ਸੂਬਾ ਵਿੱਤ ਸਕੱਤਰ ਦੀ ਅਗਵਾਈ ਵਿੱਚ ਕਰਵਾਏ ਗਏ। ਇਸ ਬਾਬਤ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਰਮਨਪ੍ਰੀਤ ਸਿੰਘ ਗਿੱਲ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਦੀ ਜੱਜਾਂ ਦੀ ਭੂਮਿਕਾ ਇੰਦਰਪ੍ਰੀਤ ਸਿੰਘ ਧਾਮੀ ਸਟੇਟ ਅਵਾਰਡੀ, ਉੱਘੇ ਅੱਖਰਕਾਰ ਮਾਹਰ ਭਾਈ ਤੀਰਥਪਾਲ ਸਿੰਘ ਫਰੀਦਕੋਟ ਤੇ ਹੈਡਮਾਸਟਰ ਗੁਰਚਰਨ ਸਿੰਘ ਖਾਲਸਾ ਵਲੋਂ ਨਿਭਾਈ ਗਈ। ਪਹਿਲੀ ਪੁਜੀਸ਼ਨ ਗੁਰਜੰਟ ਸਿੰਘ, ਭਾਈ ਲੱਧਾ ਜੀ ਖਾਲਸਾ ਅਕੈਡਮੀ ਨੂਰਪੁਰ, ਦੂਜੀ ਪੁਜੀਸ਼ਨ ਬਾਬਾ ਦੀਪ ਸਿੰਘ ਸੀਨੀਅਰ ਸੈਕੰਡਰੀ ਸਕੂਲ ਕੰਗ ਤੇ ਤੀਜੀ ਪੁਜੀਸ਼ਨ ਕਿਰਨਜੀਤ ਕੌਰ ਪਰਮ ਅਕੈਡਮੀ ਗੰਡੀਵਿੰਡ ਧੱਤਲ ਨੇ ਹਾਸਲ ਕੀਤੀ । ਪਹਿਲੀ ਪੁਜੀਸਨ ਵਾਲੇ ਨੂੰ 5100, ਦੂਜੀ ਨੂੰ 3100 ਤੇ ਤੀਜੀ ਪੁਜੀਸ਼ਨ ਵਾਲੇ ਨੂੰ 2100 ਰੁਪਏ ਤੇ ਨਾਲ ਇੱਕ ਇੱਕ ਟਰਾਫੀ ਤੇ ਸਨਮਾਨ ਪੱਤਰ ਦਿੱਤੇ ਗਏ। ਇਸ ਤੋਂ ਇਲਾਵਾ ਚੌਥੀ, ਪੰਜਵੀਂ, ਛੇਵੀਂ ਤੇ ਸੱਤਵੀਂ ਪੁਜੀਸ਼ਨ ਵਾਲੇ ਨੂੰ ਨਕਦ ਇਨਾਮ ਤੇ ਸਨਮਾਨ ਪੱਤਰ ਦਿੱਤੇ ਗਏ ਤੇ ਸਮੂਹ ਭਾਗ ਲੈਣ ਵਾਲੇ ਅਧਿਆਪਕਾਂ ਨੂੰ ਸਨਮਾਨ ਪੱਤਰ ਰਾਸਾ ਪੰਜਾਬ ਪ੍ਰਧਾਨ ਪ੍ਰਿੰਸੀਪਲ ਸਕੱਤਰ ਸਿੰਘ ਸੰਧੂ, ਸੂਬਾ ਵਿੱਤ ਸਕੱਤਰ ਪ੍ਰਿੰਸੀਪਲ ਸੁਖਜਿੰਦਰ ਸਿੰਘ ਗਿੱਲ, ਜ਼ਿਲ੍ਹਾ ਪ੍ਰਧਾਨ ਰਮਨਪ੍ਰੀਤ ਸਿੰਘ ਗਿੱਲ, ਜ਼ਿਲ੍ਹਾ ਜਨਰਲ ਸਕੱਤਰ ਇੰਦਰਜੀਤ ਸਿੰਘ ਸੰਧੂ, ਜ਼ਿਲ੍ਹਾ ਵਿੱਤ ਸਕੱਤਰ ਅਮਰਬੀਰ ਸਿੰਘ ਕੰਗ, ਪ੍ਰਿੰਸੀਪਲ ਹਰਮਿੰਦਰ ਕੌਰ, ਅਮਨਦੀਪ ਸਿੰਘ ਕੰਗ, ਨਰਪਿੰਦਰ ਸਿੰਘ ਪੰਨੂ ਆਦਿ ਵਲੋਂ ਤਕਸੀਮ ਕੀਤੇ ਗਏ। ਇਸ ਸਮਾਗਮ ਦੀ ਸਮਾਪਤੀ ਤੇ ਪ੍ਰਿੰਸੀਪਲ ਸੁਖਜਿੰਦਰ ਸਿੰਘ, ਇੰਦਰਜੀਤ ਸਿੰਘ ਸੰਧੂ ਨੇ ਸਮੂਹ ਅਧਿਆਪਕਾਂ, ਪ੍ਰਬੰਧਕਾਂ ਦਾ ਧੰਨਵਾਦ ਕੀਤਾ ਗਿਆ।

# 'ਪੰਜਾਬੀ ਸੱਭਿਆਚਾਰਕ ਵਿਰਾਸਤ 'ਚ ਤਬਦੀਲੀ' ਵਿਸ਼ੇ 'ਤੇ ਸੈਮੀਨਾਰ ਕਰਵਾਇਆ



**ਭੋਗਪੁਰ (ਕੁਲਵੀਰ ਸਿੰਘ ਕਾਹਲੋ)**:- ਸ਼੍ਰੀ ਗੁਰੂ ਤੇਗ ਬਹਾਦਰ ਇੰਸਟੀਚਿਊਟ ਆਫ ਮੈਨਜਮੈਂਟ ਆਈ ਟੀ ਵਿਖੇ ਮਿਤੀ 08 ਨਵੰਬਰ ਨੂੰ ਦੀਵਾਲੀ ਅਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ "ਪੰਜਾਬੀ ਸੱਭਿਆਚਾਰਕ ਵਿਰਾਸਤ 'ਚ ਤਬਦੀਲੀ" ਸੈਮੀਨਾਰ ਕਰਵਾਇਆ ਗਿਆ। ਜਿਸ ਵਿੱਚ ਬਲਵਿੰਦਰ ਸਿੰਘ ਭੰਗੂ (ਪ੍ਰੈਜ਼ੀਡੈਂਟ ਪ੍ਰੈੱਸ ਕਲੱਬ ਭੋਗਪੁਰ), ਰਾਮ ਲੁਭਾਇਆ(ਬੀ.ਡੀ.ਓ ਫਰੋਮ ਗੌਰਮੈਂਟ ਆਫ ਪੰਜਾਬ), ਗੁਰਵਿੰਦਰ ਸਿੰਘ ਮਾਣਕ (ਲੈਕਚਰਾਰ), ਗੁਰਮੀਤ ਸਿੰਘ ਨਡਾਲਾ (ਤਹਿਸੀਲਦਾਰ), ਭਗਵਾਨ ਸਿੰਘ ਲੁਬਾਣਾ (ਰਿਟਾਇਰਡ ਐਸ.ਈ) , ਓਂਕਾਰ ਸਿੰਘ (ਐਸ.ਡੀ .ਓ), ਡਾ. ਮੱਖਣ ਸਿੰਘ (ਡੀ ਐਸ ਐਫ ਓ), ਪ੍ਰਿੰਸੀਪਲ ਬਲਵਿੰਦਰ ਸਿੰਘ, ਵਰਗੇ ਨਾਮੀ ਸੱਜਣ ਸ਼ਾਮਿਲ ਸਨ। ਇਸ ਮੌਕੇ ਕਾਲਮ ਨਵੀਸ ਤੇ ਲੈਕਚਰਾਰ ਗੁਰਬਿੰਦਰ ਸਿੰਘ ਮਾਣਕ ਨੇ ਕਿਹਾ ਕਿ ਪੰਜਾਬੀ ਸਭਿਆਚਾਰ 'ਚ ਕਦਰਾਂ ਕੀਮਤਾਂ ਅਤੇ ਮਰਿਆਦਾ ਦੀ ਤਬਦੀਲੀ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤਾ ਦਾ ਨੁਕਸਾਨ ਕੀਤਾ ਜਿਥੇ ਪੰਜਾਬੀਆਂ ਨੇ ਕਿਰਤ ਕਰਨ ਦੇ ਸੰਕਲਪ ਨੂੰ ਤਿਆਗਿਆ ਉੱਥੇ ਵਿਦੇਸ਼ੀਆਂ ਨੇ ਇਸ ਸੰਕਲਪ ਨੂੰ ਅਪਣਾਇਆ। ਬੀਡੀਪੀਓ ਰਾਮ ਲੁਭਾਇਆ ਨੇ ਕਿਹਾ ਕਿ ਪੰਜਾਬੀ ਖੇਡਾਂ ਵਲੋਂ ਮੂੰਹ ਮੋੜ ਕੇ ਨਸ਼ਿਆਂ ਦੇ ਜਾਲ ਵਿੱਚ ਫਸੇ ਜਿਸ ਨਾਲ ਨੌਜਵਾਨ ਵਰਗ ਕੁਰਾਹੇ ਪਿਆ। ਉਹਨਾਂ ਕਿਹਾ ਕਿ ਪੰਜਾਬੀ ਆਪਣੀ ਪੰਜਾਬੀ ਬੋਲੀ ਅਤੇ ਭਾਸ਼ਾ ਨੂੰ ਤਿਆਗ ਕੇ ਪੰਜਾਬੀਅਤਾ ਨੂੰ ਧੋਖਾ ਦੇ ਰਹੇ ਹਨ। ਡਿਪਟੀ ਚੀਫ ਇੰਜੀਨੀਅਰ ਭਗਵਾਨ ਸਿੰਘ ਲੁਬਾਣਾ ਨੇ ਕਿਹਾ ਪ੍ਰਾਚੀਨ ਤੋਂ ਪੰਜਾਬ ਜੰਗਾਂ -ਯੁਧਾਂ ਅਖਾੜਾ ਬਣਿਆ ਰਹਿਣ ਕਰਕੇ ਪੰਜਾਬੀ ਬਹਾਦਰ, ਅਣਖੀ ਅਤੇ ਯੋਧੇ ਬਣੇ ਰਹੇ ਪਰ ਗੀਤਕਾਰਾਂ ਅਤੇ ਗਾਇਕਾਂ ਨੇ ਹਥਿਆਰਾਂ, ਨਸ਼ਿਆਂ ਅਤੇ ਲਚਰਤਾ ਦੇ ਗੀਤਾਂ ਰਾਹੀਂ ਪੰਜਾਬੀਆਂ ਨੂੰ ਬੁਜ਼ਦਿਲ ਬਣਾਉਣ ਦੀ ਕੋਸ਼ਿਸ਼ ਕੀਤੀ। ਤਹਿਸੀਲਦਾਰ ਗੁਰਮੀਤ ਸਿੰਘ ਨਡਾਲਾ ਨੇ ਕਿਹਾ ਪੰਜਾਬੀਆਂ ਚ ਖਾਣ ,ਪੀਣ,ਰਹਿਣ- ਸਹਿਣ,ਉੱਠਣ -ਬੈਠਣ ਅਤੇ ਪਹਿਨਣ ਦੀ ਤਬਦੀਲੀ ਘਾਤਕ ਸਿੱਧ ਹੋਈ ਕਿਉਂਕਿ ਉਹ ਘਰ ਦਾ ਰਵਾਇਤੀ ਭੋਜਨ ਛੱਡ ਕੇ ਬਜਾਰਾਂ ਵਿੱਚ ਫਾਸਟ ਖਾਣਾ ਖਾਣ ਕਰਕੇ ਸਰੀਰ ਤੌਰ 'ਤੇ ਕਮਜ਼ੋਰ ਹੋ ਰਹੇ ਹਨ। ਪ੍ਰਿੰਸੀਪਲ ਬਲਵਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਦੇ ਨੌਜਵਾਨ ਵਰਗ ਦੀ ਪੰਜਾਬ ਨੂੰ ਛੱਡ ਕੇ ਵਿਦੇਸ਼ ਵਿੱਚ ਜਾਣ ਦੀ ਰੁਚੀ ਅਤੇ ਦੂਜੇ ਸੂਬਿਆਂ ਵਿੱਚੋਂ ਪੰਜਾਬ ਵਿੱਚ ਦੂਜੇ ਸੂਬਿਆਂ ਤੋਂ ਲੋਕਾਂ ਦਾ ਆਉਣਾ ਭਵਿੱਖ ਲਈ ਖਤਰੇ ਦੀ ਘੰਟੀ ਹੈ। ਡਾ. ਮੱਖਣ ਸਿੰਘ ਡੀ ਐਸ ਐਫ ਓ ਨੇ ਕਿਹਾ ਕਿ ਸਰਕਾਰ ਨੇ ਸਰਕਾਰੀ ਨੌਕਰੀ ਵਿੱਚ ਬਾਹਰਲੇ ਸੂਬਿਆਂ ਦੇ ਲੋਕਾਂ ਨੂੰ ਨੌਕਰੀਆਂ ਦੇ ਦਰਵਾਜੇ ਖੋਲ ਕੇ ਅਤੇ ਪਰਵਾਸੀ ਪੰਜਾਬੀਆਂ ਨੂੰ ਪੰਜਾਬ ਵਿੱਚ ਜਮੀਨਾਂ ਖਰੀਦਣ ਦੀ ਖੁੱਲ੍ਹ ਦੇ ਕੇ ਪੰਜਾਬ ਨਾਲ ਦਗਾ ਕਮਾਇਆ। ਗਾਇਕ ਨਿਸ਼ਾਨ ਬਹਿਰਾਮੀਆ ਨੇ 'ਸਭ ਤੋਂ ਉੱਚੀ ਸ਼ਾਨ ਧਰਤ ਪੰਜਾਬ ਦੀ ਏ' ਅਤੇ ਵਿਦਿਆਰਥਣ ਸਿਮਰਨ (ਬੀ.ਸੀ.ਏ 1) ਨੇ 'ਤੇਰੇ ਬਿਨਾਂ ਮੇਰਾ ਕੌਣ ਨੀ ਮਿੱਟੀਏ' ਗਾ ਕੇ ਵਾਹ ਵਾਹ ਖੱਟੀ ।

10-Nov-PAGE-4.qxd 11/9/2023 10:52 PM Page 1

ਨਵਾਂ ਜ਼ਮਾਨਾ
ਸ਼ੁੱਕਰਵਾਰ, 10 ਨਵੰਬਰ 2023

# ਨੋਟਬੰਦੀ ਦੇ ਸੱਤ ਸਾਲ

ਪਿਛਲੇ 8-9 ਸਾਲਾਂ ਤੋਂ ਕੇਂਦਰ ਸਰਕਾਰ ਤੇ ਹੁਕਮਰਾਨ ਪਾਰਟੀ ਕੈਲੰਡਰ ਦੇਖ ਕੇ ਹਰ ਮੌਕੇ 'ਤੇ ਕੋਈ ਨਾ ਕੋਈ ਈਵੈਂਟ ਕਰਦੀ ਆ ਰਹੀ ਹੈ। ਇੱਥੋਂ ਤੱਕ ਕਿ ਕੋਰੋਨਾ ਮਹਾਂਮਾਰੀ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤਾਲੀ-ਥਾਲੀ, ਦੀਵੇ-ਮੋਮਬੱਤੀ-ਆਤਿਸ਼ਬਾਜ਼ੀ, ਹਸਪਤਾਲਾਂ 'ਤੇ ਜਹਾਜ਼ਾਂ ਨਾਲ ਫੁੱਲਾਂ ਦੀ ਵਰਖਾ ਤੇ ਟੀਕਾ ਮਹਾਂਉਤਸਵ ਵਰਗੇ ਈਵੈਂਟ ਕਰਵਾ ਦਿੱਤੇ। ਪ੍ਰਧਾਨ ਮੰਤਰੀ ਦੀਆਂ ਯੋਜਨਾਵਾਂ ਦਾ ਗਰੀਬਾਂ ਤੇ ਬੇਰੁਜ਼ਗਾਰਾਂ ਨੂੰ ਖਾਸ ਲਾਭ ਮਿਲਿਆ ਹੋਵੇ ਜਾਂ ਨਾ, ਈਵੈਂਟ ਹੁੰਦੇ ਰਹਿੰਦੇ ਹਨ, ਪਰ ਪ੍ਰਧਾਨ ਮੰਤਰੀ ਵੱਲੋਂ ਲਾਗੂ ਨੋਟਬੰਦੀ ਦਾ ਜ਼ਿਕਰ ਨਾ ਸਰਕਾਰ ਕਰਦੀ ਹੈ ਤੇ ਨਾ ਭਾਜਪਾ। ਨੋਟਬੰਦੀ ਦੇ ਸੱਤ ਸਾਲ ਪੂਰੇ ਹੋਣ 'ਤੇ ਵੀ ਸਰਕਾਰ ਤੇ ਭਾਜਪਾ ਨੇ ਕੋਈ ਜਸ਼ਨ ਨਹੀਂ ਮਨਾਇਆ। ਮੋਦੀ ਨੇ ਚਾਣਚੱਕ ਨੋਟਬੰਦੀ ਦਾ ਐਲਾਨ ਕਰਦਿਆਂ ਦਾਅਵਾ ਕੀਤਾ ਸੀ ਕਿ ਇਸ ਨਾਲ ਨਕਲੀ ਨੋਟਾਂ ਦਾ ਚਲਨ ਰੁਕੇਗਾ ਅਤੇ ਕਾਲੇ ਧਨ ਤੇ ਦਹਿਸ਼ਤਗਰਦੀ ਨੂੰ ਲਗਾਮ ਲੱਗੇਗੀ। ਨੋਟਬੰਦੀ ਕਾਮਯਾਬ ਨਾ ਰਹਿਣ 'ਤੇ ਸ਼ੁਰੂ-ਸ਼ੁਰੂ ਵਿਚ ਵੇਲੇ ਦੇ ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਇਹ ਕੈਸ਼ਲੈੱਸ ਅਰਥਚਾਰਾ ਬਣਾਉਣ ਦਾ ਪ੍ਰਧਾਨ ਮੰਤਰੀ ਦਾ ਮਾਸਟਰ ਸਟ੍ਰੋਕ ਹੈ। ਉਸੇ ਵੇਲੇ ਮੰਤਰੀ ਹੁੰਦੇ ਰਵੀ ਸ਼ੰਕਰ ਪ੍ਰਸਾਦ ਨੇ ਦਾਅਵਾ ਕੀਤਾ ਕਿ ਨੋਟਬੰਦੀ ਨਾਲ ਦੇਸ਼ ਵਿਚ ਦੇਹ-ਵਪਾਰ 'ਚ ਕਮੀ ਆਈ ਹੈ। ਇਹ ਠੀਕ ਹੈ ਕਿ ਨੋਟਬੰਦੀ ਤੋਂ ਬਾਅਦ ਡਿਜੀਟਲ ਲੈਣ-ਦੇਣ ਵਧਿਆ ਹੈ, ਪਰ ਨਕਦ ਲੈਣ-ਦੇਣ ਵੀ ਇਕ ਤਰ੍ਹਾਂ ਨਾਲ ਦੁੱਗਣਾ ਹੋ ਗਿਆ ਹੈ। ਭਾਰਤੀ ਰਿਜ਼ਰਵ ਬੈਂਕ ਦੇ ਅੰਕੜਿਆਂ ਮੁਤਾਬਕ ਇਸ ਵੇਲੇ 32 ਲੱਖ 42 ਹਜ਼ਾਰ ਕਰੋੜ ਰੁਪਏ ਦੇ ਨੋਟ ਚੱਲ ਰਹੇ ਹਨ, ਜਦਕਿ 4 ਨਵੰਬਰ 2016 ਵਿਚ 17 ਲੱਖ 97 ਹਜ਼ਾਰ ਕਰੋੜ ਰੁਪਏ ਸਨ।

ਸਰਕਾਰ ਅੰਕੜਿਆਂ ਦੀ ਬਾਜ਼ੀਗਰੀ ਦਿਖਾ ਕੇ ਜਿੰਨਾ ਮਰਜ਼ੀ ਢੋਲ ਵਜਾਏ ਕਿ ਭਾਰਤ ਦੁਨੀਆ ਵਿਚ ਵੱਡੀ ਆਰਥਕ ਤਾਕਤ ਬਣ ਗਿਆ ਹੈ। ਹਕੀਕਤ ਇਹ ਹੈ ਕਿ ਕੌਮਾਂਤਰੀ ਬਾਜ਼ਾਰ ਵਿਚ ਡਾਲਰ ਦੇ ਮੁਕਾਬਲੇ ਰੁਪਏ ਦੀ ਕਦਰ ਘਟਣ ਦਾ ਸਿਲਸਿਲਾ ਨੋਟਬੰਦੀ ਤੋਂ ਬਾਅਦ ਤੇਜ਼ ਹੀ ਹੋਇਆ ਹੈ। ਬਰਾਮਦਾਂ ਵਿਚ ਲਗਾਤਾਰ ਗਿਰਾਵਟ ਹੋ ਰਹੀ ਹੈ ਤੇ ਵਿਦੇਸ਼ੀ ਮੁਦਰਾ ਭੰਡਾਰ ਲਗਾਤਾਰ ਘਟ ਰਿਹਾ ਹੈ। ਨੋਟਬੰਦੀ ਦੇ ਕਾਰਨ ਪਹਿਲੀ ਵਾਰ ਇਹ ਸ਼ਰਮਨਾਕ ਨੌਬਤ ਆਈ ਕਿ ਭਾਰਤ ਸਰਕਾਰ ਨੂੰ ਆਪਣਾ ਖਰਚ ਚਲਾਉਣ ਲਈ ਰਿਜ਼ਰਵ ਬੈਂਕ ਦੇ ਰਿਜ਼ਰਵ ਫੰਡ ਤੋਂ ਇਕ ਵਾਰ ਨਹੀਂ, ਦੋ ਵਾਰ ਪੈਸਾ ਲੈਣਾ ਪਿਆ ਅਤੇ ਮੁਨਾਫੇ ਵਿਚ ਚੱਲ ਰਹੇ ਸਰਕਾਰੀ ਉੱਦਮ ਨਿੱਜੀ ਖੇਤਰ ਨੂੰ ਵੇਚਣੇ ਪੈ ਰਹੇ ਹਨ। ਪ੍ਰਧਾਨ ਮੰਤਰੀ ਨੇ ਨੋਟਬੰਦੀ ਦੇ ਪੰਜਵੇਂ ਦਿਨ 13 ਨਵੰਬਰ 2016 ਨੂੰ ਭਾਸ਼ਣ ਦਿੱਤਾ ਸੀ—ਮੈਂ ਦੇਸ਼ ਤੋਂ ਸਿਰਫ 50 ਦਿਨ ਮੰਗੇ ਹਨ। ਮੈਨੂੰ 30 ਦਸੰਬਰ ਤੱਕ ਵਕਤ ਦਿਓ, ਉਸ ਦੇ ਬਾਅਦ ਮੇਰੀ ਕੋਈ ਗਲਤੀ ਨਿਕਲ ਆਵੇ, ਕੋਈ ਕਮੀ ਰਹਿ ਜਾਵੇ, ਮੇਰੇ ਇਰਾਦੇ ਗਲਤ ਨਿਕਲ ਜਾਣ ਤਾਂ ਦੇਸ਼ ਮੈਨੂੰ ਕਿਸੇ ਵੀ ਚੌਰਾਹੇ 'ਤੇ ਖੜ੍ਹਾ ਕਰਕੇ ਸਜ਼ਾ ਦੇ ਦੇਵੇ, ਮੈਂ ਭੁਗਤਣ ਨੂੰ ਤਿਆਰ ਹਾਂ। ਮੋਦੀ ਦੇ ਇਸ ਭਾਸ਼ਣ ਨੂੰ ਲੰਘੇ 1825 ਦਿਨ ਹੋ ਗਏ ਹਨ, ਪਰ ਉਹ ਭੁੱਲ ਕੇ ਵੀ ਨੋਟਬੰਦੀ ਦਾ ਜ਼ਿਕਰ ਨਹੀਂ ਕਰਦੇ। ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਨੋਟਬੰਦੀ ਦੇ ਇਕ ਸਾਲ ਬਾਅਦ ਸੰਸਦ ਵਿਚ ਕਿਹਾ ਸੀ ਕਿ ਨੋਟਬੰਦੀ ਸੰਗਠਤ ਲੁੱਟ ਤੇ ਕਾਨੂੰਨੀ ਡਾਕਾ ਹੈ। ਅਰਥ ਸ਼ਾਸਤਰੀ ਜਯਾ ਦ੍ਰੇਜ਼ ਨੇ ਇਸ ਨੂੰ ਪੂਰੀ ਰਫਤਾਰ ਨਾਲ ਚੱਲ ਰਹੀ ਕਾਰ ਦੇ ਟਾਇਰਾਂ ਵਿਚ ਗੋਲੀ ਮਾਰਨਾ ਦੱਸਿਆ ਸੀ।

## ਪਾਠਕ-ਸੱਥ

### ਵਾਹਨਾਂ ਦੀ ਓਵਰਲੋਡਿੰਗ

ਮਨੁੱਖ ਦੇ ਇਹ ਸੁਭਾਅ ਵਿਚ ਹੀ ਹੈ ਕਿ ਉਹ ਥੋੜ੍ਹੇ ਜਿਹੇ ਲਾਲਚ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ, ਉਹ ਵਾਤਾਵਰਨ ਦਾ ਵੀ ਨੁਕਸਾਨ ਕਰ ਸਕਦਾ ਹੈ ਅਤੇ ਆਪਣੀ ਜ਼ਿੰਦਗੀ ਨੂੰ ਵੀ ਮੁਸ਼ਕਲਾਂ ਵਿੱਚ ਪਾ ਸਕਦਾ ਹੈ। ਇਹੀ ਸਭ ਕੁਝ ਅਜੋਕੇ ਸਮੇਂ ਵਿੱਚ ਸੜਕ ਹਾਦਸਿਆਂ ਦੇ ਮੁੱਖ ਕਾਰਨਾਂ ਵਿਚੋਂ ਇੱਕ ਬਣਿਆ ਹੋਇਆ ਹੈ। ਵਾਹਨ ਓਵਰਲੋਡਿੰਗ ਇਸ ਤਰ੍ਹਾਂ ਕੀਤੇ ਜਾਂਦੇ ਹਨ ਕਿ ਉਹ ਸਾਰੀ ਸੜਕ ਹੀ ਰੋਕ ਲੈਂਦੇ ਹਨ, ਪਿੱਛੇ ਆ ਰਿਹਾ ਵਾਹਨ ਹਾਰਨ 'ਤੇ ਹਾਰਨ ਵਜਾ ਰਿਹਾ ਹੁੰਦਾ ਹੈ, ਪਰ ਗਾਣਿਆਂ ਵਿੱਚ ਮਸਤ ਚਾਲਕ ਨੂੰ ਕੁਝ ਵੀ ਸੁਣਾਈ ਨਹੀਂ ਦਿੰਦਾ। ਨੌਬਤ ਲੜਾਈ-ਝਗੜੇ ਤੱਕ ਪਹੁੰਚ ਜਾਂਦੀ ਹੈ। ਹੁਣ ਅਸੀਂ ਦੇਖ ਰਹੇ ਹੋਵਾਂਗੇ ਕਿ ਹਰ ਪਾਸੇ ਪਰਾਲੀ ਤੋਂ ਗੱਠਾਂ ਬਣਾਉਣ ਦਾ ਕੰਮ ਚੱਲ ਰਿਹਾ ਹੈ। ਇਹ ਗੱਠਾਂ ਵਾਲੀਆਂ ਟਰਾਲੀਆਂ ਕੰਡਾ ਕਰਵਾਉਣ ਲਈ ਲੰਮੀਆਂ-ਲੰਮੀਆਂ ਕਤਾਰਾਂ ਬਣਾ ਕੇ ਖੜ ਜਾਂਦੀਆਂ ਹਨ। ਸ਼ਾਮ ਨੂੰ ਕੰਡਾ ਬੰਦਾ ਹੋ ਜਾਂਦਾ ਹੈ। ਬੀਤੇ ਦਿਨੀਂ ਗੱਠਾਂ ਨਾਲ ਭਰੀ ਟਰਾਲੀ ਨਾਲ ਮੋਟਰਸਾਈਕਲ ਦੀ ਟੱਕਰ ਹੋ ਗਈ। ਟ੍ਰੈਫਿਕ ਨਿਯਮਾਂ ਵਿੱਚ ਲਾਪਰਵਾਹੀ ਕਰਨਾ ਸੜਕ ਹਾਦਸਿਆਂ ਨੂੰ ਸੱਦਾ ਦਿੰਦਾ ਹੈ। ਵਾਹਨਾਂ ਦੀ ਓਵਰਲੋਡਿੰਗ ਨਾ ਕੀਤੀ ਜਾਵੇ। ਵਾਹਨਾਂ 'ਤੇ ਇੰਡੀਕੇਟਰ ਲਗਾਏ ਜਾਣ, ਜੋ ਰਾਤ ਨੂੰ ਵਾਹਨ ਦੇ ਹੋਣ ਦਾ ਸੰਕੇਤ ਦੇਣ, ਤਾਂ ਕਿ ਸੜਕ ਹਾਦਸਿਆਂ ਨੂੰ ਟਾਲਿਆ ਜਾ ਸਕੇ।

**-ਰਜਵਿੰਦਰ ਪਾਲ ਸ਼ਰਮਾ**, 70873-67969

### ਤਿਉਹਾਰਾਂ ਮੌਕੇ ਮਿਲਾਵਟ ਜ਼ੋਰਾਂ 'ਤੇ

ਇਨ੍ਹਾਂ ਦਿਨਾਂ ਵਿੱਚ ਦੀਵਾਲੀ ਦੇ ਤਿਉਹਾਰ ਦੀਆਂ ਤਿਆਰੀਆਂ ਚੱਲ ਰਹੀਆਂ ਹਨ, ਹਰ ਪਾਸੇ ਦਿਵਾਲੀ ਦਿਵਾਲੀ ਹੋ ਰਹੀ ਹੈ ਹੋਵੇ ਵੀ ਕਿਉ ਨਾ, ਕਿਉਂਕਿ ਦੀਵਾਲੀ ਬਹੁਤ ਹੀ ਚਾਅ ਨਾਲ ਹਰ ਕੋਈ ਵੱਡਾ, ਛੋਟਾ ਅਮੀਰ-ਗਰੀਬ ਮਨਾਉਂਦਾ ਹੈ। ਦੀਵਾਲੀ ਦੇ ਉੱਤੇ ਸਭ ਤੋਂ ਵੱਧ ਪ੍ਰਚਲਨ ਮਠਿਆਈਆਂ ਦਾ ਹੁੰਦਾ ਹੈ। ਜਿੱਧਰ ਦੇਖੋ ਹਰ ਕੋਈ ਮਠਿਆਈ ਦਾ ਡੱਬਾ ਹੀ ਚੁੱਕੀ ਫਿਰਦਾ ਹੈ। ਇਹ ਤਾਂ ਸਾਨੂੰ ਚੰਗੀ ਤਰ੍ਹਾਂ ਪਤਾ ਹੀ ਹੈ ਕਿ ਵੱਡੀ ਮਾਤਰਾ ਵਿੱਚ ਜੋ ਵੀ ਖਾਣ ਪੀਣ ਦੀਆਂ ਚੀਜਾਂ ਬਣਾਈਆਂ ਜਾਂਦੀਆਂ ਹਨ ਉਹ ਪੂਰੀ ਤਰ੍ਹਾਂ ਹੀ ਗਲਤ ਤਰੀਕੇ ਨਾਲ ਬਣਦੀਆਂ ਹਨ। ਹਲਵਾਈ ਵੀ ਕੀ ਕਰਨ ਇਨ੍ਹਾਂ ਦਿਨਾਂ ਵਿੱਚ ਮੰਗ ਹੀ ਬਹੁਤ ਵੱਧ ਜਾਂਦੀ ਹੈ ਉਸ ਨੂੰ ਪੂਰਾ ਕਰਨ ਲਈ ਬਹੁਤ ਕੁਝ ਅਪਣਾਇਆ ਜਾਂਦਾ ਹੈ। ਕਈ-ਕਈ ਦਿਨ ਪਹਿਲਾਂ ਖਾਣ-ਪੀਣ ਵਾਲੀਆਂ ਚੀਜ਼ਾਂ ਸਟੋਰ ਕਰਕੇ ਰੱਖ ਦਿੱਤੀਆਂ ਜਾਂਦੀਆਂ ਹਨ ਤੇ ਜਦੋਂ ਖਾਂਦੇ ਹਾਂ, ਫਿਰ ਉਹ ਆਪਣਾ ਰੰਗ ਦਿਖਾਉਦੀਆਂ ਹਨ। ਇੱਕ ਪੇਂਡੂ ਇਲਾਕੇ ਵਿੱਚ ਹਲਵਾਈ ਦੀ ਦੁਕਾਨ ਚਲਾ ਰਹੇ ਵਿਅਕਤੀ ਨੇ ਦੱਸਿਆ ਕਿ ਇਲਾਕੇ ਵਿੱਚ ਏਨਾ ਦੁੱਧ ਨਹੀਂ ਜਿੰਨੀ ਮੰਗ ਹੁੰਦੀ ਹੈ, ਸੋ ਮਜਬੂਰਨ ਮਿਲਾਵਟ ਬਿਨਾਂ ਕੋਈ ਹੱਲ ਹੀ ਨਹੀਂ। ਉਂਝ ਤਾਂ ਸਾਡੇ ਬਜ਼ਾਰਾਂ ਵਿੱਚ ਸਾਰਾ ਸਾਲ ਹੀ ਮਿਲਾਵਟੀ ਚੀਜ਼ਾਂ ਮਿਲਦੀਆਂ ਹਨ, ਪਰ ਤਿਉਹਾਰਾਂ ਦੇ ਦਿਨਾਂ ਵਿੱਚ ਤਾਂ ਭਰਮਾਰ ਹੁੰਦੀ ਹੈ। ਹੁਸ਼ਿਆਰਪੁਰ ਨਾਲ ਸੰਬੰਧਿਤ ਇੱਕ ਅਫਸਰ ਲਖਵੀਰ ਸਿੰਘ ਹੈ, ਜੋ ਖੁਦ ਨਕਲੀ ਮਾਲ ਜੋ ਖਾਣ-ਪੀਣ ਨਾਲ ਸਬੰਧਿਤ ਹੈ, ਉਸਨੂੰ ਫੜ ਰਿਹਾ ਹੈ, ਬਾਕੀ ਪੰਜਾਬ ਵਿੱਚ ਕਿਸੇ ਵੀ ਟੀਮ ਦੀ ਕੋਈ ਸਰਗਰਮੀ ਸਾਹਮਣੇ ਨਹੀਂ ਆਈ, ਜਿਸ ਤੋਂ ਇਸ਼ਾਰਾ ਮਿਲ ਰਿਹਾ ਹੈ। ਸੋ ਲੋਕਾਂ ਨੂੰ ਖੁਦ ਵੀ ਸੋਚਣਾ ਚਾਹੀਦਾ ਹੈ ਕਿ ਅਸੀਂ ਨਕਲੀ ਖਾਣ-ਪੀਣ ਦੀਆਂ ਚੀਜ਼ਾਂ ਤੋਂ ਬਚੀਏ ਤੇ ਬਿਮਾਰੀਆਂ ਨਾ ਸਹੇੜੀਏ।

**-ਬਲਬੀਰ ਸਿੰਘ ਬੱਬੀ**, 700 910 7300

# ਦ੍ਰਿੜ੍ਹ ਇਰਾਦੇ ਵਾਲੇ ਸਨ ਸਾਥੀ ਰਣਜੀਤ ਸਿੰਘ ਬਿਝੋਕੀ

**ਸੁਖਦੇਵ ਸ਼ਰਮਾ**

ਸਾਥੀ ਰਣਜੀਤ ਸਿੰਘ ਬਿਝੋਕੀ ਦਾ ਜਨਮ 10 ਜਨਵਰੀ 1960 ਨੂੰ ਸ. ਫਕੀਰ ਸਿੰਘ ਦੇ ਘਰ ਮਾਤਾ ਅਮਰ ਕੌਰ ਦੀ ਕੁੱਖੋਂ ਪਿੰਡ ਬਿਝੋਕੀ ਕਲਾਂ ਵਿਖੇ ਹੋਇਆ। ਸਾਥੀ ਨੇ ਮੁਢਲੀ ਵਿੱਦਿਆ ਉਪਰੰਤ ਦਸਵੀਂ ਸਰਕਾਰੀ ਹਾਈ ਸਕੂਲ ਗੁਆਰਾਤੋ ਪਾਸ ਕੀਤੀ ਇਸ ਉਪਰੰਤ ਮਾਲੇਰਕੋਟਲਾ ਕਾਲਜ ਵਿੱਚ ਦਾਖ਼ਲਾ ਲਿਆ, ਪਰ ਘਰ ਦੀਆਂ ਆਰਥਿਕ ਹਾਲਤਾਂ ਸਾਜ਼ਗਾਰ ਨਾ ਹੋਣ ਕਾਰਨ ਪੜ੍ਹਾਈ ਅੱਧਵਾਟੇ ਛੱਡ ਕੇ ਪੰਜਾਬ ਰਾਜ ਬਿਜਲੀ ਬੋਰਡ ਵਿੱਚ ਕੱਚੇ ਕਾਮੇ ਦੇ ਤੌਰ 'ਤੇ ਭਰਤੀ ਹੋਣਾ ਪਿਆ। 1982 ਵਿੱਚ ਸਾਥੀ ਰਣਜੀਤ ਸਿੰਘ ਦੀ ਸ਼ਾਦੀ ਬੀਬੀ ਸੁਖਵਿੰਦਰ ਕੌਰ ਪਿੰਡ ਲੋਹਾਰ ਮਾਜਰਾ ਨਾਲ ਹੋਈ, ਸਾਥੀ ਦੇ ਘਰ ਇਕੋ-ਇੱਕ ਬੱਚਾ ਮਨਦੀਪ ਸਿੰਘ ਪੈਦਾ ਹੋਇਆ, ਜਿਸ ਦੀ ਸ਼ਾਦੀ ਬੀਬੀ ਲਖਵਿੰਦਰ ਕੌਰ ਨਾਲ ਹੋਈ, ਜਿਨ੍ਹਾ ਦੇ ਘਰ ਇੱਕ ਲੜਕਾ ਅਤੇ ਲੜਕੀ ਪੈਦਾ ਹੋਏ। ਸਾਥੀ ਹਾਲੇ ਕੱਚੇ ਕਾਮੇ ਦੇ ਤੌਰ 'ਤੇ ਹੀ ਕੰਮ ਕਰਦਾ ਸੀ, ਜਦ ਉਹ ਬਿਜਲੀ ਫੈਡਰੇਸ਼ਨ ਏਟਕ ਅਤੇ ਟਰੇਡ ਯੂਨੀਅਨ ਦੇ ਸਾਥੀਆਂ ਦੇ ਸੰਪਰਕ ਵਿੱਚ ਆਉਣ ਨਾਲ ਲਾਲ ਝੰਡੇ ਦੀ ਲਹਿਰ ਨਾਲ ਜੁੜ ਗਿਆ।

1984 ਵਿੱਚ ਮਾਲੇਰਕੋਟਲਾ ਵਿਖੇ ਪੱਲੇਦਾਰਾਂ ਦਾ ਕੰਮ ਵੰਡ ਨੂੰ ਲੈ ਕੇ ਕਾਫ਼ੀ ਲੰਮਾ ਸੰਘਰਸ਼ ਚੱਲਿਆ। ਇੱਕ ਪਾਸੇ ਪੱਲੇਦਾਰਾਂ ਦੀ ਏਟਕ ਦੀ ਜਥੇਬੰਦੀ ਅਤੇ ਦੂਸਰੇ ਪਾਸੇ ਰਾਜ ਕਰਦੀ ਪਾਰਟੀ ਕਾਂਗਰਸ ਦੀ ਇੰਟਕ ਦੀ ਯੂਨੀਅਨ ਸੀ। ਸਿਆਸੀ ਦਬਾਅ ਹੇਠ ਐੱਸ ਡੀ ਐੱਮ ਮਾਲੇਰਕੋਟਲਾ ਨੇ ਏਟਕ ਦੇ ਪੱਲੇਦਾਰਾਂ ਨਾਲ ਸੰਬੰਧਤ ਪ੍ਰਮੁੱਖ ਆਗੂਆਂ, ਜਿਨ੍ਹਾਂ ਵਿੱਚ ਸਾਥੀ ਭਗਵਾਨ ਸਿੰਘ ਅਣਖੀ, ਮਦਨ ਲਾਲ ਬਾਗੀ, ਹਰਨੇਕ ਸਿੰਘ ਖੰਨਾ ਨੂੰ ਮਸਲੇ ਦੇ ਹੱਲ ਦੇ ਬਹਾਨੇ ਸੱਦ ਕੇ ਆਪਣੇ ਦਫ਼ਤਰ ਤੋਂ ਹੀ ਸੈਂਟਰਲ ਜੇਲ੍ਹ ਭੇਜ ਦਿੱਤਾ, ਉਸ ਸਮੇਂ ਲੱਗੀ ਦਫਾ 144 ਦੇ ਬਹਾਨੇ ਸੰਘਰਸ਼ ਨੂੰ ਕੁਚਲਣਾ ਸ਼ੁਰੂ ਕਰ ਦਿੱਤਾ ਤਾਂ ਪੀ ਐੱਸ ਈ ਬੀ ਇੰਪ: ਫੈਡਰੇਸ਼ਨ ਏਟਕ ਨੇ ਮੀਟਿੰਗ ਬੁਲਾ ਕੇ ਉਪਰੋਕਤ ਆਗੂਆਂ ਦੀ ਪੇਸ਼ੀ ਸਮੇਂ ਵੱਡਾ ਇਕੱਠ ਕਰਨ ਦਾ ਫੈਸਲਾ ਲਿਆ। ਪੇਸ਼ੀ ਸਮੇਂ ਹੋਏ ਵੱਡੇ ਇਕੱਠ ਵਿੱਚ ਜਥੇਬੰਦੀ ਦੇ ਆਗੂ ਅਤੇ ਉਤਸ਼ਾਹੀ ਵਰਕਰ ਐੱਸ ਡੀ ਐੱਮ ਦੀ ਕੋਰਟ ਵਿੱਚ ਦਾਖਲ ਹੋ ਕੇ ਦਫ਼ਾ 144 ਦੀਆਂ ਧੱਜੀਆਂ ਉਡਾਉਂਦੇ ਹੋਏ ਉਸ ਦੀ ਅਦਾਲਤ ਵਿੱਚ ਹੀ ਨਾਅਰੇ ਲਾਉਣ ਲੱਗ ਪਏ। 144 ਤੋੜਨ 'ਤੇ ਪੁਲਸ ਲੱਗਭੱਗ 60 ਵਰਕਰਾਂ ਨੂੰ ਗ੍ਰਿਫ਼ਤਾਰ ਕਰਕੇ ਥਾਣਾ ਮਾਲੇਰਕੋਟਲਾ ਲੈ ਗਈ, ਜਿਨ੍ਹਾਂ ਵਿੱਚ ਸਾਥੀ ਰਣਜੀਤ ਸਿੰਘ ਬਿਝੋਕੀ ਵੀ ਸ਼ਾਮਲ ਸੀ ਅਤੇ ਥਾਣੇ ਵਿੱਚੋਂ 38 ਵਰਕਰਾਂ ਜਿਨ੍ਹਾਂ ਸਾਥੀ ਬਿਝੋਕੀ ਸਮੇਤ ਲੇਖਿਕ (ਸੁਖਦੇਵ ਸ਼ਰਮਾ) ਕੌਰ ਸਿੰਘ, ਹਰਭਜਨ ਸਿੰਗਲਾ, ਕਰਮਚੰਦ, ਨਿਰਮਲ ਸਿੰਘ ਬਟਰੀਆਣਾ, ਗਮਦੂਰ ਸਿੰਘ, ਗੁਰਚਰਨ ਸਿੰਘ ਘਮਰੋਦਾ ਸ਼ਾਮਲ ਸੀ, ਨੂੰ ਸੈਂਟਰਲ ਜੇਲ੍ਹ ਸੰਗਰੂਰ ਭੇਜ ਦਿੱਤਾ ਗਿਆ। ਸਾਥੀ ਰਣਜੀਤ ਸਿੰਘ ਨਾਲ 18 ਦਿਨ ਦਿਨ-ਰਾਤ ਇਕੱਠੇ ਰਹਿਣ ਦਾ ਸਮਾਂ ਮਿਲਿਆ। ਮੈਨੂੰ ਜੇਲ੍ਹ ਤਾਂ ਮਜ਼ਦੂਰ ਕਾਜ ਕਾਰਨ ਮੁੜ ਵੀ ਤਿੰਨ ਵਾਰ ਜਾਣਾ ਪਿਆ, ਪਰ ਪਹਿਲੀ ਜੇਲ੍ਹ ਦੀ ਸਿੱਖਿਆ ਨੇ ਨਿਰਾਸ਼ਾ ਨਾ ਆਉਣ ਦਿੱਤੀ। ਸਾਥੀ ਰਣਜੀਤ ਆਪਣੀ ਧੁੰਨ ਦੇ ਪਰਪੱਕ ਸਾਥੀ ਸਨ। ਉਨ੍ਹਾ ਮੁੜ ਕੇ ਕਦੇ ਵੀ ਅੰਤਮ ਸਵਾਸਾ ਤੱਕ ਪਿੱਛੇ ਨਹੀਂ ਦੇਖਿਆ। ਸਾਰਾ ਜੀਵਨ ਸੀ ਪੀ ਆਈ ਅਤੇ ਏਟਕ ਦੀ ਅਗਵਾਈ ਵਿੱਚ ਹੇਠਲੇ ਤਬਕੇ ਦੇ ਦੁੱਖਾਂ ਨੂੰ ਹੱਲ ਕਰਨ ਲਈ ਸਮਰਪਿਤ ਕੀਤਾ। ਸਾਥੀ 1986 ਵਿੱਚ ਬਿਜਲੀ ਬੋਰਡ ਵਿੱਚ ਪੱਕੇ ਹੋਣ ਉਪਰੰਤ 1987 ਵਿੱਚ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਦੇ ਮੰਡਲ ਪ੍ਰਧਾਨ ਬਣੇ।



ਲਗਾਤਾਰ ਸਾਥੀ ਜੀ ਦੀ ਅਗਵਾਈ ਵਿੱਚ ਬਿਜਲੀ ਬੋਰਡ ਦਾ ਇਹ ਮੰਡਲ ਲੜਾਈ ਦਾ ਅਖਾੜਾ ਬਣਿਆ ਰਿਹਾ। ਮਾਲੇਰਕੋਟਲਾ ਟਰੇਡ ਯੂਨੀਅਨ ਕੋਲ ਬਹੁਤ ਵੱਡੀ ਲੀਡਰਸ਼ਿਪ ਸੀ, ਜਿਨ੍ਹਾਂ ਵਿੱਚ ਭਗਵਾਨ ਸਿੰਘ ਅਣਖੀ, ਮਦਨ ਬਾਗੀ, ਕ੍ਰਿਸ਼ਨ ਸ਼ਾਸਤਰੀ, ਪਿਆਰਾ ਲਾਲ, ਕਾਮਰੇਡ ਭਾਨ ਸਿੰਘ ਭੌਰਾ, ਕਾਮਰੇਡ ਅੱਛਰਾ ਸਿੰਘ ਆਦਿ ਸ਼ਾਮਲ ਸਨ। ਨਵੇਂ ਉੱਭਰੇ ਤਿੰਨ ਸਾਥੀ ਰਣਜੀਤ ਸਿੰਘ ਰਾਣਵਾਂ, ਰਣਜੀਤ ਸਿੰਘ ਬਿਝੋਕੀ ਅਤੇ ਰਣਜੀਤ ਸਿੰਘ ਕਲਿਆਣ ਸਨ, ਜੋ ਅੱਜ ਆਪੋ-ਆਪਣੀਆਂ ਜਥੇਬੰਦੀਆਂ ਦੇ ਮੁੱਖ ਅਹੁਦਿਆਂ 'ਤੇ ਕੰਮ ਕਰ ਰਹੇ ਹਨ। ਉਸ ਸਮੇਂ ਤੋਂ ਸਾਥੀ ਭਰਪੂਰ ਸਿੰਘ ਬੁਲਾਪੁਰ ਟਰੇਡ ਯੂਨੀਅਨ ਦੇ ਮੁੱਖ ਕਾਰਕੁੰਨ ਹਨ।

ਸਾਥੀ ਰਣਜੀਤ ਸਿੰਘ ਬਿਝੋਕੀ ਨੇ ਕੰਮ ਕਰਦਿਆਂ ਕਦੇ ਵੀ ਨੁਕਸਾਨ ਦੀ ਪ੍ਰਵਾਹ ਨਹੀਂ ਕੀਤੀ। ਇੱਕ ਵੱਡੇ ਚੱਲੇ ਸੰਘਰਸ਼ ਮਾਲੇਰਕੋਟਲਾ ਦੇ ਅਧਿਕਾਰੀਆਂ ਦਾ ਘਿਰਾਓ ਕਰਨ ਤੱਕ ਜਾਣਾ ਪਿਆ। ਸਾਥੀ ਨਾਲ ਬਿਜਲੀ ਮੁਲਾਜ਼ਮਾਂ ਦੀ ਵੱਡੀ ਟੀਮ ਨਾਲ ਜਿਸ ਵਿੱਚ ਗੁਰਧਿਆਨ ਸਿੰਘ, ਰਾਜਵੰਤ ਸਿੰਘ, ਗੁਰਜੰਟ ਸਿੰਘ, ਨਰਿੰਦਰ ਸਿੰਘ ਤੇ ਹੋਰ ਵੀ ਸਾਥੀ ਸ਼ਾਮਲ ਸਨ। ਇਸ ਸੰਘਰਸ਼ ਵਿੱਚ ਹਿਊਮਨ ਰਾਈਟਸ ਕਮਿਸ਼ਨ ਸਾਥੀਆਂ ਨੂੰ ਇਸ ਦੀ ਕੁਤਾਹੀ ਦੱਸਦੇ ਹੋਏ 20000 ਰੁਪਏ ਜੁਰਮਾਨਾ ਕਰ ਦਿੱਤਾ। ਮਹਿਕਮੇ ਨੇ ਪੈਨਸ਼ਨ 'ਤੇ ਵੀ ਕੱਟ ਲਾ ਦਿੱਤਾ, ਪਰ ਸਾਥੀ ਨੇ ਕੋਈ ਵੀ ਪ੍ਰਵਾਹ ਨਾ ਕੀਤੀ।

ਸਾਥੀ ਰਣਜੀਤ ਸਿੰਘ ਬਿਝੋਕੀ ਅਤੇ ਜਗਦੇਵ ਸਿੰਘ ਬਾਹੀਆ ਦੀ ਜੋੜੀ ਨੇ ਸੰਘਰਸ਼ ਦੇ ਮੋਹਰੀ ਬਿਜਲੀ ਫੈਡਰੇਸ਼ਨ ਏਟਕ ਦੇ ਸਰਕਲ ਦੀ ਲਗਾਤਾਰ ਅਗਵਾਈ ਕੀਤੀ। ਸਰਕਲ ਦੀ ਟੀਮ ਵਿੱਚ ਸਾਥੀ ਕੌਰ ਸਿੰਘ, ਜੀਵਨ ਸਿੰਘ, ਗੁਰਧਿਆਨ ਸਿੰਘ, ਸੁਰਿੰਦਰ ਸ਼ਰਮਾ, ਗੁਰਜੰਟ ਸਿੰਘ ਅਤੇ ਸੁਰਿੰਦਰ ਮੋਹਨ ਮੋਹਰੀ ਆਗੂ ਰਹੇ। ਸਾਥੀ ਰਣਜੀਤ ਸਿੰਘ ਬਿਝੋਕੀ ਨੇ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਦੀ ਸੂਬਾਈ ਟੀਮ ਵਿੱਚ ਬਤੌਰ ਸੀਨੀਅਰ ਮੀਤ ਪ੍ਰਧਾਨ ਕੰਮ ਕੀਤਾ। ਕੁਲ ਹਿੰਦ ਫੈਡਰੇਸ਼ਨ ਬਿਜਲੀ ਮੁਲਾਜ਼ਮਾਂ ਦੀ ਨੈਸ਼ਨਲ ਵਰਕਿੰਗ ਕਮੇਟੀ ਦੇ ਮੈਂਬਰ ਰਹੇ।

ਸਾਥੀ ਰਣਜੀਤ ਸਿੰਘ ਲੰਮੇ ਸਮੇਂ ਤੋਂ ਜ਼ਿਲ੍ਹਾ ਏਟਕ ਸੰਗਰੂਰ ਦੇ ਸੀਨੀਅਰ ਮੀਤ ਪ੍ਰਧਾਨ ਚਲੇ ਆ ਰਹੇ ਸਨ। ਸਾਥੀ ਵੱਲੋਂ ਓਸਵਾਲ ਐਗਰੋ ਫਿਊਰੇਨ ਵਰਕਰਜ਼ ਯੂਨੀਅਨ ਏਟਕ ਭਸੌੜ ਵੱਲੋਂ ਲੜੇ ਲੰਮੇ ਸੰਘਰਸ਼ ਵਿੱਚ ਅਹਿਮ ਯੋਗਦਾਨ ਪਾਇਆ ਗਿਆ, ਪੈਪਸੀ ਕਾਮਿਆਂ ਦੇ ਸੰਘਰਸ਼ ਦੇ ਅੰਗ-ਸੰਗ ਰਹੇ। ਸਾਥੀ ਜੀ ਨੇ ਦਿੱਲੀ ਵਿੱਚ ਚੱਲੇ ਲੰਮੇ ਕਿਸਾਨ ਸੰਘਰਸ਼ ਵਿੱਚ ਟਰੇਡ ਯੂਨੀਅਨ ਆਗੂ ਹੋਣ ਦੇ ਨਾਤੇ ਪੂਰਨ ਰੂਪ ਵਿੱਚ ਹਿੱਸਾ ਲਿਆ। ਆਪ ਚਾਰ-ਪੰਜ ਵਾਰ ਪੰਜ-ਪੰਜ ਦਿਨ ਪਿੰਡ ਦਾ ਸਰਪੰਚ ਹੋਣ ਦੇ ਬਾਵਜੂਦ ਦਿੱਲੀ ਮੋਰਚੇ ਵਿੱਚ ਲਾ ਕੇ ਆਏ। ਉਨ੍ਹਾਂ ਦੀ ਹਮੇਸ਼ਾ ਖਾਹਿਸ਼ ਹੁੰਦੀ ਕਿ ਲੋਕਾਂ ਦਾ ਸੰਘਰਸ਼ ਜਿੱਤ ਦੇ ਰੂਪ ਵਿੱਚ ਸਾਹਮਣੇ ਆਵੇ।

ਸਾਥੀ ਸੀ ਪੀ ਆਈ ਜ਼ਿਲ੍ਹਾ ਸੰਗਰੂਰ ਦੀ ਕੌਂਸਲ ਤੇ ਜ਼ਿਲ੍ਹਾ ਕਾਰਜਕਾਰਨੀ ਦੇ ਲੰਮੇ ਸਮੇਂ ਤੋਂ ਮੈਂਬਰ ਚਲੇ ਆ ਰਹੇ ਸਨ। 2018 ਤੋਂ ਉਹ ਪਾਰਟੀ ਦੇ ਸਟੇਟ ਕੌਂਸਲ ਮੈਂਬਰ ਸਨ। ਉਹ ਜਦੋਂ ਰਿਟਾਇਰ ਹੋਏ, ਪਿੰਡ ਬਿਝੋਕੀ ਦੇ ਲੋਕਾਂ ਨੇ ਉਨ੍ਹਾ ਦੀਆਂ ਸਰਗਰਮੀਆਂ ਤੇ ਅੱਗੇ ਵਧੂ ਨੀਤੀਆਂ ਕਾਰਨ ਸਰਬ-ਸੰਮਤੀ ਨਾਲ ਪਿੰਡ ਦਾ ਸਰਪੰਚ ਚੁਣ ਲਿਆ। ਸਾਥੀ ਨੇ ਪੰਜ ਸਾਲਾਂ ਦੌਰਾਨ ਪੂਰੀ ਸੰਜੀਦਗੀ ਨਾਲ ਲੋਕ ਸੇਵਾ ਕੀਤੀ। ਉਹ ਅੰਤਲੇ ਸਵਾਸਾਂ ਤੱਕ ਵੀ ਪਿੰਡ ਦੇ ਸਰਪੰਚ ਸਨ।

ਜਿਸ ਦਿਨ ਸਾਥੀ ਬਿੰਝੋਕੀ ਦੇ ਸਕੂਟਰ ਐਕਸੀਡੈਂਟ ਕਾਰਨ ਜਾਨਲੇਵਾ ਸੱਟ ਲੱਗੀ, ਉਸ ਦਿਨ ਵੀ ਸਾਥੀ ਬਿੰਝੋਕੀ ਸੂਬਾ ਏਟਕ ਦੇ ਪ੍ਰਧਾਨ ਸਾਥੀ ਬੰਤ ਬਰਾੜ ਨੂੰ ਮਿਲ ਕੇ ਆਏ ਸਨ। ਸਾਥੀ ਜੀ ਬਿਜਲੀ ਬੋਰਡ ਵਿੱਚ ਚੱਲਦੀਆਂ ਦੋਨਾਂ ਪੈਨਸ਼ਨਰ ਯੂਨੀਅਨਾਂ ਵਿੱਚੋਂ ਕਿਸੇ ਦੇ ਵੀ ਮੈਂਬਰ ਨਹੀਂ ਸਨ। ਉਹ ਚਾਹੁੰਦੇ ਸਨ ਕਿ ਬਿਜਲੀ ਦੇ ਪੈਨਸ਼ਨਰਾਂ ਦੀ ਯੂਨੀਅਨ ਦਾ ਏਟਕ ਨਾਲ ਰਲੇਵਾਂ ਹੋਵੇ।

ਸਾਥੀ ਬਿੰਝੋਕੀ ਦਾ ਗੁਣ ਸੀ ਕਿ ਉਹ ਹਰ ਗੱਲ ਸਾਫ਼ ਤੌਰ 'ਤੇ ਬਾ-ਦਲੀਲ ਕਰਦੇ ਸਨ। ਉਹ ਹਰ ਵੱਡੇ ਤੋਂ ਵੱਡੇ ਲੀਡਰ ਨੂੰ ਆਪਣੀ ਗੱਲ ਕਹਿਣ ਦੇ ਸਮਰੱਥ ਸਨ। ਇਨ੍ਹਾਂ ਮਾੜੀਆਂ ਦੇਸ਼- ਵਿਆਪੀ ਹਾਲਤਾਂ ਵਿੱਚ ਸਾਥੀ ਰਣਜੀਤ ਸਿੰਘ ਬਿੰਝੋਕੀ ਵਰਗੇ ਅਹਿਮ ਆਗੂਆਂ ਦੀ ਦੇਸ਼ ਅਤੇ ਪਾਰਟੀ ਨੂੰ ਬਹੁਤ ਵੱਡੀ ਜ਼ਰੂਰਤ ਸੀ। ਸਾਥੀ ਦਾ ਤੁਰ ਜਾਣਾ ਜਿੱਥੇ ਪਰਵਾਰ ਲਈ ਅਸਹਿ ਘਾਟਾ ਹੈ, ਉਥੇ ਹੀ ਸੀ ਪੀ ਆਈ ਅਤੇ ਏਟਕ ਨੂੰ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਸਾਥੀ ਦੀ ਅੰਤਮ ਅਰਦਾਸ ਅੱਜ 10 ਨਵੰਬਰ ਨੂੰ ਉਨ੍ਹਾ ਦੇ ਪਿੰਡ ਬਿਝੋਕੀ ਵਿਖੇ 1 ਵਜੇ ਹੋਵੇਗੀ, ਜਿਸ ਵਿੱਚ ਸਾਰੇ ਆਗੂ ਸਾਥੀਆਂ ਨੂੰ ਸ਼ਾਮਲ ਹੋਣ ਦੀ ਸਨਿਮਰ ਬੇਨਤੀ ਕੀਤੀ ਜਾਂਦੀ ਹੈ।

***# ਸੰਪਰਕ : 98555-24381***

# ਇਹ ਤਾਂ ਅਮਰੋ ਹੀ ਸੀ...

**ਸਤਨਾਮ ਸ਼ਦੀਦ**

ਸਿਆਣੇ ਕਹਿੰਦੇ ਹੁੰਦੇ ਆ ਵੀ ਜੇ ਬੰਦੇ ਦੀ ਜ਼ਿੰਦਗੀ ਦਾ ਪਹਿਲਾ ਪਹਿਰ ਸੌਖਾ ਲੰਘੇ ਤਾਂ ਪਿਛਲਾ ਪਹਿਰ ਔਖਾਂ ਨਾਲ ਲੰਘਾਉਣਾ ਪੈਂਦਾ ਏ ਤੇ ਜੇ ਪਹਿਲਾ ਪਹਿਰ ਔਖਾਂ ਭਰਿਆ ਹੋਵੇ ਤਾਂ ਪਿਛਲੇ ਪਹਿਰ ਸੁੱਖ ਮਿਲ ਜਾਂਦਾ ਐ। ਪਰ ਕਈ ਲੋਕ ਪਤਾ ਨ੍ਹੀਂ ਕਿਹੜੀ ਤਪਣੀ ਮਿੱਟੀ ਦੇ ਬਣੇ ਹੁੰਦੇ ਆ ਵੀ ਉਨ੍ਹਾਂ ਨੂੰ ਨਾ ਤਾਂ ਪਹਿਲੇ ਪਹਿਰ ਨਾ ਪਿਛਲੇ ਪਹਿਰ ਸੁੱਖ ਮਿਲਦਾ।

ਜਦੋਂ ਨਿੱਕੇ-ਨਿੱਕੇ ਹੁੰਦੇ ਸੀ, ਉਦੋਂ ਤੋਂ ਆਵਦੇ ਅੱਖੀਂ ਦੇਖਦੇ ਆਏ ਹਾਂ ਤੇ ਬੇਬੇ ਹੋਰਾਂ ਤੋਂ ਕੰਨੀ ਸੁਣਦੇ ਆਏ ਆ ਵੀ ਆਹ ਅਮਰੋ ! ਤਾਈ ਵਿਚਾਰੀ ਜਦੋਂ ਦੀ ਵਿਆਹੀ ਆ, ਇਹਦੇ ਸਿਰ ਤੋਂ ਗੋਹੇ ਦੀ ਟੋਕਰੀ ਨ੍ਹੀ ਲਹੀ । ਘਰਵਾਲਾ ਸ਼ਰਾਬੀ-ਕਵਾਬੀ ਮਾੜੀ ਮਾੜੀ ਗੱਲ 'ਤੇ ਸੋਟੀ ਫੜ ਕੇ ਸੂਤ ਸੁੱਟਦਾ ਕਿੰਨੇ ਵਾਰੀ ਤਾਂ ਬੀਬੀ ਹੋਰੀਂ ਛੁਡਾ ਕੇ ਆਈਆਂ ਸੀ। ਅੱਗੋਂ ਉਨ੍ਹਾਂ ਨੂੰ ਵੀ ਗਾਲਾ ਦੁਪੜਾ ਕੱਢਦਾ ਅਖੇ ਇਹ ਸਾਡੇ ਘਰ ਦਾ ਮਾਮਲਾ ਤੁਸੀਂ ਟਿੰਡੇ ਲੈਣੇ ਆ ਸਾਡੇ ਘਰ ਤੋਂ ; ਪਰ ਦੇਖ ਲਾ ਸਿਦਕ ਆ ਮਾਂ ਦੀ ਧੀ ਦਾ ਵੀਹਾਂ ਸਾਲਾਂ ਤੱਕ ਆਵਦੇ ਪੇਕਿਆਂ ਦੇ ਕੰਨੀਂ ਆਪਣੇ ਘਰ ਦੀ ਭੌਰਾ ਭਿਣਕ ਨ੍ਹੀਂ ਪੈਣ ਦਿੱਤੀ ਜਦੋਂ ਸਾਲੀਂ ਛਿਮਾਹੀਂ ਮਾਂ ਪਿਉ ਨੇ ਆਉਣਾ ਤਾਂ ਉਨ੍ਹਾਂ ਨੇ ਕਹਿਣਾ ਅਮਰੋ ਕੀ ਗੱਲ ਪਹਿਲਾਂ ਨਾਲੋਂ ਮਾੜੀ ਹੋ ਗਈ ਲੱਗਦੀ ਆਂ ਪ੍ਰਹੁਣਾ ਕੁੱਟਦਾ-ਮਾਰਦਾ ਤਾਂ ਨ੍ਹੀ , ਉਹਨਾਂ ਦੀਆਂ ਗੱਲਾਂ ਨੂੰ ਗੱਲੀਂ-ਬਾਤੀਂ ਟਾਲ ਦਿੰਦੀ। ਕਹਿੰਦੇ ਸੁੱਖ ਨਾਲ ਉਹਦਾ ਪਿਓ ਸੜਕ ਮਹਿਕਮੇ ਵਿੱਚ ਓਵਰਸੀਰ ਲੱਗਾ ਹੋਇਆ ਸੀ।

ਉਨ੍ਹਾਂ ਦਿਨਾਂ ਵਿੱਚ ਵਿਆਹ ਵੇਲੇ ਸਾਇਕਲ ਦਿੱਤਾ ਸੀ ਅਮਰੋ ਨੂੰ ਦਾਜ ਵਿੱਚ ਮਾਪਿਆਂ ਨੇ। ਜਦੋਂ ਕਿਤੇ ਪੇਕੇ ਜਾਂਦੀ ਤਾਂ ਮਾਂ-ਪਿਉ ਨੇ ਜਿਹੜੇ ਲੀੜੇ ਬਣਾ ਦਿੱਤੇ, ਉਹ ਸਾਂਭ-ਸਾਂਭ ਰੱਖ ਲੈਂਦੀ ਤੇ ਘਰੇ ਪੁਰਾਣਿਆਂ ਨੂੰ ਗੰਢ-ਤੁਪ ਕੇ ਪਾ ਲੈਂਦੀ। ਜਦੋਂ ਕਿਤੇ ਦਿਨ-ਤਿਉਹਾਰ ਨੂੰ ਨਵਾਂ ਸੂਟ ਪਾ ਲੈਂਦੀ ਤਾਂ ਆਂਢਣਾਂ-ਗੁਆਂਢਣਾਂ ਨੂੰ ਤਾਂ ਜਣੀ ਗਸ਼ ਹੀ ਪੈ ਜਾਂਦੇ, ਗਿੱਠ ਲੰਮੀ ਧੌਣ, ਉੱਚਾ ਲੰਮਾ, ਕੱਦ, ਪਤਲੀ ਗੰਦਲ ਵਰਗਾ ਸਰੀਰ ਘਰ ਦੇ ਕੰਮਾਂ ਨੂੰ ਤਾਂ ਮੂਹਰੇ ਲਾ ਲੈਂਦੀ ਤੇ ਜੇ ਖੇਤ ਨਰਮਾ ਫੁੱਟੀ ਚੁਗਣਾ ਹੁੰਦਾ ਤਾਂ ਪੰਜਾਂ ਝੋਲੀਆਂ ਦਾ ਨਰਮਾ ਦੋ ਪੱਲੀਆਂ 'ਚ ਨ੍ਹੀਂ ਸਮਾਂਦਾ ਸੀ। ਜੋਖਣ ਵਾਲਿਆਂ ਦੀਆਂ ਅੱਖਾਂ ਟੱਡੀਆਂ ਰਹਿ ਜਾਂਦੀਆਂ ਸੀ ਆਥਣ ਵੇਲੇ।

ਤਿੰਨ ਜਵਾਕ ਹੋਏ, ਆਪ ਪਾਲੇ, ਘਰ ਵਾਲਾ ਤਾਂ ਆਵਦੇ ਢਿੱਡ ਦਾ ਸਕਾ ਸੀ, ਆਵਦੀ ਇੱਕ-ਅੱਧੀ ਦਿਹਾੜੀ ਲਾ ਲੈਂਦਾ ਤੇ ਪੀ ਛੱਡਦਾ ਤੇ ਜਦੋਂ ਕਿਤੇ ਚਾਰਾ ਨਾ ਚੱਲਦਾ ਤਾਂ ਘਰਦੀਆਂ ਚੀਜ਼ਾਂ ਵੇਚਣ 'ਤੇ ਹੋ ਜਾਂਦਾ ਤੇ ਰੋਕਣ 'ਤੇ ਅਮਰੋ ਦੀ ਮਾਰ-ਕੁੱਟ ਕਰਦਾ। ਕਹਿੰਦੇ ਹੁੰਦੇ ਆ ਵੀ ਜਦੋਂ ਘਰ ਵਾਲੇ ਨੇ ਸੁੱਖ ਨ੍ਹੀਂ ਦਿੱਤਾ ਤਾਂ ਔਲਾਦ ਨੇ ਕੀ ਦੇਣਾ ਸੀ। ਆਪ ਤਾਂ ਪਿਛਲੇ ਸਾਲ ਅੱਖਾਂ ਮੀਚ ਗਿਆ ਤੇ ਪਿੱਛੇ ਰਹਿ ਗਈ ਆਹ ਤਪਣੀ ਮਿੱਟੀ ; ਪਰ ਇਹਨੂੰ ਵਿਚਾਰੀ ਨੂੰ ਕੀ ਭਾਅ ਕਿਸੇ ਦਾ ਜਿਹਦੇ ਹੱਥੋਂ ਅੱਜ ਤੱਕ ਜਿਮੀਂਦਾਰਾਂ ਦੇ ਘਰ ਦੀ ਗੋਹੇ-ਕੂੜੇ ਵਾਲੀ ਟੋਕਰੀ ਨ੍ਹੀਂ ਛੁੱਟੀ, ਪਿਉ ਤਾਂ ਜਿਉਂਦੇ ਜੀ ਬਥੇਰਾ ਕੁਲਝਦਾ ਰਿਹਾ ਚੱਲ ਅਮਰੋ ਤੇਰੇ ਖਾਣ ਜੋਗੀਆਂ ਸਾਡੇ ਰੋਟੀਆਂ ਹੈਨੀ, ਪਰ ਔਰਤ ਜਾਤ ਕਿੱਥੇ ਜਿਉਂਦੇ ਜੀ ਪੁੱਤਾਂ ਧੀਆਂ ਨਾਲੋਂ ਮੋਹ ਤੋੜ ਹੋਇਆ ਜਾਂਦਾ, ਕਹਿੰਦੀ ਨਾ ਬਾਪੂ ਮੈਂ ਕਰ ਲਊ ਟਾਇਮ ਪਾਸ ਅੱਧੋ ਵੱਧ ਲੰਘ ਗਈ ਆ ਤੇ ਆਹ ਜਿਹੜੇ ਦੋ-ਚਾਰ ਸਾਲ ਆ ਸੋਚਦੀ ਆਂ ਇਨ੍ਹਾਂ ਨੂੰ ਅੱਖਾਂ ਸਾਹਮਣੇ ਵੇਖਦਿਆਂ ਲੰਘ ਜਾਣ। ਪਹਿਲਾਂ ਵੱਡਾ ਵਿਆਹਿਆ ਵੀ ਚਲ ਕਬੀਲਦਾਰੀ 'ਚ ਪੈ ਕੇ ਹੀ ਇਹਨੂੰ ਮੱਤ ਬੁੱਧ ਆ ਜਾਵੇ, ਪਰ ਕਿੱਥੇ ਜਵਾਂ ਪਿਓ ਦੀ ਲੀਹ ਨ੍ਹੀ ਤੋੜੀ ਕਦੇ ਘਰ ਦਾ ਸਾਇਕਲ ਵੇਚਤਾ, ਕਦੇ ਗੈਸ ਵਾਲੀ ਢੋਲੀ ਤੇ ਕਦੇ ਕੁਛ, ਦੋ ਜਵਾਕ ਹੋ ਗਏ ਉਹ ਵੀ ਜੰਮਦੇ ਹੀ ਬਦਮਾਸ਼ੀ 'ਚ ਪੈਰ ਰੱਖਣ ਲੱਗੇ। ਖਬਰੇ ਕੋਈ ਅੱਗ ਸਵਾਹ ਵੀ ਖਾਂਦੇ ਹੋਣ ਸਾਰੀ ਦਿਹਾੜੀ ਮੰਡੀਰ ਨਾਲ ਤੁਰੇ ਫਿਰਦੇ ਰਹਿੰਦੇ ਆ।

ਅਮਰੋ ਦਾ ਛੋਟਾ ਮੁੰਡਾ ਕਿਸੇ ਦਸ ਸਾਲ ਹੋ ਗਏ ਕਹਿੰਦੇ ਕਿਸੇ ਨਾਲ ਗੱਡੀ ਗੁੱਡੀ ਚੜ੍ਹ ਗਿਆ ਉਹਦਾ ਹਾਲੇ ਤੱਕ ਕੋਈ ਅਤਾ-ਪਤਾ ਨ੍ਹੀਂ ਲੱਗਾ ਵੇਖ ਲਾ ਵਿਚਾਰੀ ਨੇ ਉਹਨੂੰ ਲੱਭਣ ਖਾਤਰ ਕਿਹੜਾ ਖੂਹੀਂ ਟੋਭੀਂ ਪੈਣ ਵਾਲੀ ਕੋਈ ਕਸਰ ਛੱਡੀ, ਪਰ ਅਖੀਰ ਨੂੰ ਅੱਕ-ਹਾਰ ਕੇ ਬਹਿ ਗਈ। ਵੇਖ ਲਾ ਇਹ ਮਾੜਾ ਸਮਾਂ ਸਿਵਿਆਂ ਤੱਕ ਬੰਦੇ ਦਾ ਸਾਥ ਨੀਂ ਛੱਡਦਾ ਜਿਹੜਾ ਵਿਚਾਲੜਾ ਮੁੰਡਾ ਸੀ, ਉਹਨੇ ਪਤਾ ਨ੍ਹੀਂ ਆਵਦੀ ਮਰਜ਼ੀ ਨਾਲ ਵਿਆਹ ਕਰਵਾ ਲਿਆ, ਦੋ ਜਵਾਕ ਹੋਏ ਮੁੰਡਾ ਕੁੜੀ। ਪੰਜ ਸੱਤ ਸਾਲ ਲੰਘੇ ਉਹਦੇ ਘਰ ਵਾਲੀ ਕਿਸੇ ਬਿਮਾਰੀ ਨਾਲ ਮਰ ਗਈ। ਉਹਨਾਂ ਭੋਰਾ ਭਰ ਮਾਂ ਮਛੋਹਰਾਂ ਦੀ ਜ਼ਿਮੇਵਾਰੀ ਵੀ ਆ ਪਈ ਮੋਢਿਆਂ 'ਤੇ , ਵਕਤ ਵੀ ਕਹਿੰਦਾ ਹੋਣਾ ਅਮਰੋ ਤੁਰੀ ਚੱਲ ਹਾਲੇ ਆਹ ਦੁੱਖਾਂ ਵਾਲੀ ਪੰਡ ਵੀ ਤੇਰੇ ਸਿਰ 'ਤੇ ਹੀ ਰੱਖਣੀ ਆ, ਕਈ ਵਾਰ ਸੋਚਦਾ ਇੱਕ ਪਾਸੇ ਪਈ ਤਾਂ ਰੋਟੀ ਵੀ ਸੜ ਜਾਂਦੀ ਆ , ਪਰ ਆਹ ਵੇਖ ਵਿਚਾਰੀ ਅਮਰੋ ਤਾਈ ਰੱਬ ਵੀ ਇਹਦਾ ਦੂਜਾ ਪਾਸਾ ਥੱਲਣਾ ਭੁੱਲ ਹੀ ਗਿਆ ਵਿਚਾਰੀ ਦਾ।

ਹੁਣ ਜਦੋਂ ਕਿਤੇ ਦੁੱਖਾਂ ਦੀ ਸਤਾਈ ਦਾ ਮਨ ਭਰ ਕੇ ਉੱਛਲਦਾ ਏ ਤਾਂ ਵਿਹੜੇ 'ਚ ਬੈਠ ਕੇ ਉੱਚੀ ਉੱਚੀ ਵੈਣ ਪਾਉਣ ਲੱਗ ਜਾਂਦੀ ਆ ਕਦੇ ਆਵਦੀ ਮੋਈ ਮਾਂ ਨੂੰ, ਅਮੜੀਏ! ਮੈਨੂੰ ਕੱਲੀ ਨੂੰ ਛੱਡ ਆਪ ਪਿੱਛਾ ਛੁਡਾ ਕੇ ਤੁਰਗੀ, ਕਦੇ ਆਵਦੇ ਪਿਉ ਨੂੰ ਵੇ ਮੇਰੇ ਦੇਸ਼ਾਂ ਦੇ ਰਾਜਿਆ ਬਾਬਲਾ ਤੇਰੀ ਕੱਲੀ ਧੀ ਵਣ ਦੀ ਲੱਕੜੀ ਵਾਂਗ ਧੁਖਦੀ ਵੇ ਤੇ ਕਦੇ ਆਵਦੇ ਗੁਆਚੇ ਪੁੱਤ ਤੇ ਕਦੀ ਮਰੀ ਹੋਈ ਨੂੰਹ ਨੂੰ ਯਾਦ ਕਰਕੇ ਭੁੱਬਾਂ ਮਾਰ-ਮਾਰ ਕਿੰਨਾ ਟਾਇਮ ਰੋਂਦੀ ਰਹਿੰਦੀ ਵੀ ਹੱਥ ਧੋ ਲਾ, ਓਹਦੇ ਰੋਣ ਦੀ ਅਵਾਜ਼ ਨਾਲ ਸਾਰੇ ਘਰਾਂ ਵਿੱਚ ਸੋਗ ਦੀ ਲਹਿਰ ਦੌੜ ਜਾਂਦੀ ਤੇ ਜੇ ਕੋਈ ਰੋਟੀ ਟੁੱਕ ਖਾ ਰਿਹਾ ਹੁੰਦਾ ਤਾਂ ਏਨੀ ਦਰਦ ਭਿੱਜੀ ਅਵਾਜ਼ ਨਾਲ ਰੋਟੀ ਦੀ ਬੁਰਕੀ ਵੀ ਗਲਿਓ ਥੱਲੇ ਨਾ ਉਤਰਦੀ।

**# ਸੰਪਰਕ : 99142-98580**

# ਆਰ ਐੱਸ ਐੱਸ ਨੇ ਹਮੇਸ਼ਾ ਜ਼ਾਲਮ ਦਾ ਸਾਥ ਦਿੱਤਾ



**ਵਿਸ਼ਵਾ ਮਿੱਤਰ**

ਕੇਸ਼ਵ ਬਲਿਰਾਮ ਹੈੱਡਗੇਵਾਰ ਨੇ ਬਹੁਤ ਥੋੜ੍ਹੇ ਹੀ ਸਮੇਂ ਕਾਂਗਰਸ ਦੇ ਸੁਤੰਤਰਤਾ ਸੰਗਰਾਮ ਵਿਚ ਹਿੱਸਾ ਲੈਣ ਤੋਂ ਬਾਅਦ 1920 ਵਿਚ ਸੁਤੰਤਰਤਾ ਸੰਗਰਾਮ ਨੂੰ ਤਿਆਗ ਦਿੱਤਾ ਅਤੇ ਉਸ ਤੋਂ ਬਾਅਦ ਕੁਝ ਸਮੇਂ ਸਾਵਰਕਰ ਅਤੇ ਬਾਲਕ੍ਰਿਸ਼ਨ ਸ਼ਿਵਰਾਮ ਮੁੰਝੇ ਨਾਲ ਹਿੰਦੂ, ਹਿੰਦੂਤਵ ਆਦਿ ਬਾਰੇ ਵਿਚਾਰ-ਵਟਾਂਦਰਾ ਕਰਕੇ 27 ਸਤੰਬਰ 1925 ਵਾਲੇ ਦਿਨ ਕੇਵਲ ਹਿੰਦੂ ਗੌਰਵ ਲਈ ਆਰ ਐੱਸ ਐੱਸ ਦੀ ਸਥਾਪਨਾ ਕੀਤੀ। 27 ਸਤੰਬਰ ਦਾ ਦਿਨ ਵੀ ਇਸ ਲਈ ਚੁਣਿਆ, ਕਿਉਂਕਿ ਉਸ ਦਿਨ ਦੁਸਹਿਰਾ ਸੀ ਅਤੇ ਦੁਸਹਿਰੇ ਦੇ ਦਿਨ ਮਿਥਿਹਾਸ ਅਨੁਸਾਰ ਆਰੀਆਂ ਨੇ ਅਨਾਰੀਆਂ 'ਤੇ ਜਿੱਤ (ਬਦੀ 'ਤੇ ਨੇਕੀ ਦੀ ਜਿੱਤ) ਪ੍ਰਾਪਤ ਕੀਤੀ ਸੀ। 9 ਅਪ੍ਰੈਲ 1919 ਵਾਲੇ ਦਿਨ ਰਾਮ ਨੌਮੀ ਦਾ ਜਲੂਸ ਸੀ। ਉਸ ਦਿਨ ਡਾਕਟਰ ਸਤਪਾਲ ਅਤੇ ਸੈਫੂਦੀਨ ਕਿਚਲੂ ਦੇ ਯਤਨਾਂ ਸਦਕਾ ਹਿੰਦੂਆਂ ਅਤੇ ਮੁਸਲਮਾਨਾਂ ਨੇ ਇਕੱਠੇ ਹੋ ਕੇ ਇੱਕੋ ਥਾਂ ਤੋਂ ਪਾਣੀ ਪੀਤਾ, ਮੁਸਲਮਾਨਾਂ ਨੇ ਸਾਰੇ ਜਲੂਸ ਵਿਚ ਠੰਢਾ ਅਤੇ ਮਿੱਠਾ ਪਾਣੀ ਵਰਤਾਇਆ, ਜਿਸ ਤੋਂ "ਪਾੜੋ ਅਤੇ ਰਾਜ ਕਰੋ" ਦੀ ਨੀਤੀ ਵਾਲੇ ਅੰਗਰੇਜ਼ ਬਹੁਤ ਖਫਾ ਹੋਏ। ਭਾਰਤੀਆਂ ਦੇ ਏਕੇ ਨੂੰ ਬਰਦਾਸ਼ਤ ਨਾ ਕਰਦੇ ਹੋਏ ਜ਼ਾਲਮ ਅੰਗਰੇਜ਼ ਹਕੂਮਤ ਨੇ 13 ਅਪ੍ਰੈਲ 1919 ਵਾਲੇ ਦਿਨ ਜਲ੍ਹਿਆਂਵਾਲਾ ਬਾਗ 'ਚ ਵਹਿਸ਼ੀ ਕਤਲੇਆਮ ਕਰ ਦਿੱਤਾ, ਜਿਸ ਕਾਰਨ ਸਾਰੇ ਭਾਰਤ ਤੇ ਹਿੰਦੂ, ਸਿੱਖ ਅਤੇ ਮੁਸਲਮਾਨਾਂ ਨੇ ਇਕੱਠੇ ਹੋ ਕੇ ਜ਼ਾਲਮ ਹਕੂਮਤ ਵਿਰੁੱਧ ਮੁਜ਼ਾਹਰੇ ਕਰਨੇ ਸ਼ੁਰੂ ਕਰ ਦਿੱਤੇ। ਉਸ ਵਕਤ ਅੰਗਰੇਜ਼ੀ ਹਕੂਮਤ ਨੂੰ ਕੁੱਝ ਐਸੇ ਲੋਕਾਂ ਦੀ ਜ਼ਰੂਰਤ ਸੀ, ਜਿਹੜੇ ਅਜ਼ਾਦੀ ਦੇ ਅੰਦੋਲਨਾਂ ਤੋਂ ਲੋਕਾਂ ਦਾ ਧਿਆਨ ਹਟਾ ਸਕਣ। ਐਨ ਉਸ ਵੇਲੇ ਅੰਗਰੇਜ਼ ਹਕੂਮਤ ਲਈ ਆਰ ਐੱਸ ਐੱਸ ਦੀ ਸਥਾਪਨਾ ਕਿਸੇ ਅੰਮ੍ਰਿਤ ਤੋਂ ਘੱਟ ਨਹੀਂ ਸੀ। ਰਹਿੰਦੀ ਕਸਰ ਮਾਫੀਆਂ ਮੰਗ ਕੇ ਜੇਲ੍ਹ ਤੋਂ ਛੁੱਟਣ ਵਾਲੇ ਸਾਵਰਕਰ ਨੇ ਉਦੋਂ ਪੂਰੀ ਕਰ ਦਿੱਤੀ, ਜਦੋਂ ਉਸ ਨੇ ਅੰਗਰੇਜ਼ੀ ਹਕੂਮਤ ਦੀ ਇੱਛਾ ਅਨੁਸਾਰ ਇਹ ਬਿਆਨ ਦੇ ਦਿੱਤਾ ਕਿ ਭਾਰਤ ਵਿਚ ਹਿੰਦੂ ਅਤੇ ਮੁਸਲਮਾਨ ਦੋ ਰਾਸ਼ਟਰ ਹਨ, ਜਿਹੜੇ ਇਕੱਠੇ ਨਹੀਂ ਰਹਿ ਸਕਦੇ। ਸਿੱਧਾ ਹੀ ਅਰਥ ਸੀ ਕਿ ਅੰਗਰੇਜ਼ ਭਾਰਤ ਦੇ ਦੋ ਟੋਟੇ ਕਰ ਦੇਣ ਤਾਂ ਕਿ ਜਦੋਂ ਅੰਗਰੇਜ਼ ਭਾਰਤ ਛੱਡ ਕੇ ਜਾਣ ਵਾਲੇ ਹੋਣ ਤਾਂ ਹਿੰਦੂ-ਮੁਸਲਮਾਨ ਦੰਗਿਆਂ ਵਿਚ ਰੁੱਝੇ ਰਹਿਣ ਅਤੇ ਅੰਗਰੇਜ਼ ਬਿਨਾਂ ਕਿਸੇ ਨੁਕਸਾਨ ਦੇ ਇੰਗਲੈਂਡ ਚਲੇ ਜਾਣ। ਸਾਵਰਕਰ ਦੇ ਵਿਚਾਰਾਂ ਤੋਂ ਆਰ ਐੱਸ ਐੱਸ ਦੇ ਸੰਸਥਾਪਕ ਹੈੱਡਗੇਵਾਰ ਬਹੁਤ ਪ੍ਰਭਾਵਿਤ ਸੀ।

ਹੈੱਡਗੇਵਾਰ ਨੂੰ ਵਿਚਾਰਧਾਰਕ ਤੌਰ 'ਤੇ ਪ੍ਰਭਾਵਿਤ ਕਰਨ ਵਾਲੇ ਸਾਵਰਕਰ ਅਤੇ ਮੁੰਝੇ ਕੇਵਲ ਭਾਰਤ ਵਿਚ ਅੰਗਰੇਜ਼ੀ ਹਕੂਮਤ ਦਾ ਹੀ ਸਾਥ ਨਹੀਂ ਦੇ ਰਹੇ ਸਨ, ਬਲਕਿ ਯੂਰਪ ਵਿੱਚ ਜ਼ਾਲਮ ਹਿਟਲਰ ਅਤੇ ਮੁਸੋਲਿਨੀ ਦੇ ਵਿਚਾਰਾਂ ਨਾਲ ਵੀ ਸਹਿਮਤ ਸਨ। ਸਾਵਰਕਰ ਨੇ ਆਪਣੇ ਇੱਕ ਭਾਸ਼ਣ ਵਿਚ ਕਿਹਾ ਕਿ ਜਰਮਨੀ ਨੂੰ ਨਾਜ਼ੀਵਾਦ ਅਤੇ ਇਟਲੀ ਨੂੰ ਫਾਸ਼ੀਵਾਦ ਦੀ ਜਾਦੂਈ ਛੜੀ ਦੀ ਜ਼ਰੂਰਤ ਸੀ, ਜਿਸ ਨਾਲ ਉਹਨਾਂ ਨੇ ਹੈਰਾਨੀਜਨਕ ਢੰਗ ਨਾਲ ਸ਼ਕਤੀ ਹਾਸਲ ਕੀਤੀ, ਇਹ ਉਹਨਾ ਲਈ ਟਾਨਿਕ ਸੀ। ਸਾਵਰਕਰ ਭਾਰਤ ਵਿੱਚੋਂ ਮੁਸਲਮਾਨਾਂ ਨੂੰ ਕੱਢ ਕੇ ਹਿੰਦੂਆਂ ਦੇ ਖੂਨ ਦੀ ਸ਼ੁੱਧੀ ਉਵੇਂ ਹੀ ਰੱਖਣਾ ਚਾਹੁੰਦਾ ਸੀ, ਜਿਵੇਂ ਹਿਟਲਰ ਜਰਮਨੀ ਵਿੱਚੋਂ ਯਹੂਦੀਆਂ ਨੂੰ ਕੱਢ ਕੇ ਆਰੀਆ ਨਸਲ ਦੇ ਇਸਾਈਆਂ ਦਾ ਖੂਨ ਸ਼ੁੱਧ ਰੱਖ ਰਿਹਾ ਹੈ। ਕੇਵਲ ਸਾਵਰਕਰ ਹੀ ਨਹੀਂ, ਬਲਕਿ ਹੈੱਡਗੇਵਾਰ ਅਤੇ ਉਸ ਤੋਂ ਬਾਅਦ ਬਣੇ ਸੰਘ ਪ੍ਰਮੁੱਖ ਮਧਵਰਾਵ ਸਦਸ਼ਿਵਰਾਵ ਗੋਲਵਲਕਰ (ਗੁਰੂ ਜੀ) ਜਾਂ ਹੁਣ ਦੇ ਆਰ ਐੱਸ ਐੱਸ ਦੇ ਰਾਜਨੀਤਕ ਵਿੰਗ ਇਹ ਸਾਰੇ ਦੇ ਸਾਰੇ ਧਰਮ ਨਿਰਪੱਖਤਾ ਦੇ ਵਿਰੋਧੀ ਹਨ। ਮਹਾਤਮਾ ਗਾਂਧੀ ਦੀ ਇੱਛਾ ਦੇ ਵਿਰੁੱਧ ਮੁੰਝੇ ਗੋਲਮੇਜ ਕਾਨਫਰੰਸ ਵਿਚ ਹਾਜ਼ਰ ਹੋਇਆ, ਵਾਪਸ ਮੁੜਦੇ ਹੋਏ ਇਟਲੀ ਵਿਚ 15 ਤੋਂ 24 ਮਾਰਚ 1931 ਤੱਕ ਰਿਹਾ, ਜਿੱਥੇ ਫਾਸ਼ੀ ਤਾਨਾਸ਼ਾਹ ਮੁਸੋਲਿਨੀ ਨੂੰ ਮਿਲਿਆ ਅਤੇ ਉਸ ਦੇ ਫਾਸ਼ੀਵਾਦ ਦੀ ਪ੍ਰਸ਼ੰਸਾ ਕੀਤੀ। 19 ਮਾਰਚ ਵਾਲੇ ਦਿਨ ਮੁੰਝੇ ਨੇ ਰੋਮ ਦਾ ਮਿਲਟਰੀ ਕਾਲੇਜ, ਸੈਂਟਰਲ ਮਿਲਟਰੀ ਫਿਜ਼ੀਕਲ ਐਜੂਕੇਸ਼ਨ ਸਕੂਲ ਅਤੇ ਫਾਸ਼ਿਜ਼ਮ ਫਿਜ਼ੀਕਲ ਐਜੂਕੇਸ਼ਨ ਅਕੈਡਮੀ ਵੇਖੀ। ਨੌਜਵਾਨਾਂ ਨੂੰ ਫੌਜੀ ਵਰਦੀਆਂ ਵਿਚ ਟ੍ਰੇਨਿੰਗ ਲੈਂਦੇ ਵੇਖ ਕੇ ਐਨਾ ਪ੍ਰਭਾਵਿਤ ਹੋਇਆ ਕਿ 1935 ਵਿਚ ਕੇਂਦਰੀ ਹਿੰਦੂ ਮਿਲਟਰੀ ਐਜੂਕੇਸ਼ਨ ਸੁਸਾਇਟੀ ਅਤੇ 1937 ਵਿਚ ਭੋਂਸਾਲਾ ਮਿਲਟਰੀ ਕਾਲਜ , ਦੋਵੇਂ ਨਾਸਿਕ ਵਿਖੇ ਸਥਾਪਤ ਕਰ ਦਿੱਤੇ। ਸੁਸਾਇਟੀ ਅਤੇ ਕਾਲਜ ਇਸਲਈ ਖੋਲ੍ਹੇ ਤਾਂ ਕਿ ਫੌਜ ਦਾ ਭਾਰਤੀਕਰਨ ਕੀਤਾ ਜਾ ਸਕੇ। ਸੰਘ ਦੇ ਲਿਟਰੇਚਰ ਅਨੁਸਾਰ ਇਸ ਦੇ ਸੰਸਥਾਪਕ ਹੈੱਡਗੇਵਾਰ ਹਨ, ਪਰ ਵਾਸਤਵ ਵਿਚ ਹਿੰਦੂ ਨੌਜਵਾਨਾਂ ਨੂੰ ਭਾਰਤੀ ਵਿਰਸੇ, ਸੱਭਿਆਚਾਰ ਤੋਂ ਜਾਣੂ ਕਰਵਾਉਣ ਲਈ ਅਤੇ ਜਿਸਮਾਨੀ ਤੌਰ 'ਤੇ ਤਾਕਤਵਰ ਬਣਾਉਣ ਲਈ ਫਿਜ਼ੀਕਲ ਟ੍ਰੇਨਿੰਗ ਦੇ ਵਿਚਾਰ ਹੈੱਡਗੇਵਾਰ ਜੀ ਨੂੰ ਮੁੰਝੇ ਤੋਂ ਹੀ ਮਿਲੇ।

ਸੰਘ ਦੀ ਫਾਸ਼ੀਵਾਦੀ ਵਿਚਾਰਧਾਰਾ ਕਾਰਨ ਹੀ ਗੋਡਸੇ ਵੱਲੋਂ ਮਹਾਤਮਾ ਗਾਂਧੀ ਜੀ ਦਾ ਕਤਲ ਕਰਨ ਕਾਰਨ ਆਰ ਐੱਸ ਐੱਸ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ, ਜਿਹੜੀ ਕਿ ਸੰਘ ਪ੍ਰਮੁੱਖ ਗੁਰੂ ਜੀ ਅਤੇ ਗ੍ਰਹਿ ਮੰਤਰੀ ਪਟੇਲ ਵਿਚਕਾਰ ਕੁੱਝ ਮੀਟਿੰਗਾਂ ਅਤੇ ਗੁਰੂ ਜੀ ਵੱਲੋਂ ਕੁੱਝ ਵਾਅਦੇ ਕਰਨ ਤੋਂ ਬਾਅਦ ਹਟਾ ਦਿੱਤੀ ਗਈ। ਭਾਵੇਂ ਕਿ ਅੰਦਰੋਂ-ਅੰਦਰ ਸੰਘ ਨੇ ਫਾਸ਼ੀਵਾਦ ਤਿਆਗਿਆ ਨਹੀਂ ਸੀ, ਇਸ ਲਈ ਸੰਘ ਆਗੂਆਂ ਨੇ ਇਹੀ ਸੋਚਿਆ ਕਿ ਜੇਕਰ ਫੇਰ ਕਦੇ ਸੰਘ 'ਤੇ ਪਾਬੰਦੀ ਵਰਗੇ ਹਾਲਾਤ ਹੋਏ ਤਾਂ ਇਸ ਨੂੰ ਬਚਾਉਣ ਲਈ ਆਪਣੀ ਇੱਕ ਰਾਜਨੀਤਕ ਪਾਰਟੀ ਹੋਣੀ ਚਾਹੀਦੀ ਹੈ।

ਇਸ ਲਈ ਸ਼ਿਆਮਾ ਪ੍ਰਸਾਦ ਮੁਖਰਜੀ ਦੀ ਅਗਵਾਈ ਵਿਚ ਭਾਰਤੀ ਜਨਸੰਘ ਨਾਂਅ ਦੀ ਰਾਜਨੀਤਕ ਪਾਰਟੀ ਦੀ ਸਥਾਪਨਾ 21 ਅਕਤੂਬਰ 1951 ਵਿਚ ਕਰ ਦਿੱਤੀ ਗਈ। ਵੇਲੇ ਅਤੇ ਜ਼ਰੂਰਤਾਂ ਅਨੁਸਾਰ ਜਨਸੰਘ ਦਾ ਨਾਂਅ ਬਦਲ ਕੇ ਜਨਤਾ ਪਾਰਟੀ ਅਤੇ ਬਾਅਦ ਵਿਚ ਭਾਰਤੀ ਜਨਤਾ ਪਾਰਟੀ ( ਭਾਜਪਾ) ਰੱਖਿਆ ਗਿਆ, ਪਰ ਹਰ ਰੂਪ ਵਿਚ ਇਸ ਦੇ ਵਰਕਰ ਅਤੇ ਨੇਤਾ ਆਰ ਐੱਸ ਐੱਸ ਤੋਂ ਹੀ ਲੈਂਦੇ ਰਹੇ ।

ਯਹੂਦੀਆਂ ਦੇ ਮਸਲੇ ਵਿਚ ਆਰ ਐੱਸ ਐੱਸ ਜਾਂ ਭਾਜਪਾ ਦਾ ਰਵੱਈਆ ਬੜਾ ਗੁੰਝਲਦਾਰ ਹੈ, ਪਰ ਹਮੇਸ਼ਾ ਜ਼ਾਲਮਾਂ ਦੇ ਪੱਖ ਵਿਚ ਰਿਹਾ ਹੈ। ਜਦੋਂ ਹਿਟਲਰ ਯਹੂਦੀਆਂ ਨੂੰ ਬਦਨਾਮ ਕਰਨ ਤੋਂ ਬਾਅਦ ਕਤਲ ਕਰ ਰਿਹਾ ਸੀ, ਮਾਰ-ਕੁੱਟ ਕੇ ਭਜਾ ਰਿਹਾ ਸੀ ਤਾਂ ਉਦੋਂ ਆਰ ਐੱਸ ਐੱਸ ਦੇ ਵਿਚਾਰਧਾਰਕ ਉਸ ਦੀ ਪ੍ਰਸ਼ੰਸਾ ਕਰ ਰਹੇ ਸਨ ਅਤੇ ਇਹ ਵੀ ਸੋਚ ਰਹੇ ਸਨ ਕਿ ਸਾਨੂੰ ਵੀ ਭਾਰਤ ਵਿੱਚੋਂ ਵੀ ਇਸੇ ਤਰ੍ਹਾਂ ਮੁਸਲਮਾਨ ਭਜਾਉਣੇ ਚਾਹੀਦੇ ਹਨ। ਜਦੋਂ ਦਾ ਯਹੂਦੀਆਂ ਨੇ 1948 ਤੋਂ ਫਲਸਤੀਨ ਦੀ ਕੁੱਝ ਧਰਤੀ 'ਤੇ ਕਬਜ਼ਾ ਕਰਕੇ ਆਪਣਾ ਦੇਸ਼ ਇਜ਼ਰਾਈਲ ਸਥਾਪਤ ਹੋਇਆ ਹੈ ਉਹ ਫਲਸਤੀਨੀਆਂ ਨੂੰ ਤੰਗ ਕਰ ਰਿਹਾ ਹੈ, ਬਿਨਾਂ ਕਾਰਨ ਜੇਲ੍ਹਾਂ ਵਿਚ ਡੱਕ ਰਿਹਾ ਹੈ ਅਤੇ ਉਹਨਾਂ ਦੇ ਹੋਰ ਇਲਾਕੇ ਆਪਣੇ ਕਬਜ਼ੇ ਵਿਚ ਲੈਣ ਲਈ ਜ਼ਾਲਮਾਨਾ ਹਮਲੇ ਕਰ ਰਿਹਾ ਹੈ । ਆਰ ਐੱਸ ਐੱਸ ਸਮੇਤ ਇਸਦੇ ਸਾਰੇ ਰਾਜਨੀਤਕ ਵਿੰਗ ਜਿਸ ਵਿਚ ਭਾਜਪਾ ਪ੍ਰਮੁੱਖ ਹੈ ਅਤੇ ਸੱਤਾ 'ਤੇ ਕਾਬਜ਼ ਹੈ, ਇਹ ਇਜ਼ਰਾਈਲ ਦਾ ਸਾਥ ਦੇ ਰਹੇ ਹਨ ਅਤੇ ਸੰਸਾਰ ਮੰਚ ਵਿਚ ਯਹੂਦੀਆਂ ਦੇ ਵਿਰੁੱਧ ਭੁਗਤ ਰਹੇ ਹਨ। ਇੰਦਰਾ ਗਾਂਧੀ ਦੇ ਵੇਲੇ ਤੋਂ ਚਲੀ ਆ ਰਹੀ ਰੂਸ ਨਾਲ ਪੱਕੀ ਦੋਸਤੀ ਅਤੇ ਕਈ ਸਦੀਆਂ ਤੋਂ ਅਰਬ ਦੇਸ਼ਾਂ ਨਾਲ ਦੋਸਤਾਨਾ ਸਬੰਧਾਂ ਨੂੰ ਤਿਲਾਂਜਲੀ ਦੇ ਕੇ ਸੰਘ ਪਰਵਾਰ ਜ਼ਾਲਮ ਇਜ਼ਰਾਈਲ ਦਾ ਸਾਥ ਦੇ ਰਿਹਾ ਹੈ।

ਆਰ ਐੱਸ ਐੱਸ ਆਪਣੀ ਸਥਾਪਨਾ ਤੋਂ ਲੈ ਕੇ ਹੁਣ ਤੱਕ ਕਿਸੇ ਨਾ ਕਿਸੇ ਜ਼ਾਲਮ ਦੇ ਹੱਕ ਵਿੱਚ ਹੀ ਰਿਹਾ ਹੈ। ਆਰ ਐੱਸ ਐੱਸ ਦੇ ਕਿਸੇ ਵੀ ਲੀਡਰ ਨੇ ਭਾਰਤ ਦੀ ਆਜ਼ਾਦੀ ਦੇ ਕਿਸੇ ਵੀ ਅੰਦੋਲਨ ਵਿਚ ਹਿੱਸਾ ਨਹੀਂ ਲਿਆ, ਅਜ਼ਾਦੀ ਖਾਤਰ ਜੇਲ੍ਹ ਵਿਚ ਨਹੀਂ ਗਏ, ਕੋਈ ਫਾਂਸੀ 'ਤੇ ਨਹੀਂ ਚੜ੍ਹਿਆ ਅਤੇ ਨਾ ਹੀ ਕੋਈ ਜਾਇਦਾਦ ਕੁਰਕ ਕਰਵਾਈ। ਹੋਰ ਤਾਂ ਹੋਰ ਅਜ਼ਾਦੀ ਦੀ ਖਾਤਰ ਜੇਲ੍ਹ ਜਾਣ ਵਾਲਿਆਂ, ਫਾਂਸੀ ਚੜ੍ਹਨ ਵਾਲਿਆਂ ਜਾਂ ਅਮਰੀਕਾ, ਕੈਨੇਡਾ ਵਿੱਚ ਆਪਣੇ ਚੰਗੇ-ਭਲੇ ਰੁਜ਼ਗਾਰ ਛੱਡ ਕੇ ਭਾਰਤ ਆ ਕੇ ਕੁਰਬਾਨੀਆਂ ਦੇਣ ਵਾਲਿਆਂ ਦੀ ਇਹਨਾਂ ਕਦੇ ਵੀ ਪ੍ਰਸ਼ੰਸਾ ਨਹੀਂ ਕੀਤੀ।

23 ਜੂਨ 2023 ਦੇ "ਦੀ ਹਿੰਦੂ" ਅਖਬਾਰ ਅਨੁਸਾਰ ਮਨੀਪੁਰ ਵਿਚ ਮੇਇਤੀ ਹਿੰਦੂ ਬਹੁਸੰਖਿਆ ਵੱਲੋਂ ਨਾਗਾ ਕੂਕੀ, ਦਲਿਤਾਂ, ਆਦਿਵਾਸੀ ਘੱਟਗਿਣਤੀ ਲੋਕਾਂ 'ਤੇ ਹੋ ਰਹੇ ਹਮਲੇ ਭਾਰਤ ਦੇ ਫੈਡਰਲ ਢਾਂਚੇ 'ਤੇ ਹਮਲੇ ਹਨ ਅਤੇ ਸੰਵਿਧਾਨ 'ਤੇ ਹਮਲੇ ਹਨ। ਇਸੇ ਅਖਬਾਰ ਵਿਚ ਮਾਰਕਸੀ ਪਾਰਟੀ ਦੇ ਨੇਤਾ ਸੀਤਾ ਰਾਮ ਯੇਚੁਰੀ ਦਾ ਬਿਆਨ ਹੈ ਕਿ ਇਹ ਫਾਸ਼ੀਵਾਦੀ ਹਮਲੇ ਹਨ। ਇਹਨਾਂ ਹਮਲਿਆਂ ਦੇ ਬਲ ਰਹੇ ਭਾਂਬੜਾਂ ਨੂੰ ਪਾਣੀ ਦਾ ਛੱਟਾ ਮਾਰਨ ਲਈ ਸਾਡੇ ਪ੍ਰਧਾਨ ਮੰਤਰੀ ਨੇ ਉਥੇ ਜਾਣਾ ਤਾਂ ਕੀ, ਉਲਟਾ ਇਹਨਾਂ ਹਮਲਿਆਂ ਵਿਰੁੱਧ ਇੱਕ ਵੀ ਬਿਆਨ ਨਹੀਂ ਦਿੱਤਾ। ਜਿਹੜੇ ਇੰਡੀਆ ਗਠਬੰਧਨ ਦੇ ਨੇਤਾ ਮਨੀਪੁਰ ਗਏ ਅਤੇ ਦੰਗੇ ਸ਼ਾਂਤ ਕਰਵਾਉਣ ਦੀ ਕੋਸ਼ਿਸ਼ ਕੀਤੀ, ਉਹਨਾਂ ਨੂੰ ਈਸਟ ਇੰਡੀਆ ਕੰਪਨੀ ਜਾਂ ਜਿਹਾਦੀ ਕਿਹਾ। ਸੰਘ ਪਰਵਾਰ ਵਿਚ ਕੇਵਲ ਇੱਕ ਨੇਤਾ ਅੱਟਲ ਬਿਹਾਰੀ ਵਾਜਪਾਈ ਜੀ ਹੀ ਸਨ, ਜਿਹੜੇ ਸੰਘ ਦੇ ਪ੍ਰਚਾਰਕ ਸਨ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਵੀ ਸਨ, ਉਹ ਹਮੇਸ਼ਾ ਫਾਸ਼ੀਵਾਦ ਦੇ ਵਿਰੁੱਧ ਰਹੇ, ਇਜ਼ਰਾਈਲ ਦੇ ਜ਼ੁਲਮਾਂ ਦੇ ਵਿਰੁੱਧ ਅਤੇ ਫਲਸਤੀਨੀਆਂ ਦੇ ਹੱਕ ਵਿੱਚ ਰਹੇ। ਅਟਲ ਬਿਹਾਰੀ ਵਾਜਪਾਈ ਨੂੰ ਛੱਡ ਕੇ ਸੰਘ ਅਤੇ ਸੰਘ ਪਰਵਾਰ ਦੇ ਸਾਰੇ ਨੇਤਾ ਆਪਣੇ ਲੱਗਭੱਗ 100 ਸਾਲ ਦੇ ਇਤਿਹਾਸ ਵਿਚ ਹਮੇਸ਼ਾਂ ਜ਼ਾਲਮਾਂ ਦੇ ਨਾਲ ਰਹੇ।

**# ਸੰਪਰਕ : 94176-32228**

CMYK

10-NOV-PAGE-5.qxd 11/9/2023 10:48 PM Page 1



# ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਮਾਨ ਸਰਕਾਰ ਦੇ ਝੂਠੇ ਲਾਰਿਆਂ ਦੀ ਪੰਡ ਫੂਕ ਕੇ ਕੀਤੇ ਪ੍ਰਦਰਸ਼ਨ


ਕੋਟਕਪੂਰਾ


ਸੰਗਰੂਰ

ਕੋਟਕਪੂਰਾ/ਫਰੀਦਕੋਟ (ਰਛਪਾਲ ਭੁੱਲਰ/ਐਲਿਗਜੈਂਡਰ ਡਿਸੂਜਾ)-ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸਨ 1680 ਸੈਕਟਰ 22 ਬੀ, ਚੰਡੀਗੜ੍ਹ , ਦੀ ਕਲਾਸ ਫੌਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ, ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਸੱਦੇ 'ਤੇ ਅੱਜ ਜ਼ਿਲ੍ਹਾ ਫਰੀਦਕੋਟ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਸਥਾਨਕ ਡਿਪਟੀ ਕਮਿਸ਼ਨਰ ਫਰੀਦਕੋਟ ਦੇ ਦਫਤਰ ਸਾਹਮਣੇ ਪੰਜਾਬ ਸਰਕਾਰ ਦੇ ਝੂਠੇ ਲਾਰਿਆਂ ਦੇ ਖਿਲਾਫ ਤਿੱਖੀ ਨਾਅਰੇਬਾਜ਼ੀ ਕਰਕੇ ਆਮ ਆਦਮੀ ਪਾਰਟੀ ਅਤੇ ਭਗਵੰਤ ਮਾਨ ਸਰਕਾਰ ਦੇ ਝੂਠੇ ਲਾਰਿਆਂ ਦੀ ਪੰਡ ਫੂਕੀ ਗਈ। ਸਰਵ ਸੰਮਤੀ ਨਾਲ ਇੱਕ ਮਤਾ ਪਾਸ ਕਰਕੇ ਸਰਕਾਰੀ ਬਰਜਿੰਦਰਾ ਕਾਲਜ ਫਰੀਦਕੋਟ ਦੇ ਸਟਾਫ ਦੇ ਮੁਲਾਜ਼ਮਾਂ ਦੇ ਬਕਾਏ ਦੇ ਬਣਦੇ ਬਿੱਲ ਖਜ਼ਾਨੇ ਨਾ ਭੇਜਣ ਦੀ ਸਖਤ ਨਿਖੇਧੀ ਕੀਤੀ ਗਈ ਤੇ ਮੰਗ ਕੀਤੀ ਗਈ ਕਿ ਇਹ ਬਿੱਲ ਤੁਰੰਤ ਖਜ਼ਾਨੇ ਵਿੱਚ ਭੇਜੇ ਜਾਣ। ਇਸ ਰੋਸ ਪ੍ਰਦਰਸ਼ਨ ਦੀ ਅਗਵਾਈ ਕਰਦਿਆਂ ਮੁਲਾਜ਼ਮਾਂ ਦੇ ਸੂਬਾਈ ਆਗੂ ਪ੍ਰੇਮ ਚਾਵਲਾ, ਨਛੱਤਰ ਸਿੰਘ ਭਾਣਾ, ਕੁਲਵੰਤ ਸਿੰਘ ਚਾਨੀ ਜ਼ਿਲ੍ਹਾ ਪ੍ਰਧਾਨ, ਹਰਵਿੰਦਰ ਸ਼ਰਮਾ ਜਨਰਲ ਸਕੱਤਰ, ਇਕਬਾਲ ਸਿੰਘ ਰਣ ਸਿੰਘ ਵਾਲਾ, ਸੋਮ ਨਾਥ ਅਰੋੜਾ, ਇਕਬਾਲ ਸਿੰਘ ਢੁੱਡੀ ਸੂਬਾ ਮੀਤ ਪ੍ਰਧਾਨ, ਕੁਲਬੀਰ ਸਿੰਘ ਸਰਾਵਾਂ ਪ੍ਰਧਾਨ ਪਸ਼ੂ ਪਾਲਣ ਵਿਭਾਗ ਜ਼ਿਲ੍ਹਾ ਫਰੀਦਕੋਟ, ਬਲਕਾਰ ਸਿੰਘ ਪੰਜਾਬ ਮੰਡੀ ਬੋਰਡ, ਅਮਰੀਕ ਸਿੰਘ ਸੰਧੂ ਸੂਬਾ ਪ੍ਰਧਾਨ ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ, ਪ੍ਰਦੀਪ ਸਿੰਘ ਬਰਾੜ, ਰਮੇਸ਼ ਢੈਪਈ, ਬਲਵਿੰਦਰ ਸਿੰਘ ਬਰਾੜ ਪੈਰਾ ਮੈਡੀਕਲ ਸਟਾਫ, ਭਰਾਤਰੀ ਜਥੇਬੰਦੀ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸੁਖਜਿੰਦਰ ਸਿੰਘ ਤੁੰਬੜ ਭੰਨ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਮੰਤਰੀ ਮੰਡਲ ਦੀ 6 ਨਵੰਬਰ ਨੂੰ ਹੋਈ ਮੀਟਿੰਗ ਦੌਰਾਨ ਪੰਜਾਬ ਦੇ 7 ਲੱਖ ਤੋਂ ਜ਼ਿਆਦਾ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਗਿਣੀ ਮਿਥੀ ਸਾਜ਼ਿਸ਼ ਤਹਿਤ ਨਿਰਾਸ਼ ਕੀਤਾ ਗਿਆ ਹੈ। ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਅਖਤਿਆਰ ਕੀਤਾ ਜਾ ਰਿਹਾ ਅਜਿਹਾ ਵਤੀਰਾ ਮਹਿੰਗਾ ਪਵੇਗਾ। ਆਗੂਆਂ ਨੇ ਅਫਸੋਸ ਪ੍ਰਗਟ ਕੀਤਾ ਕਿ ਭਗਵੰਤ ਮਾਨ ਸਰਕਾਰ ਨੇ ਅਜੇ ਤੱਕ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਇੱਕ ਵੀ ਚੋਣ ਵਾਅਦਾ ਪੂਰਾ ਨਾ ਕਰਨ ਕਰਕੇ ਲੋਕਾਂ ਦਾ ਇਸ ਸਰਕਾਰ ਤੋਂ ਮੋਹ ਭੰਗ ਹੋਣਾ ਸ਼ੁਰੂ ਹੋ ਗਿਆ ਹੈ, ਇਸ ਕਰਕੇ ਲੋਕ ਕਾਲੀ ਦੀਵਾਲੀ ਮਨਾਉਣ ਲਈ ਮਜਬੂਰ ਹੋ ਗਏ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਇਕਬਾਲ ਸਿੰਘ ਮੰਘੇੜਾ, ਤਰਸੇਮ ਨਰੂਲਾ, ਗੇਜ ਰਾਮ ਭੌਰਾ, ਗੁਰਚਰਨ ਸਿੰਘ ਮਾਨ, ਜਗਵੰਤ ਸਿੰਘ ਬਰਾੜ ਸੇਵਾ ਮੁਕਤ ਮੁੱਖ ਅਧਿਆਪਕ, ਗਮਦੂਰ ਸਿੰਘ ਬਰਾੜ, ਕੁਲਵਿੰਦਰ ਸਿੰਘ, ਬੰਤ ਸਿੰਘ, ਜੋਤੀ ਪ੍ਰਕਾਸ ਪੰਜਾਬ ਮੰਡੀ ਬੋਰਡ, ਰੇਸਮ ਸਿੰਘ, ਬਲਕਰਨ ਸਿੰਘ, ਗੁਰਪ੍ਰੀਤ ਸਿੰਘ ਸਿੱਧੂ, ਜਗਦੇਵ ਸਿੰਘ ਤੇ ਇੰਦਰਜੀਤ ਸਿੰਘ ਆਦਿ ਹਾਜ਼ਰ ਸਨ।

**ਸੰਗਰੂਰ (ਪ੍ਰਵੀਨ ਸਿੰਘ)** : ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸਨ 1680 ਸੈਕਟਰ 22 ਬੀ, ਚੰਡੀਗੜ੍ਹ, ਆਲ ਪੈਨਸ਼ਨਰਜ਼ ਐਸੋਸੀਏਸ਼ਨ ਪੰਜਾਬ ਨੇ ਸਾਂਝੇ ਫਰੰਟ ਦੇ ਫੈਸਲੇ ਅਨੁਸਾਰ ਡੀ ਸੀ ਦਫਤਰ ਸੰਗਰੂਰ ਦੇ ਗੇਟ 'ਤੇ ਸੂਬਾਈ ਤੇ ਜ਼ਿਲ੍ਹਾ ਆਗੂ ਮੇਲਾ ਸਿੰਘ ਪੁੰਨਾਵਾਲ, ਗੁਰਪ੍ਰੀਤ ਸਿੰਘ ਮੰਗਵਾਲ, ਜਗਦੀਸ਼ ਸ਼ਰਮਾ, ਸੀਤਾ ਰਾਮ ਸ਼ਰਮਾ, ਸਰਿੰਦਰ ਕੁਮਾਰ ਬਾਲੀਆ ਦੀ ਅਗਵਾਈ ਹੇਠ ਸੈਂਕੜਿਆਂ ਦੀ ਗਿਣਤੀ ਵਿੱਚ ਮੁਲਾਜ਼ਮਾਂ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਸਾਡੇ ਸਾਰਿਆਂ ਦੇ ਮਹੱਤਵਪੂਰਨ ਤਿਉਹਾਰ ਦੀਵਾਲੀ ਤੋਂ ਪਹਿਲਾਂ ਲਗਾਤਾਰ ਅਣਦੇਖੀ ਕੀਤੀ ਹੈ। ਇਸ ਦੇ ਬਾਵਜੂਦ ਭਗਵੰਤ ਮਾਨ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ 12 ਫੀਸਦੀ ਡੀ ਏ ਦੇਣ ਬਾਰੇ ਅਜੇ ਤੱਕ ਚੁੱਪ ਧਾਰ ਕੇ ਬੈਠੀ ਹੈ ਅਤੇ ਕੇਂਦਰ ਸਰਕਾਰ ਤੇ ਹੋਰ ਬਹੁਤ ਸਾਰੇ ਰਾਜਾਂ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਇਸ ਸਮੇਂ 46 ਫੀਸਦੀ ਡੀ ਏ ਮਿਲ ਰਿਹਾ ਹੈ।

ਇਸ ਤੋਂ ਇਲਾਵਾ ਛੇਵੇਂ ਤਨਖਾਹ ਕਮਿਸ਼ਨ ਦੀਆਂ ਤਰੁਟੀਆਂ ਨੂੰ ਦੂਰ ਨਹੀਂ ਕੀਤਾ। ਛੇਵੇਂ ਤਨਖਾਹ ਕਮਿਸ਼ਨ ਦੇ ਏਰੀਅਰ ਬਾਰੇ ਚੁੱਪ ਹੈ। ਇਸ ਤੋਂ ਇਲਾਵਾ ਹੋਰ ਮੁੱਖ ਮੰਗਾਂ ਕੰਟਰੈਕਟ ਦੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਪਰਖ ਅਧੀਨ ਸਮੇਂ ਪੂਰੀਆਂ ਤਨਖਾਹਾਂ ਦੇਣ ਲਈ 15/1/15 ਦਾ ਮਾਰੂ ਪੱਤਰ ਵਾਪਸ ਲੈਣ, ਕੇਂਦਰੀ ਸਕੇਲ ਦੀ ਥਾਂ ਪੰਜਾਬ ਦੇ ਸਕੇਲ ਲਾਗੂ ਕਰਵਾਉਣ ਸਮੇਤ ਹੋਰ ਮੰਗਾਂ ਸਬੰਧੀ ਭਗਵੰਤ ਮਾਨ ਨੇ ਸਾਜ਼ਿਸ਼ੀ ਚੁੱਪ ਧਾਰਨ ਕੀਤੀ ਹੋਈ ਹੈ। ਪੰਜਾਬ ਸਰਕਾਰ ਪੰਜਾਬ ਦੇ 7 ਲੱਖ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਸਬਰ ਪਰਖ ਰਹੀ ਹੈ।

ਇਸ ਮੌਕੇ ਆਗੂਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਦਾ ਇਹ ਰਵੱਈਆ ਇਸੇ ਤਰ੍ਹਾਂ ਜਾਰੀ ਰਹਿੰਦਾ ਹੈ ਤਾਂ ਪੰਜਾਬ ਦੇ ਲੱਖਾਂ ਮੁਲਾਜ਼ਮ ਤੇ ਪੈਨਸ਼ਨਰ ਪੰਜਾਬ ਸਰਕਾਰ ਦੇ ਇਸ ਰਵੱਈਏ ਦਾ ਜਵਾਬ ਲੋਕ ਸਭਾ ਚੋਣਾਂ ਦਾ ਸਮਾਂ ਆਉਣ 'ਤੇ ਆਪਣੇ ਲੋਕਤੰਤਰੀ ਢੰਗ ਨਾਲ ਦੇਣ ਲਈ ਮਜਬੂਰ ਹੋਣਗੇ। ਇਸ ਮੌਕੇ ਜਗਤਾਰ ਜਜੀਰਾ, ਹੰਸ ਰਾਜ ਦੀਦਾਰਗੜ੍ਹ, ਬਿੱਕਰ ਸਿੰਘ ਸਿਬੀਆ, ਰਮੇਸ਼ ਕੁਮਾਰ, ਰਾਜ ਕੁਮਾਰ ਰਾਜੂ, ਗੁਰਜੰਟ ਸਿੰਘ ਬੁਗਰਾ, ਇੰਦਰ ਸਿੰਘ ਧੂਰੀ ਤੋਂ ਇਲਾਵਾ ਸੈਂਕੜਿਆਂ ਦੀ ਗਿਣਤੀ ਵਿੱਚ ਮੁਲਾਜ਼ਮ ਪੈਨਸ਼ਨਰਜ਼ ਹਾਜ਼ਰ ਸਨ।

## ਇੰਪਲਾਈਜ਼ ਫੈਡਰੇਸ਼ਨ (ਚਾਹਲ) ਤੇ ਟੀ ਐੱਸ ਯੂ ਵੱਲੋਂ ਰੋਸ ਰੈਲੀ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਇੰਪਲਾਈਜ਼ ਫੈਡਰੇਸ਼ਨ (ਚਾਹਲ) ਤੇ ਟੈਕਨੀਕਲ ਸਰਵਿਸ ਯੂਨੀਅਨ ਵੱਲੋਂ ਸਾਂਝੇ ਤੌਰ 'ਤੇ ਥਰਮਲ ਪਲਾਂਟ ਲਹਿਰਾ ਮੁਹੱਬਤ ਦੇ ਮੇਨ ਗੇਟ ਅੱਗੇ ਕੀਤੀ ਰੋਸ ਰੈਲੀ ਦੌਰਾਨ ਇੰਪਲਾਈਜ਼ ਫੈਡਰੇਸ਼ਨ (ਚਾਹਲ) ਦੇ ਪ੍ਰਧਾਨ ਬਲਜੀਤ ਸਿੰਘ ਬਰਾੜ 'ਸੂਬਾ ਮੀਤ ਪ੍ਰਧਾਨ', ਜਨਰਲ ਸਕੱਤਰ ਰਜਿੰਦਰ ਸਿੰਘ ਨਿੰਮਾ, ਸੀਨੀਅਰ ਮੀਤ ਪ੍ਰਧਾਨ ਲਖਵੰਤ ਸਿੰਘ ਬਾਂਡੀ, ਜੁਆਇੰਟ ਸਕੱਤਰ ਰਘਬੀਰ ਸਿੰਘ ਸੈਣੀ ਤੇ ਟੀ ਐੱਸ ਯੂ ਦੇ ਪ੍ਰਧਾਨ ਵਿਜੇ ਕੁਮਾਰ ਨੇ ਸੰਬੋਧਨ ਕਰਦਿਆਂ ਕਿਹਾ ਪੰਜਾਬ ਦੇ ਮੁਲਾਜ਼ਮ ਪਿਛਲੇ ਲੰਮੇ ਸਮੇਂ ਤੋਂ ਆਪਣੀਆ ਜਾਇਜ਼ ਮੰਗਾਂ ਮਨਾਉਣ ਲਈ ਸੰਘਰਸ਼ ਦੇ ਰਾਹ 'ਤੇ ਹਨ। ਹੁਣ ਦਿਵਾਲੀ ਦੇ ਤਿਉਹਾਰ ਮੌਕੇ ਦੇਸ਼ ਦੀਆ ਦੂਜੀਆਂ ਸਰਕਾਰਾਂ ਨੇ ਆਪਣੇ ਮੁਲਾਜ਼ਮਾਂ ਨੂੰ ਵਿਤੀ ਲਾਭ ਦਿੱਤੇ ਹਨ, ਪ੍ਰੰਤੂ ਪੰਜਾਬ ਸਰਕਰ ਨੇ ਇਸ ਤਿਉਹਾਰ 'ਤੇ ਆਪਣੇ ਮੁਲਾਜ਼ਮਾਂ/ਪੈਨਸ਼ਨਰਾਂ ਨੂੰ ਕੁੱਝ ਵੀ ਵਿੱਤੀ ਲਾਭ ਨਹੀਂ ਦਿੱਤਾ, ਜਦੋਂਕਿ ਸਰਕਾਰ 'ਚ ਆਉਣ ਤੋਂ ਪਹਿਲਾਂ ਭਗਵੰਤ ਮਾਨ ਮੁਲਾਜ਼ਮਾਂ ਨੂੰ ਭਰੋਸਾ ਦਿੰਦਾ ਸੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਮੁਲਾਜ਼ਮਾਂ ਨੂੰ ਸੰਘਰਸ਼ ਕਰਨ ਦੀ ਲੋੜ ਨਹੀਂ ਪਵੇਗੀ। ਮੁਲਾਜ਼ਮਾਂ ਨੂੰ ਸਮੇਂ ਸਿਰ ਸਾਰੇ ਲਾਭ ਦਿੱਤੇ ਜਾਣਗੇ, ਪਰ ਹੁਣ ਸੰਘਰਸ਼ ਕਰ ਰਹੇ ਮੁਲਾਜ਼ਮਾਂ/ਪੈਨਸ਼ਨਰਾਂ ਨੂੰ ਡਾਂਗਾਂ ਨਾਲ ਕੁੱਟਿਆ ਜਾ ਰਿਹਾ ਹੈ। ਅੰਗਰੇਜ਼ਾਂ ਵਾਲੇ ਕਾਲੇ ਕਾਨੂੰਨ ਲਗਾਉਣ ਨਾਲ ਮੁਲਾਜ਼ਮ ਵਰਗ 'ਚ ਭਾਰੀ ਰੋਸ ਹੈ। ਮੁਲਾਜ਼ਮਾਂ ਨੇ ਆਪਣੇ ਗੁੱਸੇ ਦਾ ਪ੍ਰਗਟਾਵਾ ਪੰਜਾਬ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕਰਕੇ ਕੀਤਾ। ਰੈਲੀ ਵਿੱਚ ਦਮਨਜੀਤ ਸਿੰਘ, ਮਲਕੀਤ ਸਿੰਘ ਚੈਣਾ, ਗੁਰਲਾਲ ਸਿੰਘ ਗਿੱਲ, ਜਸ਼ਨਦੀਪ ਸਿੰਘ ਤੇ ਪ੍ਰੇਮ ਕੁਮਾਰ ਉੱਪਲ ਆਦਿ ਆਗੂਆਂ ਸਮੇਤ ਹੋਰ ਬਿਜਲੀ ਮੁਲਾਜ਼ਮ ਹਾਜ਼ਰ ਸਨ।



## ਕਾਤਰਾਂ

### ਬਾਬਾ ਵਿਸ਼ਵਕਰਮਾ ਤੇ ਭਾਈ ਲਾਲੋ ਦੀ ਯਾਦ 'ਚ ਧਾਰਮਿਕ ਸਮਾਗਮ 13 ਨੂੰ

**ਮਹਿਲ ਕਲਾਂ(ਪ੍ਰਦੀਪ ਸਿੰਘ ਲੋਹਗੜ੍ਹ)**-ਕਸਬਾ ਮਹਿਲ ਕਲਾਂ ਦੇ ਸਮੂਹ ਰਾਮਗੜ੍ਹੀਆ ਭਾਈਚਾਰੇ ਵੱਲੋਂ ਬਾਬਾ ਵਿਸ਼ਵਕਰਮਾ ਤੇ ਭਾਈ ਲਾਲੋ ਜੀ ਦੀ ਮਿੱਠੀ ਯਾਦ 'ਚ ਸਾਲਾਨਾ ਧਾਰਮਿਕ ਸਮਾਗਮ 13 ਨਵੰਬਰ ਨੂੰ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਮਹਿਲ ਕਲਾਂ ਵਿਖੇ ਗੁਰਦੁਆਰਾ ਕਮੇਟੀ ਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਰਿਹਾ ਹੈ। ਪ੍ਰਬੰਧਕਾਂ ਅਨੁਸਾਰ ਇਸ ਸਬੰਧੀ 11 ਅਕਤੂਬਰ ਨੂੰ ਅਖੰਡ ਪਾਠ ਸਾਹਿਬ ਪ੍ਰਕਾਸ਼ ਕੀਤੇ ਜਾਣਗੇ, ਜਿਨ੍ਹਾਂ ਦੇ ਭੋਗ 13 ਅਕਤੂਬਰ ਨੂੰ ਸਵੇਰੇ 6-30 ਵਜੇ ਪਾਏ ਜਾਣਗੇ। ਇਸ ਉਪਰੰਤ ਰਾਗੀ ਜਥਿਆਂ ਵੱਲੋਂ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਪ੍ਰਬੰਧਕਾਂ ਨੇ ਇਸ ਮੌਕੇ ਸਮੂਹ ਸੰਗਤਾਂ ਨੂੰ ਪਹੁੰਚਣ ਦੀ ਅਪੀਲ ਕੀਤੀ।

### ਵੀਜ਼ਨ ਐਜੂਕੇਸ਼ਨ ਐਂਡ ਇਮੀਗ੍ਰੇਸ਼ਨ ਨੇ ਲਵਾਇਆ ਆਸਟ੍ਰੇਲੀਆ ਦਾ ਸਟਡੀ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਾਘਾ ਪੁਰਾਣਾ ਦੇ ਮੇਨ ਬੱਸ ਸਟੈਂਡ ਵਿਖੇ ਸਥਿਤ ਇਲਾਕੇ ਦੀ ਨਾਮਵਰ ਸੰਸਥਾ ਵੀਜ਼ਨ ਐਜੂਕੇਸ਼ਨ ਐਂਡ ਇਮੀਗ੍ਰੇਸ਼ਨ ਨੇ ਗੁਰਕਮਲ ਸਿੰਘ ਪੁੱਤਰ ਕੇਵਲ ਸਿੰਘ ਵਾਸੀ ਸੰਗਤਪੁਰਾ (ਮੋਗਾ) ਦਾ ਆਸਟ੍ਰੇਲੀਆ ਦਾ ਸਟੂਡੈਂਟ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਵਿਦੇਸ਼ ਪੜ੍ਹਾਈ ਕਰਨ ਦਾ ਸੁਪਨਾ ਸਾਕਾਰ ਕੀਤਾ ਹੈ। ਇਸ ਮੌਕੇ ਡਾਇਰੈਕਟਰ ਯਾਦਵਿੰਦਰ ਸਿੰਘ ਬਰਾੜ ਤੇ ਇਕਬਾਲ ਸਿੰਘ ਢਿੱਲੋਂ ਅਤੇ ਨੰਦ ਸਿੰਘ ਬਰਾੜ ਐਮ ਸੀ ਨੇ ਗੁਰਕਮਲ ਸਿੰਘ ਤੇ ਉਨ੍ਹਾਂ ਦੇ ਪਰਵਾਰ ਨੂੰ ਵਧਾਈ ਦਿੱਤੀ ਅਤੇ ਦੱਸਿਆ ਕਿ ਸੰਸਥਾ ਵੱਲੋਂ ਬੱਚਿਆਂ ਦੇ ਵਿਦੇਸ਼ ਜਾਣ ਦੇ ਸੁਪਨੇ ਪੂਰੇ ਕੀਤੇ ਜਾਂਦੇ ਹਨ।

### ਡੇਰਾ ਲੋਹਗੜ੍ਹ 'ਚ ਸਾਲਾਨਾ ਸੰਤ ਸਮਾਗਮ 11 ਤੋਂ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਮਹਾਨ ਤਿਆਗੀ ਤਪੱਸਵੀਂ ਸੰਤ ਬਾਬਾ ਮੇਵਾ ਸਿੰਘ, ਬਾਬਾ ਨੰਦ ਸਿੰਘ ਬਾਬਾ ਭਾਨ ਸਿੰਘ, ਸੰਤ ਵੀਰ ਸਿੰਘ, ਬਾਬਾ ਵਿਰੱਕਤ ਸਿੰਘ, ਸੰਤ ਬਾਬਾ ਸ਼ੇਰ ਸਿੰਘ, ਬਾਬਾ ਭਗਵੰਤ ਸਿੰਘ ਦੀ ਯਾਦ ਨੂੰ ਸਮਰਪਤ ਸੱਤ ਰੋਜ਼ਾ ਸਾਲਾਨਾ ਸੰਤ ਸਮਾਗਮ ਨਿਰਮਲੇ ਡੇਰਾ ਲੋਹਗੜ੍ਹ ਵਿਖੇ ਮੁੱਖ ਸੇਵਾਦਾਰ ਮਹੰਤ ਚਮਕੌਰ ਸਿੰਘ, ਬਾਬਾ ਜਤਿੰਦਰ ਸਿੰਘ ਲਾਡੀ ਦੀ ਦੇਖ-ਰੇਖ ਹੇਠ 11 ਤੋਂ 17 ਨਵੰਬਰ ਤੱਕ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਪ੍ਰਕਾਸ਼ ਸੰਪਟ ਅਖੰਡ ਪਾਠ ਦੇ ਭੋਗ 17 ਨਵੰਬਰ ਨੂੰ ਸਵੇਰੇ 10 ਵਜੇ ਪਾਏ ਜਾਣਗੇ। ਇਸ ਉਪਰੰਤ ਸੰਤ ਮਹਾਂਪੁਰਖ, ਪ੍ਰਸਿੱਧ ਰਾਗੀਂ, ਕਥਾ ਵਾਚਕ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਣਗੇ।

## ਲਿਬਰੇਸ਼ਨ ਤੇ ਮਜ਼ਦੂਰ ਮੁਕਤੀ ਮੋਰਚਾ ਨੇ ਗੁੜੱਦੀ 'ਚ ਸਰਕਾਰ ਦੀ ਫੂਕੀ ਅਰਥੀ



**ਮਾਨਸਾ/ਬੁਢਲਾਡਾ (ਪਮਾਰ, ਲਾਕੜਾ)**

ਪਿੰਡ ਗੁੜੱਦੀ ਵਿਖੇ ਸੀ ਐੱਮ ਐੱਲ ਤੇ ਮਜ਼ਦੂਰ ਮੁਕਤੀ ਮੋਰਚੇ ਵੱਲੋਂ ਪੰਜਾਬ ਸਰਕਾਰ ਦੀ ਅਰਥੀ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆ ਸੀ.ਪੀ.ਆਈ.ਐੱਮ ਐਲ. ਲਿਬਰੇਸ਼ਨ ਦੇ ਜ਼ਿਲ੍ਹਾ ਕਮੇਟੀ ਮੈਂਬਰ ਕਾਮਰੇਡ ਭੋਲਾ ਸਿੰਘ ਨੇ ਕਿਹਾ ਕਿ ਇਨਕਲਾਬ ਦਾ ਨਾਅਰਾ ਦੇ ਕੇ ਸੱਤਾ ਵਿੱਚ ਆਈ ਭਗਵੰਤ ਮਾਨ ਸਰਕਾਰ ਲੋਕ ਮਾਰੂ ਨੀਤੀਆ ਲਾਗੂ ਕਰ ਰਹੀ ਹੈ। ਕੇਂਦਰ ਦੀ ਮੋਦੀ ਸਰਕਾਰ ਨੇ ਜੋ ਮਜ਼ਦੂਰਾਂ ਦੇ ਹਿੱਤ ਵਿੱਚ ਬਣਾਏ ਅੱਠ ਘੰਟਿਆਂ ਦੇ ਕਿਰਤ ਕਨੂੰਨ ਨੂੰ ਤੋੜ ਕੇ 12 ਘੰਟੇ ਕੀਤਾ ਗਿਆ ਸੀ, ਉਸ ਦਾ ਵਿਰੋਧ ਕਰਨ ਦੀ ਥਾਂ ਬਾਰਾ ਘੰਟਿਆ ਦੇ ਕਾਨੂੰਨ ਦਾ ਨੋਟੀਫਿਕੇਸ਼ਨ ਭਾਰਤ ਦੇ ਸਾਰੇ ਸੂਬਿਆਂ ਤੋਂ ਪਹਿਲਾਂ ਜਾਰੀ ਕਰ ਕੇ ਸਾਬਿਤ ਕਰ ਦਿੱਤਾ ਕਿ ਇਹ ਸਰਕਾਰ ਵੀ ਮਜ਼ਦੂਰ ਵਿਰੋਧੀ ਹੀ ਹੈ। ਅੱਜ ਆਰਥਿਕ ਮੰਦੀ ਦੇ ਦੌਰ ਵਿੱਚ ਮਸ਼ੀਨਰੀਕਰਨ ਦੀ ਭਰਮਾਰ ਹੋਣ ਕਰਕੇ ਜਿੱਥੇ ਪਹਿਲੰ ਹੀ ਮਜ਼ਦੂਰਾਂ ਨੂੰ ਕੰਮ ਘੱਟ ਮਿਲ ਰਿਹਾ ਹੈ, ਬਾਰਾਂ ਘੰਟਿਆਂ ਦੇ ਕਾਨੂੰਨ ਨਾਲ ਬੇਰੁਜ਼ਗਾਰੀ ਵਿੱਚ ਹੋਰ ਵੀ ਵਾਧਾ ਹੋਵੇਗਾ। ਇਸ ਮੌਕੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਪਿੰਡ ਇਕਾਈ ਦੇ ਆਗੂ ਮੱਘਰ ਸਿੰਘ ਮੇਵਾ ਸਿੰਘ ਨੇ ਕਿਹਾ ਕਿ ਮਨਰੇਗਾ ਕਾਨੂੰਨ ਹੀ ਸੀ ਰਹਿ ਗਿਆ, ਜਿਸ ਦੁਆਰਾ ਮਜ਼ਦੂਰ ਕੰਮ ਕਰਕੇ ਦੋ ਡੰਗ ਦੀ ਰੋਟੀ ਕਮਾ ਲੈਂਦੇ ਸਨ, ਪ੍ਰੰਤੂ ਭ੍ਰਿਸ਼ਟ ਅਫਸਰਸ਼ਾਹੀ ਤੇ ਪੇਂਡੂ ਚੌਧਰੀਆਂ ਦੀ ਮਿਲੀਭੁਗਤ ਕਾਰਨ ਮਨਰੇਗਾ ਵੀ ਕਾਰਗਰ ਸਿੱਧ ਨਹੀਂ ਹੋ ਰਹੀ, ਕਿਉਂਕਿ ਮਨਰੇਗਾ ਵਿੱਚ ਵੱਡੀ ਪੱਧਰ 'ਤੇ ਘਪਲੇਬਾਜ਼ੀਆਂ ਹੋ ਰਹੀਆ ਹਨ। ਉਨ੍ਹਾ ਸਰਕਾਰ ਤੋਂ ਮੰਗ ਕੀਤੀ ਕਿ ਮਜ਼ਦੂਰਾਂ ਨੂੰ ਪੂਰੇ ਦੋ ਸੌ ਦਿਨ ਕੰਮ ਦਿੱਤਾ ਜਾਵੇ, ਦਿਹਾੜੀ ਸੱਤ ਸੌ ਰੁਪਏ ਦਿੱਤੀ ਜਾਵੇ ਤੇ ਜਾਲ੍ਹੀ ਹਾਜ਼ਰੀਆਂ ਲਾਉਣ ਵਾਲਿਆਂ ਤੇ ਪਰਚੇ ਦਰਜ ਕੀਤੇ ਜਾਣ। ਇਸ ਸਮੇਂ ਅਮਰਜੀਤ ਕੌਰ, ਬਲਦੇਵ ਸਿੰਘ, ਗੁਰਨਾਮ ਸਿੰਘ, ਮਿੰਦਰ ਸਿੰਘ, ਇੰਦਰਜੀਤ ਕੌਰ, ਕ੍ਰਿਸ਼ਨਾ ਕੌਰ ਆਦਿ ਸ਼ਾਮਲ ਸਨ।

## ਮਨਿਸਟੀਰੀਅਲ ਸਟਾਫ ਵੱਲੋਂ ਕਲਮਛੋੜ ਹੜਤਾਲ ਤੇ ਰੋਸ ਪ੍ਰਦਰਸ਼ਨ

**ਮਾਨਸਾ (ਆਤਮਾ ਸਿੰਘ ਪਮਾਰ)**



ਪੀ.ਐਸ.ਐਮ.ਐਸ.ਯੂ. ਦੇ ਸੱਦੇ 'ਤੇ ਜ਼ਿਲ੍ਹਾ ਮਾਨਸਾ ਦੇ ਸਮੂਹ ਦਫਤਰੀ ਕਾਮਿਆਂ ਵੱਲੋਂ 13 ਨਵੰਬਰ ਤੱਕ ਮੁਕੰਮਲ ਕਲਮ ਛੋੜ ਹੜਤਾਲ ਕਰਕੇ, ਕੰਪਿਊਟਰ ਅਤੇ ਆਨਲਾਈਨ ਕੰਮ ਬੰਦ ਕਰਕੇ ਪੰਜਾਬ ਦੀ ਮਾਨ ਸਰਕਾਰ ਦਾ ਪਿੱਟ ਸਿਆਪਾ ਕੀਤਾ ਗਿਆ। ਇਸ ਮੌਕੇ ਸ੍ਰੀ ਪ੍ਰਤਾਪ ਸਿੰਘ, ਜ਼ਿਲ੍ਹਾ ਪ੍ਰਧਾਨ ਪੀ.ਐਸ.ਐਮ.ਐਸ.ਯੂ. ਨੇ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਹੜਤਾਲ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਜੋ ਕਿ 01/01/2004 ਤੋਂ ਬਾਅਦ ਭਰਤੀ ਹੋਏ ਹਨ, ਉਨ੍ਹਾਂ ਕਰਮਚਾਰੀਆਂ ਦੀਆਂ ਸਾਲ 1972 ਦੇ ਨਿਯਮਾਂ ਅਨੁਸਾਰ ਪੁਰਾਣੀ ਪੈਨਸ਼ਨ ਹੂਬਹੂ ਲਾਗੂ ਕਰਨ, ਏ.ਸੀ.ਪੀ. ਸਕੀਮ ਦੀ ਬਹਾਲੀ ਕਰਨ, ਕੇਂਦਰੀ ਪੈਟਰਨ 'ਤੇ ਭਰਤੀ ਬੰਦ ਕਰਵਾਉਣਾ ਤੇ ਡੀ.ਏ. ਦੀਆਂ ਬਕਾਇਆ ਕਿਸ਼ਤਾਂ, ਛੇਵੇਂ ਪੇ ਕਮਿਸ਼ਨ ਦਾ ਬਕਾਇਆ ਆਦਿ ਜਾਰੀ ਕਰਵਾਉਣ ਲਈ ਕੀਤੀ ਜਾ ਰਹੀ ਹੈ। ਸ੍ਰੀ ਜਸਦੀਪ ਸਿੰਘ, ਸੂਬਾ ਜੁਆਇੰਟ ਸਕੱਤਰ ਨੇ ਦੱਸਿਆ ਕਿ ਸਰਕਾਰ ਮੁਲਾਜ਼ਮਾਂ ਵੱਲੋਂ ਮਨਿਸਟੀਰੀਅਲ ਕੇਡਰ ਦੀਆਂ ਹੱਕੀ ਤੇ ਜਾਇਜ਼ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ, ਜਿਸ ਕਾਰਨ ਮੁਲਾਜ਼ਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪੀ.ਐੱਸ.ਐੱਮ.ਐੱਸ.ਯੂ. ਯੂਨਿਟ ਜ਼ਿਲ੍ਹਾ ਮਾਨਸਾ ਦੇ ਆਗੂਆਂ ਵੱਲੋਂ ਅੱਜ ਵੱਖ ਵੱਖ ਦਫਤਰਾਂ ਦੇ ਕਰਮਚਾਰੀਆਂ ਨੂੰ ਮਿਲਿਆ ਗਿਆ ਤਾਂ ਪਤਾ ਲੱਗਾ ਕਿ ਸਮੂਹ ਦਫਤਰਾਂ ਦੇ ਮਨਿਸਟੀਰੀਅਲ ਕਾਮਿਆਂ ਵੱਲੋਂ ਪੂਰਨ ਸਮਰਥਨ ਦਿੰਦੇ ਹੋਏ ਕਲਮਛੋੜ ਹੜਤਾਲ ਕਰਕੇ ਸਰਕਾਰ ਦਾ ਕੰਮਕਾਜ ਪੂਰਨ ਤੌਰ 'ਤੇ ਠੱਪ ਕਰਕੇ ਰੱਖਿਆ ਹੋਇਆ ਹੈ।

ਇਸੇ ਦੌਰਾਨ ਆਪਣੇ ਕੰਮ ਕਾਜਾਂ ਲਈ ਆਏ ਲੋਕਾਂ ਨਾਲ ਜਦੋਂ ਸੰਪਰਕ ਕੀਤਾ ਗਿਆ ਤਾਂ ਖੱਜਲ ਖੁਆਰੀ ਦੇ ਸਤਾਏ ਹੋਏ ਲੋਕ ਸਰਕਾਰ ਨੂੰ ਕੋਸ ਰਹੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਸਰਕਾਰ ਤੁਰੰਤ ਸਵੀਕਾਰ ਕਰੇ ਤਾਂ ਜੋ ਜਨਤਾ ਨੂੰ ਇਸ ਤਰ੍ਹਾਂ ਦੀ ਖੱਜਲ ਖੁਆਰੀ ਦਰਪੇਸ਼ ਨਾ ਹੋਵੇ। ਇਸ ਮੌਕੇ ਲੱਖਾ ਸਿੰਘ ਡੀ.ਸੀ. ਦਫਤਰ, ਰਾਕੇਸ਼ ਬੋਹਾ ਜ਼ਿਲ੍ਹਾ ਪ੍ਰਧਾਨ ਡੀ. ਸੀ. ਦਫਤਰ, ਪਰਮਿੰਦਰ ਕੌਰ ਪੰਚਾਇਤ ਵਿਭਾਗ, ਹਰਿੰਦਰ ਸਿੰਘ, ਸੁਖਵੀਰ ਕੌਰ, ਵਾਟਰ ਸਪਲਾਈ ਵਿਭਾਗ, ਅਮਨਦੀਪ ਸਿੰਘ ਖਜ਼ਾਨਾ ਦਫਤਰ, ਮਨੀਸ਼ ਕੁਮਾਰ ਫੂਡ ਸਪਲਾਈ ਵਿਭਾਗ, ਅਮਨ ਵਰਮਾ ਬੀ ਐਂਡ ਆਰ ਵਿਭਾਗ, ਲਕਸਵੀਰ ਸਿੰਘ, ਮਨਦੀਪ ਸਿੰਘ ਸਿਹਤ ਵਿਭਾਗ ਹਾਜ਼ਰ ਸਨ।

## ਬਲੌਜ਼ਮਜ਼ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਖੇਡਾਂ 'ਚ ਮਾਰੀਆਂ ਮੱਲਾਂ

**ਜਗਰਾਉਂ (ਅਮਿਤ ਖੰਨਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਦੇ ਵਿਦਿਆਰਥੀ ਹਰ ਖੇਤਰ ਵਿੱਚ ਆਪਣਾ ਨਾਂਅ ਮੋਹਰਲੀ ਕਤਾਰ ਵਿੱਚ ਦਰਜ ਕਰ ਰਹੇ ਹਨ। ਬੀਤੇ ਦਿਨੀਂ ਲੁਧਿਆਣਾ ਸਹੋਦਿਆ ਸਕੂਲਜ਼ ਕੰਪਲੈਕਸ 'ਚ ਫੁੱਟਬਾਲ ਦੇ ਹੋਏ ਮੈਚਾਂ ਵਿੱਚ ਅੰਡਰ 14 ਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕਰਕੇ ਹੋਰ ਅੱਗੇ ਵਧਣ ਦੀ ਮਿਹਨਤ ਜਾਰੀ ਕਰ ਲਈ ਹੈ। ਆਪਣੀ ਚੰਗੀ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ ਉਨ੍ਹਾਂ ਨੇ ਇਹ ਮੁਕਾਮ ਹਾਸਲ ਕੀਤਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ ਅਮਰਜੀਤ ਕੌਰ ਨਾਜ ਨੇ ਖਿਡਾਰੀਆਂ ਦੇ ਕੋਚ ਗੁਰਪ੍ਰੀਤ ਕੌਰ, ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਵਿਦਿਆਰਥੀ ਵਰਗ ਵਿੱਚ ਹੁਣੇ ਤੋਂ ਹੀ ਇਹ ਪ੍ਰਵਿਰਤੀ ਪੈਦਾ ਹੋ ਜਾਵੇਗੀ ਤਾਂ ਉਹ ਆਉਣ ਵਾਲੇ ਸਮੇਂ ਵਿੱਚ ਆਪਣੀ ਖੇਡ ਸਦਕਾ ਚੰਗਾ ਨਾਮਣਾ ਖੱਟ ਸਕਦੇ ਹਨ। ਅਸੀਂ ਆਪਣੇ ਵਿਦਿਆਰਥੀਆਂ ਲਈ ਖੇਡਾਂ ਦੇ ਹਰ ਮੌਕੇ ਪ੍ਰਦਾਨ ਕਰਦੇ ਹਾਂ। ਇਸ ਮੌਕੇ ਸਕੂਲ ਦੇ ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ ਨੇ ਵੀ ਜੇਤੂ ਵਿਦਿਆਰਥੀਆਂ ਨੂੰ ਵਧਾਈ ਦੇ ਪਾਤਰ ਦੱਸਿਆ।




## ਲਾਇਸੈਂਸ ਤੋਂ ਬਿਨਾਂ ਸ਼ਹਿਰ 'ਚ ਵਿਕ ਰਹੀ ਹੈ ਆਤਿਸ਼ਬਾਜ਼ੀ ?

**ਸਮਾਣਾ (ਇਕਬਾਲ ਸਿੰਘ ਬੱਲ)**




ਦੀਵਾਲੀ ਦਾ ਤਿਉਹਾਰ ਬਿਲਕੁਲ ਹੀ ਨੇੜੇ ਆਉਣ ਕਰਕੇ ਬਜ਼ਾਰਾਂ ਵਿੱਚ ਲੋਕਾਂ ਦੀ ਚਹਿਲ-ਪਹਿਲ ਦੇਖਣ ਨੂੰ ਮਿਲ ਰਹੀ ਹੈ। ਇਸ ਵਾਰ ਦੀਵਾਲੀ ਦਾ ਤਿਉਹਾਰ ਪਿਛਲੇ ਸਾਲ ਨਾਲੋਂ ਪਛੇਤਾ ਹੋਣ ਕਰਕੇ ਆਉਂਦੇ ਦਿਨਾਂ ਵਿੱਚ ਲੋਕ ਖੇਤੀ ਦੇ ਕੰਮਕਾਰਾਂ ਤੋਂ ਵਿਹਲੇ ਹੋ ਜਾਣਗੇ। ਦਿਵਾਲੀ ਦਾ ਤਿਉਹਾਰ ਸਭ ਤੋਂ ਵੱਡਾ ਹੁੰਦਾ ਹੈ, ਜਿਸ ਵਿੱਚ ਲੋਕ ਵੱਡੀ ਪੱਧਰ 'ਤੇ ਖਰਚ ਕਰਦੇ ਹਨ ਤੇ ਬਜ਼ਾਰਾਂ ਵਿੱਚ ਵੀ ਦੁਕਾਨਦਾਰ ਵੱਡੀ ਪੱਧਰ 'ਤੇ ਸਾਮਾਨ ਵੇਚਦੇ ਹਨ, ਜਿਸ ਵਿੱਚ ਮੁੱਖ ਰੂਪ 'ਚ ਆਤਿਸ਼ਬਾਜ਼ੀ ਦੇ ਵੱਡੇ ਭੰਡਾਰ ਜਮ੍ਹਾਂ ਕਰਕੇ ਪ੍ਰਸ਼ਾਸਨ ਤੋਂ ਚੋਰੀ ਛਿਪੇ ਸਪਲਾਈ ਕੀਤੀ ਜਾ ਰਹੀ ਹੈ। ਮਾਮਲਾ ਇਸ ਤਰ੍ਹਾਂ ਹੈ ਕਿ ਸ਼ਹਿਰ ਦਾ ਇੱਕ ਮੁੱਖ ਆਤਿਸ਼ਬਾਜ਼ੀ ਵਿਕਰੇਤਾ ਜੋ ਕਿ ਸਥਾਨਕ ਸ਼ਹਿਰ ਦੇ ਬੱਸ ਅੱਡੇ ਨਜ਼ਦੀਕ ਹੀ ਆਤਿਸ਼ਬਾਜ਼ੀ ਦਾ ਥੋਕ 'ਚ ਕੰਮ ਕਰਦਾ ਹੈ, ਜਿਹੜਾ ਕਿ ਸਥਾਨਕ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਸਰਕਾਰ ਨੂੰ ਵੱਡਾ ਰਗੜਾ ਲਗਾ ਰਿਹਾ ਹੈ।

ਇਸ ਵਿਕਰੇਤਾ ਨੇ ਸਮਾਣਾ ਸ਼ਹਿਰ ਦੀ ਹੱਦ 'ਤੇ ਹਰਿਆਣਾ ਦੇ ਏਰੀਏ ਵਿੱਚ ਆਪਣਾ ਵੱਡਾ ਗਡਾਊਨ ਬਣਾ ਕੇ ਉੱਥੇ ਆਤਿਸ਼ਬਾਜ਼ੀ ਦਾ ਵੱਡਾ ਭੰਡਾਰ ਜਮ੍ਹਾਂ ਕਰਕੇ ਪੰਜਾਬ 'ਚ ਸਪਲਾਈ ਕਰਦਾ ਹੈ। ਅਜਿਹਾ ਕਰਕੇ ਵਿਉਪਾਰੀ ਵਿਅਕਤੀ ਵੱਡੀ ਪੱਧਰ 'ਤੇ ਟੈਕਸ ਚੋਰੀ ਕਰਕੇ ਸਰਕਾਰ ਨੂੰ ਰਗੜਾ ਲਗਾ ਰਿਹਾ ਹੈ, ਕਿਉਂਕਿ ਇਸ ਦੇ ਮਾਲ ਦੀ ਜਮਾਂਖੋਰੀ ਹਰਿਆਣਾ ਏਰੀਏ ਵਿੱਚ ਹੁੰਦੀ ਹੈ, ਪਰ ਜ਼ਿਆਦਾਤਰ ਸਪਲਾਈ ਪੰਜਾਬ ਦੇ ਦੁਕਾਨਦਾਰਾਂ ਨੂੰ ਕੀਤੀ ਜਾਂਦੀ ਹੈ। ਇਹ ਵਿਉਪਾਰੀ ਹਰ ਸਾਲ ਦਿਵਾਲੀ ਮੌਕੇ ਕਰੋੜਾਂ ਰੁਪਏ ਦੀ ਆਤਿਜ਼ਬਾਜ਼ੀ ਵੇਚ ਕੇ ਸਰਕਾਰ ਨੂੰ ਟੈਕਸ ਦੇ ਰੂਪ ਵਿੱਚ ਲੱਖਾਂ ਰੁਪਏ ਦਾ ਰਗੜਾ ਲਾਉਂਦਾ ਹੈ। ਉਪ ਮੰਡਲ ਦਫਤਰ ਸਮਾਣਾ ਤੋਂ ਮਿਲੀ ਜਾਣਕਾਰੀ ਮੁਤਾਬਿਕ ਸਮਾਣਾ ਵਿੱਚ ਕਿਸੇ ਨੂੰ ਆਤਿਸ਼ਬਾਜ਼ੀ ਵੇਚਣ ਦਾ ਲਾਇਸੰਸ ਨਹੀਂ ਦਿੱਤਾ ਗਿਆ, ਪ੍ਰੰਤੂ ਫਿਰ ਵੀ ਸਮਾਣਾ ਦਾ ਇੱਕ ਆਤਿਸ਼ਬਾਜ਼ੀ ਵਿਕਰੇਤਾ ਸਰੇਆਮ ਸ਼ਹਿਰ ਵਿੱਚ ਆਤਿਸ਼ਬਾਜ਼ੀ ਦੀ ਦੁਕਾਨਦਾਰਾਂ ਨੂੰ ਸਪਲਾਈ ਕਰ ਰਿਹਾ ਹੈ। ਬਸ ਸਟੈਂਡ ਨੇੜੇ ਮੇਨ ਸੜਕ 'ਤੇ ਆਪਣੀ ਖਾਦੀ ਕੱਪੜੇ ਦੀ ਦੁਕਾਨ ਦੇ ਬਾਹਰ ਉਸ ਨੇ ਪਟਾਕੇ ਵੇਚਣ ਦਾ ਫਲੈਕਸ ਬੋਰਡ ਲਾਇਆ ਹੋਇਆ ਹੈ। ਸਰਕਾਰ ਵੱਲੋਂ ਬੇਸ਼ਕ ਗਰੀਨ ਪਟਾਕੇ ਚਲਾਉਣ ਦੀ ਇਜਾਜ਼ਤ ਦਿੱਤੀ ਗਈ ਹੈ, ਪ੍ਰੰਤੂ ਗਰੀਨ ਪਟਾਕਿਆਂ ਦੀ ਆੜ ਵਿੱਚ ਬਿਨਾਂ ਲਾਈਸੈਂਸ ਤੋਂ ਵੱਡੀ ਆਵਾਜ਼ ਵਾਲੇ ਪਟਾਕੇ ਵੇਚੇ ਜਾ ਰਹੇ ਹਨ। ਕੀ ਪੁਲਸ ਪ੍ਰਸ਼ਾਸਨ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਸ਼ਹਿਰ 'ਚ ਆਤਿਸ਼ਬਾਜ਼ੀ ਨੂੰ ਰੋਕਣ ਵਿੱਚ ਸਫਲ ਹੁੰਦਾ ਹੈ ਜਾਂ ਨਹੀਂ ?

## ਭਾਈ ਦਿਆਲਾ ਜੀ ਦਾ ਸ਼ਹੀਦੀ ਦਿਹਾੜਾ 24 ਨੂੰ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਸਥਾਨਕ ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਹੀਦ ਭਾਈ ਦਿਆਲਾ ਜੀ ਦਾ ਸ਼ਹੀਦੀ ਦਿਹਾੜਾ 24 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ।

ਜਾਣਕਾਰੀ ਦਿੰਦਿਆਂ ਸੰਸਥਾ ਚੇਅਰਮੈਨ ਮਹਿੰਦਰ ਸਿੰਘ ਦੁੱਲਟ ਤੇ ਪ੍ਰਿੰਸੀਪਲ ਨਰਪਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਸ਼ਹੀਦ ਭਾਈ ਦਿਆਲਾ ਜੀ ਦੇ ਸ਼ਹੀਦੀ ਦਿਹਾੜੇ ਸਬੰਧੀ 22 ਨਵੰਬਰ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਪ੍ਰਕਾਸ਼ ਆਰੰਭ ਹੋਣਗੇ ਤੇ 24 ਨਵੰਬਰ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਨ੍ਹਾਂ ਦੱਸਿਆ ਕਿ ਸੰਸਥਾ ਦੇ ਵਿਦਿਆਰਥੀਆਂ ਵੱਲੋਂ ਗੁਰਬਾਣੀ, ਢਾਡੀ ਵਾਰਾਂ, ਸ਼ਬਦ ਕੀਰਤਨ ਤੇ ਪਵਿੱਤਰ ਗੁਰਬਾਣੀ ਦੇ ਵਿਚਾਰ ਰੱਖਣਗੇ ਤੇ ਵਿਦਿਆਰਥੀਆਂ ਨੂੰ ਗੁਰਬਾਣੀ ਨਾਲ ਜੁੜਨ ਦੀ ਪ੍ਰੇਰਣਾ ਦੇਣਗੇ।

## ਪੀ ਐੱਸ ਈ ਬੀ ਪੈਨਸ਼ਨਰ ਯੂਨੀਅਨ ਏਟਕ ਵੱਲੋਂ ਸੇਵਾ ਮੁਕਤ ਕਾਮਿਆਂ ਦਾ ਸਨਮਾਨ

**ਰਾਜਪੁਰਾ (ਰਮੇਸ਼ ਕਟਾਰੀਆ)**



ਪੀ ਐੱਸ ਈ ਬੀ ਪੈਨਸ਼ਨਰ ਯੂਨੀਅਨ ਏਟਕ ਪੰਜਾਬ ਰਾਜਪੁਰਾ ਡਵੀਜ਼ਨ ਵੱਲੋਂ ਸੇਵਾ ਮੁਕਤ ਕਾਮਿਆਂ ਦਾ ਸਨਮਾਨ ਸਮਾਰੋਹ ਰਾਜਪੁਰਾ ਦਫਤਰ ਸਮਾਜ ਭਲਾਈ ਵਿਚਾਰ ਪਾਰਕ ਵਿਖੇ ਕੌਮੀ ਆਗੂ ਸਾਥੀ ਹਰਭਜਨ ਸਿੰਘ ਪਿਲਖਣੀ ਦੀ ਰਹਿਨੁਮਾਈ ਤੇ ਸਾਥੀ ਰਾਮ ਰਤਨ ਪ੍ਰਧਾਨ ਦੀ ਪ੍ਰਧਾਨਗੀ ਹੇਠ ਕਰਾਇਆ ਗਿਆ। ਇਸ ਸਨਮਾਨ ਸਮਾਰੋਹ ਦੀ ਸ਼ੁਰੂਆਤ ਮੌਕੇ ਜਥੇਬੰਦੀ ਦਾ ਝੰਡਾ ਲਹਿਰਾਉਣ ਉਪਰੰਤ ਵਿਛੜੇ ਆਗੂਆਂ, ਜਿਨ੍ਹਾਂ ਵਿੱਚ ਪੈਨਸ਼ਨਰ ਯੂਨੀਅਨ ਏਟਕ ਦੇ ਸੰਚਾਲਕ ਸਾਥੀ ਰਣਜੀਤ ਬਿੰਜੋਕੀ, ਜੋ ਪਿਛਲੇ ਦਿਨੀਂ ਅਚਾਨਕ ਸਦੀਵੀ ਵਿਛੋੜਾ ਦੇ ਗਏ ਸਨ, ਉਨ੍ਹਾ ਨੂੰ 2 ਮਿੰਟ ਦਾ ਮੋਨ ਰੱਖ ਕੇ ਆਗੂਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਕਾਰਵਾਈ ਸ਼ੁਰੂ ਹੋਣ ਉਪਰੰਤ ਰਾਜ ਗਾਇਕ ਸਾਥੀ ਰਾਮ ਰਤਨ ਨੇ ਇਨਕਲਾਬੀ ਗੀਤ ਗਾ ਕੇ ਸਾਥੀਆਂ ਵਿੱਚ ਜੋਸ਼ ਪੈਦਾ ਕੀਤਾ। ਇਸ ਮੌਕੇ ਰਾਜਪੁਰਾ ਡਵੀਜ਼ਨ ਅਧੀਨ ਆਉਂਦੀਆਂ ਸਬ ਡਵੀਜ਼ਨਾਂ ਦੇ ਪ੍ਰਧਾਨ ਸਕੱਤਰ ਤੇ ਕੈਸ਼ੀਅਰਾਂ ਨੇ ਇਸ ਵਾਰੀ ਸਾਲਾਨਾ ਹੋਣ ਵਾਲੇ ਸਨਮਾਨ ਸਮਾਰੋਹ ਸਮੇਂ ਮੁਬਾਰਕਾਂ ਦਿੱਤੀਆਂ ਤੇ ਵਿਸ਼ਵਾਸ ਦਿਵਾਇਆ ਕਿ ਅਸੀਂ ਪੈਨਸ਼ਨਰ ਯੂਨੀਅਨ ਏਟਕ ਪੰਜਾਬ ਨਾਲ ਹਰ ਸਮੇਂ ਹਰੇਕ ਸੁੱਖ ਦੁੱਖ ਤੇ ਸੰਘਰਸ਼ ਵਿੱਚ ਸ਼ਾਮਲ ਹੋਵਾਂਗੇ। ਪਟਿਆਲਾ ਸਰਕਲ ਦੀਆਂ ਸਾਰੀਆਂ ਡਵੀਜ਼ਨਾਂ ਜਿਵੇਂ ਸਮਾਣਾ ਦੇ ਪ੍ਰਧਾਨ ਗੁਰਮੇਲ ਸਿੰਘ ਤੇ ਮੱਘਰ ਸਿੰਘ ਦੀ ਅਗਵਾਈ ਹੇਠ ਸਾਥੀਆਂ ਨੇ ਹਿੱਸਾ ਲਿਆ, ਨਾਭਾ ਡਵੀਜ਼ਨ ਤੋਂ ਸਾਥੀ ਬਲਬੀਰ ਸਿੰਘ ਦੀ ਅਗਵਾਈ 'ਚ ਸਾਥੀਆਂ ਨੇ ਆਪਣੀ ਹਾਜ਼ਰੀ ਲਗਵਾਈ। ਪਟਿਆਲਾ ਡਵੀਜ਼ਨ ਤੋਂ ਸਾਥੀ ਮੁਹੰਮਦ ਅਸ਼ਰਫ ਤੇ ਸਾਥੀ ਹਰਪਾਲ ਸਿੰਘ ਦੀ ਅਗਵਾਈ ਵਿੱਚ ਸਾਥੀਆਂ ਨੇ ਵੱਧ ਚੜ੍ਹ ਕੇ ਉਤਸ਼ਾਹ ਨਾਲ ਪੈਨਸ਼ਨਰ ਯੂਨੀਅਨ ਏਟਕ ਦੇ ਸਾਥੀਆਂ ਨੇ ਹਿੱਸਾ ਲਿਆ। ਸਰਕਲ ਆਗੂ ਸਾਥੀ ਗੁਰਦਿਆਲ ਸਿੰਘ ਬੱਬੂ ਤੇ ਉਨ੍ਹਾਂ ਦੀ ਟੀਮ ਨੇ ਕਿਹਾ ਕਿ ਪੰਜਾਬ ਸਰਕਾਰ ਤੇ ਮੈਨੇਜਮੈਂਟ ਤੋਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਕਰਕੇ ਮੰਗਾਂ ਮਨਵਾਉਣ ਲਈ ਇਸ ਜਥੇਬੰਦੀ ਦੀ ਬਹੁਤ ਜ਼ਰੂਰਤ ਹੈ। ਅਖੀਰ ਵਿੱਚ ਕੌਮੀ ਆਗੂ ਸਾਥੀ ਹਰਭਜਨ ਸਿੰਘ ਪਿਲਖਣੀ ਨੇ ਦੱਸਿਆ ਕਿ ਪੀ ਐੱਸ ਈ ਬੀ ਪੈਨਸ਼ਨਰ ਯੂਨੀਅਨ ਏਟਕ ਪੰਜਾਬ ਕੁੱਝ ਹੀ ਸਮੇਂ ਵਿੱਚ ਬੁਲੰਦੀਆਂ 'ਤੇ ਹੋਵੇਗੀ ਤੇ ਫੈਸਲਾਕੁੰਨ ਲੜਾਈਆਂ ਲੜ ਕੇ ਮੈਨੇਜਮੈਂਟ ਤੇ ਪੰਜਾਬ ਸਰਕਾਰ ਨੂੰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਮੰਨਣ ਲਈ ਮਜਬੂਰ ਕਰ ਦਿੱਤਾ ਜਾਵੇਗਾ। ਇਸ ਮੌਕੇ ਸਟੇਜ ਦੀ ਕਾਰਵਾਈ ਸੂਬਾ ਵਿੱਤ ਸਕੱਤਰ ਸਾਥੀ ਬਲਜੀਤ ਕੁਮਾਰ ਨੇ ਬਾਖੂਬੀ ਨਿਭਾਈ ਤੇ ਜਥੇਬੰਦੀ ਬਾਰੇ ਜਾਣਕਾਰੀ ਦਿੱਤੀ। ਇਸ ਸਮਾਰੋਹ ਵਿੱਚ ਕੁਲਦੀਪ ਸਿੰਘ ਡਵੀਜ਼ਨ ਪ੍ਰਧਾਨ, ਸਰਕਲ ਆਗੂ ਸੁਖਦੇਵ ਸਿੰਘ, ਸਰਕਲ ਆਗੂ ਅਵਤਾਰ ਸਿੰਘ, ਡਵੀਜ਼ਨ ਆਗੂ ਸਤਨਾਮ ਸਿੰਘ, ਨਰਿੰਦਰ ਮੈਨੋਰੀ, ਪਵਨ ਕੁਮਾਰ ਐੱਸ ਡੀ ਓ ਪੈਨਸ਼ਨਰ ਯੂਨੀਅਨ ਏਟਕ ਪੰਜਾਬ ਡਵੀਜ਼ਨ ਰਾਜਪੁਰਾ ਤੇ ਸਾਥੀ ਸ਼ਾਮ ਸੁੰਦਰ, ਹਰਚਰਨ ਸਿੰਘ, ਗੁਰਨਾਮ ਸਿੰਘ ਤੇ ਹੋਰ ਆਗੂਆਂ ਨੇ ਸ਼ਮੂਲੀਅਤ ਕੀਤੀ।

## ਟ੍ਰਾਈਡੈਂਟ ਫਾਊਂਡੇਸ਼ਨ ਦੀ ਪਹਿਲਕਦਮੀ ਪਰਾਲੀ ਸਮਾਧਾਨ, ਕਿਸਾਨਾਂ ਤੇ ਵਾਤਾਵਰਣ ਲਈ ਇੱਕ ਜੀਵਨ ਰੇਖਾ

**ਬਰਨਾਲਾ (ਰਾਜਿੰਦਰ ਬਰਾੜ)**



ਟ੍ਰਾਈਡੈਂਟ ਫਾਊਂਡੇਸ਼ਨ, ਗਲੋਬਲ ਟੈਕਸਟਾਈਲ ਸਮੂਹ ਟ੍ਰਾਈਡੈਂਟ ਗਰੁੱਪ ਦਾ ਇੱਕ ਸਮਰਪਤ ਸੀ ਐੱਸ ਆਰ ਵਿੰਗ, ਪੰਜਾਬ ਦੇ ਬਰਨਾਲਾ ਤੇ ਆਲੇ-ਦੁਆਲੇ ਦੇ ਕਿਸਾਨਾਂ ਨੂੰ ਫਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਤੇ ਨਿਪਟਾਰੇ ਲਈ ਮਸ਼ੀਨਰੀ ਪ੍ਰਦਾਨ ਕਰਕੇ ਅਤੇ ਲੋੜੀਂਦੀ ਜਾਣਕਾਰੀ ਪ੍ਰਦਾਨ ਕਰਕੇ ਮਹੱਤਵਪੂਰਨ ਮਦਦ ਕਰ ਰਿਹਾ ਹੈ। ਟਰਾਈਡੈਂਟ ਫਾਊਂਡੇਸ਼ਨ ਦਾ ਪਰਾਲੀ ਦਾ ਹੱਲ ਪ੍ਰੋਗਰਾਮ 2023 ਹਵਾ ਪ੍ਰਦੂਸ਼ਣ ਨੂੰ ਰੋਕਣ ਤੇ ਪਰਾਲੀ ਸਾੜਨ ਦੀ ਸਮੱਸਿਆ ਨੂੰ ਹੱਲ ਕਰਕੇ ਸਥਾਨਕ ਲੋਕਾਂ ਦੀ ਮਦਦ ਕਰਨ ਲਈ ਵਚਨਬੱਧ ਹੈ, ਜਿਸ ਤਹਿਤ ਹਵਾ ਪ੍ਰਦੂਸ਼ਣ ਨੂੰ ਘਟਾ ਤੇ ਕੁਦਰਤ ਨੂੰ ਲਾਭ ਪਹੁੰਚਾ ਕੇ ਸਮਾਜ ਦੀ ਸਰਬਪੱਖੀ ਭਲਾਈ ਕੀਤੀ ਜਾ ਸਕੇ। ਸ੍ਰੀਮਤੀ ਮਧੂ ਗੁਪਤਾ, ਚੇਅਰਪਰਸਨ, ਟ੍ਰਾਈਡੈਂਟ ਫਾਊਂਡੇਸ਼ਨ ਨੇ ਕਿਹਾ, "ਅੱਜ, ਉੱਤਰੀ ਭਾਰਤ ਗੰਭੀਰ ਹਵਾ ਪ੍ਰਦੂਸ਼ਣ ਸੰਕਟ ਦਾ ਸਾਹਮਣਾ ਕਰ ਰਿਹਾ ਹੈ ਅਤੇ ਏ ਕਿਊ ਆਈ 470 ਤੱਕ ਪਹੁੰਚ ਗਿਆ ਹੈ, ਜਿਸ ਨਾਲ ਸਾਹ ਲੈਣਾ ਵੀ ਮੁਸ਼ਕਲ ਹੋ ਗਿਆ ਹੈ। ਇਸ ਲਈ ਅਸੀਂ ਸਾਰੇ ਚਿੰਤਤ ਹਾਂ ਤੇ ਪ੍ਰਦੂਸ਼ਣ ਨੂੰ ਘਟਾਉਣ ਲਈ ਸੰਭਵ ਹੱਲ ਲੱਭ ਰਹੇ ਹਾਂ। ਟਰਾਈਡੈਂਟ ਫਾਊਂਡੇਸ਼ਨ ਦੇ ਤਹਿਤ 'ਪਰਾਲੀ ਸਮਾਧਨ ਯੋਜਨਾ' ਰਾਹੀਂ, ਟ੍ਰਾਈਡੈਂਟ ਗਰੁੱਪ ਸਥਾਨਕ ਕਿਸਾਨਾਂ ਨੂੰ ਲੋੜੀਂਦੀ ਮਸ਼ੀਨਰੀ ਤੇ ਗਿਆਨ ਨਾਲ ਸਸ਼ਕਤ ਕਰਕੇ ਫਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਤੇ ਫਸਲਾਂ ਨੂੰ ਸਾੜਨ ਦੀ ਗੰਭੀਰ ਸਮੱਸਿਆ ਨੂੰ ਦੂਰ ਕਰਨ ਵਿੱਚ ਉਚੇਰੀ ਮਦਦ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇੱਕ ਹਰੇ ਭਰੇ ਤੇ ਸਿਹਤਮੰਦ ਭਵਿੱਖ ਲਈ ਅਸੀਂ ਆਪਣੇ ਮਾਨਕ ਨੂੰ ਵਧਾਉਣ ਲਈ ਵਚਨਬੱਧ ਹਨ ਤੇ ਸਾਡੀ ਪਹੁੰਚ ਨੂੰ ਵਧਾਉਣ ਦਾ ਟੀਚਾ ਰੱਖਦੇ ਹਾਂ, ਜਿੱਥੇ ਲੋਕ ਇੱਕ ਟਿਕਾਊ ਤੇ ਸਵੱਛ ਵਾਤਾਵਰਣ ਦੇ ਨਾਲ ਅੱਗੇ ਵਧ ਸਕਦੇ ਹਨ।' ਉਨ੍ਹਾਂ ਕਿਹਾ ਕਿ ਖੇਤੀ ਦੀ ਰਹਿੰਦ-ਖੂੰਹਦ ਨੂੰ ਸਾੜਨਾ ਇੱਕ ਖਤਰਨਾਕ ਪ੍ਰਥਾ ਹੈ, ਜੋ ਸਾਡੇ ਵਾਤਾਵਰਣ ਲਈ ਵੱਡਾ ਖਤਰਾ ਸਾਬਿਤ ਹੋ ਰਿਹਾ ਹੈ। ਕੁਦਰਤ ਤੇ ਮਨੁੱਖੀ ਸਿਹਤ ਲਈ ਹਾਨੀਕਾਰਕ ਇਹ ਪ੍ਰਥਾ ਲੰਬੇ ਸਮੇਂ ਤੋਂ ਖਾਸ ਕਰਕੇ ਉੱਤਰੀ ਭਾਰਤ ਵਿੱਚ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਵਿੱਤੀ ਸਾਲ 22-23 'ਚ ਟ੍ਰਾਈਡੈਂਟ ਫਾਊਂਡੇਸ਼ਨ ਨੇ 3000 ਏਕੜ ਤੋਂ ਵੱਧ ਜ਼ਮੀਨ ਨੂੰ ਪ੍ਰਭਾਵਿਤ ਕਰਨ ਵਾਲੇ ਖੇਤਾਂ ਤੋਂ 7500 ਟਨ ਪਰਾਲੀ ਨੂੰ ਸਫਲਤਾਪੂਰਵਕ ਚੁੱਕਿਆ ਹੈ ਤੇ ਲਗਭਗ 8000 ਟਨ/ਸਾਲ ਸੀ. ਓ. ਟੂ. ਦੇ ਬਰਾਬਰ ਗ੍ਰੀਨ ਹਾਊਸ ਗੈਸ (ਜੀ. ਐੱਚ. ਜੀ.) ਦੇ ਨਿਕਾਸ ਨੂੰ ਘਟਾਇਆ ਹੈ, ਜਿਸ ਨਾਲ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਨਾਲ ਕਿਸਾਨਾਂ ਤੇ ਨਿਵਾਸੀਆਂ ਨੂੰ ਇਸ ਮਦਦ ਨਾਲ ਬਹੁਤ ਲਾਭ ਮਿਲਿਆ ਹੈ। ਟ੍ਰਾਈਡੈਂਟ ਫਾਊਂਡੇਸ਼ਨ ਇਨ੍ਹਾਂ ਮਿਆਰਾਂ ਨੂੰ ਉੱਚਾ ਚੁੱਕਣ ਤੇ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚ ਕਰਨ ਲਈ ਵਚਨਬੱਧ ਹੈ। ਟ੍ਰਾਈਡੈਂਟ ਫਾਊਂਡੇਸ਼ਨ ਦੀ ਪਹਿਲਕਦਮੀ 'ਪਰਾਲੀ ਸਮਾਧਨ' ਨਾ ਸਿਰਫ ਸਾਫ ਹਵਾ ਤੇ ਸਿਹਤਮੰਦ ਵਾਤਾਵਰਣ ਨੂੰ ਯਕੀਨੀ ਬਣਾਉਂਦੀ ਹੈ, ਸਗੋਂ ਪੇਂਡੂ ਆਬਾਦੀ ਦੀ ਭਲਾਈ ਨੂੰ ਵੀ ਯਕੀਨੀ ਬਣਾਉਂਦੀ ਹੈ। ਕੰਪਨੀ ਵਾਤਾਵਰਨ ਦੀ ਦੇਖਭਾਲ ਕਰਦੇ ਹੋਏ ਇੱਕ ਸਿਹਤਮੰਦ ਭਾਈਚਾਰੇ ਦੇ ਨਿਰਮਾਣ ਲਈ ਸਮਰਪਤ ਹੈ। ਜ਼ਿਕਰਯੋਗ ਹੈ ਕਿ ਟ੍ਰਾਈਡੈਂਟ ਲਿਮਟਿਡ ਭਾਰਤੀ ਵਪਾਰਕ ਸਮੂਹ ਤੇ ਗਲੋਬਲ ਪਲੇਅਰ, ਟ੍ਰਾਈਡੈਂਟ ਗਰੁੱਪ ਦੀ ਪ੍ਰਮੁੱਖ ਕੰਪਨੀ ਹੈ। ਇਸ ਦਾ ਮੁੱਖ ਦਫਤਰ ਲੁਧਿਆਣਾ, ਪੰਜਾਬ ਵਿੱਚ ਹੈ। ਟ੍ਰਾਈਡੈਂਟ ਲਿਮਟਿਡ ਇੱਕ ਵਰਟੀਕਲੀ ਇੰਟੀਗ੍ਰੇਟਡ ਟੈਕਸਟਾਈਲ (ਯਾਰਨ, ਬਾਥ ਤੇ ਬੈੱਡ ਲਿਨਨ) ਅਤੇ ਕਾਗਜ਼ (ਕਣਕ ਦੇ ਤੂੜੀ ਅਧਾਰਤ) ਦਾ ਨਿਰਮਾਤਾ ਹੈ। ਟ੍ਰਾਈਡੈਂਟ ਦੇ ਤੌਲੀਏ, ਧਾਗੇ, ਬੈੱਡਸ਼ੀਟ ਤੇ ਕਾਗਜ਼ ਦੇ ਕਾਰੋਬਾਰਾਂ ਨੇ ਭਾਰਤ ਤੇ ਦੁਨੀਆ ਭਰ ਵਿੱਚ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਕੀਤੀ ਹੈ ਅਤੇ ਲੱਖਾਂ ਗਾਹਕ ਬਣਾਏ ਹਨ। ਟ੍ਰਾਈਡੈਂਟ ਭਾਰਤ ਵਿੱਚ ਘਰੇਲੂ ਟੈਕਸਟਾਈਲ ਵਿੱਚ ਸਭ ਤੋਂ ਵੱਡੇ ਖਿਡਾਰੀਆਂ 'ਚੋਂ ਇੱਕ ਹੈ।

ਰਾਸ਼ਟਰੀ, ਕੈਪਟਿਵ ਤੇ ਰੀਟੇਲ ਮਲਕੀਅਤ ਵਾਲੇ ਬ੍ਰਾਂਡਾਂ ਦੀ ਸਪਲਾਈ ਕਰਨ ਦੇ ਨਾਲ, ਕੰਪਨੀ ਨੇ ਖਪਤਕਾਰਾਂ, ਵਿਕਰੇਤਾਵਾਂ ਦੀ ਮਦਦ ਕੀਤੀ ਹੈ। ਗੁਣਵੱਤਾ, ਸਮਾਜਿਕ ਜ਼ਿੰਮੇਵਾਰੀ ਤੇ ਵਾਤਾਵਰਣ ਪ੍ਰਬੰਧਨ ਨੂੰ ਯਕੀਨੀ ਬਣਾਉਣ ਲਈ ਕਈ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੁਰਸਕਾਰ ਜਿੱਤੇ ਹਨ। ਕੰਪਨੀ ਤਿੰਨ ਪ੍ਰਮੁੱਖ ਕਾਰੋਬਾਰੀ ਖੇਤਰਾਂ ਵਿੱਚ ਕੰਮ ਕਰਦੀ ਹੈ, ਜੋ ਟੈਕਸਟਾਈਲ, ਕਾਗਜ਼ ਤੇ ਰਸਾਇਣ ਅਤੇ ਇਨ੍ਹਾਂ ਦੀਆਂ ਨਿਰਮਾਣ ਸਹੂਲਤਾਂ ਪੰਜਾਬ ਤੇ ਮੱਧ ਪ੍ਰਦੇਸ਼ ਵਿੱਚ ਸਥਿਤ ਹਨ।

AXIS BANK

**Retail Assets Center:** AXIS Bank Ltd., "2nd and 3rd Floor, Property No. 7-E, Malhar Road, Saraabha Nagar, Ludhiana -141001.
**Retail Assets Center:** AXIS Bank Ltd., 3rd Floor, SCO 367-368, Above Akash Institute, Sector 34A, Chandigarh -160022.
**Corporate Office:** 3rd Floor, Block-B, Bombay Dyeing Mills Compound, Pandurang Budhakar Marg, Worli, Mumbai-400 025.
**Registered Office:** 'Trishul', 3rd floor, Opposite Samartheswar Temple, Law Garden, Ellisbridge, Ahmedabad-380006.

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 (2) ਤਹਿਤ ਡਿਮਾਂਡ ਨੋਟਿਸ**

ਜਦੋਂ ਕਿ ਹੇਠਾਂ ਦਿੱਤੇ ਗਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਜ਼ਾਮਨਾਂ/ਰਹਿਣਕਾਰਾਂ ਨੇ ਐਕਸਿਸ ਬੈਂਕ ਲਿਮਟਿਡ ਕੋਲੋਂ ਵਿੱਤੀ ਸਹਾਇਤਾ ਲਈ ਸੀ। ਅਸੀਂ ਦੱਸਣਾ ਚਾਹੁੰਦੇ ਹਾਂ ਕਿ ਵਿੱਤੀ ਸਹਾਇਤਾ ਪ੍ਰਾਪਤ ਕਰਨ ਦੇ ਬਾਵਜੂਦ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਜ਼ਾਮਨਾਂ/ਰਹਿਣਕਾਰਾਂ ਨੇ ਬਣਦੀਆਂ ਤਰੀਕਾਂ 'ਤੇ ਵਿਆਜ ਤੇ ਮੂਲ ਰਕਮਾਂ ਦੀ ਮੁੜ ਅਦਾਇਗੀ 'ਚ ਵੱਖ-ਵੱਖ ਭੁੱਲਾਂ ਕੀਤੀਆਂ ਹਨ। ਭਾਰਤ ਦੀ ਰਿਜ਼ਰਵ ਬੈਂਕ ਵੱਲੋਂ ਜਾਰੀ ਹਦਾਇਤਾਂ/ਨਿਰਦੇਸ਼ਤ ਲੀਹਾਂ ਦੇ ਅਨੁਰੂਪ ਹੇਠਾਂ ਦਿੱਤੀਆਂ ਗਈਆਂ ਸੰਬੰਧਤ ਤਰੀਕਾਂ 'ਤੇ ਖਾਤੇ ਨੂੰ 'ਨਾਨ-ਪਰਫਾਰਮਿੰਗ ਐੱਸਟਸ' ਵਰਗੀਕ੍ਰਿਤ ਕਰ ਦਿੱਤਾ ਗਿਆ ਹੈ, ਜਿਸ ਦੇ ਸਿੱਟੇ ਵਜੋਂ ਸਕਿਉਰਿਟਾਈਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 3 ਨੂੰ ਨਾਲ ਪੜ੍ਹਦਿਆਂ ਧਾਰਾ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਐਕਸਿਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਨੇ ਸਰਫੇਸੀ ਐਕਟ, 2002 ਦੀ ਧਾਰਾ 13 (2) ਅਧੀਨ ਵਰਣਨ ਕੀਤੀਆਂ ਸੰਬੰਧਤ ਤਰੀਕਾਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਹੇਠ ਲਿਖੇ ਕਰਜ਼ਦਾਰਾਂ/ਜ਼ਾਮਨਾਂ/ਰਹਿਣਕਾਰਾਂ ਨੂੰ ਨੋਟਿਸਾਂ ਵਿੱਚ ਦੱਸੀ ਗਈ ਰਕਮ, ਨੋਟਿਸਾਂ ਵਿੱਚ ਦੱਸੀ ਗਈ ਰਕਮ 'ਤੇ ਇਕਰਾਰਨਾਮਾ ਦਰ 'ਤੇ ਅੱਗੋਂ ਵਿਆਜ ਅਤੇ ਸੰਬੰਧਤ ਹੋਰ ਖਰਚਿਆਂ, ਲਾਗਤਾਂ ਸਮੇਤ ਅਦਾਇਗੀ ਦੀ ਤਰੀਕ ਤੱਕ, ਨੋਟਿਸ ਮਿਲਣ ਦੇ 60 ਦਿਨਾਂ ਦੇ ਅੰਦਰ-ਅੰਦਰ ਅਦਾ ਕਰਨ ਲਈ ਕਿਹਾ ਗਿਆ ਹੈ।

ਉਨ੍ਹਾਂ ਦੇ ਜਾਣੇ ਜਾਂਦੇ ਆਖਰੀ ਪਤਿਆਂ 'ਤੇ ਉਹਨਾਂ ਨੂੰ ਭੇਜੇ ਗਏ ਨੋਟਿਸ ਬਿਨਾਂ ਪ੍ਰਾਪਤੀ ਵਾਪਸ ਮੁੜ ਆਏ ਹਨ ਤੇ ਇਸ ਦੇ ਮੱਦੇਨਜ਼ਰ ਉਹਨਾਂ ਨੂੰ ਜਨਤਕ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ ਦਾ ਨਾਂਅ/ਪਤਾ | ਸਹਿ-ਕਰਜ਼ਦਾਰ ਅਤੇ ਗਰੰਟਰ ਦਾ ਨਾਂਅ/ਕਾਨੂੰਨੀ ਵਾਰਸ ਦਾ ਪਤਾ | ਐੱਨ ਪੀ ਏ ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਕਮ | ਕਰਜ਼ਾ ਰਕਮ | ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ : |
|---|---|---|---|---|---|---|---|
| 1. | 1. ਮੈਸਰਜ਼ ਅੰਮ੍ਰਿਤਪਾਲ ਟਰੇਡਿੰਗ ਕੰਪਨੀ (ਰਾਹੀਂ ਇਸ ਦੇ ਹਿੱਸੇਦਾਰ) ਬਾਹਰਵਾਰ ਦਾਣਾ ਮੰਡੀ, ਕੋਟ ਬੁੱਢਾ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ-143401 | (2) ਸ੍ਰੀ ਰਣਜੀਤ ਸਿੰਘ ਗਿੱਲ ਪੁੱਤਰ ਗੁਰਚਰਨ ਸਿੰਘ (ਹਿੱਸੇਦਾਰ), ਪਿੰਡ ਕੋਟ ਬੁੱਢਾ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ-143401 (3) ਸ੍ਰੀ ਗੁਰਸਾਹਿਬ ਸਿੰਘ ਪੁੱਤਰ ਭਗਵੰਤ ਸਿੰਘ (ਹਿੱਸੇਦਾਰ) ਪਿੰਡ ਅਲਗੋਂ, ਭਿੱਖੀਵਿੰਡ-3, ਜ਼ਿਲ੍ਹਾ ਤਰਨ ਤਾਰਨ-143419 | 30th July 2023 | 31st August 2023 | ਰੁਪਏ, 16,50,450/- (ਰੁਪਏ ਸੋਲਾਂ ਲੱਖ ਪੰਜਾਹ ਹਜ਼ਾਰ ਚਾਰ ਸੌ ਪੰਜਾਹ ਰੁਪਏ ਕੇਵਲ | ਰੁਪਏ 16,00,000/- (ਰੁਪਏ ਸੋਲਾਂ ਲੱਖ ਕੇਵਲ) | ਸੀਤੋਂ ਮਹਿ ਭੁੱਗੀਆਂ, ਤਹਿਸੀਲ ਪੱਟੀ ਅਤੇ ਜ਼ਿਲ੍ਹਾ ਤਰਨ ਤਾਰਨ ਵਿਖੇ ਸਥਿਤ ਜਾਇਦਾਦ ਗੁਰਸਾਹਿਬ ਸਿੰਘ ਦੇ ਨਾਂਅ/ਪਲਾਟ ਪੈਮਾਇਸ਼ 0 ਕਨਾਲ ਅਤੇ 05 ਮਰਲੇ ਦਿਸ਼ਾਵਾਂ ਸਾਹਮਣਾ ਪਾਸਾ 14 ਫੁੱਟ ਅਤੇ ਪੱਛਮ ਤੋਂ ਪੂਰਬ 100 ਫੁੱਟ ਲੰਬਾਈ, ਖਸਰਾ ਨੰ. 31//23 ਮਿਨ (4-6), 31//23 ਮਿਨ (4-12) ਨਾਲ ਸੰਬੰਧਤ ਸਭ ਕੁਝ। ਬੈਨਾਮਾ ਨੰ. 2175 ਮਿਤੀ 17.02.2016. 2. ਸੀਤੋਂ ਮਹਿ ਭੁੱਗੀਆਂ, ਤਹਿਸੀਲ ਪੱਟੀ ਅਤੇ ਜ਼ਿਲ੍ਹਾ ਤਰਨ ਤਾਰਨ ਵਿਖੇ ਸਥਿਤ ਗੁਰਸਾਹਿਬ ਸਿੰਘ ਦੀ ਜਾਇਦਾਦ/ਪਲਾਟ 0 ਕਨਾਲ ਅਤੇ 05 ਮਰਲੇ, ਦਿਸ਼ਾਵਾਂ ਸਾਹਮਣਾ ਪਾਸਾ 14 ਫੁੱਟ ਅਤੇ ਪੱਛਮ ਤੋਂ ਪੂਰਬ 100 ਫੁੱਟ ਲੰਬਾਈ, ਖਸਰਾ ਨੰ. 31//23 ਮਿਨ (4-6), 31//23 ਮਿਨ (4-12) ਨਾਲ ਸੰਬੰਧਤ ਸਭ ਕੁਝ। ਬੈਨਾਮਾ ਨੰ. 672 ਮਿਤੀ 22.6.2017, ਹੱਦਾਂ : (ਬੈਨਾਮੇ ਮੁਤਾਬਕ) ਪੂਰਬ : ਗੁਰਸਾਹਿਬ ਸਿੰਘ ਪੁੱਤਰ ਭਗਵੰਤ ਸਿੰਘ, ਪੱਛਮ : ਕੋਟ ਬੁੱਢਾ ਰੋਡ, |
| 2. | 1. ਸ੍ਰੀ ਮਨਦੀਪ ਸਿੰਘ ਪੁੱਤਰ ਹਰਮੋਹਿੰਦਰ ਸਿੰਘ, ਪਿੰਡ ਢਿੱਲਵਾਂ, ਡਾਕ. ਦਕੋਹਾ, ਜਲੰਧਰ, ਪੰਜਾਬ-144023 | 2. ਸ੍ਰੀਮਤੀ ਬਲਜਿੰਦਰ ਕੌਰ ਪਤਨੀ ਮਨਦੀਪ ਸਿੰਘ ਪਿੰਡ ਢਿੱਲਵਾਂ, ਡਾਕ. ਦਕੋਹਾ, ਜਲੰਧਰ, ਪੰਜਾਬ-144023, ਇਹ ਵੀ : ਪਿੰਡ ਦੌਲਤਪੁਰ, ਡਾਕ. ਅਲਾਵਲਪੁਰ, ਜਲੰਧਰ, ਪੰਜਾਬ-144301. 3. ਸ੍ਰੀ ਹਰਮੋਹਿੰਦਰ ਸਿੰਘ ਪੁੱਤਰ ਨੰਦ ਸਿੰਘ, ਪਿੰਡ ਢਿੱਲਵਾਂ, ਡਾਕ. ਦਕੋਹਾ, ਜਲੰਧਰ, ਪੰਜਾਬ-144023 | 08th July 2023 | 06th Sep. 2023 | ਰੁਪਏ 17,30,903/- (ਰੁਪਏ ਸਤਾਰਾਂ ਲੱਖ ਤੀਹ ਹਜ਼ਾਰ ਨੌ ਸੌ ਤਿੰਨ ਕੇਵਲ) | ਰੁਪਏ 17,90,000- (ਰੁਪਏ ਸਤਾਰਾਂ ਲੱਖ ਨੱਬੇ ਹਜ਼ਾਰ ਕੇਵਲ) | ਪਿੰਡ ਢਿੱਲਵਾਂ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਵਿਖੇ ਮਨਦੀਪ ਸਿੰਘ ਦੇ ਨਾਂਅ ਜਾਇਦਾਦ/ਪਲਾਟ ਪੈਮਾਇਸ਼ 09 ਅਤੇ 27 ਵਰਗ ਫੁੱਟ (45'×55') ਖਸਰਾ ਨੰ. 7//17/3/2, 18/2, 19/2, 22/1 ਨਾਲ ਸੰਬੰਧਤ ਸਭ ਕੁਝ। ਦਸਤਾਵੇਜ਼ ਨੰ. 7652 ਮਿਤੀ 17.10.2017 ਹੱਦਾਂ : (ਬੈਨਾਮੇ ਮੁਤਾਬਕ) ਪੂਰਬ : ਹਰਮੋਹਿੰਦਰ ਸਿੰਘ, ਪੱਛਮ : ਬਲਬੀਰ ਸਿੰਘ, ਉੱਤਰ : ਹਰਮੋਹਿੰਦਰ ਸਿੰਘ, ਦੱਖਣ : ਸੜਕ। |
| 3. | 2. ਸ੍ਰੀ ਗੁਰਚਰਨ ਸਿੰਘ (ਹੁਣ ਮ੍ਰਿਤਕ) ਪੁੱਤਰ ਦਿਆਲ ਸਿੰਘ ਰਾਹੀਂ ਇਸ ਦੇ ਕਾਨੂੰਨੀ ਵਾਰਸ ਸ੍ਰੀ ਸੁਰਜੀਤ ਸਿੰਘ ਮਕਾਨ ਨੰ. 139, ਮੁਹੱਲਾ ਕੰਬੋਆਂ ਵਾਲਾ, ਜ਼ੀਰਾ, ਫਿਰੋਜ਼ਪੁਰ ਪੰਜਾਬ-142047 ਇਹ ਵੀ : ਸ੍ਰੀ ਗੁਰਚਰਨ ਸਿੰਘ (ਹੁਣ ਮ੍ਰਿਤਕ) ਪੁੱਤਰ ਦਿਆਲ ਸਿੰਘ ਰਾਹੀਂ ਇਸ ਦੇ ਕਾਨੂੰਨੀ ਵਾਰਸ ਸ੍ਰੀਮਤੀ ਸਤਪਾਲ ਕੌਰ, ਮਕਾਨ ਨੰ. 139, ਮੁਹੱਲਾ ਕੰਬੋਆਂ ਵਾਲਾ, ਜ਼ੀਰਾ, ਫਿਰੋਜ਼ਪੁਰ, ਪੰਜਾਬ-142047 | 2. ਸ੍ਰੀਮਤੀ ਸਤਪਾਲ ਕੌਰ ਪਤਨੀ ਗੁਰਚਰਨ ਸਿੰਘ, ਮਕਾਨ ਨੰ. 139, ਮੁਹੱਲਾ ਕੰਬੋਆਂ ਵਾਲਾ, ਜ਼ੀਰਾ, ਫਿਰੋਜ਼ਪੁਰ, ਪੰਜਾਬ-142047 3. ਸ੍ਰੀ ਸੁਰਜੀਤ ਸਿੰਘ ਪੁੱਤਰ ਸ੍ਰੀ ਗੁਰਚਰਨ ਸਿੰਘ, ਮਕਾਨ ਨੰ. 139, ਮੁਹੱਲਾ ਕੰਬੋਆਂ ਵਾਲਾ, ਜ਼ੀਰਾ, ਫਿਰੋਜ਼ਪੁਰ, ਪੰਜਾਬ-142042 | 12th July 2023 | 16th August 2023 | ਰੁਪਏ 25,29,338/ -(ਰੁਪਏ ਪੰਜੀ ਲੱਖ ਉਨੱਤੀ ਹਜ਼ਾਰ ਤਿੰਨ ਸੌ ਅਠੱਤੀ ਕੇਵਲ) | ਰੁਪਏ 26,30,000/- (ਰੁਪਏ ਛੱਬੀ ਲੱਖ ਤੀਹ ਹਜ਼ਾਰ ਕੇਵਲ) | ਮੁਹੱਲਾ ਕੰਬੋ ਵਾਲਾ ਵਿਖੇ ਸਥਿਤ ਸ੍ਰੀ ਗੁਰਚਰਨ ਸਿੰਘ ਅਤੇ ਸ੍ਰੀਮਤੀ ਸਤਪਾਲ ਕੌਰ ਦੇ ਨਾਂਅ 'ਤੇ ਰਜਿਸਟਰਡ ਜਾਇਦਾਦ/ਪਲਾਟ 00 ਕਨਾਲ 4 ਮਰਲੇ 03 ਸਰਸਾਈਂ 12 ਵਰਗ ਫੁੱਟ (1192 ਵਰਗ ਫੁੱਟ) ਮਿਊਂਸਪਲ ਹੱਦਾਂ ਨਾਲ ਲਗਦਾ ਵਾਰਡ ਨੰ. 14, ਜ਼ੀਰਾ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਨਾਲ ਸੰਬੰਧਤ ਸਭ ਕੁਝ। ਵਸੀਕਾ ਨੰ. 3630 ਮਿਤੀ 14.9.1978 ਹੱਦਾਂ : (ਸਾਈਟ ਮੁਤਾਬਕ) ਪੂਰਬ : ਗਲੀ, ਪੱਛਮ : ਸੰਤੋਖ ਸਿੰਘ ਦਾ ਘਰ 40'-6", ਉੱਤਰ : ਗਲੀ ਪੈਮਾਇਸ਼ 29'-7", ਦੱਖਣ : ਜਗਤਾਰ ਸਿੰਘ ਦਾ ਘਰ 30' |

ਉੱਪਰ ਦੱਸੇ ਅਨੁਸਾਰ ਉਕਤ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ ਅਤੇ ਉਹਨਾਂ ਦੇ ਗਾਰੰਟਰਾਂ (ਜਿੱਥੇ ਲਾਗੂ ਹੋਵੇ) ਨੂੰ ਨੋਟਿਸ ਜਾਰੀ ਕਰਕੇ ਉਕਤ ਕਰਜ਼ ਅਨੁਸਾਰ ਭਵਿੱਖ ਦੇ ਵਿਆਜ ਅਤੇ ਹੋਰ ਚਾਰਜਿਜ ਸਮੇਤ ਬਕਾਇਆ ਰਕਮ ਦੀ ਅਦਾਇਗੀ ਇਸ ਨੋਟਿਸ ਦੀ ਪ੍ਰਕਾਸ਼ਨਾਂ ਤੋਂ 60 ਦਿਨਾਂ ਦੇ ਅੰਦਰ ਕਰਨ ਲਈ ਕਿਹਾ ਜਾਂਦਾ ਹੈ। ਨਾਕਾਮ ਰਹਿਣ 'ਤੇ ਇਸ ਨੋਟਿਸ ਦੀ ਪ੍ਰਕਾਸ਼ਨਾਂ ਤੋਂ 60 ਦਿਨਾਂ ਦਾ ਸਮਾਂ ਗੁਜ਼ਰ ਜਾਣ 'ਤੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 (4) ਅਤੇ ਹੋਰ ਨਿਯਮਾਂ ਮੁਤਾਬਕ ਕਰਜ਼ਦਾਰਾਂ ਅਤੇ ਰਹਿਣਕਾਰਾਂ ਦੀ ਸਕਿਉਰਡ ਐੱਸਟਸ 'ਤੇ ਕਬਜ਼ੇ ਸਮੇਤ ਹੋਰ ਕਦਮ ਚੁੱਕੇ ਜਾਣਗੇ।
ਕ੍ਰਿਪਾ ਕਰਕੇ ਨੋਟ ਕੀਤਾ ਜਾਵੇ ਕਿ ਉਕਤ ਐਕਟ ਦੇ ਸੈਕਸ਼ਨ 13 (13) ਤਹਿਤ ਕੋਈ ਕਰਜ਼ਦਾਰ ਸਕਿਉਰਡ ਕ੍ਰੈਡੀਟਰ ਦੀ ਲਿਖਤੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਨੋਟਿਸ 'ਚ ਦਰਜ ਆਪਣੀ ਸਕਿਉਰਡ ਐੱਸਟਸ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਟਰਾਂਸਫਰ ਨਹੀਂ ਕਰ ਸਕਦਾ।

ਮਿਤੀ : 10.11.2023 ਸਥਾਨ : ਪੰਜਾਬ ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ

# ਡੇਂਗੂ ਤੇ ਵਾਤਾਵਰਣ ਦੇ ਪ੍ਰਦੂਸ਼ਣ ਤੋਂ ਜਾਗਰੂਕਤਾ ਲਈ ਸਿਹਤ ਵਿਭਾਗ ਵਲੋਂ ਘਰ-ਘਰ ਸਰਵੇਖਣ



ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ) ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੇ ਦਿਸ਼ਾ-ਨਿਰਦੇਸ਼ ਤਹਿਤ ਸਿਹਤ ਵਿਭਾਗ ਦੀਆਂ ਵੱਖ-ਵੱਖ ਟੀਮਾਂ ਵਲੋਂ ਲੋਕਾਂ ਨੂੰ ਵੈਕਟਰ-ਬੋਰਨ ਬਿਮਾਰੀਆਂ ਤੋਂ ਬਚਾਓ ਲਈ ਸਵੇਰੇ 8:00 ਵਜੇ ਤੋਂ ਡੇਂਗੂ ਦੇ ਲਾਰਵੇ ਦੇ ਸਰੋਤਾਂ ਦੀ ਚੈਕਿੰਗ ਕੀਤੀ ਗਈ ਅਤੇ ਵਾਤਾਵਰਣ ਦੇ ਪ੍ਰਦੂਸ਼ਣ ਕਾਰਨ ਬਿਮਾਰ ਵਿਅਕਤੀਆਂ ਬਾਰੇ ਘਰ-ਘਰ ਸਰਵੇ ਕੀਤਾ ਗਿਆ। ਸੀਨੀਅਰ ਮੈਡੀਕਲ ਅਫ਼ਸਰ ਡਾ.ਵਿਧਾਨ ਚੰਦਰ ਨੇ ਦੱਸਿਆ ਕਿ ਨੇ ਡੇਂਗੂ ਦੀ ਸਥਿਤੀ ਕਾਬੂ ਹੇਠ ਹੈ, ਪਰੰਤੂ ਫਿਰ ਵੀ ਲੋਕਾਂ ਨੂੰ ਸੁਚੇਤ ਰਹਿਣ ਦੀ ਲੋੜ ਹੈ ਅਤੇ ਲੋਕ ਆਪਣੇ ਆਲੇ-ਦੁਆਲੇ ਪਾਣੀ ਖੜ੍ਹਾ ਨਾ ਹੋਣ ਦੇਣ। ਉਨ੍ਹਾਂ ਕਿਹਾ ਕਿ ਇਸ ਸਰਵੇ ਮੁਹਿੰਮ ਦਾ ਉਦੇਸ਼ ਲੋਕਾਂ ਦੀ ਸਿਹਤ ਬਾਰੇ ਜਾਣਕਾਰੀ ਇਕੱਤਰ ਕਰਨਾ, ਬਿਮਾਰ ਵਿਅਕਤੀਆਂ ਦਾ ਇਲਾਜ ਕਰਵਾਉਣਾ ਅਤੇ ਬਚਾਓ ਲਈ ਜਾਗਰੂਕ ਕਰਨਾ ਹੈ। ਕਮਿਊਨਿਟੀ ਹੈਲਥ ਅਫਸਰ, ਮਲਟੀਪਰਪਜ ਸਿਹਤ ਕਰਮਚਾਰੀ, ਆਸ਼ਾ ਵਰਕਰਾਂ 'ਤੇ ਆਧਾਰਿਤ ਟੀਮਾਂ ਵਲੋਂ ਘਰ-ਘਰ ਜਾ ਕੇ ਲੋਕਾਂ ਨੂੰ ਡੇਂਗੂ ਮੱਛਰ ਦੇ ਲਾਰਵੇ ਦੇ ਹੌਟਸਪੌਟਸ ਦਾ ਨਿਰੀਖਣ ਕੀਤਾ ਜਿਨ੍ਹਾਂ ਵਿਚ ਕੂਲਰ, ਫਰਿਜਾਂ ਦੇ ਪਿੱਛੇ ਟਰੇਆਂ, ਗਮਲਿਆਂ ਹੇਠ ਰੱਖੀਆਂ ਟਰੇਆਂ, ਪੰਛੀਆਂ ਵਾਸਤੇ ਪਾਣੀ ਨਾਲ ਭਰੇ ਭਾਂਡੇ ਅਤੇ ਖੁੱਲ੍ਹੇ ਵਿੱਚ ਪਏ ਬਰਤਨ ਸ਼ਾਮਲ ਸਨ। ਵਾਤਾਵਰਣ ਵਿਚ ਪ੍ਰਦੂਸ਼ਣ ਵੱਧਣ ਕਾਰਨ ਖੰਘ, ਸਾਹ ਚੜ੍ਹਨਾ, ਪਾਣੀ ਭਰਿਆ ਨੱਕ, ਖਾਰਸ ਵਾਲੀਆਂ ਅੱਖਾਂ ਅਤੇ ਭਾਰੀ ਸਿਰ ਲੱਗਣਾ ਮਹਿਸੂਸ ਹੋ ਸਕਦਾ ਹੈ। ਗਰਭਵਤੀ ਔਰਤਾਂ ਤੇ ਬੱਚੇ ਹਵਾ ਪ੍ਰਦੂਸਣ ਤੋਂ ਗੰਭੀਰ ਰੂਪ ਵਿੱਚ ਪ੍ਰਭਾਵਿਤ ਹੋ ਸਕਦੇ ਹਨ। ਧੂੰਏਂ ਵਿਚ ਸਵੇਰ ਦੀ ਸੈਰ ਕਰਨ ਦੀ ਬਜਾਏ, ਜਦੋਂ ਹਵਾ ਸਾਫ ਹੋਵੇ ਤਾਂ ਸੂਰਜ ਚੜ੍ਹਨ ਤੋਂ ਬਾਅਦ ਸੈਰ ਕੀਤੀ ਜਾ ਸਕਦੀ ਹੈ। ਹੈਲਥ ਤੇ ਵੈਲਨੈਸ ਸੈਂਟਰਾਂ ਤੇ ਸਬ ਸੈਂਟਰਾਂ ਦੇ ਵਲੋਂ ਵੱਖ-ਵੱਖ ਥਾਵਾਂ ਉਤੇ ਲੋਕਾਂ ਨੂੰ ਡੇਂਗੂ ਬੁਖਾਰ ਦੇ ਲੱਛਣ, ਮੱਛਰ ਪੈਦਾ ਹੋਣ ਦੇ ਕਾਰਨ ਅਤੇ ਇਸ ਤੋਂ ਬਚਾਓ ਸਬੰਧੀ ਜਾਣਕਾਰੀ ਦਿੱਤੀ ਗਈ ਅਤੇ ਬੁਖਾਰ ਸਬੰਧੀ ਸਰਵੇ ਕੀਤਾ ਗਿਆ।

## ਸਰਕਾਰੀ ਐਲੀਮੈਂਟਰੀ ਸਕੂਲ ਹਰਦੋ ਖਾਨਪੁਰ ਨੇ ਜਿਤਾਇਆ ਜ਼ਿਲ੍ਹਾ ਪੱਧਰੀ ਹਾਕੀ ਗੋਲਡ ਮੈਡਲ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)— ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਸਿੱਖਿਆ ਸੰਜੀਵ ਗੌਤਮ ਦੀ ਯੋਗ ਅਗਵਾਈ ਵਿੱਚ ਜ਼ਿਲ੍ਹਾ ਪੱਧਰੀ ਪ੍ਰਾਇਮਰੀ ਖੇਡਾਂ ਦਾ ਆਯੋਜਨ ਕੀਤਾ ਗਿਆ। ਪ੍ਰਾਇਮਰੀ ਸਕੂਲ ਦੀਆਂ ਖੇਡਾਂ ਵਿੱਚ ਵੱਖ-ਵੱਖ ਪ੍ਰਕਾਰ ਦੀਆਂ ਖੇਡਾਂ ਦੇ ਮੁਕਾਬਲੇ ਬਹੁਤ ਹੀ ਰੋਚਕ ਹੋਏ। ਜ਼ਿਲ੍ਹਾ ਪੱਧਰੀ ਹਾਕੀ ਦਾ ਗੋਲਡ ਮੈਡਲ ਹੁਸ਼ਿਆਰਪੁਰ ਬਲਾਕ ਇੱਕ ਨੂੰ ਮਿਲਿਆ। ਹਾਕੀ ਦੀ ਟੀਮ ਦੀ ਖਾਸੀਅਤ ਇਹ ਸੀ ਕਿ ਇਸ ਵਿੱਚ 11 ਖਿਡਾਰੀ ਇਕੋ ਹੀ ਸਕੂਲ ਦੇ ਜੋ ਕਿ ਸਰਕਾਰੀ ਐਲੀਮੈਂਟਰੀ ਸਕੂਲ ਹਰਦੋ ਖਾਨਪੁਰ ਦੇ ਸਨ। ਇਸ ਸਕੂਲ ਦੀ ਵੱਡੀ ਪ੍ਰਾਪਤੀ ਦੇ ਪਿੱਛੇ ਸਕੂਲ ਅਧਿਆਪਕਾ ਅਤੇ ਅੰਤਰਰਾਸ਼ਟਰੀ ਹਾਕੀ ਖਿਡਾਰਨ ਮਨਪ੍ਰੀਤ ਕੌਰ ਦੀ ਸਖਤ ਮਿਹਨਤ ਸੀ। ਉਨਾਂ ਦੀ ਇਸ ਪ੍ਰਾਪਤੀ ਨਾਲ ਜਿੱਥੇ ਸਮੂਹ ਬਲਾਕ ਨੂੰ ਬਹੁਤ ਮਾਣ ਮਿਲਿਆ ਉੱਥੇ ਸਰਕਾਰੀ ਐਲੀਮੈਂਟਰੀ ਸਕੂਲ ਹਰਦੋ ਖਾਨਪੁਰ ਦੇ ਸਮੂਹ ਅਧਿਆਪਕ ਵਿਦਿਆਰਥੀ ਅਤੇ ਵਿਦਿਆਰਥੀਆਂ ਦੇ ਮਾਪੇ ਬਹੁਤ ਮਾਣ ਮਹਿਸੂਸ ਕਰ ਰਹੇ ਹਨ। ਜ਼ਿਲ੍ਹਾ ਸਿੱਖਿਆ ਅਫਸਰ ,ਉੱਪ ਜ਼ਿਲ੍ਹਾ ਸਿੱਖਿਆ ਅਫਸਰ ਅਤੇ ਹੋਰ ਉੱਚ ਅਧਿਕਾਰੀਆਂ ਵੱਲੋਂ ਬਲਾਕ ਦੀ ਇਸ ਟੀਮ ਨੂੰ ਗੋਲਡ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਹੈਡ ਟੀਚਰ ਮੈਡਮ ਬਲਜੀਤ ਕੌਰ, ਮਨਪ੍ਰੀਤ ਕੌਰ , ਜਯੋਤੀ, ਹਰਪ੍ਰੀਤ ਕੌਰ ਸਮੇਤ ਸਮੂਹ ਸਕੂਲ ਸਟਾਫ ਮੈਂਬਰ ਹਾਜਰ ਸਨ।

## ਏਕ ਭਾਰਤ ਸ਼੍ਰੇਸ਼ਠ ਭਾਰਤ" ਮੁਹਿੰਮ ਦੇ ਅਧੀਨ ਯੁਵਾ ਸੰਗਮ ਫੇਸ-3 ਦੇ ਅਧੀਨ ਸੈਮੀਨਾਰ ਕਰਵਾਇਆ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਸਰਕਾਰੀ ਕਾਲਜ ਹੁਸ਼ਿਆਰਪੁਰ ਵਿੱਚ ਪ੍ਰਿੰਸੀਪਲ ਅਨੀਤਾ ਸਾਗਰ ਦੀ ਅਗਵਾਈ ਵਿੱਚ ਰੈੱਡ ਰਿਬਨ ਕਲੱਬ ਅਤੇ ਐਨ.ਐਸ.ਐਸ.ਇੰਚਾਰਜ ਵਿਜੇ ਕੁਮਾਰ ਦੇ ਸਹਿਯੋਗ ਨਾਲ "ਏਕ ਭਾਰਤ ਸ਼੍ਰੇਸ਼ਠ ਭਾਰਤ" ਮੁਹਿੰਮ ਦੇ ਅਧੀਨ ਯੁਵਾ ਸੰਗਮ ਫੇਸ-3 ਸਬੰਧੀ ਸੈਮੀਨਾਰ ਕਰਵਾਇਆ ਗਿਆ। ਇਸ ਵਿੱਚ ਪ੍ਰੋ.ਵਿਜੇ ਕੁਮਾਰ ਨੇ ਵਿਦਿਆਰਥੀਆਂ ਨੂੰ ਭਾਰਤ ਸਰਕਾਰ ਦੁਆਰਾ ਚਲਾਈ ਜਾ ਰਹੀ "ਏਕ ਭਾਰਤ ਸ਼੍ਰੇਸ਼ਠ ਭਾਰਤ" ਮੁਹਿੰਮ ਬਾਰੇ ਜਾਣਕਾਰੀ ਦਿੰਦੇ ਹੋਏ ਯੁਵਾ ਸੰਗਮ ਫੇਸ-3 ਦੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਹਨਾਂ ਮੁਹਿੰਮਾਂ ਦੁਆਰਾ ਹੀ ਅਸੀਂ ਇਕ ਦੂਜੇ ਰਾਜ ਦੇ ਲੋਕਾਂ ਵਿੱਚ ਕਰੀਬ ਹੁੰਦੇ ਜਾ ਰਹੇ ਹਾਂ ਅਤੇ ਸਾਨੂੰ ਦੂਸਰੇ ਰਾਜਾਂ ਬਾਰੇ ਅਤੇ ਉਹਨਾਂ ਨੂੰ ਸਾਡੇ ਰਾਜ ਦੇ ਰੀਤਿ-ਰਿਵਾਜਾਂ, ਸੰਸਕਾਰਾਂ, ਪਹਿਰਾਵਾ, ਖਾਣ-ਪੀਣ, ਰਹਿਣ-ਸਹਿਣ, ਧਰਮ ਆਦਿ ਦੇ ਬਾਰੇ ਜਾਣਕਾਰੀ ਮਿਲਦੀ ਹੈ ਜਿਸ ਕਾਰਣ ਲੋਕਾਂ ਵਿੱਚ ਪ੍ਰੇਮ ਵੱਧਦਾ ਹੈ ਅਤੇ ਸਾਡੀ ਸੋਚਣੀ ਵਿੱਚ ਬਦਲਾਵ ਆ ਜਾਂਦਾ ਹੈ ਅਤੇ ਅਸੀਂ ਇਕ ਦੂਜੇ ਨੂੰ ਸਮਝਣ ਲੱਗਦੇ ਹਾਂ। ਇਸ ਲਈ ਯੁਵਾ ਵਰਗ ਨੂੰ ਇਸ ਮੁਹਿੰਮ ਵਿੱਚ ਹਿੱਸਾ ਲੈ ਕੇ ਇਸ ਨੂੰ ਕਾਮਯਾਬ ਬਣਾਉਣਾ ਚਾਹੀਦਾ ਹੈ।

ਪ੍ਰੋ.ਵਿਜੇ ਕੁਮਾਰ ਤੋਂ ਇਲਾਵਾ ਸ਼੍ਰੀਮਤੀ ਸਰੋਜ ਸ਼ਰਮਾ, ਸ਼੍ਰੀਮਤੀ ਜਸਵਿੰਦਰ ਕੌਰ, ਸ਼੍ਰੀਮਤੀ ਨੀਤੀ ਸ਼ਰਮਾ, ਸ਼੍ਰੀਮਤੀ ਤੇਜਿੰਦਰ ਕੌਰ ਅਤੇ ਸ਼੍ਰੀਮਤੀ ਸਿਮਰਜੀਤ ਇਸ ਮੌਕੇ ਹਾਜ਼ਰ ਸਨ।

### COURT NOTICE

(Succession Case)
In the Court of
**Sh. Amanpreet Singh**
Civil Judge (Senior Division), Rupnagar.
CNR No. PBRO02-001320-2023
Next Date : 18.12.2023
SUCC/16/2023

Paramjit Kaur W/o Jagtar Singh D/o Piara Singh R/o Vill. Chuni Kalan, Tehsil Bassi Pathanan, Distt. Fatehgarh Sahib.

Versus

General Public

Application u/s 372 of Indian Succession Act

Notice to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 18.12.2023 at 10.00 a.m.

For details logon to : https://highcourtchd.gov.in/?trs=district notice&district=Rupnagar

Civil Judge (Senior Division), Rupnagar

Dated, this day of 30.10.2023

### COURT NOTICE

In the Court of
**Sh. Bagicha Singh**
Civil Judge (Senior Division), Tarn Taran.

Next Date, Purpose of Case, Orders and Judgments as well as other case information is available on http://districts.ecourts.gov.in

CNR No. PBTT02-002357-2023
Next Date : 30.11.2023

Kiran

Versus

General Public

Publication issued to : General Public, Tarn Taran

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 30.11.2023 at 10.00 a.m.

For details logon to : https://highcourtchd.gov.in/?trs=district notice&district=Tarn Taran

Civil Judge (Senior Division), Tarn Taran.

Dated, this day of 7.11.2023

### COURT NOTICE

In the Court of
**Sukhmandeep Singh**
Civil Judge (Junior Division), Phillaur.
CNR No. PBJLB0-000301-2023
Next Date : 28.11.2023

Canara Bank Erstwhile Syndicate Bank Branch at Phillaur Distt. Jalandhar through its Deputy Manager Sh. Haribhajan Kailey.

Versus

Deepak Kumar S/o Baljit Kumar R/o H.No. SV-18/M, Lakkar Mandi, Tehsil Phillaur.

Publication issued to : 1. Deepak Kumar F/o Baljit Kumar R/o H.No. SV-18/M, Lakkar Mandi, Tehsil Phillaur 2. Raj Kumar S/o Charanji Lal R/o Mohalla Passian Chowk, Phillaur, Distt. Jalandhar.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 28.11.2023 at 10.00 a.m.

For details logon to : https://highcourtchd.gov.in/?trs=district notice&district=Jalandhar

Civil Judge (Junior Division), Phillaur.

Dated, this day of 7.11.2023

### COURT NOTICE

(Succession Case)
In the Court of
**Ekta Sahota**
Addl. Civil Judge (Senior Division), Nakodar.
CNR No. PBJLA0-000459-2023
Next Date : 8.12.2023
Purpose : Appearance

Munish Kumar Nayyar

Versus

General Public

Notice to : General Public

In above titled case, the defendant (s)/respondent (s) could not be served being General Public. It is ordered that in case anybody has any objection for the grant of succession certificate, he/she can file objection to the same and should appear in person or through counsel on 8.12.2023 at 10 a.m.

For details logon to : https://highcourtchd.gov.in/?trs=district notice&district=Jalandhar

Addl. Civil Judge (Senior Division), Nakodar

Dated, this day of 2.11.2023

### COURT NOTICE

In the Court of
**Ms. Roopa Dhaliwal**
Addl. Civil Judge (Senior Division), Malerkotla.
SUCC/21/2023
CNR No. PBSGC0-001591-2023
Next Date : 1.12.2023

Tej Kaur W/o Late Chand Singh R/o Mahendru Street, Backside PNB, Main Bazar, Near Club Chowk, Malerkotla. 2. Paramjeet Kaur W/o Shamsher Singh R/o Mahendru Street, Backside PNB, Main Branch, Near Club Chowk, Malerkotla.

Versus

General Public

Publication issued to : General Public, General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 1.12.2023 at 10.00 a.m.

For details logon to : https://highcourtchd.gov.in/?trs=district notice&district=Sangrur

Addl. Civil Judge (Senior Division), Malerkotla.

Dated, this day of 9.11.2023

### ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਸਹਾਇਕ ਕੁਲੈਕਟਰ ਦਰਜਾ ਦੂਜਾ (ਤਹਿਸੀਲਦਾਰ) ਸਮਾਣਾ ਪਟਿਆਲਾ।

ਮਿਸਲ ਨੰ: 53 ਰੀਡਰ-2, ਰਜੂਆ : 1.2.2022, ਫੈਸਲਾ : ਪੈਂਡਿੰਗ

ਵਾਕਾ ਰਕਬਾ : ਕੋਟਲੀ, ਕਿਸਮ : ਤਕਸੀਮ

ਅਨੁਵਾਨ ਕੇਸ : ਪਿਆਰਾ ਸਿੰਘ ਵਗੈਰਾ ਬਨਾਮ-ਡੱਲਾ ਸਿੰਘ ਵਗੈਰਾ

ਇਸ ਨੋਟਿਸ ਰਾਹੀਂ ਹੇਠ ਦਰਜ ਧਿਰਾਂ ਅਤੇ ਆਮ ਪਬਲਿਕ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਪਰੋਕਤ ਅਨੁਵਾਨ ਕੇਸ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਮਿਤੀ 29.11.2023 ਨੂੰ ਸੁਣਵਾਈ ਲਈ ਲੱਗਾ ਹੋਇਆ ਹੈ। ਉਕਤ ਅਨੁਵਾਨ ਕੇਸ ਸੰਬੰਧੀ ਜੇਕਰ ਹੇਠ ਦਰਜ ਕਿਸੇ ਵੀ ਧਿਰ ਜਾਂ ਆਮ ਪਬਲਿਕ ਨੂੰ ਉਕਤ ਅਨੁਵਾਨ ਕੇਸ ਸੰਬੰਧੀ ਕੋਈ ਇਤਰਾਜ਼ ਹੈ ਤਾਂ ਉਹ ਮੁਕਰਰ ਮਿਤੀ ਨੂੰ ਖੁਦ ਜਾਂ ਆਪਣੇ ਵਕੀਲ ਰਾਹੀਂ ਹਾਜ਼ਰ ਅਦਾਲਤ ਹੋ ਕੇ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ। ਇਸ ਤੋਂ ਇਲਾਵਾ ਜੇਕਰ ਕਿਸੇ ਵੀ ਮਸੂਲ ਦੀ ਮੌਤ ਹੋ ਚੁੱਕੀ ਹੋਵੇ ਤਾਂ ਉਸ ਦੇ ਵਾਰਸ ਵੀ ਕੇਸ ਦੀ ਪੈਰਵੀ ਕਰ ਸਕਦੇ ਹਨ। ਮਿਤੀ ਮੁਕੱਰਰ ਹੋਣ ਤੱਕ ਕੋਈ ਵੀ ਇਤਰਾਜ਼ ਨਾ ਆਉਣ ਦੀ ਸੂਰਤ ਵਿੱਚ ਕੇਸ ਦਾ ਨਿਯਮਾਂ ਅਨੁਸਾਰ ਕੇਸ ਵਿੱਚ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਧਿਰਾਂ : ਮਸੂਲ ਨੰਬਰ 1. ਡੱਲਾ ਸਿੰਘ ਪੁੱਤਰ ਈਸ਼ਰ ਸਿੰਘ 2. ਮਹਿੰਦਰ ਸਿੰਘ ਪੁੱਤਰ ਈਸ਼ਰ ਸਿੰਘ 3. ਧੀਰ ਸਿੰਘ ਪੁੱਤਰ ਈਸ਼ਰ ਸਿੰਘ 4. ਬਚਨ ਕੌਰ ਪੁੱਤਰੀ ਈਸ਼ਰ ਸਿੰਘ 5. ਸ਼ੇਰ ਸਿੰਘ ਪੁੱਤਰ ਈਸ਼ਰ ਸਿੰਘ 6. ਸ਼ੇਰ ਕੌਰ ਪੁੱਤਰੀ ਈਸ਼ਰ ਸਿੰਘ 7. ਅਜੈਬ ਸਿੰਘ ਪੁੱਤਰ ਦਲੀਪ ਸਿੰਘ 8. ਅਵਤਾਰ ਸਿੰਘ ਪੁੱਤਰ ਦਲੀਪ ਸਿੰਘ 9. ਜਗਰੂਪ ਸਿੰਘ ਪੁੱਤਰ ਗੁਰਦਿਆਲ ਸਿੰਘ 10. ਲਾਲ ਸਿੰਘ ਪੁੱਤਰ ਗੁਰਦਿਆਲ ਸਿੰਘ 11. ਪ੍ਰੀਤਮ ਸਿੰਘ ਪੁੱਤਰ ਬੀਰੂ ਸਿੰਘ 12. ਜਗਦੇਵ ਸਿੰਘ ਪੁੱਤਰ ਕਰਨੈਲ ਸਿੰਘ 13. ਭਗਤਾ ਸਿੰਘ ਪੁੱਤਰ ਚੇਤ ਰਾਮ 14. ਪਿਆਰ ਸਿੰਘ ਪੁੱਤਰ ਚੇਤ ਰਾਮ 15. ਅਮਰੀਕ ਸਿੰਘ ਪੁੱਤਰ ਹਰੀ ਸਿੰਘ 16. ਰਾਮ ਸਰੂਪ ਪੁੱਤਰ ਹਰੀ ਸਿੰਘ 17. ਅਮਰੀਕ ਸਿੰਘ ਪੁੱਤਰ ਮੇਵਾ ਸਿੰਘ 18. ਗੁਰਮੀਤ ਸਿੰਘ ਪੁੱਤਰ ਮੇਵਾ ਸਿੰਘ 19. ਬਲਜੀਤ ਸਿੰਘ ਪੁੱਤਰ ਗੁਰਮੇਲ ਸਿੰਘ 20. ਜਸਵੀਰ ਸਿੰਘ ਪੁੱਤਰ ਗੁਰਮੇਲ ਸਿੰਘ 21. ਗੁਲਜਾਰ ਸਿੰਘ ਪੁੱਤਰ ਭਵਿਸ਼ਣ ਸਿੰਘ 22. ਗੁਰਪਿਆਰ ਸਿੰਘ ਪੁੱਤਰ ਭਵਿਸ਼ਣ ਸਿੰਘ 23. ਸ਼ਿੰਗਾਰਾ ਸਿੰਘ ਪੁੱਤਰ ਗੁਰਨਾਮ ਸਿੰਘ 24. ਜਗਦੇਵ ਸਿੰਘ ਪੁੱਤਰ ਕਰਤਾਰ ਸਿੰਘ 25. ਜਸਪਾਲ ਕੌਰ ਪਤਨੀ ਰਣਧੀਰ ਸਿੰਘ 26. ਕਰਮਜੀਤ ਕੌਰ ਪਤਨੀ ਚਮਕੌਰ ਸਿੰਘ 27. ਧਰਮਿੰਦਰ ਸਿੰਘ ਪੁੱਤਰ ਅਮਰ ਸਿੰਘ 28. ਬਚਨ ਕੌਰ ਪਤਨੀ ਭਗਤਾ ਸਿੰਘ 29. ਸਿੰਦਰ ਕੌਰ ਪਤਨੀ ਦਿਆਲ ਸਿੰਘ 30. ਜਗਮੇਲ ਕੌਰ ਵਿਧਵਾ ਹਰੀ ਸਿੰਘ 31. ਜਸਪ੍ਰੀਤ ਸਿੰਘ ਪੁੱਤਰ ਭਰਪੂਰ ਸਿੰਘ 32. ਭਗਤਾ ਪੁੱਤਰ ਚੇਤ ਰਾਮ 33. ਤਰਨਵੀਰ ਸਿੰਘ ਪੁੱਤਰ ਅਮਰੀਕ ਸਿੰਘ 34. ਵਰਿੰਦਰ ਸਿੰਘ ਪੁੱਤਰ ਅਮਰੀਕ ਸਿੰਘ 35. ਜਸਪਾਲ ਸਿੰਘ ਪੁੱਤਰ ਅਜੈਬ ਸਿੰਘ 36. ਗੁਰਮੇਲ ਸਿੰਘ ਪੁੱਤਰ ਕਰਤਾਰ ਸਿੰਘ 37. ਜਗਦੇਵ ਸਿੰਘ ਪੁੱਤਰ ਕਰਤਾਰ ਸਿੰਘ ਵਾਸੀਆਨ ਪਿੰਡ ਕੋਟਲੀ ਤਹਿ: ਸਮਾਣਾ, ਜ਼ਿਲ੍ਹਾ ਪਟਿਆਲਾ 38. ਮੈਨੇਜਰ ਮਾਲਵਾ ਗ੍ਰਾਮੀਣ ਬੈਂਕ ਬਰਾਂਚ ਤਲਵੰਡੀ ਮਲਕ 39. ਐਕਸਿਸ ਬੈਂਕ ਲਿਮ: ਬਰਾਂਚ ਸਮਾਣਾ 40. ਪੰਜਾਬ ਗ੍ਰਾਮੀਣ ਬੈਂਕ ਬਰਾਂਚ ਤਲਵੰਡੀ ਮਲਿਕ।

ਅੱਜ ਇਹ ਇਸ਼ਤਿਹਾਰ ਮੇਰੇ ਦਸਤਖਤ ਅਤੇ ਮੋਹਰ ਨਾਲ ਜਾਰੀ ਕੀਤਾ ਗਿਆ ਹੈ।

ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਨਾਇਬ ਤਹਿਸੀਲਦਾਰ ਸਮਾਣਾ।

ਨੰਬਰ 1/ ਐੱਸ ਪੀ 1/ਰੀਡਰ-2/ਮਿਤੀ : 25.10.2023

### Criminal Courts, Amritsar

In the Court of Harsimranjit Kaur Judicial Magistrate First Class, Amritsar.

Next Date, Purpose of Case, Orders and Judgments as well as other case information is available on http://ecourts.gov.in

PROCLAMATION REQUIRING THE APPEARANCE OF A PERSON ACCUSED

NACT/263/2022
CNR No. PBAS03-000976-2022
Next Date : 19.12.2023
Police Station/FIR No.//

Shri Ram Transport Finance Company Limited

Versus

Ranjit Singh

138 of Negotiable Instruments Act
Detail of offence

Publication issued to : Ranjit Singh S/o S. Jagtar Singh R/o H.No. 159, Vill. Pakkhoke Chardi Patti, Near Mulkhraj Karyana Store Tarn Taran M.No. 9914818859

Whereas complaint/case has been made before me that Ranjit Singh S/o S. Jagtar Singh R/o H.No. 159, Vill. Pakkhoke Chardi Patti, Near Mulkhraj Karyana, Store Tarn Taran M.No. 9914818859 has committed (or is suspected to have committed) the offence punishable under section 138 of Negotiable Instruments Act and it has been returned to warrant of arrest thereupon issued that the said Ranjit Singh cannot be found and whereas it has been shown to my satisfaction that the said Ranjit Singh has absconded (or is concealing himself/herself to avoid the service of the said warrant)

Proclamation is hereby made that the said Ranjit Singh is required to appear before this Court (or before me) on 19.12.2023 to answer the said complaint/case.

Judicial Magistrate First Class, Amritsar.

Dated, this day of 7.11.2023

# ਕਲਾਸੀਫਾਈਡ ਇਸ਼ਤਿਹਾਰ

### ਆਮ ਸੂਚਨਾ

ਮੈਂ, ਮਨਜੀਤ ਕੌਰ ਪਤਨੀ ਗੁਰਦਾਵਰ ਸਿੰਘ ਵਾਸੀ ਪੱਤੀ ਮਾਨ, ਪਿੰਡ ਅਤੇ ਡਾਕ: ਜਮਸ਼ੇਰ ਖਾਸ, ਜਲੰਧਰ-2, ਜਲੰਧਰ ਮੈਂ ਆਪਣੇ ਪਤੀ ਗੁਰਦਾਵਰ ਸਿੰਘ ਨੂੰ ਅੱਜ ਦੀ ਆਵਾਜ਼ ਅਤੇ ਨਵਾਂ ਜ਼ਮਾਨਾ ਅਖਬਾਰ ਰਾਹੀਂ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕੀਤਾ ਸੀ। ਹੁਣ ਮੇਰਾ ਪਤੀ ਮੇਰੇ ਕਹਿਣੇ ਵਿੱਚ ਹੈ ਅਤੇ ਸਾਡਾ ਆਪਸੀ ਰਾਜ਼ੀਨਾਮਾ ਹੋ ਗਿਆ ਹੈ। ਇਸ ਲਈ ਮੈਂ ਬੇਦਖਲੀ ਵਾਪਸ ਲੈਂਦੀ ਹਾਂ ਅਤੇ ਆਪਣੀ ਪਤੀ ਨੂੰ ਆਪਣੀ ਜਾਇਦਾਦ 'ਚ ਹਿੱਸੇਦਾਰ ਮੰਨਦੀ ਹਾਂ।

ਮੈਂ ਸੁਰਿੰਦਰ ਕੌਰ ਪਤਨੀ ਸ਼੍ਰੀ ਰਾਮਪਾਲ ਵਾਸੀ ਬੀ-22, ਗਲੀ ਨੰਬਰ 11, ਡਗਾਣਾ ਰੋਡ, ਦਸ਼ਮੇਸ਼ ਨਗਰ, ਤਹਿਸੀਲ ਵਾ ਜਿਲਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੈਂ ਆਪਣੇ ਲੜਕੇ 'ਸੁਖਵਿੰਦਰ' ਨੂੰ ਅਖਵਾਰ ਰਾਹੀਂ ਬੇਦਖਲ ਕੀਤਾ ਸੀ। ਪਰ ਹੁਣ ਇਹ ਮੇਰੇ ਕਹਿਣੇ ਵਿਚ ਹੈ ਅਤੇ ਮੈਂ ਇਸ ਦੀ ਬੇਦਖਲੀ ਰੱਦ ਕਰਦੀ ਹਾਂ ਅਤੇ ਇਹ ਮੇਰੀ ਚੱਲ-ਅਚੱਲ ਜਾਇਦਾਦ ਦਾ ਕਾਨੂੰਨੀ ਵਾਰਸ ਅਤੇ ਹੱਕਦਾਰ ਹੋਵੇਗਾ ਸਾਰੇ ਸਬੰਧਤ ਨੋਟ ਕਰਨ ।

ਮੈਂ, ਜਗੀਰ ਸਿੰਘ ਪੁੱਤਰ ਮੁਨਸ਼ਾ ਸਿੰਘ ਵਾਸੀ ਪਿੰਡ ਬਹਿਲੋਲਪੁਰ, ਡਾਕਖਾਨਾ ਦੋਰਾਂਗਲਾ, ਤਹਿਸੀਲ ਦੀਨਾਨਗਰ, ਜਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਮੀਨਾ ਕੁਮਾਰੀ, ਜੋ ਮੇਰੇ ਕਹਿਣੇ ਅੰਦਰ ਹੈ। ਇਸ ਲਈ ਮੈਂ ਇਸ ਦੀ ਬੇਦਖਲੀ ਵਾਪਸ ਲੈਂਦਾ ਹਾਂ। ਇਹ ਪਹਿਲਾਂ ਦੀ ਤਰ੍ਹਾਂ ਮੇਰੀ ਚੱਲ-ਅਚੱਲ ਜਾਇਦਾਦ ਦੀ ਵਾਰਸ ਹੋਵੇਗੀ।

### ਬੇਦਖਲੀ ਨੋਟਿਸ

ਮੈਂ, ਜਸਵਿੰਦਰ ਸਿੰਘ ਪੁੱਤਰ ਸ਼੍ਰੀ ਸੁੱਖਾ ਸਿੰਘ ਵਾਸੀ ਪਿੰਡ ਚਰੜ ਡਾਕਖਾਨਾ ਰਾਜਪੁਰ ਤਹਿਸੀਲ ਤੇ ਜਿਲਾ ਜਲੰਧਰ, ਪੰਜਾਬ ਬਿਆਨੀ ਹਾਂ ਕਿ ਮੇਰਾ ਲੜਕਾ ਮਨਪ੍ਰੀਤ ਸਿੰਘ ਅਤੇ ਉਸਦੀ ਪਤਨੀ ਨਵਜੋਤ ਕੌਰ ਮੇਰੇ ਕਹਿਣੇਂ ਤੋਂ ਬਾਹਰ ਹੋਣ ਕਾਰਨ ਮੈਂ ਉਹਨਾਂ ਨੂੰ ਆਪਣੀਂ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਹੁਣ ਉਹਨਾਂ ਦਾ ਮੇਰੇ ਅਤੇ ਮੇਰੇ ਪਰਿਵਾਰ ਨਾਲ ਕੋਈ ਸਬੰਧ ਨਹੀਂ ਹੈ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜ਼ਿੰਮੇਵਾਰ ਹੋਵੇਗਾ। (Parshotam)

ਮੈਂ ਗੁਰਬਖਸ਼ ਕੌਰ ਪਤਨੀ ਸ਼੍ਰੀ ਬ੍ਰਿਜ ਪਾਲ ਸਿੰਘ ਵਾਸੀ ਪਿੰਡ ਸ਼ਕਰਪੁਰ ਡਾਕਖਾਨਾ ਪਚਰੰਗਾ ਤਹਿਸੀਲ ਤੇ ਜਿਲਾ ਜਲੰਧਰ, ਪੰਜਾਬ ਬਿਆਨੀ ਹਾਂ ਕਿ ਮੇਰੀਆ ਲੜਕੀਆ ਬਲਜਿੰਦਰ ਕੌਰ ਅਤੇ ਹਰਜਿੰਦਰ ਕੌਰ ਮੇਰੇ ਕਹਿਣੇਂ ਤੋਂ ਬਾਹਰ ਹੋਣ ਕਾਰਨ ਮੈ ਉਹਨਾਂ ਨੂੰ ਆਪਣੀਂ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਹੁਣ ਉਹਨਾਂ ਦਾ ਮੇਰੇ ਅਤੇ ਮੇਰੇ ਪਰਿਵਾਰ ਨਾਲ ਕੋਈ ਸਬੰਧ ਨਹੀਂ ਹੈ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜ਼ਿੰਮੇਵਾਰ ਹੋਵੇਗਾ। (Parshotam)

ਮੈਂ, ਗੁਲਸ਼ਨ ਅਰੋੜਾ ਪੁੱਤਰ ਜਗਦੀਸ਼ ਚੰਦ ਵਾਸੀ ਸਟੇਡੀਅਮ ਰੋਡ, ਸੁਨਾਮ, ਤਹਿ: ਸੁਨਾਮ, ਜ਼ਿਲ੍ਹਾ ਸੰਗਰੂਰ ਮੇਰਾ ਲੜਕਾ ਮੇਹੁਲ ਅਰੋੜਾ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਵਾਰ ਦਾ ਉਸ ਨਾਲ ਕੋਈ ਤਲਕ-ਵਾਸਤਾ ਨਹੀਂ ਹੋਵੇਗਾ।

ਮੈਂ ਅਰਜਨ ਸਿੰਘ ਸਪੁੱਤਰ ਸਵ ਸ ਜਵੰਦ ਸਿੰਘ ਵਾਸੀ ਮੁਹੱਲਾ ਆਬਾਦਪੁਰਾ ਤਹਿਸੀਲ ਫਿਲੌਰ ਜਿਲਾ ਜਲੰਧਰ ਦਾ ਰਹਿਣ ਵਾਲਾ ਹਾ ਮੇਰਾ ਲੜਕਾ ਹਰਮਨਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾ ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ, ਸ਼ੰਗਾਰਾ ਸਿੰਘ ਪੁੱਤਰ ਸਦਾ ਰਾਮ ਵਾਸੀ ਪਿੰਡ ਨੰਗਲ ਕਾਨੂੰਗੋ, ਡਾਕ: ਹਰਿਆਣਾ, ਤਹਿ: ਅਤੇ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਗੁਰਮੀਤ ਕੌਰ ਜੋ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (ਹਿਤੇਸ਼)

ਮੈਂ ਅਸ਼ੋਕ ਕੁਮਾਰ ਪੁੱਤਰ ਸ਼੍ਰੀ ਨੰਦ ਲਾਲ ਵਾਸੀ ਹੁਸੈਨਪੁਰਾ, ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਾਹੁਲ ਜੋ ਕਿ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹੈ, ਆਪਣੀ ਮਨ ਮਰਜੀ ਕਰਦਾ ਹੈ ਅਤੇ ਉਹ ਗਲਤ ਆਦਤਾਂ ਦਾ ਸ਼ਿਕਾਰ ਹੋ ਗਿਆ ਹੈ। ਮੈਂ ਉਸਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ, ਉਹ ਖੁਦ ਜਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ, ਗੁਰਦਿਆਲ ਸਿੰਘ ਗਿਲ ਪੁੱਤਰ ਗਿਆਨ ਸਿੰਘ ਗਿਲ ਵਾਸੀ ਮਕਾਨ ਨੰ. 15, ਨਜਦੀਕ ਮਿੱਠਾਪੁਰ ਚੌਂਕ, ਰਾਜਾ ਗਾਰਡਨ, ਬੈਕਸਾਇਡ ਪੰਜਾਬ ਐਂਡ ਸਿੰਦ ਬੈਂਕ, ਮਾਡਲ ਟਾਊਨ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਜੇ ਪਾਲ ਸਿੰਘ ਗਿੱਲ ਅਤੇ ਉਸਦੀ ਪਤਨੀ ਸੋਨੀਆ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ। (ਰਪੀਟ)

ਮੈਂ, ਸੁਰਿੰਦਰ ਕੌਰ ਪਤਨੀ ਲੇਟ ਨਾਜਰ ਰਾਮ ਵਾਸੀ ਪਿੰਡ ਨਾਹਲ, ਡਾਕਖਾਨਾ ਕੋਟ ਬਾਦਲ ਖਾਂ, ਤਹਿਸੀਲ ਫ਼ਿਲੌਰ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜਸਵਿੰਦਰ ਕੁਮਾਰ ਅਤੇ ਉਸਦੀ ਪਤਨੀ ਕਮਲੇਸ਼ ਕੁਮਾਰੀ ਉਰਫ ਕਮਲੇਸ਼ ਰਾਣੀ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

ਮੈਂ, ਕੁਲਵਿੰਦਰ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਪਿੰਡ ਤੇ ਡਾਕ: ਸਿਧਵਾਂ ਦੋਨਾਂ, ਤਹਿਸੀਲ ਵਾ ਜ਼ਿਲ੍ਹਾ ਕਪੂਰਥਲਾ ਬਿਆਨ ਕਰਦਾ ਹਾਂ ਕਿ ਮੇਰੇ ਦੋਵੇਂ ਲੜਕੇ ਗੁਰਦਿਆਲ ਸਿੰਘ ਅਤੇ ਜਤਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈ, ਬਲਵਿੰਦਰ ਕੌਰ ਪਤਨੀ ਲੇਟ ਸ਼੍ਰੀ ਦੇਸ ਰਾਜ ਵਾਸੀ ਮਕਾਨ ਨੰ. 3396, ਨਕੋਦਰ ਰੋਡ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਮਿਤ ਕੁਮਾਰ ਚੁੰਬਰ ਉਸਦੀ ਪਤਨੀ ਸੰਗੀਤਾ ਰਾਣੀ ਅਤੇ ਉਹਨਾ ਦੇ ਬੱਚੇ ਲਵੀਸ਼ ਚੁੰਬਰ ਅਤੇ ਪੂਰਬੀ ਚੁੰਬਰ ਜੋ ਕਿ ਮੇਰੇ ਕਹਿਣੇ ਤੋ ਬਾਹਰ ਹਨ ਮੈ ਇਹਨਾ ਤਿੰਨਾ ਨੂੰ ਆਪਣੀ ਚੱਲ ਅੱਚਲ ਜਾਇਦਾਦ ਤੋ ਬੇਦਖਲ ਕਰਦੀ ਹਾਂ, ਜੋ ਕੋਈ ਵੀ ਇਹਨਾ ਨਾਲ ਕਿਸੇ ਤਰ੍ਹਾਂ ਦਾ ਲੈਣ ਦੇਣ ਕਰਦਾ ਹੈ ਤਾਂ ਉਹ ਇਸਦਾ ਖੁੱਦ ਜ਼ਿੰਮੇਵਾਰ ਹੋਵੇਗਾ, ਸਬੰਧਤ ਨੋਟ ਕਰਨ।

ਮੈਂ, ਹਰਮੇਸ਼ ਸਿੰਘ ਪੁੱਤਰ ਦਲੀਪ ਸਿੰਘ ਵਾਸੀ 4738, ਨਿਊ ਅਬਾਦੀ ਜੰਡਿਆਲਾ ਗੁਰੂ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰਣਜੀਤ ਸਿੰਘ ਅਤੇ ਉਸ ਦੀ ਪਤਨੀ ਰਾਜਵਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਅਸੀਂ, ਸੁਨੀਤਾ ਚੋਟ ਪਤਨੀ ਅਜੇ ਕੁਮਾਰ ਅਤੇ ਅਜੇ ਕੁਮਾਰ ਪੁੱਤਰ ਹਰਭਜਨ ਸਿੰਘ ਵਾਸੀਆਨ 629 ਈ, ਬਸੰਤ ਐਵੇਨਿਊ, ਨੇੜੇ ਦੋਵਾਸ ਗੈਲਰੀ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡੀ ਲੜਕੀ ਵੰਦਨਾ ਚੋਟ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਬਸ਼ੀਰ ਮੁਹੰਮਦ ਪੁੱਤਰ ਬਾਰੀ ਮੁਹੰਮਦ, ਵਾਸੀ ਪਿੰਡ ਤੇ ਡਾਕਖਾਨਾ ਭਿਖਾਰੀਵਾਲ, ਤਹਿਸੀਲ ਵਾ ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਵੱਡਾ ਲੜਕਾ ਮੁਰੀਦ ਉਰਫ ਮੀਦੂ (ਸ਼ਾਦੀਸ਼ੁਦਾ), ਜੋ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਬੁੜ ਸਿੰਘ ਪੁੱਤਰ ਬੂਟਾ ਸਿੰਘ, ਵਾਸੀ ਪਿੰਡ ਘੋਤਪੋਖਰ, ਤਹਿਸੀਲ ਵਾ ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਨਰਿੰਦਰ ਸਿੰਘ ਅਤੇ ਉਸ ਦੀ ਪਤਨੀ ਸੰਦੀਪ ਕੌਰ, ਜੋ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ।

### ਨਾਂਅ ਦੀ ਬਦਲੀ

ਮੈਂ, ਗੁਰਸੇਵਕ ਸਿੰਘ ਪੁੱਤਰ ਜੋਗਿੰਦਰ ਸਿੰਘ ਪਿੰਡ ਸੋਹਲ, ਤਹਿਸੀਲ ਤੇ ਜ਼ਿਲ੍ਹਾ ਤਰਨਤਾਰਨ ਦਾ ਵਸਨੀਕ ਹਾਂ। ਇਹ ਕਿ ਮੈਂ ਆਪਣਾ ਨਾਂਅ ਗੁਰਸੇਵਕ ਸਿੰਘ ਤੋਂ ਬਦਲ ਕੇ ਗੁਰਸੇਵਕ ਸਿੰਘ ਔਲਖ ਰੱਖ ਲਿਆ ਹੈ। ਸਬੰਧਿਤ ਨੋਟ ਕਰਨ।

ਮੈਂ ਦੀਪਕ ਕੁਮਾਰ ਪੁੱਤਰ ਰਜਿੰਦਰ ਕੁਮਾਰ ਵਾਸੀ ਨੇੜੇ ਮਾਤਾ ਜੀ ਦਾ ਮੰਦਰ ਸ਼ੇਖੂਪੁਰ, ਤਹਿਸੀਲ ਤੇ ਜਿਲਾ ਕਪੂਰਥਲਾ ਦਾ ਰਹਿਣ ਵਾਲਾ ਹਾਂ। ਇਹ ਕਿ ਮੈਂ ਬਿਆਨ ਕਰਦਾ ਹਾਂ ਕਿ ਮੇਰੇ ਦੋ ਨਾਮ ਦੀਪਕ ਕੁਮਾਰ ਅਤੇ ਦੀਪਕ ਕੁਮਾਰ ਸ਼ਰਮਾ ਹਨ, ਇਸ ਲਈ ਮੈਨੂੰ ਦੋਵਾਂ ਨਾਮਾਂ ਦੇ ਨਾਲ ਹੀ ਜਾਣਿਆ ਜਾਵੇ। ਮੈਂ ਇਨ੍ਹਾਂ ਦੋਵਾਂ ਨਾਮਾਂ ਦਾ ਇੱਕ ਹੀ ਵਿਅਕਤੀ ਹਾਂ।

ਮੈਂ, ਮਨਿੰਦਰ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਪਿੰਡ ਭਾਡੀਆਰ, ਡਾਕਖਾਨਾ ਰਣਗੜ੍ਹ, ਅੰਮ੍ਰਿਤਸਰ ਨੇ ਆਪਣਾ ਨਾਂਅ ਮਨਿੰਦਰ ਸਿੰਘ ਤੋਂ ਬਦਲ ਕੇ ਮਨਿੰਦਰ ਸਿੰਘ ਭਿੰਡਰ ਰੱਖ ਲਿਆ ਹੈ।

### Change of Name

I, Ramandeep D/o Satnam Singh R/o VPO Singhpur Distt. Hoshiarpur Punjab have changed my name from Ramandeep to Ramandeep Kaur. Concerned note. (Hitesh)

I, Prince S/o Tilak Raj R/o Patti Bagga, V.P.O. Bilga, Tehsil Phillaur, Distt. Jalandhar, have changed my name from Prince to Prince Hampal. Please note.

I,Balvinder Singh S/O Manga Singh R/O Ibban Kalan,Iban Kalan, Amritsar, Punjab have changed my name from Balvinder Singh to Balwinder Singh.Concerned note. (KK)

I,Mejor Singh S/O Teja Singh R/O Patti Mansoor Di,Village Sultanwind, Amritsar, Punjab have changed my name from Mejor Singh to Major Singh.Concerned note. (KK)

I, Megha D/o Kamal Kishore W/o Sagar Arora R/o H.No.809/8, Gali Telian, Namak Mandi Amritsar have changed my name from Megha to Megha Arora

I Narinder Kaur W/o Sarbjit Singh R/o Village Ekal gadda Distt Tarn Taran have changed my name form Narinder Kaur alias Harinder Kaur to Narinder Kaur

I, Amarjeet singh Kalsi S/ Gurbachan singh r/ H.no 86, Ward no 2 Garden Colony Teh Patti Distt Tarn Taran have Changed name Amarjeet Singh kalsi to Amarjeet singh

I Pawan Son Of Paramjit R/O Vill. Chaudharpur P.o. Zaffarwal Distt. Gurdaspur Punjab. Have Declare That Masih Is My Surname And Pawan Is My Given Name.

I, Manjit r/o H.no.111, Tower Enclave, Phase-3, Po.Khurla Kingra, Jalandhar, Punjab-144003, have changed my minor son name aged 13 years from Harshdeep to Harshdeep Singh. All concerned please note.

I, Amit Kumar s/o Harbhjan Singh r/o Vill. Lame, Po. Sham Chaurasi, Hoshiarpur, Punjab-144105 have changed my name as Amrit Singh. All concerned please note.

I, Vishal Singh Bhatthal Alias Bharat Bhagya Sheel Alias Chinku s/o Sheetal Singh Bhathal r/o 186, New Defence Colony, Old Phagwara Road, Deep Nagar, Jalandhar Cantt, Punjab- 144005, have changed my name as Ajay Bhatthal. All concerned please note.

I, Kapil Aggarwal s/o Joginder Pal r/o H.No-1/11, Shekhon Khu Road, Kartarpur, Jalandhar-II, Punjab-144801, have changed my name to Kapil Kumar. All concerned please note.

I, Neelam Sharma w/o Pargat Singh r/o Vill.Chohka, Po. Garhdiwala, Tehsil Dasuya, Distt. Hoshiarpur, Punjab-144207, have changed my name to Neelam. All concerned please note.

I, Karan s/o Tarlochan Singh r/o Vill.Randhirgarh, Po. Narur, Kapurthala, Punjab-144405, have changed my name to Karan Singh Heer. All concerned please note.

I, Sanjay Kumar Mehandiratta s/o Om Parkash r/o H.No.123, Bombay Nagar, Near Wadala Chowk, Jalandhar, Punjab-144003, have changed my name to Sanjay Mehandiratta. All concerned please note.

I, Rakesh Kumar s/o Mohinder Pal r/o VPO. Ghuman, Distt.SBS Nagar declare that Given name as Rakesh&Surname as Kumar. All concerned please note.

I, Suman Soni d/o Sita Ram Soni w/o Rajesh Verma r/o 77/B, Gobind Nagar, Basti Guzan, Jalandhar, (PB) have changed my name to Suman Verma. After Marriage. All concerned please note. All concerned please note.

I, Harwinder Singh S/o Roop Singh R/o Village Kheri Barna, Karhali, Patiala, Punjab-147101, have changed my name and shall hereafter be known as Harvinder Singh. All Please Note.

I, Abhishek S/o Munish Kumar R/o House Number- 1/62, Gali Number- 4, Dhobi Ghat, Shakti Nagar, Hoshiarpur, Punjab-146001, have changed my name and shall hereafter be known as Abhishek Harish. All Please Note.

I, Nisha Beena W/o Jasvinder Singh R/o 421, Ward No-10, Rodh Mohlia, Naraina(60), Karnal, Haryana- 132116 have changed my name and shall hereafter be known as Nisha. All Please Note.

I, Jyoti Arora W/o Davinder Kumar R/o H.No.155-A, Adarsh Nagar, Jalandhar, have changed my name from Jyoti Arora to Jyoti (After Marriage). All Please Note.

### Change of Name

I, Parmjit Kaur W/o Jhirmal Singh R/o Village and Post Office Zahura, Tehsil Dasuya, Distt. Hoshiarpur, Punjab have changed my name from Parmjit Kaur to Paramjit Kaur. All Please Note.

I, Navjot Singh S/o Avtar Singh Chahal R/o VPO Nathu Chahal Distt. Kapurthala have changed my name from Navjot Singh to Navjot Singh Chahal. All Please Note.

I, Avtar Singh S/o Sarwan Singh R/o VPO Nathu Chahal Distt. Kapurthala have changed my name from Avtar Singh to Avtar Singh Chahal. All Please Note.

I, Preeti W/o Yogesh Kumar R/o H.No.197, Street No. 8, National Avenue, Rama Mandi, Jalandhar-144023, Punjab have changed my name from Preeti to Preeti Sharma, after marriage. All Please Note.

I, Daljit Kaur W/o Avtar Singh Chahal R/o VPO Nathu Chahal Distt. Kapurthala have changed my name from Daljit Kaur to Daljit Kaur Chahal. All Please Note.

I, hitherto known as Satinder Pal S/o Amar Nath Shoor R/o H.No. 33-34, Lane No. 6, Guru Teg Bahadur Avenue, Garden Colony, Jalandhar-144003, Punjab have changed my name and shall be known as Satinder Pal Shoor.

I, Sonia D/o Babu Ram W/o Gurpreet Singh R/o Village Mandi, Tehsil Pehowa, District Kurukshetra-136119, Haryana have changed my name from Sonia to Kaur Sonia. All Please Note. (R)

I, Sachin Sehdev S/o Binder Kumar R/o 49 Sehdev Niwas, Green Vally, Basti Danishmandan, Jalandhar-144002, Punjab have changed my name from Sachin to Sachin Sehdev.

I Lovejit Singh S/O Sukjdev Singh R/O Muggowal Tehsil Garhshankar Distt Hoshiarpur Have Changed My Name To Lovejeet Singh.

I, Kulwant S/O Darshan Permanent Resident of Vill. Purkhowal PO Rampur Bilron Teh. Garhshankar Distt. Hoshiarpur, Punjab, India Now residing in 11, rue Cels 75014 Paris France have changed my name from kulwant to Kulwant Singh Sangha. All concern please note.

I, Balbir Kaur W/O Sh Bakhshish Ram R/O House No 18 Mohalla Sukhchain Nagar Phagwara Distt Kapurthala, Have Changed My Name From Balbir Kaur To Balvir Kaur. All Note.

I, Gurmit Pal Singh S/o Sharan Pal Singh R/o H. No. 11, Bathwala Road, Greater Kailash Colony, Gurdaspur, Distt. Gurdaspur, Punjab-143521, have changed my name to Gurmeet Pal Singh.

I, Kartar Singh Bains S/o Mewa Singh R/o Village Chitti, P/o Jhabkra, Pin Code-143525, Distt. Gurdaspur, (Pb.), have changed my name to Kartar Singh.

I, Parneet Kaur D/o Sukhjinder Singh W/o Sukhmanjit Singh R/o H.No.4402, Gali No.1, Near Radha Swami, Bhalla Colony, Chheharta, Amritsar, 143105, Punjab have changed my name from Parneet Kaur Aulakh to Parneet Kaur after marriage.

I Sukhbeer Singh Sandhu S/o Parkash Singh Sandhu R/o Zira Road, Guru Ram Das Nagar, Kot Ise Khan, Moga, Punjab-142043 have added surname to my name Sukhbeer Singh to Sukhbeer Singh Sandhu.

I Parmod Chander Sharma S/O Hari Ram Residing At H.no.6,Pathi Wala Chownk Durga Vihar Mandir New Santokh Pura Jalandhar-144004 Punjab, India. Have Changed My Name From Parmod Chander Sharma To Parmod Sharma . All Concerned Note.

I, Manjit Kaur w/o Nirmal Singh R/o Village Kokalpur, P.O. Kanjli, Tehsil & District Kapurthala, Punjab, India have changed my name from Manjeet Kaur to Manjit Kaur. All concerned may please note.

# ਆਬਕਾਰੀ ਵਿਭਾਗ ਦੀ ਟੀਮ ਨੂੰ ਤਸਕਰਾਂ ਨੇ ਬਣਾਇਆ ਬੰਧਕ



ਗੁਰਦਾਸਪੁਰ (ਜਨਕ ਮਹਾਜਨ)- ਭੈਣੀ ਮੀਆਂ ਖਾਂ ਥਾਣੇ ਦੇ ਪਿੰਡ ਮੋਚਪੁਰ ਪਹੁੰਚੀ ਆਬਕਾਰੀ ਵਿਭਾਗ ਦੀ ਟੀਮ 'ਤੇ ਤਸਕਰਾਂ ਨੇ ਆਪਣੇ 200 ਤੋਂ ਵੱਧ ਸਾਥੀਆਂ ਨਾਲ ਮਿਲ ਕੇ ਬੰਧਕ ਬਣਾ ਲਿਆ। ਆਪਣੀ ਜਾਨ ਬਚਾਉਣ ਲਈ ਆਬਕਾਰੀ ਟੀਮ ਨੇ ਪੁਲਸ ਨੂੰ ਸੂਚਿਤ ਕੀਤਾ ਅਤੇ ਕਰੀਬ ਡੇਢ ਤੋਂ ਦੋ ਘੰਟੇ ਬਾਅਦ ਪੰਜਾਬ ਪੁਲਸ ਦੀ ਟੀਮ ਪਹੁੰਚੀ ਅਤੇ ਆਬਕਾਰੀ ਵਿਭਾਗ ਦੇ ਕਰਮਚਾਰੀਆਂ ਨੂੰ ਸੁਰੱਖਿਅਤ ਪਿੰਡ ਤੋਂ ਬਾਹਰ ਕੱਢ ਲਿਆ ਗਿਆ। ਟੀਮ ਵੱਲੋਂ ਮੌਕੇ 'ਤੇ ਹੀ ਭਾਰੀ ਮਾਤਰਾ 'ਚ ਲਾਹਣ ਬਰਾਮਦ ਕੀਤੀ ਗਈ। ਇਸ ਟੀਮ 'ਚ ਐਕਸਾਈਜ਼ ਵਿਭਾਗ ਦੇ ਇੰਸਪੈਕਟਰ ਕਸ਼ਮੀਰ ਸਿੰਘ, ਸੁਰਿੰਦਰ ਸਿੰਘ ਕਾਹਲੋਂ ਤੋਂ ਇਲਾਵਾ ਤਲਾਸ਼ੀ ਮੁਹਿੰਮ ਦੀ ਅਗਵਾਈ ਐਕਸਾਈਜ਼ ਅਫਸਰ ਦੀਵਾਨ ਚੰਦ ਅਤੇ ਇੰਦਰਬੀਰ ਸਿੰਘ ਰੰਧਾਵਾ ਨੇ ਕੀਤੀ। ਟੀਮ ਨੇ ਦਰਿਆ ਦੇ ਕੰਢੇ ਸਥਿਤ ਪਿੰਡ ਮੋਚਪੁਰ, ਮਿੱਠਾਪੁਰ, ਬੁੱਢਾ ਬਾਲਾ ਆਦਿ ਦੇ ਪੰਜ ਕਿਲੋਮੀਟਰ ਦੇ ਇਲਾਕੇ ਦੀ ਤਲਾਸ਼ੀ ਲਈ। ਇਸ ਦੌਰਾਨ 93 ਤਰਪਾਲਾਂ ਵਿੱਚ ਛੁਪਾ ਕੇ ਰੱਖੀ 73 ਹਜ਼ਾਰ 500 ਲੀਟਰ ਲਾਹਣ ਬਰਾਮਦ ਕੀਤੀ ਗਈ। ਲਾਹਣ ਨੂੰ ਟੀਮ ਨੇ ਨਸ਼ਟ ਕਰ ਦਿੱਤਾ। ਟੀਮ ਨੇ ਜਿਵੇਂ ਹੀ ਪਿੰਡ ਦੀ ਤਲਾਸ਼ੀ ਲਈ ਅਤੇ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਤਾਂ ਤਸਕਰਾਂ ਨੇ ਆਪਣੇ 200 ਦੇ ਕਰੀਬ ਸਾਥੀਆਂ ਸਮੇਤ ਟੀਮ ਨੂੰ ਘੇਰ ਲਿਆ। ਇਸ ਤੋਂ ਬਾਅਦ ਟੀਮ ਆਪਣੀ ਜਾਨ ਬਚਾਉਣ ਲਈ ਇਧਰ-ਉਧਰ ਭੱਜੀ। ਪੁਲਸ ਨੂੰ ਸੂਚਨਾ ਦਿੱਤੀ ਗਈ। ਥਾਣਾ ਭੈਣੀ ਮੀਆਂ ਖਾਂ ਅਤੇ ਹੋਰ ਥਾਣਿਆਂ ਦੀ ਪੁਲਸ ਨੇ ਮੌਕੇ 'ਤੇ ਪੁੱਜੀ ਅਤੇ ਡੇਢ ਘੰਟੇ ਤੋਂ ਵੱਧ ਸਮੇਂ ਬਾਅਦ ਟੀਮ ਮੈਂਬਰਾਂ ਨੂੰ ਪਿੰਡ 'ਚੋਂ ਸੁਰੱਖਿਅਤ ਬਾਹਰ ਲਿਆਂਦਾ ਗਿਆ। ਆਬਕਾਰੀ ਅਧਿਕਾਰੀ ਦੀਵਾਨ ਚੰਦ ਨੇ ਦੱਸਿਆ ਕਿ ਲੋਕਾਂ ਨੇ ਟੀਮ 'ਤੇ ਹਮਲਾ ਕਰ ਦਿੱਤਾ। ਪੁਲਿਸ ਨੂੰ ਸੂਚਨਾ ਦੇਣ ਤੋਂ ਬਾਅਦ ਪੁਲਸ ਪਾਰਟੀ ਮੌਕੇ 'ਤੇ ਪਹੁੰਚ ਗਈ। ਉਨ੍ਹਾਂ ਦੱਸਿਆ ਕਿ ਇਸ ਛਾਪਾਮਾਰੀ ਦੌਰਾਨ ਵਰਤੀ ਗਈ ਕਿਸ਼ਤੀ ਨੂੰ ਵੀ ਨੁਕਸਾਨ ਪਹੁੰਚਿਆ ਜਿਸ ਦੀ ਕੀਮਤ ਪੰਜ ਲੱਖ ਤੋਂ ਵੱਧ ਦੱਸੀ ਜਾ ਰਹੀ ਹੈ।

ਇਸ ਮਾਮਲੇ ਨੂੰ ਲੈ ਕੇ ਥਾਣਾ ਭੈਣੀ ਮੀਆਂ ਖਾਂ ਪੁਲਸ ਨੇ ਸੁਰਿੰਦਰ ਸਿੰਘ ਐਕਸਾਈਜ਼ ਇੰਸਪੈਕਟਰ ਗੁਰਦਾਸਪੁਰ ਦੇ ਬਿਆਨਾਂ 'ਤੇ 35/40 ਨਾ-ਮਲੂਮ ਵਿਅਕਤੀਆਂ ਖ਼ਿਲਾਫ਼ ਸਰਕਾਰੀ ਬੋਟ ਦੀ ਭੰਨਤੋੜ ਅਤੇ ਡਿਊਟੀ ਵਿੱਚ ਵਿਘਨ ਪਾਉਣ, ਐਕਸਾਈਜ ਪਾਰਟੀ ਨਾਲ ਗਾਲੀ ਗਲੋਚ ਅਤੇ ਧਮਕੀਆਂ ਦੇਣ ਦੇ ਦੋਸ਼ਾਂ ਹੇਠਾਂ ਧਾਰਾ 353, 186, 506, 427, 148, 149 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

## ਆਸ਼ਾ ਵਰਕਰਾਂ ਨੂੰ ਪਰਾਲੀ ਸਾੜਨ ਦੇ ਮਾਰੂ ਪ੍ਰਭਾਵਾਂ ਸਬੰਧੀ ਦਿੱਤੀ ਜਾਣਕਾਰੀ



ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)-ਸਿਹਤ ਤੇ ਪਰਵਾਰ ਭਲਾਈ ਵਿਭਾਗ ਅਤੇ ਖੇਤੀਬਾੜੀ ਵਿਭਾਗ ਪੰਜਾਬ ਦੇ ਮੁਲਾਜਮਾਂ ਵਲੋਂ ਆਸ਼ਾ ਵਰਕਰਾਂ ਨੂੰ 'ਪਰਾਲੀ ਸਾੜਨ ਵਿਰੋਧੀ' ਚਲਾਈ ਜਾ ਰਹੀ ਮੁਹਿੰਮ ਲਈ ਜਾਗਰੂਕ ਕੀਤਾ ਜਾ ਰਿਹਾ ਹੈ ਤਾਂ ਕਿ ਕਿਸਾਨਾਂ ਦੇ ਪਰਵਾਰਾਂ ਤੱਕ ਇਹ ਸੁਨੇਹਾ ਪਹੁੰਚਾਇਆ ਜਾ ਸਕੇ ਕਿ ਪਰਾਲੀ ਨੂੰ ਨਾ ਸਾੜ ਕੇ ਇਸ ਨੂੰ ਖੇਤਾਂ ਵਿਚ ਹੀ ਖਾਦ ਦੇ ਰੂਪ ਵਿਚ ਵਰਤਿਆ ਜਾਵੇ। ਸਿਵਲ ਸਰਜਨ ਡਾ.ਪਰਮਿੰਦਰ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੀਨੀਅਰ ਮੈਡੀਕਲ ਅਫਸਰ ਡਾ.ਵਿਧਾਨ ਚੰਦਰ ਨੇ ਦੱਸਿਆ ਕਿ ਆਸ਼ਾ ਵਰਕਰਾਂ ਨੂੰ ਪਰਾਲੀ ਨਾ ਸਾੜਨ ਸਬੰਧੀ ਟ੍ਰੇਨਿੰਗ ਦਿੱਤੀ ਗਈ। ਇਸ ਮੌਕੇ ਡਾ.ਵਿਧਾਨ ਚੰਦਰ ਨੇ ਦੱਸਿਆ ਕਿ 'ਪਰਾਲੀ ਸਾੜਨ ਵਿਰੋਧੀ ਚਲਾਈ ਇਸ ਮੁਹਿੰਮ' ਦਾ ਮੁੱਖ ਉਦੇਸ਼ ਪਰਾਲੀ ਸਾੜਨ ਨਾਲ ਪੂਰੇ ਮਨੁੱਖੀ ਜਨ-ਜੀਵਨ ਅਤੇ ਜਮੀਨ ਦੀ ਉਪਜਾਊ ਸ਼ਕਤੀ ਉਤੇ ਪੈ ਰਹੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਾਉਣਾ ਹੈ।

ਪਰਾਲੀ ਸਾੜਨ ਤੋਂ ਪੈਦਾ ਹੋਏ ਪ੍ਰਦੂਸ਼ਣ ਕਾਰਨ ਆ ਰਹੀਆਂ ਸਿਹਤ ਸਮੱਸਿਆਵਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਦਿਨੋ ਦਿਨ ਅਜਿਹੇ ਮਰੀਜਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ ਜੋ ਵੱਧ ਰਹੇ ਪ੍ਰਦੂਸ਼ਣ ਕਾਰਨ ਸਾਹ ਅਤੇ ਅਸਥਮਾ ਜਿਹੀਆਂ ਛਾਤੀ ਦੀਆਂ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ।

ਉਹਨਾ ਨੇ ਕਿਹਾ ਕਿ ਸਿਹਤ ਵਿਭਾਗ ਰਾਹੀਂ ਆਸ਼ਾ ਵਰਕਰਾਂ ਵਲੋਂ ਕਿਸਾਨਾਂ ਤੱਕ ਪਹੁੰਚ ਕਰਕੇ ਉਨ੍ਹਾਂ ਨੂੰ ਪਰਾਲੀ ਦੇ ਮਾਰੂ ਪ੍ਰਭਾਵਾਂ ਸਬੰਧੀ ਜਾਣਕਾਰੀ ਦਿੱਤੀ ਜਾਵੇਗੀ।

ਉਨ੍ਹਾਂ ਆਸ਼ਾ ਵਰਕਰਾਂ ਨੂੰ ਘਰ ਘਰ ਜਾ ਕੇ ਕਿਸਾਨਾਂ ਨੂੰ ਪਰਾਲੀ ਸਾੜਨ ਦੀ ਅਪੀਲ ਕਰਨ ਦਾ ਸੰਦੇਸ਼ ਦਿੰਦਿਆਂ ਕਿਹਾ ਕਿ ਪਰਾਲੀ ਨਾ ਸਾੜ ਕੇ ਇਸ ਨੂੰ ਖੇਤ ਵਿਚ ਹੀ ਖਾਦ ਵਜੋਂ ਵਰਤਿਆ ਜਾ ਸਕਦਾ ਹੈ। ਇਸ ਵਾਸਤੇ ਵਰਤੀ ਜਾਂਦੀ ਮਸ਼ੀਨਰੀ ਸਬੰਧੀ ਵੀ ਜਾਣਕਾਰੀ ਦਿੱਤੀ। ਇਸ ਮੌਕੇ ਬਲਾਕ ਦੀਆਂ ਸਮੂਹ ਆਸ਼ਾ ਵਰਕਰਾਂ ਹਾਜਰ ਸਨ ।

## 'ਕਾਨੂੰਨੀ ਸੇਵਾਵਾਂ ਦਿਵਸ' ਦੇ ਮੌਕੇ ਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਕਾਨੂੰਨੀ



ਐ ਸ .ਏ .ਐ ਸ .ਨ ਗ ਰ (ਗੁਰਜੀਤ ਬਿੱਲਾ) - ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ, ਜੱਜ, ਪੰਜਾਬ ਅਤੇ ਹਰਿਆਣਾ ਹਾਈਕੋਰਟ ਅਤੇ ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀਆਂ ਹਦਾਇਤਾਂ ਅਨੁਸਾਰ 'ਕਾਨੂੰਨੀ ਸੇਵਾਵਾਂ ਦਿਵਸ' ਦੇ ਮੌਕੇ ਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸਾਹਿਬਜਾਦਾ ਅਜੀਤ ਸਿੰਘ ਨਗਰ ਵਲੋਂ ਕਾਨੂੰਨੀ ਸਾਖਰਤਾ ਪ੍ਰੋਗਰਾਮ ਕੀਤਾ ਗਿਆ। ਚੰਡੀਗੜ੍ਹ ਯੂਨੀਵਰਸਿਟੀ, ਘੜੂੰਆਂ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸ੍ਰੀ ਬਲਜਿੰਦਰ ਸਿੰਘ ਮਾਨ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੇ ਦੱਸਿਆ ਕਿ ਲੋੜਵੰਦ ਅਤੇ ਗਰੀਬ ਵਿਅਕਤੀਆਂ ਨੂੰ ਨਿਆਂ ਪ੍ਰਾਪਤ ਕਰਨ ਵਿਚ ਮਦਦ ਕਰਨ ਲਈ ਸਰਕਾਰ ਵਲੋਂ ਲੀਗਲ ਸਰਵਿਸਿਜ ਅਥਾਰਟੀਜ ਐਕਟ, 1987 ਪਾਸ ਕੀਤਾ ਗਿਆ ਜਿਹੜਾ ਕਿ 9 ਨਵੰਬਰ, 1995 ਨੂੰ ਲਾਗੂ ਕੀਤਾ ਗਿਆ। ਉਸ ਸਮੇਂ ਤੋਂ ਹੀ ਹਰ ਸਾਲ 9 ਨਵੰਬਰ 'ਕਾਨੂੰਨੀ ਸੇਵਾਵਾਂ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਉਨ੍ਹਾਂ ਵਲੋਂ ਇਹ ਵੀ ਦੱਸਿਆ ਗਿਆ ਕਿ ਸਮਾਜ ਦੇ ਬਹੁਤ ਸਾਰੇ ਵਰਗ ਆਰਥਿਕ ਮਜਬੂਰੀਆਂ ਕਾਰਨ ਚੰਗੇ ਵਕੀਲਾਂ ਦੀਆਂ ਸੇਵਾਵਾਂ ਪ੍ਰਾਪਤ ਨਹੀਂ ਕਰ ਸਕਦੇ। ਅਜਿਹੇ ਵਿਅਕਤੀਆਂ ਦੀ ਨਿਆਂ ਪ੍ਰਾਪਤੀ ਤੱਕ ਪਹੁੰਚ ਲਈ, ਮੁਫਤ ਕਾਨੂੰਨੀ ਸੇਵਾਵਾਂ ਦਾ ਸੰਕਲਪ ਸੁਰੂ ਕੀਤਾ ਗਿਆ। ਸਾਲ 1976 ਵਿਚ ਸੰਵਿਧਾਨ ਵਿਚ 42ਵੀਂ ਸੋਧ ਰਾਹੀਂ ਚੈਪਟਰ 4 ਵਿਚ ਧਾਰਾ 39-ਏ ਜੋੜਿਆ ਗਿਆ ਜਿਸ ਰਾਹੀਂ ਸਮਾਜ ਦੇ ਲੋੜਵੰਦ ਵਿਅਕਤੀਆਂ ਨੂੰ ਮੁਫਤ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਦਾ ਉਪਬੰਧ ਕੀਤਾ ਗਿਆ। ਇਸ ਤੋਂ ਬਾਅਦ ਸਰਕਾਰ ਵਲੋਂ 27 ਸਤੰਬਰ, 1980 ਨੂੰ ਕਾਨੂੰਨੀ ਸੇਵਾਵਾਂ ਸਕੀਮ ਨੂੰ ਲਾਗੂ ਕਰਨ ਲਈ ਜਸਟਿਸ ਪੀ.ਐਨ. ਭਗਵਤੀ ਦੀ ਅਗਵਾਈ ਵਿਚ ਕਮੇਟੀ ਦਾ ਗਠਨ ਕੀਤਾ ਗਿਆ। ਸਾਲ 1987 ਵਿਚਲੀ ਗਲ ਸਰਵਿਸਿਜ ਅਥਾਰਟੀਜ ਐਕਟ ਅਧੀਨ ਰਾਸਟਰ, ਰਾਜ, ਜ਼ਿਲ੍ਹਾ ਅਤੇ ਸਬ-ਡਵੀਜਨ ਪੱਧਰ ਤੇ ਲੀਗਲ ਸਰਵਿਸਿਜ ਅਥਾਰਟੀਆਂ ਦਾ ਗਠਨ ਕੀਤਾ ਗਿਆ। ਇਸ ਐਕਟ ਦੀ ਦਫਾ 12 ਅਧੀਨ ਹਰ ਉਹ ਵਿਅਕਤੀ ਮੁਫਤ ਕਾਨੂੰਨੀ ਸੇਵਾਵਾਂ ਪ੍ਰਾਪਤ ਕਰਨ ਦਾ ਹੱਕਦਾਰ ਹੈ ਜਿਸ ਦੀ ਸਾਲਾਨਾ ਆਮਦਨ ਤਿੰਨ ਲੱਖ ਰੁਪਏ ਤੋਂ ਘੱਟ ਹੈ। ਇਸ ਤੋਂ ਇਲਾਵਾ ਅਨੁਸੂਚਿਤ ਜਾਤੀ ਜਾਂ ਕਬੀਲੇ ਦਾ ਮੈਂਬਰ, ਕੁਦਰਤੀ ਆਫਤਾਂ ਤੋਂ ਪੀੜ੍ਹਤ ਵਿਅਕਤੀ, ਇੰਡਸਟਰੀਅਲ ਕਾਮਾ, ਇਸਤਰੀ, ਬੱਚਾ ਜਾਂ ਹਿਰਾਸਤ ਵਿਚ ਵਿਅਕਤੀ ਆਦਿ ਮੁਫਤ ਕਾਨੂੰਨੀ ਸਹਾਇਤਾ ਪ੍ਰਾਪਤ ਕਰਨ ਦਾ ਹੱਕਦਾਰ ਹੈ।

ਮੁਫਤ ਕਾਨੂੰਨੀ ਸਹਾਇਤਾ ਵਿਚ ਸਿਰਫ ਵਕੀਲ ਦੀਆਂ ਸੇਵਾਵਾਂ ਹੀ ਨਹੀਂ ਦਿੱਤੀਆਂ ਜਾਂਦੀਆਂ ਬਲਕਿ ਕੇਸ ਵਿਚ ਹੋਣ ਵਾਲੇ ਖਰਚੇ ਜਿਵੇਂ ਕਿ ਡਰਾਫਟਿੰਗ ਚਾਰਜਜ, ਕੋਰਟ ਫੀਸ, ਪ੍ਰੋਸੈਸ ਫੀਸ ਅਤੇ ਗਵਾਹਾਂ ਨੂੰ ਡਾਇਟ ਮਨੀ ਆਦਿ ਖਰਚੇ ਵੀ ਕਾਨੂੰਨੀ ਸੇਵਾਵਾਂ ਅਥਾਰਟੀਆਂ ਵਲੋਂ ਅਦਾ ਕੀਤੇ ਜਾਂਦੇ ਹਨ।

## ਮਿਲਾਵਟ ਦੀ ਰੋਕਥਾਮ ਲਈ ਮਠਿਆਈਆਂ ਦੀਆਂ ਦੁਕਾਨਾਂ ਦੀ ਕੀਤੀ ਚੈਕਿੰਗ

**ਜਲੰਧਰ** (ਸੁਰਿੰਦਰ ਕੁਮਾਰ)-ਤਿਉਹਾਰੀ ਸੀਜ਼ਨ ਦੌਰਾਨ ਮਿਲਾਵਟ ਵਾਲੀਆਂ ਮਠਿਆਈਆਂ ਅਤੇ ਦੁੱਧ ਉਤਪਾਦਾਂ ਦੀ ਜਾਂਚ ਲਈ ਉਪ ਮੰਡਲ ਮੈਜਿਸਟਰੇਟ, ਨਕੋਦਰ ਮੇਜਰ ਡਾ. ਇਰਵਿਨ ਕੌਰ ਵਲੋਂ ਨਕੋਦਰ ਵਿਖੇ ਮਠਿਆਈ ਦੀਆਂ ਦੁਕਾਨਾਂ ਦੀ ਚੈਕਿੰਗ ਕੀਤੀ ਗਈ। ਸਬ ਡਵੀਜ਼ਨਲ ਮੈਜਿਸਟਰੇਟ ਵਲੋਂ ਫੂਡ ਸੇਫ਼ਟੀ ਟੀਮ ਨਾਲ ਮਠਿਆਈ ਦੀਆਂ ਦੁਕਾਨਾਂ ਅਤੇ ਇਨ੍ਹਾਂ ਨੂੰ ਬਣਾਉਣ ਦੇ ਯੂਨਿਟਾਂ ਦੀ ਜਾਂਚ ਕੀਤੀ ਗਈ ਅਤੇ ਫੂਡ ਸੇਫ਼ਟੀ ਟੀਮ ਨੂੰ ਸੈਂਪਲ ਲੈਣ ਲਈ ਕਿਹਾ ਗਿਆ। ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਦੁਕਾਨਾਂ ਦੀ ਜਾਂਚ ਜਾਰੀ ਰਹੇਗੀ ਅਤੇ ਲੋਕਾਂ ਨੂੰ ਸ਼ੁੱਧ ਮਠਿਆਈਆਂ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਸੈਂਪਲ ਲਏ ਜਾਂਦੇ ਰਹਿਣਗੇ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਲੋਕਾਂ ਅੰਦਰ ਵਿਸ਼ਵਾਸ਼ ਪੈਦਾ ਕਰੇਗੀ ਕਿ ਉਹ ਸੁਰੱਖਿਅਤ ਤੇ ਸਿਹਤਮੰਦ ਖਾਧ ਪਦਾਰਥ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਲਈ ਸ਼ੁੱਧ ਤੇ ਮਿਆਰੀ ਭੋਜਨ ਯਕੀਨੀ ਬਣਾਉਣਾ ਜ਼ਿਲ੍ਹਾ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ ਅਤੇ ਇਸ ਲਈ ਹਰ ਲੋੜੀਂਦੇ ਕਦਮ ਉਠਾਏ ਜਾਣਗੇ ਕਿ ਲੋਕਾਂ ਨੂੰ ਸ਼ੁੱਧ ਖਾਧ ਪਦਾਰਥ ਮਿਲ ਸਕਣ। ਸਾਰੰਗਲ ਨੇ ਸਿਹਤ ਵਿਭਾਗ ਅਤੇ ਫੂਡ ਕਮਿਸ਼ਨਰ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮਠਿਆਈਆਂ ਬਣਾਉਣ ਲਈ ਕੱਚੇ ਪਦਾਰਥਾਂ ਅਤੇ ਖਾਸ ਕਰਕੇ ਦੁੱਧ ਦੀ ਜਾਂਚ ਕੀਤੀ ਜਾਵੇ ਤਾਂ ਜੋ ਲੋਕਾਂ ਨੂੰ ਖਾਣ ਵਾਲੇ ਉਤਪਾਦ ਸ਼ੁੱਧ ਤੇ ਮਿਆਰੀ ਮਿਲ ਸਕਣ। ਉਨਾਂ ਕਿਹਾ ਕਿ ਸਿਹਤ ਵਿਭਾਗ ਤੇ ਫੂਡ ਸੇਫ਼ਟੀ ਦੇ ਅਧਿਕਾਰੀ ਜਾਂਚ ਮੁਹਿੰਮ ਨੂੰ ਹੋਰ ਤੇਜ ਕਰਨ ਤਾਂ ਜੋ ਲੋਕਾਂ ਨੂੰ ਸਾਫ ਸੁਥਰਾ ਖਾਣ ਪੀਣ ਮਿਲ ਸਕੇ । ਉਨ੍ਹਾਂ ਕਿਹਾ ਕਿ ਖਾਧ ਪਦਾਰਥਾਂ ਦੀ ਗੁਣਵੱਤਾ ਲਈ ਟੀਮਾਂ ਵੱਲੋਂ ਜਾਂਚ ਜਾਰੀ ਰਹੇਗੀ । ਇਸ ਮੌਕੇ ਫੂਡ ਸੇਫ਼ਟੀ ਟੀਮ ਜਿਸ ਦੀ ਅਗਵਾਈ ਡਾ. ਸੁਖਵਿੰਦਰ ਸਿੰਘ, ਫੂਡ ਸੇਫ਼ਟੀ ਅਫ਼ਸਰ ਰਾਸ਼ੂ ਮਹਾਜਨ ਕਰ ਰਹੇ ਸਨ ਵਲੋਂ ਜਾਂਚ ਦੌਰਾਨ ਚਲਾਨ ਜਾਰੀ ਕੀਤੇ ਗਏ ਅਤੇ ਵੱਖ-ਵੱਖ ਸੈਂਪਲ ਲਏ ਗਏ।

### ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਸ਼੍ਰੀਮਤੀ ਰਾਜਵਿੰਦਰ ਕੌਰ ਤਹਿਸੀਲਦਾਰ-ਕਮ-ਸਬ ਰਜਿਸਟਰਾਰ ਗੁਰਦਾਸਪੁਰ।

ਪਬਲਿਕ ਨੋਟਿਸ

ਹਰ ਆਮ ਤੇ ਖਾਸ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਰਾਹੁਲ ਵਰਮਾ ਪੁੱਤਰ ਲੇਟ ਸ੍ਰੀ ਵਿਜੈ ਵਰਮਾ ਵਾਸੀ ਮੁਹੱਲਾ ਆਦਰਸ਼ ਨਗਰ, ਮੰਡੀ ਗੁਰਦਾਸਪੁਰ/ਵਾਸੀ 2555 ਸੀ-ਨਜ਼ਦੀਕ ਕੇਂਦਰੀ ਵਿਹਾਰ, ਸੰਨੀ ਇਨਕਲੇਵ ਸੈਕਟਰ 125, ਖਰੜ, ਐੱਸ ਏ ਐੱਸ ਨਗਰ, ਮੋਹਾਲੀ ਵੱਲੋਂ ਇੱਕ ਗੈਰ ਤਸਦੀਕਸ਼ੁਦਾ ਵਸੀਅਤ ਮਿਤੀ 18.3.2023 ਜ਼ੇਰ ਧਾਰਾ 40 (1) ਭਾਰਤੀ ਰਜਿਸਟਰੇਸ਼ਨ ਐਕਟ 1908 ਅਧੀਨ ਰਜਿਸਟਰਡ ਕਰਨ ਲਈ ਮੇਰੇ ਪੇਸ਼ ਕੀਤੀ ਗਈ ਹੈ। ਇਹ ਵਸੀਅਤ ਸ੍ਰੀ ਵਿਜੈ ਵਰਮਾ ਪੁੱਤਰ ਉਮ ਪ੍ਰਕਾਸ਼ ਵਰਮਾ ਪੁੱਤਰ ਤੁਲਸੀ ਰਾਮ ਵਾਸੀ ਮਕਾਨ ਨੰਬਰ 521/19 ਆਦਰਸ਼ ਨਗਰ, ਮੰਡੀ ਗੁਰਦਾਸਪੁਰ ਨੇ ਆਪਣੇ ਪੁੱਤਰ ਰਾਹੁਲ ਵਰਮਾ, ਅਵੀ ਵਰਮਾ ਪੁੱਤਰਾਨ ਵਿਜੈ ਵਰਮਾ ਪੁੱਤਰ ਉਮ ਪ੍ਰਕਾਸ਼ ਵਰਮਾ ਵਾਸੀ ਮੁਹੱਲਾ ਆਦਰਸ਼ ਨਗਰ ਮੰਡੀ ਗੁਰਦਾਸਪੁਰ/ਵਾਸੀ 2555 ਸੀ ਨਜ਼ਦੀਕ ਕੇਂਦਰੀ ਵਿਹਾਰ, ਸੰਨੀ ਇਨਕਲੇਵ ਸੈਕਟਰ 125, ਖਰੜ, ਐੱਸ ਏ ਐੱਸ ਨਗਰ, ਮੋਹਾਲੀਹ ਦੇ ਹੱਕ ਵਿੱਚ ਕੀਤੀ ਹੋਈ ਹੈ। ਇਹ ਵਸੀਅਤ ਰਜਿਸਟਰਡ ਕਰਨ ਵਿੱਚ ਜੇਕਰ ਕਿਸੇ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਲਿਖਤੀ ਰੂਪ ਵਿੱਚ ਅਸਾਲਤਨ ਜਾਂ ਵਕਾਲਤਨ ਇਸ ਇਸ਼ਤਿਹਾਰ ਦੇ ਛਪਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖਰੀ ਦੇ ਪੇਸ਼ ਕਰ ਸਕਦੇ ਹਨ। ਇਸ ਤੋਂ ਬਾਅਦ ਕੋਈ ਵੀ ਉਜ਼ਰ ਨਹੀਂ ਸੁਣਿਆ ਜਾਵੇਗਾ ਅਤੇ ਸ੍ਰੀ ਵਿਜੈ ਵਰਮਾ ਪੁੱਤਰ ਉਮ ਪ੍ਰਕਾਸ਼ ਵਰਮਾ ਵਾਸੀ ਮਕਾਨ ਨੰਬਰ 521/19 ਆਦਰਸ਼ ਨਗਰ ਮੰਡੀ ਗੁਰਦਾਸਪੁਰ ਵੱਲੋਂ ਕੀਤੀ ਵਸੀਅਤ ਮਿਤੀ 18.3.2023 ਜ਼ੇਰ ਧਾਰਾ 40 (1) ਭਾਰਤੀ ਰਜਿਸਟਰੇਸ਼ਨ ਐਕਟ 1908 ਅਧੀਨ ਰਜਿਸਟਰਡ ਕਰ ਦਿੱਤੀ ਜਾਵੇਗੀ।

ਅੱਜ ਮਿਤੀ 6.11.2023 ਨੂੰ ਮੇਰੇ ਦਸਤਖ਼ਤ ਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।

ਮਿਤੀ : 6.11.2023 ਸਬ-ਰਜਿਸਟਰਾਰ, ਗੁਰਦਾਸਪੁਰ।

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਕੇਂਦਰ ਤੇ ਸੂਬਾ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਖਿਲਾਫ ਤਿੱਖਾ ਸੰਘਰਸ਼ ਵਿੱਢਾਂਗੇ : ਮਹੀਪਾਲ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਦਿਹਾਤੀ ਮਜ਼ਦੂਰ ਸਭਾ ਪੰਜਾਬ ਦੀ ਬਠਿੰਡਾ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਸਥਾਨਕ ਟੀਚਰਜ਼ ਹੋਮ ਵਿਖੇ ਜ਼ਿਲ੍ਹਾ ਪ੍ਰਧਾਨ ਮਿੱਠੂ ਸਿੰਘ ਘੁੱਦਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਨ ਲਈ ਉਚੇਚੇ ਤੌਰ 'ਤੇ ਪੁੱਜੇ ਸੂਬਾ ਵਿੱਤ ਸਕੱਤਰ ਸਾਥੀ ਮਹੀਪਾਲ ਨੇ ਬੇਜ਼ਮੀਨੇ-ਸਾਧਨਹੀਣ ਦਿਹਾਤੀ ਮਜ਼ਦੂਰ ਪਰਵਾਰਾਂ ਦੀ ਜ਼ਿੰਦਗੀ ਦਿਨੋਂ-ਦਿਨ ਦੁਸ਼ਵਾਰ ਕਰਦੀਆਂ ਜਾ ਰਹੀਆਂ ਕੇਂਦਰ ਦੀ ਮੋਦੀ ਸਰਕਾਰ ਤੇ ਸੂਬੇ ਦੀ ਭਗਵੰਤ ਮਾਨ ਸਰਕਾਰ ਦੀਆਂ ਮਜ਼ਦੂਰ ਮਾਰੂ-ਲੋਕ ਵਿਰੋਧੀ ਨੀਤੀਆਂ ਬਾਰੇ ਤਫ਼ਸੀਲ ਨਾਲ ਰੋਸ਼ਨੀ ਪਾਈ ਤੇ ਇਨ੍ਹਾਂ ਵਿਰੁੱਧ ਉਲੀਕੇ ਗਏ ਭਵਿੱਖੀ ਸੰਗਰਾਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾ ਦੋਸ਼ ਲਾਇਆ ਕਿ ਮੋਦੀ-ਸ਼ਾਹ ਸਰਕਾਰ ਦੇਸ਼ ਭਰ ਵਿੱਚ ਵਧ ਰਹੀਆਂ ਸਮਾਜਿਕ ਜਬਰ ਤੇ ਇਸਤਰੀਆਂ ਖਿਲਾਫ ਘਿਨੌਣੇ ਅਪਰਾਧਾਂ ਦੀਆਂ ਹੌਲਨਾਕ ਵਾਰਦਾਤਾਂ ਲਈ ਜ਼ਿੰਮੇਵਾਰ ਸੰਘੀ ਸੰਗਠਨਾਂ ਦੇ ਖਰੂਦੀ ਕਾਰਕੁੰਨਾਂ ਦੀ ਨੰਗੀ-ਚਿੱਟੀ ਪੁਸ਼ਤ ਪਨਾਹੀ ਕਰ ਰਹੀ ਹੈ।

ਸਾਥੀ ਮਹੀਪਾਲ ਨੇ ਮਜ਼ਦੂਰ ਮੰਗਾਂ ਦੀ ਸੂਬੇ ਦੀ 'ਆਪ' ਸਰਕਾਰ, ਖਾਸ ਤੌਰ 'ਤੇ ਮੁੱਖ ਮੰਤਰੀ ਸ਼੍ਰੀ ਭਗਵੰਤ ਮਾਨ ਵੱਲੋਂ ਕੀਤੀ ਜਾ ਰਹੀ ਘੋਰ ਅਣਦੇਖੀ ਦੀ ਸਖ਼ਤ ਨਿਖੇਧੀ ਕਰਦਿਆਂ ਇਸ ਮੁਜਰਮਾਨਾ ਰਵੱਈਏ ਵਿਰੁੱਧ ਤਿੱਖੇ ਸੰਘਰਸ਼ ਵਿੱਢਣ ਦਾ ਸੱਦਾ ਦਿੱਤਾ। ਮੀਟਿੰਗ ਦੇ ਫੈਸਲੇ ਜਾਰੀ ਕਰਦਿਆਂ ਜ਼ਿਲ੍ਹਾ ਜਨਰਲ ਸਕੱਤਰ ਪ੍ਰਕਾਸ਼ ਸਿੰਘ ਨੰਦਗੜ੍ਹ ਨੇ ਦੱਸਿਆ ਕਿ 'ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ' ਵੱਲੋਂ ਆਉਣ ਵਾਲੀ 20 ਨਵੰਬਰ ਨੂੰ ਟੀਚਰਜ ਹੋਮ ਬਠਿੰਡਾ ਵਿਖੇ ਕੀਤੀ ਜਾਣ ਵਾਲੀ ਸਾਂਝੀ ਖੇਤਰੀ ਕਨਵੈਨਸ਼ਨ ਵਿੱਚ ਦਿਹਾਤੀ ਮਜ਼ਦੂਰ ਸਭਾ ਵੱਲੋਂ ਭਰਵੀਂ ਸ਼ਮੂਲੀਅਤ ਕਰਵਾਈ ਜਾਵੇਗੀ। ਉਕਤ ਕਨਵੈਨਸ਼ਨ ਦੇ ਫੈਸਲਿਆਂ ਦੀ ਸੇਧ ਵਿਚ 28-29-30 ਨਵੰਬਰ 2023 ਨੂੰ ਮੁੱਖ ਮੰਤਰੀ ਪੰਜਾਬ ਨੂੰ ਵਿਧਾਇਕਾਂ ਰਾਹੀਂ ਮੰਗ ਪੱਤਰ ਸੌਂਪਣ ਵਾਲੇ ਸਾਂਝੇ ਮਜ਼ਦੂਰ ਮੋਰਚੇ ਦੇ ਜਨਤਕ ਵਫਦਾਂ ਵਿੱਚ ਵੀ ਸਭਾ ਦੇ ਨੁਮਾਇੰਦੇ ਹਰ ਥਾਂ ਵਧ-ਚੜ੍ਹ ਕੇ ਸ਼ਾਮਲ ਹੋਣਗੇ। ਉਨ੍ਹਾ ਦੱਸਿਆ ਕਿ 9-10-11 ਦਸੰਬਰ 2023 ਨੂੰ ਸੂਬੇ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੇ ਘਰ ਮੂਹਰੇ ਲਾਏ ਜਾਣ ਵਾਲੇ ਦਿਨ-ਰਾਤ ਦੇ ਧਰਨੇ ਵਿੱਚ ਵੀ ਦਲ-ਬਲ ਸਮੇਤ ਡੱਟਵੀਂ ਸ਼ਮੂਲੀਅਤ ਕੀਤੀ ਜਾਵੇਗੀ। ਹੋਰਨਾਂ ਤੋਂ ਇਲਾਵਾ ਦਰਸ਼ਨ ਸਿੰਘ ਬਾਜਕ, ਗੁਰਮੀਤ ਸਿੰਘ ਜੈ ਸਿੰਘ ਵਾਲਾ, ਸੁਖਦੇਵ ਸਿੰਘ ਰਾਜਗੜ੍ਹ ਕੁੱਬੇ, ਬਲਦੇਵ ਸਿੰਘ ਪੂਹਲੀ, ਉਮਰਦੀਨ ਜੱਸੀ, ਜਗਸੀਰ ਸਿੰਘ ਕੋਠੇ ਨਾਥਿਆਣਾ ਨੇ ਵੀ ਵਿਚਾਰ ਰੱਖੇ।

# ਪਟਿਆਲਾ ਧਰਨੇ 'ਚ ਪਾਵਰਕਾਮ ਪੈਨਸ਼ਨਰ ਯੂਨੀਅਨ ਦੇ ਸਰਕਲ ਆਗੂ ਕਰਨਗੇ ਸ਼ਮੂਲੀਅਤ



**ਜ਼ੀਰਾ (ਨਰਿੰਦਰ ਅਨੇਜਾ)**-ਪਾਵਰਕਾਮ ਪੈਨਸ਼ਨ ਯੂਨੀਅਨ ਪੰਜਾਬ ਦੇ ਆਗੂਆਂ ਦੀ ਜ਼ੀਰਾ ਵਿਖੇ ਮੀਟਿੰਗ ਹੋਈ। ਇਸ ਵਿੱਚ ਪੰਜਾਬ ਆਗੂ ਸੁਖਦੇਵ ਸਿੰਘ ਬੱਗੀ ਪਤਨੀ, ਦਲਜੀਤ ਸਿੰਘ ਬਿੱਟੂ ਸਰਕਲ ਪ੍ਰਧਾਨ, ਬਲਕਾਰ ਸਿੰਘ ਭੁੱਲਰ ਨੇ ਅਤੇ ਹੋਰ ਆਗੂਆਂ ਨੇ ਹਿੱਸਾ ਲਿਆ। ਜਿਸ ਵਿੱਚ ਪਾਵਰਕਾਮ ਪੈਨਸ਼ਨਰ ਯੂਨੀਅਨ ਦੀਆਂ ਮੁੱਖ ਮੰਗਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਜਿਵੇਂ 23 ਸਾਲਾ ਸਾਲਾਨਾ ਤਰੱਕੀਆਂ ਕਲੀਅਰ ਸਰਕੂਲਰ ਅਤੇ ਅਦਾਲਤਾਂ ਦੇ ਫੈਸਲੇ ਹੋਣ 'ਤੇ ਵੀ ਪੈਨਸ਼ਨਰ 'ਤੇ ਲਾਗੂ ਨਹੀਂ ਕਰ ਰਹੀ ਅਤੇ ਪੈਨਸ਼ਨ ਡਵੀਜ਼ਨ ਮਹਿੰਗਾਈ ਭੱਤੇ ਦੀ ਟਾਲ ਮਟੋਲ ਦੀਆਂ ਨੀਤੀਆਂ ਖਿਲਾਫ਼ ਅਤੇ ਹੋਰਾਂ ਮੰਗਾਂ ਨੂੰ ਲੈ ਕੇ ਪਾਵਰਕਾਮ ਟਰਾਂਸਕੋ ਯੂਨੀਅਨ ਪੰਜਾਬ ਵੱਲੋਂ 7 ਨਵੰਬਰ ਤੋਂ ਪਟਿਆਲਾ ਵਿਖੇ ਲਗਾਤਾਰ ਚੱਲ ਰਹੇ ਧਰਨੇ ਵਿੱਚ ਪੈਨਸ਼ਨਰ ਯੂਨੀਅਨ ਦੇ ਆਗੂ ਕਾਲੇ ਚੋਲੇ ਪਾ ਕੇ ਸਰਕਾਰ ਤੇ ਮੈਨੇਜਮੈਂਟ ਖਿਲਾਫ ਜ਼ਬਰਦਸਤ ਨਾਅਰੇਬਾਜ਼ੀ ਕਰ ਰਹੀ ਹੈ। ਉਸ ਧਰਨੇ ਵਿੱਚ ਫਿਰੋਜ਼ਪੁਰ ਸਰਕਲ ਦੇ ਆਗੂ ਵੀ 10 ਨਵੰਬਰ ਨੂੰ ਹਿੱਸਾ ਲੈਣਗ ਤੇ ਸਰਕਾਰ ਦੀਆਂ ਨੀਤੀਆਂ ਵਿਰੁੱਧ ਕਾਲੀ ਦੀਵਾਲੀ ਮਨਾਉਣਗੇ। ਸਰਕਾਰ ਅਤੇ ਮੈਨੇਜਮੈਂਟ ਖਿਲਾਫ ਵਿਰੋਧ ਪ੍ਰਦਰਸ਼ਨ ਕਰਨਗੇ। ਮੀਟਿੰਗ ਵਿੱਚ ਬਲਦੇਵ ਸਿੰਘ ਮੋਗਾ, ਹਰਬੰਤ ਸਿੰਘ ਤਲਵੰਡੀ ਤੇ ਸੁਰਜੀਤ ਸਿੰਘ ਗਿੱਲ, ਮਾਪ ਚੰਦ ਜ਼ੀਰਾ ਅਤੇ ਫਿਰੋਜ਼ਪੁਰ ਸਰਕਲ ਦੇ ਪੈਨਸ਼ਨਰ ਯੂਨੀਅਨ ਦੇ ਆਗੂਆਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ ਤੇ ਕਿਹਾ ਕਿ ਜੇਕਰ ਸਰਕਾਰ ਨੇ ਪਾਵਰਕਾਮ ਪੈਨਸ਼ਨਰ ਦੀਆਂ ਮੰਗਾਂ ਨਾ ਮੰਨੀਆਂ ਤਾਂ ਸਰਕਾਰ ਖਿਲਾਫ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।

## ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ ਭਲਕੇ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਗੌਰਮਿੰਟ ਪੈਨਸ਼ਨਰ ਐਸੋਸੀਏਸ਼ਨ ਦੀ ਮਾਸਿਕ ਮੀਟਿੰਗ 11 ਨਵੰਬਰ ਸ਼ਨੀਵਾਰ ਨੂੰ ਸਥਾਨਕ ਕੋਟਕਪੂਰਾ ਰੋਡ ਸਥਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਖੇ ਸਵੇਰੇ 10:00 ਵਜੇ ਹੋਵੇਗੀ। ਮੀਟਿੰਗ ਦੀ ਪ੍ਰਧਾਨਗੀ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਸ਼ਰਮਾ ਕਰਨਗੇ, ਜਦੋਂਕਿ ਸਟੇਜ ਸਕੱਤਰ ਦੀ ਕਾਰਵਾਈ ਜਿਲ੍ਹਾ ਜਨਰਲ ਸਕੱਤਰ ਬਲਵੰਤ ਸਿੰਘ ਅਟਵਾਲ ਚਲਾਉਣਗੇ। ਮੀਟਿੰਗ ਦੌਰਾਨ ਸਿੱਖਿਆ, ਜਨ ਸਿਹਤ ਵਿਭਾਗ, ਪੰਜਾਬ ਰੋਡਵੇਜ਼, ਐਕਸਾਈਜ਼ ਐਂਡ ਟੈਕਸਟੇਸ਼ਨ ਵਿਭਾਗ ਸਮੇਤ ਕਈ ਹੋਰ ਵਿਭਾਗਾਂ ਦੇ ਸੇਵਾ ਮੁਕਤ ਕਰਮਚਾਰੀ ਤੇ ਫੈਮਲੀ ਪੈਨਸ਼ਨਰਜ਼ ਭਾਗ ਲੈਣਗੇ। ਇਹ ਜਾਣਕਾਰੀ ਦਿੰਦੇ ਹੋਏ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਜਗਦੀਸ਼ ਰਾਏ ਢੋਸੀਵਾਲ ਨੇ ਦੱਸਿਆ ਕਿ ਮੀਟਿੰਗ ਦੌਰਾਨ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਤੇ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਬਾਰੇ ਸਰਕਾਰ ਦੇ ਨਾਂਹ ਪੱਖੀ ਰਵੱਈਏ ਸਬੰਧੀ ਵਿਚਾਰ ਚਰਚਾ ਕੀਤੀ ਜਾਵੇਗੀ। ਐਸੋਸੀਏਸ਼ਨ ਵੱਲੋਂ ਸਮੂਹ ਪੈਨਸ਼ਨਰਾਂ ਤੇ ਸੇਵਾ ਮੁਕਤ ਕਰਮਚਾਰੀਆਂ ਨੂੰ ਮਾਸਿਕ ਮੀਟਿੰਗ ਵਿੱਚ ਸਮੇਂ ਸਿਰ ਸ਼ਾਮਲ ਹੋਣ ਦੀ ਅਪੀਲ ਕੀਤੀ।

## ਨਸ਼ਾ ਮੁਕਤ ਰੱਥ ਯਾਤਰਾ ਦਾ ਸੇਂਟ ਫਰੀਦ ਪਬਲਿਕ ਸਕੂਲ ਵਿਖੇ ਨਿੱਘਾ ਸਵਾਗਤ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਬ੍ਰਹਮਾਕੁਮਾਰੀ ਸੰਸਥਾਨ ਵੱਲੋਂ ਮਾਉਂਟਆਬੂ ਤੋਂ ਚੱਲ ਕੇ ਮੁਕਤਸਰ ਪਹੁੰਚੀ ਭਾਰਤ ਨਸ਼ਾ ਮੁਕਤ ਰਥਯਾਤਰਾ ਦਾ ਅਬੋਹਰ ਰੋਡ ਸਥਿਤ ਸੇਂਟ ਫਰੀਦ ਪਬਲਿਕ ਸਕੂਲ ਵਿਖੇ ਨਿੱਘਾ ਸਵਾਗਤ ਹੋਇਆ। ਇਸ ਮੌਕੇ ਹੋਏ ਸਮਾਗਮ ਦੌਰਾਨ ਬ੍ਰਹਮਾਕੁਮਾਰੀ ਭੈਣਾਂ ਵੱਲੋਂ ਵਿਦਿਆਰਥੀਆਂ ਨੂੰ ਨਸ਼ਾ ਮੁਕਤ ਭਾਰਤ ਦੇ ਨਿਰਮਾਣ 'ਚ ਅਹਿਮ ਭੂਮਿਕਾ ਨਿਭਾਉਣ ਲਈ ਪ੍ਰੇਰਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਪ੍ਰਿਅੰਕਾ ਬਰਾੜ ਦੀ ਮੌਜੂਦਗੀ ਵਿੱਚ ਨਸ਼ਾ ਮੁਕਤ 'ਤੇ ਆਤਮ ਗਿਆਨ ਲਈ ਸੈਮੀਨਾਰ ਹੋਇਆ, ਜਿਸ 'ਚ ਬ੍ਰਹਮਕੁਮਾਰੀ ਸੰਸਥਾਨ ਮਾਊਂਟਆਬੂ ਰੱਥ ਯਾਤਰਾ ਨਾਲ ਆਏ ਸਿੰਮੀ ਦੀਦੀ, ਅਨੀਤਾ ਦੀਦੀ ਤੇ ਹੋਰਾਂ ਨੇ ਵਿਦਿਆਰਥੀਆਂ ਤੇ ਆਮ ਲੋਕਾਂ ਨੂੰ ਨਸ਼ਿਆਂ ਪ੍ਰਤੀ ਜਾਗਰੂਕ ਕੀਤਾ ਤੇ ਸਮਾਜਕ ਬੁਰਾਈਆਂ ਦਾ ਤਿਆਗ ਕਰਨ ਲਈ ਪ੍ਰੇਰਿਆ। ਪ੍ਰਿੰਸੀਪਲ ਪ੍ਰਿਅੰਕਾ ਬਰਾੜ ਨੇ ਸੰਸਥਾਨ ਦੀਆਂ ਭੈਣਾਂ ਦਾ ਧੰਨਵਾਦ ਕੀਤਾ। ਡਾਇਰੈਕਟਰ ਮੈਡਮ ਪਰਮਜੀਤ ਕੌਰ ਬਰਾੜ ਨੇ ਸਭ ਨੂੰ ਜੀ ਆਇਆਂ ਅਖਿਆ। ਇਸ ਮੌਕੇ ਜਗਦੀਸ਼ ਭਾਈ, ਸੁਖਪਾਲ ਸਿੰਘ ਕੱਕੜ ਭਾਈ ਮੌਜੂਦ ਸਨ।

## ਵਿਧਾਇਕ ਬੱਗਾ ਵੱਲੋਂ ਆਰ ਐੱਮ ਸੀ ਰੋਡ ਦਾ ਉਦਘਾਟਨ



**ਲੁਧਿਆਣਾ (ਰਾਜ ਸਿੰਗਲਾ)**-ਵਿਧਾਨ ਸਭਾ ਹਲਕਾ ਲੁਧਿਆਣਾ ਉੱਤਰੀ ਤੋਂ ਵਿਧਾਇਕ ਮਦਨ ਲਾਲ ਬੱਗਾ ਵੱਲੋਂ ਵਾਰਡ ਨੰਬਰ 1 ਅਧੀਨ ਭਾਰਤੀ ਕਲੋਨੀ ਤੇ ਬਾਜ਼ੀਗਰ ਡੇਰੇ ਵਿੱਚ ਨਵੀਆਂ ਆਰ.ਐੱਮ.ਸੀ. ਸੜਕਾਂ ਦਾ ਉਦਘਾਟਨ ਕੀਤਾ ਗਿਆ। ਵਿਧਾਇਕ ਬੱਗਾ ਨੇ ਦੱਸਿਆ ਕਿ ਇਨ੍ਹਾਂ ਸੜਕਾਂ ਦੀ ਹਾਲਤ ਬੀਤੇ ਕਾਫ਼ੀ ਸਮੇਂ ਤੋਂ ਤਰਸਯੋਗ ਬਣੀ ਹੋਈ ਸੀ ਤੇ ਰਾਹਗੀਰਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਇਲਾਕੇ ਦੀ ਸਾਰ ਨਹੀਂ ਲਈ ਗਈ, ਪਰ ਹੁਣ ਸੜਕ ਦੇ ਨਿਰਮਾਣ ਤੋਂ ਬਾਅਦ ਆਵਾਜਾਈ ਸੁਚਾਰੂ ਢੰਗ ਨਾਲ ਚੱਲੇਗੀ। ਹਲਕਾ ਲੁਧਿਆਣਾ ਉੱਤਰੀ ਨੂੰ ਵਿਕਾਸ ਪੱਖੋਂ ਮੋਹਰੀ ਬਣਾਉਣ ਲਈ ਵਚਨਬੱਧਤਾ ਦੁਹਰਾਉਂਦੇ ਹੋਏ ਵਿਧਾਇਕ ਬੱਗਾ ਤੇ ਉਨ੍ਹਾਂ ਦੀ ਟੀਮ ਨੇ ਕਿਹਾ ਕਿ ਨਵੀਂ ਸੜਕ ਦਾ ਨਿਰਮਾਣ ਜੰਗੀ ਪੱਧਰ 'ਤੇ ਕਰਵਾਇਆ ਜਾਵੇਗਾ। ਉਨ੍ਹਾ ਕਿਹਾ ਕਿ ਸਾਡੀ ਕੋਸ਼ਿਸ਼ ਹੈ ਕਿ ਹਲਕੇ 'ਚ ਕੋਈ ਸੜਕ ਮੁਰੰਮਤ ਤੋਂ ਵਾਂਝੀ ਨਾ ਰਹੇ। ਉਨ੍ਹਾ ਕਿਹਾ ਕਿ ਪਿੰਡਾਂ ਦੇ ਨਾਲ ਸ਼ਹਿਰਾਂ 'ਚ ਵੀ ਸੜਕ ਕੁਨੈਕਟੀਵਿਟੀ ਨੂੰ ਚੰਗਾ ਬਣਾਉਣ ਲਈ ਲਗਾਤਾਰ ਸਾਡੀ ਸਰਕਾਰ ਵੱਲੋਂ ਯਤਨ ਕੀਤੇ ਜਾ ਰਹੇ ਹਨ।

## ਸਕਾਊਟ ਐਂਡ ਗਾਇਡ ਕੈਂਪ 'ਚ ਗਰੀਨਲੈਂਡ ਸਕੂਲ ਨੂੰ ਰਾਜ ਪੁਰਸਕਾਰ



**ਬਰੇਟਾ (ਰੀਤਵਾਲ)**-ਸਟੇਟ ਪੱਧਰੀ ਸਕਾਊਟ ਐਂਡ ਗਾਇਡ ਕੈਂਪ (ਤਾਰਾ ਦੇਵੀ ਹਿਮਾਚਲ) ਦੇ 4 ਰੋਜ਼ਾ ਕੈਂਪ ਵਿੱਚ ਰਾਜ ਪੁਰਸਕਾਰ ਜੇਤੂ ਗਰੀਨਲੈਂਡ ਡੇ ਬੋਰਡਿੰਗ ਪਬਲਿਕ ਸਕੂਲ ਦੇ ਵਿਦਿਆਰਥੀਆਂ ਦਾ ਸ਼ਹਿਰ ਪਹੁੰਚਣ 'ਤੇ ਸਕੂਲ ਤੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸਕੂਲ ਪ੍ਰਿੰਸੀਪਲ ਉਰਮਿਲ ਜੈਨ ਨੇ ਦੱਸਿਆ ਕਿ ਇਸ 4 ਰੋਜ਼ਾ ਕੈਂਪ ਵਿੱਚ 10 ਵਿਦਿਆਰਥੀਆਂ ਨੇ ਹਾਈਕਿੰਗ ਟਰੈਕਿੰਗ ਤੇ 20 ਵਿਦਿਆਰਥੀਆਂ ਨੇ ਰਾਜ ਪੁਰਸਕਾਰ ਪ੍ਰਾਪਤ ਕੀਤਾ ਹੈ। ਇਸ ਕੈਂਪ 'ਚ ਓਂਕਾਰ ਸਿੰਘ ਤੇ ਪ੍ਰਿੰਸੀਪਲ ਦਰਸ਼ਨ ਸਿੰਘ, ਰਾਮ ਸਿੰਘ ਤੇ ਸੁਮਨ ਬਾਲਾ ਦੀ ਮਿਹਨਤ ਸਦਕਾ ਵਿਦਿਆਰਥੀਆਂ ਨੇ ਇਹ ਮੁਕਾਮ ਹਾਸਲ ਕੀਤਾ ਹੈ। ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਪਰਸਨ ਡਾ. ਮਨੋਜ ਮੰਜੂ ਬਾਂਸਲ, ਵਾਇਸ ਪ੍ਰਿੰਸੀਪਲ ਨੀਰਜ ਵਰਮਾ ਨੇ ਬੱਚਿਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਸਕੂਲ ਦੇ ਵਿਦਿਆਰਥੀ ਸਿੱਖਿਆ ਦੇ ਨਾਲ ਨਾਲ ਖੇਡਾਂ ਤੇ ਹੋਰ ਗਤੀਵਿਧੀਆਂ 'ਚ ਹਮੇਸ਼ਾ ਬੁਲੰਦੀ ਦੇ ਝੰਡੇ ਗੱਡਦੇ ਆ ਰਹੇ ਹਨ।

## ਕਾਤਰਾਂ

### ਖਾਣ-ਪੀਣ ਦੀਆਂ ਵਸਤਾਂ ਦੇ ਲਏ ਸੈਂਪਲ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਸਿਹਤ ਵਿਭਾਗ ਦੀ ਭੋਜਨ ਸੁਰੱਖਿਆ ਟੀਮ ਵੱਲੋਂ ਤਿਓਹਾਰਾਂ ਦੇ ਮੱਦੇਨਜ਼ਰ ਖਾਣ-ਪੀਣ ਦੇ ਸਾਮਾਨ ਦੀ ਲਗਾਤਾਰ ਜਾਂਚ ਕੀਤੀ ਜਾ ਰਹੀ ਹੈ। ਇਸ ਸਬੰਧੀ ਜ਼ਿਲ੍ਹਾ ਸਿਹਤ ਅਫਸਰ ਭੁਪਿੰਦਰ ਕੁਮਾਰ ਤੇ ਐੱਫ ਐੱਸ ਓ ਇਸਾਨ ਬਾਂਸਲ ਨੇ ਦੱਸਿਆ ਕਿ ਫਾਜ਼ਿਲਕਾ ਤੇ ਅਰਨੀਵਾਲਾ ਖੇਤਰ ਵਿੱਚੋਂ ਖੋਆ, ਘਿਓ, ਬਰਫੀ, ਗੁਲਾਬਜਾਮੁਨ, ਪਨੀਰ ਆਦਿ ਦੇ 14 ਨਮੂਨੇ ਜਾਂਚ ਲਈ ਲਏ ਗਏ ਹਨ ਤੇ ਲੈਬ ਨੂੰ ਭੇਜੇ ਗਏ ਹਨ। ਉਨ੍ਹਾ ਕਿਹਾ ਕਿ ਅੱਗੇ ਤੋਂ ਵੀ ਇਹ ਮੁਹਿੰਮ ਜਾਰੀ ਰਹੇਗੀ। ਉਨ੍ਹਾ ਭੋਜਨ ਪਦਾਰਥ, ਮਿਠਾਈਆਂ ਆਦਿ ਤਿਆਰ ਕਰਕੇ ਵੇਚਣ ਵਾਲਿਆਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਸ਼ੁੱਧ ਸਾਮਾਨ ਦੀ ਹੀ ਵਿੱਕਰੀ ਕਰਨ ਤੇ ਭੋਜਨ ਤਿਆਰ ਕਰਦੇ ਸਮੇਂ ਸਫਾਈ ਤੇ ਹੋਰ ਭੋਜਨ ਸੁਰੱਖਿਆ ਮਾਪਦੰਡਾਂ ਦਾ ਸਖਤੀ ਨਾਲ ਪਾਲਣ ਕਰਨ।

### ਡੇਂਗੂ ਤੋਂ ਬਚਾਅ ਲਈ ਲੋਕ ਹਦਾਇਤਾਂ ਦੀ ਪਾਲਣਾ ਕਰਨ : ਡਾ. ਰਿਸ਼ੀ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸਥਾਨਕ ਰਿਸ਼ੀ ਹਸਪਤਾਲ ਦੇ ਡਾ. ਰਾਜੀਵ ਰਿਸ਼ੀ ਨੇ ਗੱਲਬਾਤ ਕਰਦਿਆਂ ਲੋਕਾਂ ਨੂੰ ਡੇਂਗੂ ਤੋਂ ਬਚਾਅ ਲਈ ਸਰਕਾਰ ਤੇ ਸਿਹਤ ਵਿਭਾਗ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾ ਲੋਕਾਂ ਨੂੰ ਪ੍ਰੇਰਿਤ ਕਰਦੇ ਹੋਏ ਦੱਸਿਆ ਕਿ ਉਹ ਆਪਣੇ ਘਰਾਂ, ਫਰਿਜਾਂ ਦੀਆਂ ਟਰੇਆਂ, ਕੰਟੇਨਰਾਂ, ਗਮਲਿਆਂ, ਛੱਤਾਂ 'ਤੇ ਪਏ ਕਬਾੜ ਆਦਿ ਸਮੇਤ ਪਾਣੀ ਖੜ੍ਹਾ ਹੋਣ ਦੀ ਸੰਭਾਵਨਾ ਵਾਲੀਆਂ ਸਾਰੀਆਂ ਸੰਭਾਵਿਤ ਥਾਵਾਂ ਨੂੰ ਹਰੇਕ ਹਫਤੇ ਸਾਫ ਕਰਕੇ ਸੁਕਾਉਣ। ਉਨ੍ਹਾ ਕਿਹਾ ਕਿ ਮੱਛਰਾਂ, ਜੋ ਸਿਰਫ ਇੱਕ ਹਫਤੇ ਵਿੱਚ ਅੰਡੇ ਤੋਂ ਵਿਕਸਤ ਹੋ ਸਕਦੇ ਹਨ, ਦੇ ਪ੍ਰਜਨਣ ਚੱਕਰ ਨੂੰ ਤੋੜਨ ਦਾ ਇਹ ਇੱਕੋ-ਇੱਕ ਤਰੀਕਾ ਹੈ। ਘਰਾਂ ਅੰਦਰ ਤੇ ਘਰਾਂ ਦੇ ਆਲੇ-ਦੁਆਲੇ ਪਾਣੀ ਖੜ੍ਹਾ ਹੋਣ ਕਾਰਨ ਮੱਛਰ ਦੇ ਪ੍ਰਜਨਣ ਵਿੱਚ ਹੁੰਦੇ ਵਾਧੇ ਨੂੰ ਰੋਕਣ ਦੀ ਸਖਤ ਲੋੜ ਹੈ। ਇਸ ਮੁਹਿੰਮ ਦਾ ਕੇਂਦਰ ਮੱਛਰਾਂ ਤੋਂ ਮੁਕਤ ਕਰਨ 'ਤੇ ਕੇਂਦਰਿਤ ਹੈ ਤਾਂ ਜੋ ਡੇਂਗੂ ਆਪਣੇ ਪੈਰ ਨਾ ਪਸਾਰ ਸਕੇ। ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਡੇਂਗੂ ਬੁਖਾਰ ਦੀ ਰੋਕਥਾਮ ਲਈ ਸਿਹਤ ਵਿਭਾਗ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ।

### ਅਕਾਲ ਅਕੈਡਮੀ ਮਨਾਲ ਵਿਖੇ ਧਾਰਮਿਕ ਸਮਾਗਮ ਅੱਜ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਅਕਾਲ ਅਕੈਡਮੀ ਮਨਾਲ ਵਿਖੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਧਾਰਮਿਕ ਸਮਾਗਮ 10 ਅਕਤੂਬਰ ਨੂੰ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਸਵੇਰੇ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ, ਉਪਰੰਤ ਕੀਰਤਨ ਦਰਬਾਰ ਸਜਾਇਆ ਜਾਵੇਗਾ। ਪ੍ਰਬੰਧਕਾਂ ਅਨੁਸਾਰ ਇਸ ਮੌਕੇ ਅਖੰਡ ਪਾਠ ਸਾਹਿਬ ਦੀ ਸੇਵਾ ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਅਕਾਲ ਅਕੈਡਮੀ ਮਨਾਲ ਸਮੂਹ ਸਟਾਫ ਤੇ ਵਿਦਿਆਰਥੀਆਂ ਵੱਲੋਂ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਦੇ ਨਾਲ ਕੀਤੀ ਜਾ ਰਹੀ ਹੈ।

### ਕਿੱਲੋ ਅਫ਼ੀਮ ਸਮੇਤ ਕਾਬੂ

**ਮਲੋਟ (ਗੁਰਮੀਤ ਸਿੰਘ ਮੱਕੜ)**-ਥਾਣਾ ਸਿਟੀ ਪੁਲਸ ਵੱਲੋਂ ਨਾਕਾਬੰਦੀ ਦੌਰਾਨ ਇੱਕ ਵਿਅਕਤੀ ਕੋਲੋਂ ਇੱਕ ਕਿੱਲੋ ਅਫੀਮ ਬਰਾਮਦ ਕੀਤੀ ਗਈ। ਥਾਣਾ ਸਿਟੀ ਦੇ ਮੁਖੀ ਨਵਪ੍ਰੀਤ ਸਿੰਘ ਨੇ ਦੱਸਿਆ ਕਿ ਥਾਣਾ ਸਿਟੀ ਪੁਲਸ ਵੱਲੋਂ ਗਸ਼ਤ ਵਾ ਚੈਕਿੰਗ ਦੌਰਾਨ ਸੇਤੀਆ ਢਾਬੇ ਨੇੜੇ ਨਾਕਾਬੰਦੀ ਕੀਤੀ ਹੋਈ ਸੀ ਤਾਂ ਇੱਕ ਮਰਸਡੀਜ਼ ਕਾਰ ਆਉਂਦੀ ਦਿਖਾਈ ਦਿੱਤੀ, ਜਿਸ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਵਿਅਕਤੀ ਦਾ ਨਾਮ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਸੁਖਚੈਨ ਸਿੰਘ ਉਰਫ਼ ਚੈਨੀ ਵਾਸੀ ਨੌਰੰਗ ਦੇਸਰ ਤਹਿਲ, ਜ਼ਿਲ੍ਹਾ ਹਨੂੰਮਾਨਗੜ੍ਹ (ਰਾਜਸਥਾਨ) ਦੱਸਿਆ। ਉਪਰੰਤ ਕਾਰ ਦੀ ਤਾਲਾਸ਼ੀ ਲੈਣ 'ਤੇ ਉਸ ਕੋਲੋਂ ਇੱਕ ਕਿੱਲੋ ਅਫੀਮ ਬਰਾਮਦ ਹੋਈ, ਜਿਸ 'ਤੇ ਉਕਤ ਮੁਲਜ਼ਮ ਖਿਲਾਫ ਮਾਮਲਾ ਦਰਜ ਕਰ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

### ਪਲੇਸਮੈਂਟ ਕੈਂਪ 'ਚ 14 ਉਮੀਦਵਾਰ ਚੁਣੇ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਸ੍ਰੀ ਮੁਕਤਸਰ ਸਾਹਿਬ ਵੱਲੋਂ ਪਲੇਸਮੈਂਟ ਕੈਂਪ ਲਗਾਇਆ ਗਿਆ। ਸ੍ਰੀ ਗੁਰਤੇਜ ਸਿੰਘ ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਅਫਸਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਕੈਂਪ ਵਿੱਚ ਹੀਰਾ ਆਟੋ ਮੋਬਾਇਲ ਕੰਪਨੀ ਵੱਲੋਂ 75 ਦੀ ਅਸਾਮੀਆਂ ਲਈ ਇੰਟਰਵਿਊ ਲਈ ਗਈ। ਇਸ ਪਲੇਸਮੈਂਟ ਕੈਂਪ ਵਿੱਚ ਕੁੱਲ 28 ਬੇਰੁਜ਼ਗਾਰ ਪ੍ਰਾਰਥੀਆਂ ਵੱਲੋਂ ਭਾਗ ਲਿਆ ਗਿਆ। ਇੰਟਰਵਿਊ ਸਮਾਪਤ ਹੋਣ ਉਪਰੰਤ ਕੁੱਲ 14 ਯੋਗ ਉਮੀਦਵਾਰਾਂ ਦੀ ਚੋਣ ਹੋਈ।

# ਤਿਉਹਾਰਾਂ ਤੋਂ ਪਹਿਲਾਂ ਹੀ ਬਾਜ਼ਾਰ 'ਚ ਮਿਲਾਵਟੀ ਵਸਤਾਂ ਦੀ ਭਰਮਾਰ

**ਜਗਰਾਓਂ (ਅਮਿਤ ਖੰਨਾ)**-ਦੀਵਾਲੀ ਦੇ ਤਿਉਹਾਰ ਕਾਰਨ ਸਥਾਨਕ ਸ਼ਹਿਰ 'ਚ ਮਿਲਾਵਟੀ ਘਿਓ ਦਾ ਕਾਰੋਬਾਰ ਪੂਰੇ ਜ਼ੋਰਾਂ 'ਤੇ ਚੱਲ ਰਿਹਾ ਹੈ। ਹੋਰਨਾਂ ਜ਼ਿਲ੍ਹਿਆਂ ਤੋਂ ਇਲਾਵਾ ਬਾਹਰਲੇ ਸੂਬਿਆਂ ਤੋਂ ਵੀ ਮਿਲਾਵਟੀ ਦੇਸੀ ਘਿਓ ਦੀ ਆਮਦ 'ਚ ਵਾਧਾ ਹੋ ਰਿਹਾ ਹੈ। ਛਾਪੇਮਾਰੀ ਤੇ ਜਾਂਚ ਨਾ ਹੋਣ ਕਾਰਨ ਲੋਕ ਮਿਲਾਵਟੀ ਦੇਸੀ ਘਿਓ ਤੋਂ ਬਣੀਆਂ ਮਠਿਆਈਆਂ ਤੇ ਖਾਣ-ਪੀਣ ਦੀਆਂ ਵਸਤੂਆਂ ਦਾ ਸੇਵਨ ਕਰ ਰਹੇ ਹਨ।

ਸੂਤਰਾਂ ਨੇ ਦੱਸਿਆ ਕਿ ਸਖਤੀ ਕਾਰਨ ਸ਼ਹਿਰ ਦੀਆਂ ਦੁਕਾਨਾਂ 'ਤੇ ਮਿਲਾਵਟੀ ਘਿਓ ਵਿਕ ਰਿਹਾ ਹੈ, ਜਿਸ ਕਾਰਨ ਮਿਲਾਵਟੀ ਦੇਸੀ ਘਿਓ ਦੀਆਂ ਕੀਮਤਾਂ 'ਚ ਭਾਰੀ ਅੰਤਰ ਹੋਣ ਕਾਰਨ ਬਾਜ਼ਾਰ 'ਚ ਇਸ ਦੀ ਕਾਫੀ ਮੰਗ ਹੈ, ਜਿਸ ਕਾਰਨ ਸ਼ੁੱਧ ਦੇਸੀ ਘਿਓ ਬਣਾਉਣ ਵਾਲਿਆਂ ਦਾ ਕਾਰੋਬਾਰ ਵੀ ਪ੍ਰਭਾਵਿਤ ਹੋ ਰਿਹਾ ਹੈ। ਮਿਲਾਵਟੀ ਦੇਸੀ ਘਿਓ ਦੀ ਕੀਮਤ 400 ਰੁਪਏ ਪ੍ਰਤੀ ਲੀਟਰ ਹੈ, ਜਦੋਂ ਕਿ ਸ਼ੁੱਧ ਦੇਸੀ ਘਿਓ 500 ਤੇ 550 ਰੁਪਏ ਪ੍ਰਤੀ ਲੀਟਰ ਦੇ ਕਰੀਬ ਮਿਲ ਰਿਹਾ ਹੈ। ਸਿਹਤ ਵਿਭਾਗ ਵੱਲੋਂ ਸਪੈਸ਼ਲ ਸੈਂਪਲਿੰਗ ਲਈ ਬਣਾਈਆਂ ਗਈਆਂ ਟੀਮਾਂ ਉਨ੍ਹਾਂ ਤੱਕ ਨਹੀਂ ਪਹੁੰਚ ਰਹੀਆਂ ਤੇ ਦੂਜੇ ਪਾਸੇ ਗੁਪਤ ਸੂਚਨਾ ਮਿਲਣ ਦੇ ਬਾਵਜੂਦ ਇਨ੍ਹਾਂ ਖਿਲਾਫ ਕਾਰਵਾਈ ਨਹੀਂ ਕੀਤੀ ਜਾ ਰਹੀ। ਦੱਸਿਆ ਜਾਂਦਾ ਹੈ ਕਿ ਆਪਣੀ ਚਮੜੀ ਬਚਾਉਣ ਲਈ ਮਿਲਾਵਟੀ ਘਿਓ ਦੇ ਵਪਾਰੀ ਸਿਹਤ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਛੋਟੇ ਵਪਾਰੀਆਂ ਤੋਂ ਸੈਂਪਲ ਲੈ ਲੈਂਦੇ ਹਨ ਤੇ ਮਿਲਾਵਟਖੋਰਾਂ ਨੂੰ ਮੁਆਵਜ਼ਾ ਦੇ ਕੇ ਬਖਸ਼ਿਆ ਜਾਂਦਾ ਹੈ।

# ਪੱਗ ਲਾਹੁਣ ਵਾਲੇ ਖਿਲਾਫ ਪੁਲਸ ਵੱਲੋਂ ਕਾਰਵਾਈ ਨਾ ਕਰਨ 'ਤੇ ਜਥੇਬੰਦੀ ਵੱਲੋਂ ਐਕਸ਼ਨ ਦਾ ਐਲਾਨ



**ਮਖੂ (ਰਛਪਾਲ ਸਿੰਘ ਸੰਧੂ)**-ਕਿਸਾਨ ਜਥੇਬੰਦੀ ਦੇ ਜ਼ਿਲ੍ਹਾ ਆਗੂ ਦੀ ਪੱਗ ਲਾਹੁਣ ਵਾਲੇ ਵਿਰੁੱਧ ਥਾਣਾ ਮਖੂ ਵਿਖੇ ਲਿਖਤੀ ਦਰਖਾਸਤ ਦੇਣ ਦੇ ਬਾਵਜੂਦ 10 ਦਿਨ ਬੀਤ ਜਾਣ ਤੋਂ ਬਾਅਦ ਵੀ ਥਾਣਾ ਮਖੂ ਪੁਲਸ ਪੁਲਸ ਪ੍ਰਸ਼ਾਸਨ ਵੱਲੋਂ ਦੋਸ਼ੀ ਵਿਰੁੱਧ ਕੋਈ ਕਾਰਵਾਈ ਨਾ ਕਰਨ ਬਾਰੇ ਕਿਸਾਨ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਦਿਨੀਂ ਪਿੰਡ ਮੰਨੂ ਮਾਛੀ ਦੇ ਉਂਕਾਰ ਸਿੰਘ ਕਾਲਾ ਨੇ ਟਰੈਕਟਰ ਦੇਣ ਦਾ ਵਾਅਦਾ ਕਰਕੇ ਕਿਸਾਨ ਆਗੂ ਤੋਂ ਢਾਈ ਲੱਖ ਰੁਪਏ ਖਾਤੇ ਵਿੱਚ ਪਵਾ ਲਏ ਸਨ। ਪਰ ਪੈਸੇ ਪਾਉਣ ਤੋਂ ਬਾਅਦ ਟਾਲਮਟੋਲ ਕਰਨੀ ਸ਼ੁਰੂ ਕਰ ਦਿੱਤੀ ਤੇ ਕਿਸਾਨ ਆਗੂ ਦੇ ਫੋਨ ਵੀ ਚੁੱਕਣੇ ਬੰਦ ਕਰ ਦਿੱਤੇ। ਜਦ ਕਿਸਾਨ ਆਗੂ ਆਪਣੇ ਦੋਸਤ ਨਾਲ ਉਸ ਦੇ ਘਰ ਗਿਆ ਤਾਂ ਉਸ ਦੇ ਘਰ ਤੋਂ ਬਾਹਰ ਗੱਲਬਾਤ ਕਰਨ 'ਤੇ ਉਸ ਨੇ ਟਰੈਕਟਰ ਦੇ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾ। ਕਿਸਾਨ ਆਗੂ ਨੇ ਉਸ ਦੇ ਪਿੰਡ ਦੇ ਸਰਪੰਚ ਨਾਲ ਗੱਲ ਕਰਨ ਦੀ ਗੱਲ ਆਖੀ ਤਾਂ ਉਸ ਨੇ ਗੁੱਸੇ ਵਿੱਚ ਆ ਕੇ ਆਪਣੇ ਸਾਥੀਆਂ ਨਾਲ ਕਿਸਾਨ ਆਗੂ 'ਤੇ ਲੋਹੇ ਦੀ ਪਾਈਪ ਨਾਲ ਹਮਲਾ ਕਰ ਦਿੱਤਾ ਅਤੇ ਆਪਣੇ ਸਾਥੀਆਂ ਸਮੇਤ ਕਿਸਾਨ ਆਗੂ ਦੀ ਪੱਗ ਲਾਹ ਕੇ ਕੇਸਾਂ ਦੀ ਬੇਅਦਬੀ ਕੀਤੀ ਗਈ। ਜੋ ਕਿ ਪਿਛਲੇ ਲੰਮੇ ਸਮੇਂ ਤੋਂ ਪੁਲਸ ਪ੍ਰਸ਼ਾਸਨ ਨਾਲ ਮਿਲੀਭੁਗਤ ਕਰਕੇ ਠੱਗੀਆਂ ਮਾਰਦਾ ਆ ਰਿਹਾ ਹੈ। ਕਿਸਾਨ ਆਗੂਆਂ ਦਾ ਵਫਦ ਵਾਰ-ਵਾਰ ਥਾਣਾ ਮਖੂ ਵਿਖੇ ਜਾ ਕੇ ਏ ਐਸ ਆਈ ਗੁਰਪ੍ਰੀਤ ਸਿੰਘ ਅਤੇ ਐਸ ਐਚ ਓ ਗੁਰਪ੍ਰੀਤ ਸਿੰਘ ਨੂੰ ਮਿਲਿਆ। ਪਰ ਹੁਣ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ ਅਤੇ ਟਾਲਮਟੋਲ ਕੀਤੀ ਜਾ ਰਹੀ ਹੈ। ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ ਨੇ ਸਖਤ ਸ਼ਬਦਾਂ ਵਿੱਚ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਇੱਕ ਦੋ ਦਿਨਾਂ ਤੱਕ ਦੋਸ਼ੀ ਖਿਲਾਫ ਬਣਦੀ ਕਾਰਵਾਈ ਕਰਕੇ ਉਸ ਨੂੰ ਨਹੀਂ ਫੜਿਆ ਜਾਂਦਾ ਤਾਂ ਜਥੇਬੰਦੀ ਵੱਲੋਂ ਅਗਲੀ ਮੀਟਿੰਗ ਕਰਕੇ ਥਾਣਾ ਮਖੂ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਜ਼ੋਨ ਪ੍ਰਧਾਨ ਅਮਨਦੀਪ ਸਿੰਘ ਕੱਚਰਭੰਨ, ਸੰਦੀਪ ਸਿੰਘ ਮਖੂ, ਬਲਦੇਵ ਸਿੰਘ ਸਰਿਹਾਲੀ, ਸੁਖਚੈਨ ਸਿੰਘ, ਕੁੰਦਨ ਸਿੰਘ, ਗੁਰਜੀਤ ਸਿੰਘ ਆਦਿ ਆਗੂ ਹਾਜ਼ਰ ਸਨ।

## ਡੇਂਗੂ ਦੀ ਰੋਕਥਾਮ ਸੰਬੰਧੀ ਲੋਕਾਂ ਨੂੰ ਕੀਤਾ ਜਾਗਰੂਕ



**ਧੂਰੀ (ਸੁਖਦੇਵ ਧੂਰੀ)**-ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਿਵਲ ਹਸਪਤਾਲ ਧੂਰੀ ਦੀਆਂ ਵੱਖ ਵੱਖ ਟੀਮਾਂ ਨੇ ਧੂਰੀ ਦੇ ਵੱਖ ਵੱਖ ਮੁਹੱਲੇ ਵਿੱਚ ਘਰ ਘਰ ਜਾ ਕੇ ਡੇਂਗੂ ਦੀ ਰੋਕਥਾਮ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਤੇ ਘਰਾਂ ਵਿੱਚ ਕੂਲਰ, ਫਰਿਜ, ਟੈਂਕੀਆਂ, ਢੋਲ, ਹੌਦੀਆਂ ਆਦਿ ਵਿੱਚ ਖੜੇ ਪਾਣੀ ਵਿੱਚ ਲਾਰਵਾ ਚੈੱਕ ਕੀਤਾ ਤੇ ਲੋਕਾਂ ਨੂੰ ਹਫਤੇ ਵਿੱਚ ਇੱਕ ਵਾਰ ਘਰ ਦੀ ਵਰਤੋਂ ਲਈ ਭਰੇ ਪਾਣੀ ਵਾਲੇ ਵਰਤਨ ਨੂੰ ਖਾਲੀ ਕਰਕੇ ਸਾਫ ਕਰਨ ਸਬੰਧੀ ਪ੍ਰੇਰਿਤ ਕੀਤਾ। ਟੀਮ ਮੈਂਬਰ ਡਾ. ਅਚਲਾ ਰਾਣੀ, ਡਾ. ਨਿਖਲ, ਨੀਰਜ ਕੁਮਾਰ, ਜਸਪ੍ਰੀਤ ਸਿੰਘ, ਤਜਿੰਦਰ ਕੌਰ ਪੀ ਓ ਨੇ ਮੁਹੱਲੇ ਵਿੱਚ ਗਰੁੱਪ ਮੀਟਿੰਗਾਂ ਕਰਕੇ ਡੇਂਗੂ ਤੇ ਮੌਸਮੀ ਬਿਮਾਰੀਆਂ ਸੰਬੰਧੀ ਅਤੇ ਸਿਹਤ ਸੰਬੰਧੀ ਚੱਲ ਰਹੀਆਂ ਸਰਕਾਰੀ ਸਕੀਮਾਂ ਸੰਬੰਧੀ ਜਾਣਕਾਰੀ ਦਿੱਤੀ ਗਈ। ਇਸ ਮੁਹਿੰਮ ਨੂੰ ਐੱਸ ਐੱਮ ਓ ਧੂਰੀ ਡਾਕਟਰ ਮੁਹੰਮਦ ਅਖਤਰ ਨੇ ਖੁਦ ਫੀਲਡ ਵਿੱਚ ਜਾ ਕੇ ਟੀਮਾਂ ਦੀ ਰਹਿਨੁਮਾਈ ਕੀਤੀ ਤਾਂ ਜੋ ਧੂਰੀ ਸ਼ਹਿਰ ਨੂੰ ਡੇਂਗੂ ਦੇ ਕਹਿਰ ਤੋਂ ਬਚਾਇਆ ਜਾ ਸਕੇ।

# ਦੇਸ ਭਗਤ ਗਲੋਬਲ ਸਕੂਲ ਵਿਖੇ ਅਥਲੈਟਿਕ ਮੀਟ ਕਰਵਾਈ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਦੇਸ ਭਗਤ ਗਲੋਬਲ ਸਕੂਲ ਸ੍ਰੀ ਮੁਕਤਸਰ ਸਾਹਿਬ ਵੱਲੋਂ ਦੇਸ ਭਗਤ ਯੂਨਾਈਟਿਡ ਗਰੁੱਪ ਦੇ ਮਾਨਯੋਗ ਚਾਂਸਲਰ ਡਾਕਟਰ ਜੋਰਾ ਸਿੰਘ, ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ, ਸਕੂਲ ਦੇ ਪ੍ਰਿੰਸੀਪਲ ਸੰਜਨਾ ਨਾਰੰਗ ਤੇ ਵਾਈਸ ਪ੍ਰਿੰਸੀਪਲ ਪਰਮਪ੍ਰੀਤ ਕੌਰ ਦੀ ਯੋਗ ਅਗਵਾਈ ਹੇਠ ਜੂਨੀਅਰ ਸੈਕਸ਼ਨ ਦੀ ਐਥਲੈਟਿਕ ਮੀਟ ਕਰਵਾਈ ਗਈ। ਇਸ ਮੌਕੇ ਪ੍ਰਿੰਸੀਪਲ ਸੰਜਨਾ ਨਾਰੰਗ ਨੇ ਕਿਹਾ ਕਿ ਖੇਡਾਂ ਸਾਡੇ ਜੀਵਨ ਦਾ ਅਟੁੱਟ ਅੰਗ ਹਨ। ਖੇਡਾਂ ਨਾਲ ਬੱਚੇ ਤੰਦਰੁਸਤ ਰਹਿੰਦੇ ਹਨ। ਪੜ੍ਹਾਈ ਦੇ ਨਾਲ ਨਾਲ ਖੇਡਾਂ ਵੀ ਬਹੁਤ ਜ਼ਰੂਰੀ ਹਨ। ਖੇਡਾਂ ਨਾਲ ਬੱਚਿਆਂ ਦਾ ਸਰੀਰਕ ਤੇ ਮਾਨਸਿਕ ਵਿਕਾਸ ਹੁੰਦਾ ਹੈ। ਇਸ ਮੌਕੇ ਦੌੜਾਂ (ਜੰਪਰੇਸ, ਅੰਬਰੇਲਾ ਰੇਸ, ਫਰੋਗਰੇਸ, ਸੈਕਰੇਸ, ਕਮਾਂਡੋ ਰੇਸ, ਹਰਡਲਰੇਸ) ਹੋਈਆਂ, ਜਿਸ 'ਚ ਬੱਚਿਆਂ ਨੇ ਬੜੀ ਉਤਸੁਕਤਾ ਨਾਲ ਭਾਗ ਲਿਆ। ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਗਏ। ਮਾਨਯੋਗ ਪ੍ਰਿੰਸੀਪਲ ਸੰਜਨਾ ਨਾਰੰਗ, ਵਾਈਸ ਪ੍ਰਿੰਸੀਪਲ ਪਰਮਪ੍ਰੀਤ ਕੌਰ, ਸੁਪਰਡੈਂਟ ਮੇਜਰ ਚੰਦ ਤੇ ਨਰਸਿੰਗ ਕਾਲਜ ਦੇ ਪ੍ਰਿੰਸੀਪਲ ਰੁਪਿੰਦਰ ਬੁੱਟਰ, ਫਾਰਮੇਸੀ ਕਾਲਜ ਦੇ ਪ੍ਰਿੰਸੀਪਲ ਮਨੀਸ਼ ਜੋਸ਼ੀ, ਦੇਸ ਭਗਤ ਕੈਂਪਸ ਦੇ ਅਕਾਊਂਟੈਂਟ ਨਵਦੀਪ ਸਿੰਘ, ਸੁਪਰਵਾਈਜ਼ਰ ਦਿਲਬਾਗ ਸਿੰਘ ਬਾਗੀ ਨੇ ਜੇਤੂ ਬੱਚਿਆਂ ਨੂੰ ਮੁਬਾਰਕਾਂ ਦਿੱਤੀਆਂ।

# ਖੇਤਾਂ 'ਚੋਂ ਰੇਤ ਕੱਢਣ ਦੀ ਸੇਵਾ ਦੀ ਹੋਈ ਸ਼ੁਰੂਆਤ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**

ਪਿੰਡ ਸ਼ੇਰੇ ਵਾਲਾ ਸਤਲੁਜ ਦਰਿਆ ਦੇ ਕੰਢੇ 'ਤੇ ਹੋਣ ਕਰ ਕੇ ਪਿਛਲੇ ਦਿਨਾਂ ਵਿੱਚ ਹੜ੍ਹਾਂ ਦੀ ਮਾਰ ਹੇਠ ਆਉਣ ਕਰ ਕੇ ਜ਼ਮੀਨਾਂ ਵਿੱਚ ਬਹੁਤ ਜ਼ਿਆਦਾ ਰੇਤਾ ਭਰ ਜਾਣ ਕਰਕੇ ਫਸਲਾਂ ਤੇ ਜ਼ਮੀਨਾਂ ਦਾ ਕਾਫੀ ਨੁਕਸਾਨ ਹੋ ਗਿਆ ਸੀ। ਜਿੱਥੇ ਹੁਣ ਕਣਕ ਦੀ ਬਿਜਾਈ ਕਰਨ ਵਾਸਤੇ ਜ਼ਮੀਨਾਂ ਵਿੱਚੋਂ ਰੇਤਾ ਬਾਹਰ ਕੱਢਣ ਦੀ ਸੇਵਾ ਬਾਬਾ ਜਗਜੀਤ ਸਿੰਘ ਗੁਰਦੁਆਰਾ ਭਗਤ ਧੰਨਾ ਬੇਗਮਪੁਰਾ ਜਲੰਧਰ ਵਾਲਿਆਂ ਵੱਲੋਂ ਇਲਾਕੇ ਦੀ ਸੰਗਤ ਦੇ ਸਹਿਯੋਗ ਨਾਲ ਸ਼ੁਰੂ ਕਰਵਾਈ ਗਈ ਹੈ। ਇਸ ਮੌਕੇ ਸ਼ਿਵਾਜ ਸਿੰਘ ਭੋਲਾ ਮਸਤੇਵਾਲ ਵੱਲੋਂ ਨਕਦ ਰਾਸ਼ੀ, ਕਾਰਜ ਸਿੰਘ ਹੜ੍ਹਾਂ ਦੀ ਮਾਰ ਹੇਠ ਆਉਣ ਕਰ ਕੇ ਜ਼ਮੀਨਾਂ 'ਚ ਬਹੁਤ ਰੇਤਾ ਭਰ ਜਾਣ ਕਰਕੇ ਫਸਲਾਂ ਤੇ ਜ਼ਮੀਨਾਂ ਦਾ ਨੁਕਸਾਨ ਹੋ ਗਿਆ ਸੀ। ਸਰਪੰਚ ਦਲਵਾਲਾ ਵੱਲੋਂ ਡੀਜ਼ਲ ਦੀ ਸਵਾ, ਸੁਖਜੀਤ ਸਿੰਘ ਐੱਸ ਆਈ ਪਿੰਡ ਚੁੱਘਾ ਕਲਾਂ ਵੱਲੋਂ ਨਕਦ ਰਾਸ਼ੀ ਤੇ ਬਲਜਿੰਦਰ ਸਿੰਘ ਖਾਲਸਾ ਵੱਲੋਂ ਸਹਿਯੋਗ ਦੇਣ ਵਾਲੇ ਸੱਜਣਾਂ ਦਾ ਬਾਬਾ ਜਗਜੀਤ ਸਿੰਘ ਵੱਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਮਹਿੰਦਰ ਸਿੰਘ ਸਾਬਕਾ ਸਰਪੰਚ, ਹੀਰਾ ਸਿੰਘ, ਲਾਲ ਸਿੰਘ, ਰਣਜੀਤ ਸਿੰਘ, ਦਿਲਗੀਰ ਸਿੰਘ, ਗੁਰਮੇਲ ਸਿੰਘ, ਨਿਰਮਲ ਸਿੰਘ, ਰਣਜੀਤ ਸਿੰਘ, ਗੁਰਸਾਹਿਬ ਸਿੰਘ ਆਦਿ ਹਾਜ਼ਰ ਸਨ।

# ਸੈਸ਼ਨ ਜੱਜ ਵੱਲੋਂ ਮਾਨਵਤਾ ਬਾਲ ਆਸ਼ਰਮ ਦਾ ਦੌਰਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ.ਏ.ਐੱਸ. ਨਗਰ ਦੀਆਂ ਹਦਾਇਤਾਂ ਅਨੁਸਾਰ ਰਾਜ ਕੁਮਾਰ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਸਾਹਿਤ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀ ਮੁਕਤਸਰ ਸਾਹਿਬ ਦੀ ਰਹਿਨੁਮਾਈ ਹੇਠ ਮਿਸ਼ ਹਰਪ੍ਰੀਤ ਕੌਰ, ਸਿਵਲ ਜੱਜ (ਸੀ.ਡ.)/ਸੀ.ਜੇ.ਐੱਮ. ਸਾਹਿਤ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਵੱਲੋਂ ਉਦੇਕਰਨ ਰੋਡ ਸਥਿਤ ਮਾਨਵਤਾ ਬਾਲ ਆਸ਼ਰਮ ਦਾ ਦੌਰਾ ਕੀਤਾ ਗਿਆ।

ਇਸ ਮੌਕੇ ਡਾ. ਸ਼ਿਵਾਨੀ ਨਾਗਪਾਲ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਵੱਲੋਂ ਵੀ ਇੱਕ ਪ੍ਰੋਗਰਾਮ ਰੱਖਿਆ ਗਿਆ, ਜਿਸ ਦੌਰਾਨ ਬੱਚਿਆਂ ਨਾਲ ਨਿੱਜੀ ਤੌਰ 'ਤੇ ਗੱਲਬਾਤ ਕੀਤੀ ਤੇ ਦਿਵਾਲੀ ਦਾ ਤਿਉਹਾਰ ਦੀਆਂ ਮੁਬਾਰਕਬਾਦ ਦਿੱਤੀ ਅਤੇ ਉਨ੍ਹਾਂ ਦੀ ਤੰਦਰੁਸਤੀ ਦੀ ਕਾਮਨਾ ਕੀਤੀ। ਬੱਚਿਆਂ ਨੂੰ ਦਿਵਾਲੀ ਗਿਫ਼ਟ ਤੇ ਮਠਿਆਈ ਆਦਿ ਵੰਡੀ ਗਈ। ਇਸ ਤੋਂ ਇਲਾਵਾ ਜੱਜ ਸਾਹਿਬ ਨੇ ਉਨ੍ਹਾਂ ਦੀ ਹੱਕਾਂ ਸਬੰਧੀ ਵੀ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਵਧੇਰੇ ਜਾਣਕਾਰੀ ਲਈ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਜਾਂ ਸਿੱਧੇ ਤੌਰ ਤੇ ਦਫ਼ਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਕਿਸਾਨਾਂ ਨੂੰ ਝੋਨੇ ਦੀ 21 ਹਜ਼ਾਰ ਕਰੋੜ ਤੋਂ ਵੱਧ ਦੀ ਕੀਤੀ ਜਾ ਚੁੱਕੀ ਹੈ ਅਦਾਇਗੀ : ਕਟਾਰੂ ਚੱਕ

## ਖੁਰਾਕ ਸਪਲਾਈ ਮੰਤਰੀ ਨੇ ਅਨਾਜ ਮੰਡੀ ਵਿਖੇ ਝੋਨੇ ਦੇ ਖਰੀਦ ਪ੍ਰਬੰਧਾਂ ਦਾ ਲਿਆ ਜਾਇਜ਼ਾ



**ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ)**-ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਝੋਨੇ ਦੇ ਸੁਚਾਰੂ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਪੰਜਾਬ ਦੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਨਵੀਂ ਦਾਣਾ ਮੰਡੀ ਸ੍ਰੀ ਮੁਕਤਸਰ ਸਾਹਿਬ ਦਾ ਦੌਰਾ ਕੀਤਾ। ਪ੍ਰਬੰਧਾਂ ਦਾ ਜਾਇਜ਼ਾ ਲੈਣ ਉਪਰੰਤ ਸ੍ਰੀ ਕਟਾਰੂਚੱਕ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੁਣ ਤੱਕ 21 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਅਦਾਇਗੀ ਸਬੰਧਤ ਕਿਸਾਨਾਂ ਨੂੰ ਕੀਤੀ ਜਾ ਚੁੱਕੀ ਹੈ। ਉਨ੍ਹਾ ਕਿਹਾ ਕਿ ਪੰਜਾਬ ਦੀਆਂ ਅਨਾਜ ਮੰਡੀਆਂ ਵਿੱਚ ਹੁਣ ਤੱਕ 137 ਲੱਖ ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ ਹੈ, ਜਿਸ ਵਿੱਚ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ 134 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ ਤੇ ਲੱਗਭਗ 112 ਲੱਖ ਮੀਟ੍ਰਿਕ ਟਨ ਝੋਨੇ ਦੀ ਲਿਫਟਿੰਗ ਹੋ ਚੁੱਕੀ ਹੈ ਤੇ ਆਉਣ ਵਾਲੇ ਦਿਨਾਂ ਵਿੱਚ ਲਿਫਟਿੰਗ 'ਚ ਤੇਜ਼ੀ ਲਿਆਂਦੀ ਜਾਵੇਗੀ। ਉਨ੍ਹਾ ਕਿਹਾ ਕਿ ਅਨਾਜ ਮੰਡੀਆ 'ਚ ਕਿਸੇ ਵੀ ਤਰ੍ਹਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ ਤੇ ਸਰਕਾਰ ਵੱਲੋਂ ਉਸ ਦੇ ਖਿਲਾਫ ਸਖਤ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

ਉਨ੍ਹਾ ਕਿਹਾ ਕਿ ਪਰਾਲੀ ਦੇ ਧੂੰਏਂ 'ਤੇ ਕੰਟਰੋਲ ਕਰਨ ਲਈ ਪੰਜਾਬ ਸਰਕਾਰ ਵੱਲੋਂ ਮਾਨਯੋਗ ਸੁਪਰੀਮ ਕੋਰਟ ਦੀਆਂ ਹਦਾਇਤਾਂ ਦੀਆਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾ ਰਹੀ ਹੈ। ਉਨ੍ਹਾ ਕਿਸਾਨਾਂ ਨੂੰ ਅਪੀਲ ਕੀਤੀ ਕਿ ਵਾਤਾਵਰਣ ਦੀ ਸ਼ੁੱਧਤਾ ਲਈ ਝੋਨੇ ਦੀ ਪਰਾਲੀ ਤੇ ਰਹਿੰਦ ਖੂੰਹਦ ਨੂੰ ਅੱਗ ਨਾ ਲਗਾਈ ਜਾਵੇ ਅਤੇ ਪਰਾਲੀ ਦਾ ਸਹੀ ਢੰਗ ਨਾਲ ਪ੍ਰਬੰਧਨ ਕੀਤਾ ਜਾਵੇ।

# ਸਰਬੱਤ ਦਾ ਭਲਾ ਟਰੱਸਟ ਵੱਲੋਂ ਲੋੜਵੰਦ ਪਰਵਾਰਾਂ ਨੂੰ ਵਿੱਤੀ ਮਦਦ

*ਜ਼ਿਲ੍ਹਾ ਪ੍ਰਧਾਨ ਇਸਤਰੀ ਵਿੰਗ ਨੇ ਲੋੜਵੰਦਾਂ ਨਾਲ ਮਨਾਇਆ ਜਨਮ ਦਿਨ*

**ਮੱਖੂ (ਰਛਪਾਲ ਸਿੰਘ ਸੰਧੂ)**-ਸਮਾਜਸੇਵੀ ਸੰਸਥਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਯੂਨਿਟ ਫਿਰੋਜ਼ਪੁਰ ਦੀ ਇਸਤਰੀ ਵਿੰਗ ਪ੍ਰਧਾਨ ਮੈਡਮ ਅਮਰਜੀਤ ਕੌਰ ਛਾਬੜਾ ਵੱਲੋਂ ਅਪਣਾ ਜਨਮ ਦਿਨ ਲੋੜਵੰਦਾਂ ਦੀ ਮਦਦ ਕਰਕੇ ਮਨਾਇਆ ਗਿਆ। ਗੁਰਦੁਆਰਾ ਬਾਬਾ ਮਸਤ ਕਰਮ ਚੰਦ ਬਾਠਾਂ ਵਾਲਾ ਮੱਖੂ ਵਿਖੇ ਕਰਵਾਏ ਗਏ ਸਮਾਗਮ ਦੌਰਾਨ ਮਖੂ ਇਲਾਕੇ ਨਾਲ ਸਬੰਧਤ 55 ਜ਼ਰੂਰਤ ਮੰਦ, ਵਿਧਵਾਵਾਂ ਤੇ ਅੰਗਹੀਣ ਪਰਿਵਾਰਾਂ ਨੂੰ ਆਰਥਿਕ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ ਗਏ। ਇਸ ਸਮਾਗਮ ਵਿੱਚ ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਕਤਨਾ, ਬਲਾਕ ਪ੍ਰਧਾਨ ਬਹਾਦਰ ਸਿੰਘ ਭੁੱਲਰ ਤੇ ਦਵਿੰਦਰ ਸਿੰਘ ਛਾਬੜਾ ਮਖੂ ਪ੍ਰਧਾਨ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸੰਸਥਾ ਦੀ ਇਸਤਰੀ ਵਿੰਗ ਜ਼ਿਲ੍ਹਾ ਪ੍ਰਧਾਨ ਮੈਡਮ ਅਮਰਜੀਤ ਕੌਰ ਛਾਬੜਾ ਨੇ ਦੱਸਿਆ ਕਿ ਸੰਸਥਾ ਦੇ ਬਾਨੀ ਡਾ. ਓਬਰਾਏ ਵੱਲੋਂ ਲੰਮੇ ਸਮੇਂ ਤੋਂ ਲੋੜਵੰਦਾਂ ਦੀ ਭਲਾਈ ਲਈ ਕਿਸੇ ਹੋਰ ਤੋਂ ਮਾਲੀ ਮੱਦਦ ਲਏ ਬਗੈਰ ਆਪਣੇ ਕੋਲੋਂ ਹੀ ਲਗਾਤਾਰ ਆਰਥਿਕ ਸਹਾਇਤਾ ਕੀਤੀ ਜਾ ਰਹੀ ਹੈ। ਇਸ ਮੌਕੇ ਉਨ੍ਹਾ ਵਾਹਿਗੁਰੂ ਦਾ ਸ਼ੁਕਰਾਨਾ ਵੀ ਕੀਤਾ ਤੇ ਕਿਹਾ ਕਿ ਲੋੜਵੰਦਾਂ ਦੀ ਸੇਵਾ ਹੀ ਉਨ੍ਹਾਂ ਦੀ ਜ਼ਿੰਦਗੀ ਦਾ ਮਕਸਦ ਹੈ ਤੇ ਉਹ ਆਖਰੀ ਸਾਹ ਤੱਕ ਇਹ ਸੇਵਾ ਕਾਰਜ ਕਰਦੇ ਰਹਿਣਗੇ। ਇਸ ਮੌਕੇ ਬਹਾਦਰ ਸਿੰਘ ਭੁੱਲਰ, ਮਖੂ ਪ੍ਰਧਾਨ ਦਵਿੰਦਰ ਸਿੰਘ ਛਾਬੜਾ, ਰਣਜੀਤ ਸਿੰਘ ਰਾਏ, ਕਿਰਨ ਪੇਂਟਰ ਤੇ ਮਨਪ੍ਰੀਤ ਸਿੰਘ ਸਮੇਤ ਹੋਰ ਪਤਵੰਤੇ ਵੀ ਮੌਜੂਦ ਸਨ।



# ਸੰਤ ਰਾਮ ਉਦਾਸੀ ਨੂੰ ਸਮਰਪਤ ਵਿਸ਼ੇਸ਼ ਲੈਕਚਰ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਗੁਰੂ ਕਾਸ਼ੀ ਕੈਂਪਸ ਸਾਹਿਤ ਸਭਾ ਵੱਲੋਂ ਪੰਜਾਬੀ ਦੇ ਇਨਕਲਾਬੀ ਸ਼ਾਇਰ ਸੰਤਰਾਮ ਉਦਾਸੀ ਨੂੰ ਸਮਰਪਤ ਇੱਕ ਵਿਸ਼ੇਸ਼ ਲੈਕਚਰ ਕਰਵਾਇਆ ਗਿਆ, ਜਿਸ ਵਿੱਚ ਮੁੱਖ ਬੁਲਾਰੇ ਵਜੋਂ ਪੰਜਾਬੀ ਦੇ ਆਲੋਚਕ, ਚਿੰਤਕ ਅਤੇ ਗਜ਼ਲਗੋ ਜਗਵਿੰਦਰ ਜੋਧਾ ਨੇ ਸ਼ਿਰਕਤ ਕੀਤੀ। ਕੈਂਪਸ ਡਾਇਰੈਕਟਰ, ਪ੍ਰੋਫੈਸਰ ਕਮਲਜੀਤ ਸਿੰਘ ਨੇ ਮੁੱਖ ਮਹਿਮਾਨ ਵਜੋਂ ਇਸ ਲੈਕਚਰ ਵਿੱਚ ਸ਼ਮੂਲੀਅਤ ਕੀਤੀ। ਮੁੱਖ ਬੁਲਾਰੇ ਡਾ. ਜੋਧਾ ਨੇ ਗੁਰਬਾਣੀ ਦੇ ਮਾਧਿਅਮ ਦੁਆਰਾ ਆਧੁਨਿਕਤਾ ਦੇ ਸੰਕਲਪ ਉੱਪਰ ਦ੍ਰਿਸ਼ਟੀਪਾਤ ਕੀਤਾ। ਉਨ੍ਹਾਂ ਆਧੁਨਿਕਤਾ, ਆਧੁਨਿਕੀਕਰਨ ਅਤੇ ਆਧੁਨਿਕਤਾਵਾਦ ਦੇ ਸੰਦਰਭ ਵਿੱਚ ਵਿਦਿਆਰਥੀਆਂ ਨੂੰ ਵਸੀਹ ਜਾਣਕਾਰੀ ਪ੍ਰਦਾਨ ਕੀਤੀ। ਇਸ ਸਾਹਿਤਕ ਲੈਕਚਰ ਲੜੀ ਦੇ ਕੁਆਰਡੀਨੇਟਰ ਡਾ. ਮਨਮਿੰਦਰ ਕੌਰ ਨੇ ਮੰਚ ਸੰਚਾਲਕ ਦੀ ਭੂਮਿਕਾ ਨਿਭਾਈ। ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਦੇ ਮੁਖੀ ਡਾਕਟਰ ਸੁਸ਼ੀਲ ਕੁਮਾਰ ਨੇ ਮੁੱਖ ਮਹਿਮਾਨ ਤੇ ਮੁੱਖ ਬੁਲਾਰੇ ਨੂੰ ਜੀ ਆਇਆਂ ਕਿਹਾ ਅਤੇ ਵਿਦਿਆਰਥੀਆਂ ਨੂੰ ਸਾਹਿਤ ਨਾਲ ਜੁੜਨ ਵਾਸਤੇ ਪ੍ਰੇਰਿਤ ਕੀਤਾ। ਕੈਂਪਸ ਡਾਇਰੈਕਟਰ ਪ੍ਰੋਫੈਸਰ ਕਮਲਜੀਤ ਸਿੰਘ ਨੇ ਸਾਹਿਤ ਸਭਾ ਨੂੰ ਵਧਾਈ ਦਿੰਦੇ ਹੋਏ ਇਸ ਪ੍ਰੋਗਰਾਮ ਦੀ ਸਲਾਘਾ ਕੀਤੀ ਅਤੇ ਭਵਿੱਖ ਵਿੱਚ ਅਜਿਹੇ ਪ੍ਰੋਗਰਾਮ ਕਰਾਉਂਦੇ ਰਹਿਣ ਦੀ ਪ੍ਰੇਰਨਾ ਵੀ ਦਿੱਤੀ। ਇਸ ਉਪਰੰਤ ਖੇਤਰੀ ਯੁਵਕ ਮੇਲੇ ਵਿੱਚ ਕਾਵਿ ਉਚਾਰਨ ਮੁਕਾਬਲੇ ਵਿੱਚ ਪਹਿਲੇ ਸਥਾਨ ਪ੍ਰਾਪਤ ਕਰਨ ਵਾਲੀ ਵਿਦਿਆਰਥਣ ਰਾਜਵੀਰ ਕੌਰ ਨੂੰ ਸਨਮਾਨਤ ਕੀਤਾ ਗਿਆ। ਲੈਕਚਰ ਦੇ ਕੋ-ਕੋਆਰਡੀਨੇਟਰ ਸਤਨਾਮ ਸਿੰਘ ਵਾਹਿਦ ਨੇ ਗੁਰੂ ਕਾਸ਼ੀ ਸਹਿਤ ਸਭਾ ਵੱਲੋਂ, ਜੋ ਪਿਛਲੇ ਦਿਨੀਂ ਪੰਜਾਬੀ ਯੂਨੀਵਰਸਿਟੀ ਕੈਂਪਸ ਵਿੱਚ ਪ੍ਰੋਫੈਸਰ ਉੱਪਰ ਹੋਈ ਹਿੰਸਕ ਕਾਰਵਾਈ ਦੀ ਨਿਖੇਧੀ ਕਰਦਿਆਂ ਯੂਨੀਵਰਸਿਟੀ ਨੂੰ ਇੱਕ ਮੰਗ ਪੱਤਰ ਦਿੱਤਾ, ਜਿਸ ਵਿੱਚ ਉਨ੍ਹਾਂ ਇਹ ਮੰਗ ਕੀਤੀ ਕਿ ਉਕਤ ਪ੍ਰੋਫੈਸਰ ਵਿਰੁੱਧ ਹੋਈ ਹਿੰਸਾ ਦੀ ਉੱਚ ਪੱਧਰੀ ਜਾਂਚ ਕੀਤੀ ਜਾਵੇ। ਪ੍ਰੋਗਰਾਮ ਦੇ ਅਖੀਰ ਵਿੱਚ ਸੋਸ਼ਲ ਸਾਇੰਸਜ਼ ਵਿਭਾਗ ਦੇ ਮੁਖੀ ਡਾ. ਬਲਦੇਵ ਸਿੰਘ ਨੇ ਆਧੁਨਿਕਤਾ ਦੇ ਸੰਕਲਪ ਵਿੱਚ ਆਪਣੇ ਵਿਚਾਰ ਪੇਸ਼ ਕੀਤੇ ਅਤੇ ਆਏ ਹੋਏ ਮੁੱਖ ਬੁਲਾਰੇ, ਮੁੱਖ ਮਹਿਮਾਨ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਸਾਹਿਤ ਸਭਾ ਦੇ ਮੈਂਬਰ ਡਾ. ਵੀਰਪਾਲ ਕੌਰ, ਡਾ.ਪਾਇਲਦੀਪ ਅਤੇ ਦੋਵਾਂ ਵਿਭਾਗਾਂ ਦੇ ਸਮੂਹ ਅਧਿਆਪਕ ਸਾਹਿਬਾਨ ਹਾਜ਼ਰ ਸਨ।

# ਮੀਡੀਆ ਵੱਲੋਂ ਸੱਚਾਈ ਲਿਖਣ ਕਾਰਨ ਹੀ ਬਹੁਤੇ ਲੋਕਾਂ ਨੂੰ ਇਨਸਾਫ ਮਿਲ ਰਿਹੈ : ਚੀਮਾ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸੀਨੀਅਰ ਅਕਾਲੀ ਆਗੂ ਤੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਜਗਦੀਪ ਸਿੰਘ ਚੀਮਾ ਨੇ ਕਿਹਾ ਕਿ ਲੋਕਤੰਤਰ ਦੇ ਚੌਥੇ ਥੰਮ੍ਹ ਮੀਡੀਆ ਵੱਲੋਂ ਸਚਾਈ ਲਿਖਣ ਕਾਰਨ ਹੀ ਬਹੁਤੇ ਲੋਕਾਂ ਨੂੰ ਇਨਸਾਫ ਮਿਲ ਰਿਹਾ। ਮੀਡੀਆ ਕਲੱਬ ਫ਼ਤਹਿਗੜ੍ਹ ਸਾਹਿਬ ਵੱਲੋਂ ਕਰਵਾਈ ਗਈ ਪੱਤਰਕਾਰ ਮਿਲਣੀ ਤੇ ਸਨਮਾਨ ਸਮਾਰੋਹ ਦੌਰਾਨ ਜਗਦੀਪ ਸਿੰਘ ਚੀਮਾ ਨੇ ਕਿਹਾ ਕਿ ਮੀਡੀਆ ਵੱਲੋਂ ਨਿਭਾਈ ਜਾ ਰਹੀ ਸਾਰਥਕ ਭੂਮਿਕਾ ਦੀ ਜਿੰਨੀਂ ਵੀ ਸ਼ਲਾਘਾ ਕੀਤੀ ਜਾਵੇ, ਉਨੀ ਘੱਟ ਹੈ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਰੀਆ ਨੇ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਪੱਤਰਕਾਰਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਜ਼ਿਲ੍ਹੇ ਦੇ ਪੱਤਰਕਾਰਾਂ ਨੇ ਹਮੇਸ਼ਾ ਸੱਚ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਯੂਥ ਵਿੰਗ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਕਿਹਾ ਕਿ ਇਹ ਮੀਡੀਆ ਹੀ ਹੈ, ਜੋ ਹਰ ਸਰਕਾਰ ਵੱਲੋਂ ਕੀਤੇ ਜਾ ਰਹੇ ਗਲਤ ਕੰਮਾਂ ਨੂੰ ਉਜਾਗਰ ਕਰਦਾ ਹੈ।

ਇਸ ਮੌਕੇ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ, ਸੇਵਾਮੁਕਤ ਮੈਨੇਜਰ ਊਧਮ ਸਿੰਘ, ਬੀਬੀ ਪਰਮਜੀਤ ਕੌਰ, ਕਲੱਬ ਪ੍ਰਧਾਨ ਪਰਮਿੰਦਰ ਬਖ਼ਸ਼ੀ, ਡਾ. ਗੁਰਬਚਨ ਸਿੰਘ ਰੁਪਾਲ, ਰਜਿੰਦਰ ਸਿੰਘ ਬੱਤਰਾ, ਵੈਟਰਨ ਪੱਤਰਕਾਰ ਅਮਰ ਹਾਂਡਾ, ਰਵਿੰਦਰ ਸਿੰਘ ਢੀਂਡਸਾ, ਬਲਜਿੰਦਰ ਸਿੰਘ, ਜਗਦੇਵ ਸਿੰਘ, ਗੁਰਪ੍ਰੀਤ ਸਿੰਘ ਮਹਿਕ, ਭੂਸ਼ਨ ਸੂਦ, ਅਜੇ ਮਲਹੋਤਰਾ, ਸੁਰੇਸ਼ ਕਾਮਰਾ, ਰਵਿੰਦਰ ਸ਼ਰਮਾ, ਪ੍ਰਮੋਦ ਭਾਰਦਵਾਜ, ਅਮਰਬੀਰ ਸਿੰਘ ਚੀਮਾ, ਕੁਲਦੀਪ ਸਿੰਘ ਸ਼ੁਤਰਾਣਾ, ਰਵਿੰਦਰ ਕੌਰ, ਰਾਜੀਵ ਸੂਦ, ਕਰਨ ਸ਼ਰਮਾ, ਦੀਪਕ ਸੂਦ, ਜਤਿੰਦਰ ਰਾਠੌਰ, ਰਜਿੰਦਰ ਭੱਟ, ਮਧੂ ਥਾਪਰ, ਸਵਰਨਜੀਤ ਸਿੰਘ ਸੇਠੀ, ਬਹਾਦਰ ਸਿੰਘ ਟਿਵਾਣਾ, ਗੁਰਿੰਦਰ ਸਿੰਘ ਪੀਰਜੈਨ, ਨਰਿੰਦਰ ਸਿੰਘ, ਡਾ. ਐੱਚ ਐੱਸ ਗੌਤਮ, ਡਾ. ਸਵਰਨ ਸਿੰਘ ਨਿਰਦੋਸ਼ੀ, ਰਾਜ ਕਮਲ ਸ਼ਰਮਾ, ਅਰੁਣ ਪਾਠਕ, ਡਾ. ਗੁਰਸ਼ਰਨ, ਰਵਿੰਦਰ ਸਿੰਘ ਸਿੱਧੂ ਆਦਿ ਮੌਜੂਦ ਸਨ।

# ਮਾਤਾ ਗੁਜਰੀ ਕਾਲਜ ਵਿਖੇ ਰਾਸ਼ਟਰੀ ਕੈਮਿਸਟਰੀ ਸਪਤਾਹ ਮਨਾਇਆ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੇ ਕੈਮਿਸਟਰੀ ਵਿਭਾਗ ਵੱਲੋਂ ਬੜੇ ਉਤਸ਼ਾਹ ਨਾਲ ਰਾਸ਼ਟਰੀ ਕੈਮਿਸਟਰੀ ਹਫਤਾ ਮਨਾਇਆ ਗਿਆ, ਜਿਸ ਵਿੱਚ ਵੱਖ-ਵੱਖ ਉਸਾਰੂ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ। ਇਸ ਸਾਲ ਕੈਮਿਸਟਰੀ ਸਪਤਾਹ ਦਾ ਥੀਮ 'ਕੈਮਿਸਟਰੀ ਮੇਕਿੰਗ ਦਾ ਵਰਡ ਏ ਬੈਟਰ ਪਲੇਸ' ਸੀ।

ਇਸ ਦੌਰਾਨ ਭਾਗ ਵੱਲੋਂ ਵਿਸ਼ੇਸ਼ ਤੌਰ 'ਤੇ ਰੰਗੋਲੀ ਮੁਕਾਬਲਾ, ਪਾਵਰ-ਪੁਆਇੰਟ ਪੇਸ਼ਕਾਰੀਆਂ, ਪੋਸਟਰ ਪ੍ਰਦਰਸ਼ਨੀ, ਦੋ ਮਿੰਟ ਦੀ ਗੱਲਬਾਤ ਮੁਕਾਬਲਾ ਤੇ ਜਾਦੂਈ ਵਿਗਿਆਨ ਦੇ ਪ੍ਰਯੋਗਾਂ ਦੇ ਪ੍ਰਦਰਸ਼ਨ ਮੁਕਾਬਲਿਆਂ ਦਾ ਵਿਸ਼ੇਸ਼ ਆਯੋਜਨ ਕੀਤਾ ਗਿਆ। ਇਹ ਮੁਕਾਬਲੇ 'ਕੈਮਿਸਟਰੀ ਫਾਰ ਜ਼ੀਰੋ ਹੰਗਰ', 'ਕੈਮਿਸਟਰੀ ਫਾਰ ਹੈਲਥ ਐਂਡ ਵੈਲ-ਬੀਂਗ', 'ਕੈਮਿਸਟਰੀ ਫਾਰ ਕਲੀਨ ਵਾਟਰ ਐਂਡ ਸੈਨੀਟੇਸ਼ਨ' ਤੇ 'ਦਿ ਹੀਲਿੰਗ ਪਾਵਰ ਆਫ ਕੈਮਿਸਟਰੀ' ਵਿਸ਼ਿਆਂ 'ਤੇ ਅਧਾਰਤ ਸਨ।

ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਤੇ ਰੋਜ਼ਾਨਾ ਜ਼ਿੰਦਗੀ ਵਿੱਚ ਰਸਾਇਣ ਵਿਗਿਆਨ ਦੀ ਮਹੱਤਤਾ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਅਜਿਹੇ ਸਮਾਗਮ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਲਈ ਵਧੀਆ ਮੰਚ ਪ੍ਰਦਾਨ ਕਰਦੇ ਹਨ ਤੇ ਉਨ੍ਹਾਂ ਦੇ ਸਰਵਪੱਖੀ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਕੈਮਿਸਟਰੀ ਵਿਭਾਗ ਦੇ ਮੁਖੀ ਡਾ. ਕਮਲਪ੍ਰੀਤ ਕੌਰ ਨੇ ਧੰਨਵਾਦ ਦਾ ਮਤਾ ਪੇਸ਼ ਕਰਦਿਆਂ ਕਿਹਾ ਕਿ ਸਮਾਗਮ ਦੀਆਂ ਸਾਰੀਆਂ ਗਤੀਵਿਧੀਆਂ ਵਿੱਚ ਵਿਦਿਆਰਥੀਆਂ ਦੀ ਵਧੀਆ ਭਾਗੀਦਾਰੀ ਸੀ ਤੇ ਇਹ ਸਮਾਗਮ ਵਿਭਾਗ ਦੇ ਫੈਕਲਟੀ ਮੈਂਬਰਾਂ ਤੇ ਵਿਦਿਆਰਥੀਆਂ ਲਈ ਇੱਕ ਵਧੀਆ ਅਨੁਭਵ ਸਾਬਿਤ ਹੋਇਆ ਹੈ। ਇਸ ਮੌਕੇ ਪ੍ਰੋ. ਸਿਮਰਤ ਕੌਰ, ਡਾ. ਕਿਰਨ, ਡਾ. ਕੁਲਦੀਪ ਕੌਰ, ਪ੍ਰੋ. ਸੀਮਾ ਮਹੇਸ਼ਵਰੀ, ਡਾ. ਮਨਪ੍ਰੀਤ ਕੌਰ, ਡਾ. ਪ੍ਰੀਤੀ ਕੁੱਕੜ, ਡਾ. ਸੁਰਿੰਦਰ ਕੌਰ, ਪ੍ਰੋ. ਗੁਰਲੀਨ ਕੌਰ ਤੇ ਸਮੂਹ ਵਿਦਿਆਰਥੀ ਹਾਜ਼ਰ ਸਨ।

10-Nov-PAGE- 8 qxd.qxd 11/9/2023 10:57 PM Page 1



# ਗੈਰ-ਕਾਨੂੰਨੀ ਮਾਇਨਿੰਗ ਨੂੰ ਰੋਕਣ ਲਈ ਤੁਰੰਤ ਸਖ਼ਤ ਕਦਮ ਚੁੱਕੇ ਜਾਣ : ਇਲਾਕਾ ਸੰਘਰਸ਼ ਕਮੇਟੀ



**ਨੰਗਲ (ਸੁਰਜੀਤ ਢੇਰ)** ਇਲਾਕਾ ਸੰਘਰਸ਼ ਕਮੇਟੀ ਸ੍ਰੀ ਅਨੰਦਪੁਰ ਸਾਹਿਬ ਦਾ ਇੱਕ ਡੈਪੂਟੇਸ਼ਨ ਸਥਾਨਕ ਉਪ ਮੰਡਲ ਮਜਿਸਟਰੇਟ ਨੂੰ ਮਿਲਿਆ। ਜਿਸ ਵਿੱਚ ਮੰਗ ਕੀਤੀ ਗਈ ਕਿ ਖੇਤੀਬਾੜੀ ਅਤੇ ਪਟਾ ਲੈਂਡ ਜਮੀਨ ਦੀ ਜਿਲਾ ਸਰਵੇਖਣ ਰਿਪੋਰਟ ਨੂੰ ਮੁਲਤਵੀ ਕੀਤਾ ਜਾਵੇ। ਇਸ ਮੌਕੇ ਤੇ ਐਸ ਡੀ ਐਮ ਨਾ ਹੋਣ ਦੇ ਕਾਰਨ ਦਫਤਰ ਦੇ ਉਚ ਅਧਿਕਾਰੀ ਅਮਰੀਕ ਸਿੰਘ ਨੂੰ ਲਿਖਤੀ ਪੱਤਰ ਦਿੱਤਾ ਗਿਆ। ਜਿਸ ਵਿੱਚ ਮੰਗ ਕੀਤੀ ਕਿ ਜਿਲ੍ਹਾ ਸਰਵੇਖਣ ਰਿਪੋਰਟ 2023 ਵਿੱਚ ਬਹੁਤ ਸਾਰੇ ਗਲਤੀਆਂ ਕਮੀਆਂ ਤਰੁਟੀਆਂ ਹਨ। ਇਹ ਰਿਪੋਰਟ ਤੱਥਾਂ ਦੇ ਅਧਾਰਤ ਨਹੀਂ ਹੈ। ਗਿਣਤੀ ਮਿਣਤੀ ਲਈ ਇਸਤੇਮਾਲ ਕੀਤੇ ਅੰਕੜੇ ਅਤੇ ਡਾਟਾ ਗਲਤ ਹੈ। ਇਹਨਾਂ ਸਾਰੀਆਂ ਤਰੁਟੀਆਂ ਦਾ ਵਰਨਨ ਇਸ ਭਾਰਤ ਸਰਕਾਰ ਦੇ ਵਾਤਾਵਰਨ ਨੂੰ ਬਚਾਉਣ ਲਈ ਅਤੇ ਜਾਇਜ ਮਾਈਨਿੰਗ ਕਰਨ ਲਈ ਸਾਲ 2016 ਵਿੱਚ ਜੋ ਰਿਪੋਰਟ ਤਿਆਰ ਕੀਤੀ ਗਈ ਉਸ ਦੀਆਂ ਗਾਈਡ ਲਾਈਨਾਂ ਤੇ ਮਾਈਨਿੰਗ ਇਲਾਕੇ ਵਿੱਚ ਕੀਤੀ ਜਾ ਸਕਦੀ ਹੈ। ਸੱਚਾਈ ਇਸ ਤੋਂ ਉਲਟ ਹੈ ਇਹਨਾਂ ਹਦਾਇਤਾਂ ਦੀ ਬਹੁਤ ਬੁਰੀ ਤਰ੍ਹਾਂ ਧੱਜੀਆਂ ਉਡਾਈਆਂ ਗਈਆਂ ਹਨ। ਖੇਤੀਬਾੜੀ ਜਮੀਨ ਪਟਾ ਲੈਣ ਮਾਈਨਿੰਗ ਲਈ ਪੰਜਾਬ ਦੇ ਕਿਸੇ ਵੀ ਜ਼ਿਲ੍ਹੇ ਵਿੱਚ ਭੂਮੀ ਉਪਲਬਧ ਨਹੀਂ ਹੈ। ਉਪਜਾਊ ਜਮੀਨ ਨੂੰ ਆਰਬੀਐਮ ਲਈ ਪੁੱਟ ਕੇ 40-50 ਫੁੱਟ ਡੂੰਘੇ ਟੋਇਆ ਵਿੱਚ ਤਬਦੀਲ ਕਰਨਾ ਸਰਾਸਰ ਗਲਤ ਹੈ। ਖੁਦਾਈ ਕਰਕੇ ਜਮੀਨ ਦੀ ਭਰਪਾਈ ਕਿਸੇ ਵੀ ਹਾਲਤ ਵਿੱਚ ਨਹੀਂ ਕੀਤੀ ਜਾ ਸਕਦੀ ਹੈ ਸ਼ਤਲੁਜ ਦਰਿਆ ਵਿੱਚ ਨੰਗਲ ਤੋਂ ਲੈ ਕੇ 20 ਕਿਲੋਮੀਟਰ ਤੱਕ ਕੋਈ ਵੀ ਵੱਡੀ ਨਦੀ ਜਾਂ ਖੱਡ ਆ ਕੇ ਨਹੀਂ ਮਿਲਦੀ ਜੋ ਕਿ ਬਰਸਾਤੀ ਪਾਣੀ ਨਾਲ ਕੋਈ ਮਾਈਨਿੰਗ ਯੋਗ ਮਟੀਰੀਅਲ ਲਿਆਂਦੀ ਹੋਵੇ। ਇਸ ਲਈ ਨੰਗਲ ਡੈਮ ਤੋਂ ਲੈ ਕੇ ਪਿੰਡ ਖਮੇੜਾ ਹਰਸਾ ਬੇਲਾ ਅਤੇ ਪਿੰਡ ਸਵਾੜਾ ਸੈਦਪੁਰ ਬੇਈਹਾਰ ਤੱਕ ਸਤਲੁਜ ਦੇ ਰਿਵਰ ਬੈਡ ਜਾਂ ਨਾਨ ਰਿਵਰ ਬੈਡ ਵਿੱਚ ਮਾਈਨਿੰਗ ਨਹੀਂ ਹੋ ਸਕਦੀ। ਇਸ ਖੇਤਰ ਵਿੱਚ ਲੱਗਭੱਗ 33 ਮਾਈਨਿੰਗ ਸਾਇਟਾ ਅਧੀਨ 319 ਏਕੜ ਜਮੀਨ ਮਾਈਨਿੰਗ ਲਈ ਇਜਾਜਤ ਦਿੱਤੀ ਗਈ ਤਾਂ ਇਹ ਨਜਾਇਜ ਤੇ ਗਲਤ ਹੋਵੇਗੀ। ਸਵਾਂ ਨਦੀ ਹਿਮਾਚਲ ਪ੍ਰਦੇਸ਼ ਵਿੱਚੋਂ ਨਿਕਲ ਕੇ 12 ਕਿਲੋਮੀਟਰ ਪੰਜਾਬ ਵਿੱਚ ਬਹਿੰਦੀ ਹੈ। ਅਗੰਮਪੁਰ ਸ੍ਰੀ ਅਨੰਦਪੁਰ ਸਾਹਿਬ ਦੇ ਵੱਡੇ ਪੁੱਲ ਦੇ ਨੇੜੇ ਸੱਤਲੁੱਜ ਦਰਿਆ ਵਿੱਚ ਡਿੱਗਦੀ ਹੈ। ਇਸ 12 ਕਿਲੋਮੀਟਰ ਵਿੱਚ ਨਵੀਆਂ ਪੁਰਾਣੀਆਂ 45 ਪ੍ਰਾਈਵੇਟ ਪੰਚਾਇਤਾਂ ਚਰਾਂਦਾਂ ਸਾਈਟਾਂ ਦਾ 1361 ਏਕੜ ਜਮੀਨ ਮਾਈਨਿੰਗ ਵਾਸਤੇ ਸ਼ਾਮਿਲ ਕੀਤਾ ਗਿਆ ਇਕੱਲੇ ਪਿੰਡ ਨਾਨਗਰਾ ਕਲਮੋਟ ਹੱਦ ਵਸਤ ਨੰਬਰ 272 ਵਿੱਚ 25 ਸਾਈਟਾਂ ਦੀ 851 ਏਕੜ ਮਾਈਨਿੰਗ ਵਾਸਤੇ ਉਲੀਕਿਆ ਗਿਆ ਹੈ। ਜੇਕਰ ਇਸ ਪਿੰਡ ਵਿੱਚ ਮਾਈਨਿੰਗ ਦੀ ਇਜਾਜਤ ਦਿੱਤੀ ਤਾਂ ਇਸ ਦਾ ਬੁਰਾ ਅਸਰ ਪੂਰੇ ਇਲਾਕੇ ਦੇ ਵਾਤਾਵਰਨ ਅਤੇ ਜਲ ਸਤਰ ਉੱਤੇ ਪਵੇਗਾ। ਸੰਚਾਈ ਦੇ ਖੂਹਾਂ ਵਿੱਚ ਪਾਣੀ ਖਤਮ ਹੋ ਜਾਵੇਗਾ। ਹਜਾਰਾਂ ਏਕੜ ਜਮੀਨ ਬੰਜਰ ਹੋ ਜਾਵੇਗੀ। ਇੰਨੇ ਵੱਡੇ ਖੇਤਰ ਦੀ ਵਾਤਾਵਰਨ ਕਲੀਅਰੈਂਸ ਅਧਿਕਾਰ ਸਿਰਫ ਕੇਂਦਰ ਸਰਕਾਰ ਕੋਲ ਹਨ। ਪਰ ਪੰਜਾਬ ਸਰਕਾਰ ਕਲਸਟਰ ਨੀਤੀ ਨੂੰ ਅੱਖੋਂ ਪਰੋਖੇ ਕਰਕੇ ਵਿੰਗੇ ਟੇਢੇ ਢੰਗ ਨਾਲ ਇੱਥੇ ਮਾਈਨਿੰਗ ਕਰਵਾਉਣਾ ਚਾਹੁੰਦੀ ਹੈ ਇਸ ਪਿੰਡ ਵਿੱਚ ਸਿਵਾਲਕ ਪਹਾੜੀਆਂ ਦੇ ਨੰਬਰ ਵੀ ਸਾਮਿਲ ਹਨ। ਜਿੱਥੇ ਲਗਭਗ 12 ਤੋਂ 14 ਕਰੈਸ਼ਰ ਯੂਨਿਟ ਦਿਨ ਰਾਤ ਨਜਾਇਜ ਮਾਈਨਿੰਗ ਕਰ ਰਹੇ ਹਨ। ਸਾਰੇ ਇਲਾਕੇ ਵਿੱਚ ਹੋ ਰਹੀ ਨਜਾਇਜ ਮਾਈਨਿੰਗ ਸਦਕਾ ਸਵਾ ਨਦੀ ਦਾ ਪਾੜ 50 ਫੁੱਟ ਤੋਂ ਜਿਆਦਾ ਡੂੰਘਾ ਚੌੜਾਈ ਵਿੱਚ ਦੁਗਣਾ ਹੋ ਚੁੱਕਾ ਹੈ। ਸਾਡੇ ਖੇਤਰ ਦੇ ਬਹੁਤੇ ਪਿੰਡ ਵਿੱਚ ਪਸ਼ੂ ਚੁਗਣ ਵਾਸਤੇ ਚਰਾਂਦ ਲਈ ਜਮੀਨਾਂ ਛੱਡੀਆਂ ਗਈਆਂ ਹਨ। ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਚਰਾਂਦ ਵਾਲੀ ਜਮੀਨ 'ਤੇ ਕੋਈ ਵੀ ਖੁਦਾਈ ਭਰਾਈ ਜਾਂ ਜਮੀਨ ਦੀ ਕਿਸਮ ਤਬਦੀਲ ਨਹੀਂ ਕੀਤਾ ਜਾ ਸਕਦੀ ਹੈ। ਇਲਾਕਾ ਸੰਘਰਸ਼ ਕਮੇਟੀ ਨੇ ਬੇਨਤੀ ਕੀਤੀ ਹੈ ਕਿ ਹੋਣ ਵਾਲੀ ਵਿਜਿਟ ਰੱਦ ਕੀਤੀ ਜਾਵੇ। ਜਿਹੜੀ ਵੀ ਹੁਣ ਡੀਆਰ 2023 ਦੇ ਅਧਾਰਤ ਮਾਈਨਿੰਗ ਵਾਸਤੇ ਕਦਮ ਚੁੱਕੇ ਗਏ ਹਨ ਜਾਂ ਚੁੱਕੇ ਜਾ ਰਹੇ ਹਨ ਤੁਰੰਤ ਪ੍ਰਭਾਵ ਨਾਲ ਇਹ ਰੱਦ ਕਰ ਦਿੱਤੇ ਜਾਣ। ਇਲਾਕੇ ਵਿੱਚ ਗੈਰ ਕਾਨੂੰਨੀ ਮਾਈਨਿੰਗ ਬੰਦ ਕਰਵਾਉਣ ਲਈ ਸਖਤ ਕਦਮ ਚੁੱਕੇ ਜਾਣ। ਇਸ ਮੌਕੇ ਤੇ ਇਲਾਕਾ ਸੰਘਰਸ਼ ਕਮੇਟੀ ਦੇ ਪ੍ਰਧਾਨ ਹਰਦੇਵ ਸਿੰਘ ਬੇਲਾ, ਟਿੱਕਾ ਜਸਵੀਰ ਚੰਦ ਭਲਾਨ, ਐਡਵੋਕੇਟ ਵਿਸਾਲ ਸੈਣੀ, ਕਾਮਰੇਡ ਸੁਰਜੀਤ ਸਿੰਘ ਢੇਰ, ਕੇਵਲ ਕ੍ਰਿਸ਼ਨ, ਬਰਜਿੰਦਰ ਸਿੰਘ ਡੋਡ, ਗਿਆਨੀ ਕੇਸਰ ਸਿੰਘ, ਗੁਰਦੇਵ ਸਿੰਘ ਸੈਂਸੋਵਾਲ ਵੀ ਹਾਜਰ ਸਨ।

# ਸਕੂਲ ਵੱਲੋਂ ਵਿਦਿਆਰਥਣ ਸਨਮਾਨਤ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**:-ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਵੱਲੋਂ ਸਮੇਂ ਸਮੇਂ 'ਤੇ ਖੇਡਾਂ,ਵਿੱਦਿਆ, ਸੱਭਿਆਚਾਰਕ ਅਤੇ ਧਾਰਮਿਕ ਮੁਕਾਬਲਿਆਂ ਵਿਚ ਹਿੱਸਾ ਲਿਆ ਜਾਂਦਾ ਰਿਹਾ ਹੈ ਅਤੇ ਨਵੇਂ ਕੀਰਤੀਮਾਨ ਸਥਾਪਿਤ ਕੀਤੇ ਜਾਂਦੇ ਰਹੇ ਹਨ। ਇਸੇ ਲੜੀ ਵਿਚ ਸਕੂਲ ਦੀ ਤੀਜੀ ਜਮਾਤ ਦੀ ਵਿਦਿਆਰਥਣ ਹਰਸ਼ਦੀਪ ਕੌਰ ਪੁੱਤਰੀ ਦਵਿੰਦਰ ਸਿੰਘ ਅਤੇ ਅਮਰਜੀਤ ਕੌਰ ਵੱਲੋਂ ਰੂਪਨਗਰ ਜ਼ਿਲ੍ਹਾ ਪੱਧਰੀ ਹਾਕੀ ਟੂਰਨਾਮੈਂਟ ਵਿੱਚ ਹਾਕੀ ਟੀਮ ਵੱਲੋਂ ਖੇਡਦਿਆਂ ਦੂਜਾ ਸਥਾਨ ਹਾਸਲ ਕਰਕੇ ਸਕੂਲ ਦਾ ਅਤੇ ਆਪਣੇ ਮਾਤਾ-ਪਿਤਾ ਦਾ ਨਾਂਅ ਰੌਸ਼ਨ ਕੀਤਾ। ਸਕੂਲ ਇੰਚਾਰਜ ਗੁਰਿੰਦਰ ਕੌਰ ਨੇ ਵਿਦਿਆਰਥਣ ਹਰਸ਼ਦੀਪ ਕੌਰ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਅਤੇ ਅੱਗੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਆ। ਸਕੂਲ ਦੇ ਮੈਂਬਰ ਇੰਚਾਰਜ ਇਕਬਾਲ ਸਿੰਘ ਲਾਲਪੁਰਾ (ਚੇਅਰਮੈਨ ਕੌਮੀ ਘੱਟ ਗਿਣਤੀ ਕਮਿਸ਼ਨ), ਡਾ. ਪ੍ਰਭਜੋਤ ਕੌਰ (ਰਿਟਾਇਰਡ ਪ੍ਰਿੰਸੀਪਲ), ਇੰਦਰਜੀਤ ਸਿੰਘ (ਉੱਘੇ ਕਾਰੋਬਾਰੀ) ਗੁਰਮਿੰਦਰ ਸਿੰਘ ਭੁੱਲਰ (ਡਾਇਰੈਕਟਰ ਐਜੂਕੇਸ਼ਨ) ਨੇ ਵਿਦਿਆਰਥਣ ਹਰਸ਼ਦੀਪ ਕੌਰ, ਉਸ ਦੇ ਮਾਤਾ ਪਿਤਾ ਸਾਹਿਬਾਨ ਅਤੇ ਸਮੂਹ ਸਟਾਫ ਨੂੰ ਇਸ ਉਪਲਬਧੀ 'ਤੇ ਵਧਾਈ ਦਿੱਤੀ। ਇਸ ਮੌਕੇ ਨਿਸ਼ਾ ਗਰਗ, ਜਸਪ੍ਰੀਤ ਕੌਰ, ਰਜਿੰਦਰ ਕੌਰ, ਸਤਿੰਦਰ ਕੌਰ, ਕੰਵਲਜੀਤ ਕੌਰ ਸਮੇਤ ਸਮੁੱਚਾ ਸਟਾਫ ਹਾਜਰ ਸੀ।

# ਸਰਕਾਰ ਨੇ ਡਰ, ਭ੍ਰਿਸ਼ਟਾਚਾਰ ਤੇ ਭੇਦਭਾਵ ਦੇ ਮਾਹੌਲ ਤੋਂ ਜਨਤਾ ਨੂੰ ਦਵਾਈ ਰਾਹਤ : ਮੁੱਖ ਮੰਤਰੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)** ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਮੌਜੂਦਾ ਸੂਬਾ ਸਰਕਾਰ ਨੇ ਸੂਬੇ ਵਿਚ ਵਿਵਸਥਾ ਬਦਲਾਅ ਕਰਦੇ ਹੋਏ ਡਰ, ਭ੍ਰਿਸ਼ਟਾਚਾਰ ਅਤੇ ਭੇਦਭਾਵ ਦੇ ਮਾਹੌਲ ਤੋਂ ਜਨਤਾ ਨੂੰ ਰਾਹਤ ਦੇਣ ਦਾ ਕੰਮ ਕੀਤਾ ਹੈ। ਸਾਡੀ ਸਰਕਾਰ ਨੇ ਕਿਸਾਨ, ਮਜਦੂਰ, ਗਰੀਬ ਤੇ ਜਰੂਰਤਮੰਦਾਂ ਸਮੇਤ ਹਰ ਵਰਗ ਦੀ ਭਲਾਈ ਲਈ ਕੰਮ ਕੀਤਾ ਹੈ। ਹਰਿਆਣਾ ਦੇ ਪ੍ਰਤੀ ਸਾਡੇ ਸਮਰਪਣ ਭਾਵ ਨਾਲ ਪ੍ਰਾਪਤ ਹੋਣ ਵਾਲੀ ਉਰਜਾ ਲਗਾਤਾਰ ਅਸੀਂ ਸੂਬੇ ਦੀ ਉੱਨਤੀ ਅਤੇ ਜਨ-ਜਨ ਦੇ ਕੰਮ ਕਰਨ ਲਈ ਪ੍ਰੇਰਿਤ ਕਰਦੀ ਹੈ। ਮੁੱਖ ਮੰਤਰੀ ਯਮੁਨਾ ਨਗਰ ਦੇ ਪਿੰਡ ਪ੍ਰਤਾਪ ਨਗਰ (ਖਿਜਰਾਵਾਦ) ਵਿਚ ਪ੍ਰਬੰਧਿਤ ਜਨਸੰਵਾਦ ਪ੍ਰੋਗ੍ਰਾਮ ਵਿਚ ਲੋਕਾਂ ਦੀ ਸਮਸਿਆਵਾਂ ਨੂੰ ਸੁਨਣ ਦੌਰਾਨ ਸਿੱਧਾ ਸੰਵਾਦ ਕਰ ਰਹੇ ਸਨ। ਪ੍ਰੋਗ੍ਰਾਮ ਵਿਚ ਪਹੁੰਚਣ 'ਤੇ ਮੁੱਖ ਮੰਤਰੀ ਨੇ ਸੈਲਫ ਹੈਲਪ ਗਰੁੱਪ ਦੀ ਮਹਿਲਾਵਾਂ ਵੱਲੋਂ ਤਿਆਰ ਕੀਤੇ ਗਏ ਉਤਪਾਦਾਂ ਦਾ ਅਵਲੋਕਨ ਕੀਤਾ ਅਤੇ ਰੈਡ ਕ੍ਰਾਸ ਸੋਸਾਇਟੀ ਵੱਲੋਂ ਟਰਾਈ ਸਾਈਕਲ ਵੀ ਵੰਡੇ। ਸਰਕਾਰ ਨੇ ਪਰਵਾਰ ਪਹਿਚਾਣ ਪੱਤਰ ਰਾਹੀਂ ਲੋਕਾਂ ਨੂੰ ਆਨਲਾਇਨ ਪ੍ਰਣਾਲੀ ਦਾ ਲਾਭ ਦਿੰਦੇ ਹੋਏ ਘਰ ਬੈਠੇ ਬੁਢਾਪਾ ਪੈਂਸ਼ਨ ਸਮੇਤ ਤਮਾਮ ਯੋਜਨਾਵਾਂ ਦਾ ਫਾਇਦਾ ਦੇਣ ਦਾ ਕੰਮ ਕੀਤਾ ਹੈ। ਜਨਸੰਵਾਦ ਵਿਚ ਮੁੱਖ ਮੰਤਰੀ ਨੇ ਲੀਲਾ ਦੇਵੀ, ਫੂਲ ਚੰਦ, ਦਿਲਸ਼ਾਦ, ਸੁਨੀਤਾ, ਸ਼ਕੀਲਾ, ਨੂਰ ਹਸਨ, ਅਮਰਨਾਥ, ਚਮਨਲਾਲ, ਅਨਿਲ, ਰਜਿੰਦਰ ਤੇ ਰੂਬਲ ਕੁਮਾਰ ਸਮੇਤ 11 ਲੋਕਾਂ ਨੂੰ ਬੁਢਾਪਾ ਪੈਂਸ਼ਨ ਦੀ ਸੌਗਾਤ ਵੀ ਦਿੱਤੀ ਹੈ। ਉਨ੍ਹਾਂ ਨੇ ਨਾਗਰਿਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਜਿਨ੍ਹਾਂ ਪਰਿਵਾਰਾਂ ਦੀ ਆਮਦਨ 1 ਲੱਖ 80 ਹਜਾਰ ਰੁਪਏ ਤੋਂ ਵੱਧ ਹੈ ਪਰਵਾਰ ਨੈਤਿਕਤਾ ਦੇ ਆਧਾਰ 'ਤੇ ਫਰੀ ਰਾਸ਼ਨ ਦੀ ਸਹੂਲਤ ਨਾ ਲੈਣ ਤਾਂ ਜੋ ਹੋਰ ਪਰਵਾਰਾਂ ਨੂੰ ਫਰੀ ਰਾਸ਼ਨ ਯੋਜਨਾ ਦਾ ਫਾਇਦਾ ਮਿਲ ਸਕੇ। ਇਸ ਮੌਕੇ 'ਤੇ ਡਿਪਟੀ ਕਮਿਸ਼ਨਰ ਕੈਪਟਨ ਮਨੋਜ ਕੁਮਾਰ ਸਮੇਤ ਹੋਰ ਅਧਿਕਾਰੀ ਮੌਜੂਦ ਸਨ।

# ਕਰਨ ਹਸਪਤਾਲ ਬੰਗਾ ਵਿਖੇ ਮੁਫਤ ਮੈਡੀਕਲ ਕੈਂਪ ਲਗਾਇਆ



**ਬਹਿਰਾਮ (ਅਵਤਾਰ ਕਲੇਰ)** ਕਰਨ ਹਸਪਤਾਲ ਬੰਗਾ ਵਿਖੇ ਮੁਫਤ ਮੈਡੀਕਲ ਚੈਕਅੱਪ ਕੈਂਪ ਲਗਾਇਆ ਗਿਆ । ਜਿਸ ਵਿਚ ਪਲਾਸਟਿਕ ਸਰਜਰੀ , ਅੱਖਾਂ ਦੇ ਮਾਹਿਰ ਡਾਕਟਰ, ਜੱਚਾ ਬੱਚਾ , ਸ਼ੂਗਰ, ਬਲੱਡ ਪ੍ਰੈਸ਼ਰ ਤੇ ਹੋਰ ਅਲੱਗ ਅਲੱਗ ਤਰ੍ਹਾਂ ਦੀਆਂ ਬਿਮਾਰੀਆਂ ਦਾ ਮੁਫਤ ਚੈਕਅੱਪ ਕੀਤਾ ਗਿਆ ਅਤੇ ਲੋੜਵੰਦ ਮਰੀਜਾਂ ਨੂੰ ਮੁਫਤ ਦਵਾਈਆਂ ਵੀ ਦਿੱਤੀਆਂ ਗਈਆਂ । ਲੰਗਰ ਵੀ ਲਗਾਇਆ ਗਿਆ। ਇਸ ਮੌਕੇ ਕਰਨ ਹਸਪਤਾਲ ਦੇ ਸੰਚਾਲਕ ਡਾ. ਬਖਸ਼ੀਸ਼ ਸਿੰਘ ਨੇ ਦਸਿਆ ਕਿ ਇਹ ਇਕ ਮੈਗਾ ਕੈਂਪ ਆਯੋਜਿਤ ਕੀਤਾ ਗਿਆ ਜਿਸ ਵਿਚ ਵੱਖ ਵੱਖ ਬਿਮਾਰੀਆਂ ਦਾ ਮੁਫਤ ਚੈਕ ਅੱਪ ਕੀਤਾ ਗਿਆ ਅਤੇ ਲੋੜਵੰਦ ਮਰੀਜਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ । ਇਸ ਕੈਂਪ ਵਿਚ ਵੱਖ ਵੱਖ ਸਪੈਸਲਿਸ਼ਟ ਡਾ. ਬਖਸੀਸ ਸਿੰਘ ( ਐਮ ਐਸ ਜਨਰਲ ਸਰਜਨ) , ਡਾ. ਹਰਵਿੰਦਰ ਸਿੰਘ ( ਲੇਪ੍ਰੋਸਕੋਪਿਕ ਸਰਜਨ) ,ਡਾ. ਚਰਨਜੀਤ ਸਿੰਘ ( ਐਮ ਡੀ ਆਈ ਸਪੈਸਲਿਸ਼ਟ ) ਅਤੇ ਡਾਕਟਰ ਬਲਵੀਰ ਸਿੰਘ ( ਐਮ ਬੀ ਬੀ ਐਸ ) ਸ਼ਾਮਲ ਸਨ।

## ਵਾਤਾਵਰਣ ਨੂੰ ਸ਼ੁੱਧ ਰੱਖਣਾ ਸਾਡੀ ਸਾਰਿਆਂ ਦੀ ਜਿੰਮੇਵਾਰੀ - ਮਨੋਹਰ ਲਾਲ

**ਪੰਚਕੂਲਾ, (ਕ੍ਰਿਸ਼ਨ ਗਰਗ )** - ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ ਦਿੱਲੀ ਐਨਸੀਆਰ ਵਿਚ ਪ੍ਰਦੂਸ਼ਣ ਦਾ ਮਾਮਲਾ ਰਾਜਨੀਤਿਕ ਵਿਸ਼ਾ ਨਹੀਂ ਹੈ, ਪਰ ਫਿਰ ਵੀ ਕੁੱਝ ਨੇਤਾ ਇਸ 'ਤੇ ਰਾਜਨੀਤੀ ਕਰ ਰਹੇ ਹਨ, ਪਰ ਉਨ੍ਹਾਂ ਨੂੰ ਕੋਈ ਲਾਭ ਨਹੀਂ ਹੋ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਪਰਾਲੀ ਪ੍ਰਬੰਧਨ ਵਿਚ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਨੂੰ ਜੇਕਰ ਹਰਿਆਣਾ ਸਰਕਾਰ ਦੀ ਸਹਾਇਤਾ ਚਾਹੀਦੀ ਹੈ ਤਾਂ ਅਸੀਂ ਸਹਿਯੋਗ ਦੇਣ ਲਈ ਤਿਆਰ ਹਾਂ। ਮੁੱਖ ਮੰਤਰੀ ਪਿੰਜੌਰ ਵਿਚ ਹਾਟ ਏਅਰ ਬੈਲੂਨ ਸਫਾਰੀ ਦੀ ਸ਼ੁਰੂਆਤ ਕਰਨ ਬਾਅਦ ਪੱਤਰਕਾਰਾਂ ਨਾਲ ਗਲਬਾਤ ਕਰ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਵਿਚ ਪਰਾਲੀ ਜਲਾਉਣ ਦੀ ਘਟਨਾਵਾਂ ਵਿਚ ਕਾਫੀ ਕਮੀ ਆਈ ਹੈ, ਜਦੋਂ ਕਿ ਪੰਜਾਬ ਵਿਚ ਪਰਾਲੀ ਸਾੜਨ ਦੀਆਂ ਘਟਨਾਵਾਂ ਵੱਧ ਹੈ। ਇਸ ਸੱਮਸਿਆ ਦੇ ਹੱਲ ਲਈ ਸਾਨੂੰ ਸਾਰਿਆਂ ਨੂੰ ਮਿਲ ਕੇ ਕੰਮ ਕਰਨ ਦੀ ਜਰੂਰਤ ਹੈ। ਪਰਾਲੀ ਸਾੜਨ ਦੀਆਂ ਘਟਨਾਵਾਂ ਦੇ ਕਾਰਨ ਪ੍ਰਦੂਸ਼ਣ ਮਾਮਲੇ ਦੇ ਸਬੰਧ ਵਿਚ ਪੁੱਛੇ ਗਏ ਸੁਆਲ ਦਾ ਜਵਾਬ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇਹ ਵਿਸ਼ਾ ਰਾਜਨੀਤੀ ਦਾ ਨਹੀਂ ਹੈ, ਪਰ ਫਿਰ ਵੀ ਕੁੱਝ ਨੇਤਾ ਇਸ 'ਤੇ ਰਾਜਨੀਤੀ ਕਰ ਰਹੇ ਹਨ, ਇਹ ਮੰਦਭਾਗੀ ਹੈ। ਹਰਿਆਣਾ ਵਿਚ ਪਰਾਲੀ ਜਲਾਉਣ ਦੀ ਘਟਨਾਵਾਂ ਵਿਚ ਕਾਫੀ ਕਮੀ ਆਈ ਹੈ, ਜਦੋਂ ਕਿ ਪੰਜਾਬ ਵਿਚ ਪਰਾਲੀ ਜਲਾਉਣ ਦੀ ਘਟਨਾਵਾਂ ਵੱਧ ਹਨ। ਮਨੋਹਰ ਲਾਲ ਨੇ ਕਿਹਾ ਕਿ ਪ੍ਰਦੂਸ਼ਣ ਦੇ ਕਾਰਨ ਅਜਿਹੇ ਹਾਲਾਤ ਹੋ ਗਏ ਹਨ ਕਿ ਕੁੱਝ ਸਥਾਨਾਂ 'ਤੇ ਆਫਿਸ ਅਤੇ ਸਕੂਲ ਬੰਦ ਕਰਨ ਦੀ ਜਰੂਰਤ ਪਈ ਹੈ। ਇਸ ਲਈ ਵਾਤਾਵਰਣ ਅਤੇ ਹਵਾ ਨੂੰ ਸਾਫ ਰੱਖਣਾ ਸਾਡੀ ਜਿਮੇਵਾਰੀ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਦੂਸ਼ਣ ਕੰਟਰੋਲ ਤੇ ਪਰਾਲੀ ਪ੍ਰਬੰਧਨ ਵਿਚ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਨੂੰ ਜੇਕਰ ਹਰਿਆਣਾ ਸਰਕਾਰ ਦੀ ਸਹਾਇਤਾ ਚਾਹੀਦੀ ਹੈ ਤਾਂ ਅਸੀਂ ਸਹਿਯੋਗ ਦੇਣ ਲਈ ਤਿਆਰ ਹਾਂ।

## ਹਰਿਆਣਾ ਸਰਕਾਰ ਨੇ ਨਿਆਂਇਕ ਸ਼ਾਖਾ ਭਰਤੀ ਨਿਯਮਾਂ 'ਚ ਕੀਤੀ ਸੋਧ

**ਚੰਡੀਗੜ੍ਹ, (ਕ੍ਰਿਸ਼ਨ ਗਰਗ )** - ਹਰਿਆਣਾ ਵਿਚ ਨਿਆਂਇਕ ਸ਼ਾਖਾ ਭਰਤੀ ਪ੍ਰਕ੍ਰਿਆ ਦੀ ਕੁਸ਼ਲਤਾ ਅਤੇ ਪਾਰਦਰਸ਼ਤਾ ਵਧਾਉਣ ਲਈ ਹਰਿਆਣਾ ਲੋਕ ਸੇਵਾ ਆਯੋਗ ਅਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸੁਝਾਅ ਦੇ ਬਾਅਦ ਹਰਿਆਣਾ ਸਰਕਾਰ ਨੇ 26 ਅਕਤੂਬਰ, 1951 ਦੇ ਪੰਜਾਬ ਸਰਕਾਰ ਵੱਲੋਂ ਛਪੇ ਨਿਯਮਾਂ ਵਿਚ ਸੋਧ ਕਰਨ ਲਈ ਨੋਟੀਫਿਕੇਸ਼ਨ ਜਾਰੀ ਕੀਤੀ ਹੈ। ਹਰਿਆਣਾ ਦੇ ਮੁੱਖ ਸਕੱਤਰ ਵੱਲੋਂ ਜਾਰੀ ਨੋਟੀਫਿਕੇਸ਼ਨ ਦੇ ਅਨੁਸਾਰ, ਰਾਜ ਸਰਕਾਰ ਇਕ ਚੋਣ ਸਮਿਤੀ ਵੱਲੋਂ ਵਿਸ਼ੇਸ਼ ਭਰਤੀ ਰਾਹੀਂ ਸਿਵਲ ਜੱਜ (ਜੂਨੀਅਰ ਡਿਵੀਜਨ) ਦੇ 174 ਖਾਲੀ ਅਹੁਦਿਆਂ 'ਤੇ ਨਿਯੁਕਤੀ ਕਰੇਗੀ। ਚੋਣ ਸਮਿਤੀ ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਕੰਮ ਕਰ ਰਹੇ ਤਿੰਨ ਸੀਨੀਅਰ ਜੱਜ ਮੈਂਬਰ ਹਰਿਆਣਾ ਦੇ ਐਡਵੋਕੇਟ ਜਨਰਲ, ਹਰਿਆਣਾ ਦੇ ਮੁੱਖ ਸਕੱਤਰ ਅਤੇ ਹਰਿਆਣਾ ਲੋਕ ਸੇਵਾ ਆਯੋਗ ਦੇ ਚੇਅਰਮੈਨ ਨੂੰ ਸ਼ਾਮਿਲ ਕੀਤਾ ਗਿਆ ਹੈ। ਪ੍ਰੀਖਿਆ ਮੁੱਖ ਰੂਪ ਨਾਲ ਤਿੰਨ ਪੜਾਆਂ ਵਿਚ ਪ੍ਰਬੰਧਿਤ ਕੀਤੀ ਜਾਵੇਗੀ। ਜਿਸ ਵਿਚ (1) ਸ਼ੁਰੂਆਤੀ ਪ੍ਰੀਖਿਆ (11) ਮੁੱਖ ਪ੍ਰੀਖਿਆ, ਅਤੇ (1) ਮੌਖਿਕ ਹੋਵੇਗੀ। ਲਿਖਤ ਪ੍ਰੀਖਿਆ ਵਿਚ ਹਿੱਸਾ ਲੈਣ ਲਈ ਯੋਗਤਾ ਦੇ ਆਧਾਰ 'ਤੇ ਇਸ਼ਹਾਰ ਅਹੁਦਿਆਂ ਦੀ ਗਿਣਤੀ ਨਾਲ ਦੱਸ ਗੁਣਾ ਤਕ ਉਮੀਦਵਾਰਾਂ ਨੂੰ ਸ਼ਾਰਟਲਿਸਟ ਕੀਤਾ ਜਾਵੇਗਾ। ਮੁੱਖ ਪ੍ਰੀਖਿਆ ਦੇ ਲਈ ਨਿਰਧਾਰਿਤ ਨੰਬਰ ਪ੍ਰਾਪਤ ਕਰਨ ਲਈ ਉਮੀਦਵਾਰਾਂ ਨੂੰ ਸ਼ੁਰੂਆਤੀ ਪ੍ਰੀਖਿਆ ਵਿਚ ਕੁੱਲ 500 ਨੰਬਰਾਂ ਵਿੱਚੋਂ ਘੱਟੋ ਘੱਟ 150 ਨੰਬਰ ਅਤੇ ਰਾਖਵਾਂ ਸ਼੍ਰੇਣੀ ਦੇ ਉਮੀਦਵਾਰਾਂ ਲਈ 100 ਨੰਬਰ ਪ੍ਰਾਪਤ ਕਰਨ ਹੋਣਗੇ। ਸ਼ੁਰੂਆਤੀ ਪ੍ਰੀਖਿਆ ਦੇ ਨੰਬਰ ਆਖੀਰੀ ਨਤੀਜੇ ਵਿਚ ਨਹੀਂ ਜੋੜੇ ਜਾਣਗੇ।

ਲਿਖਤ ਪੇਪਰਾਂ ਦੇ ਕੁੱਲ ਯੋਗ ਵਿਚ ਉਮੀਦਵਾਰਾਂ ਨੂੰ ਘੱਅ ਤੋਂ ਘੱਟ ਪੰਜਾਹ ਫੀਸਦੀ ਕੁਆਲੀਫਾਇੰਗ ਨੰਬਰ ਪ੍ਰਾਪਤ ਕਰਨ ਵਾਲੇ ਹੀ ਮੌਖਿਕ ਪ੍ਰੀਖਿਆ ਦੇ ਲਈ ਯੋਗ ਹੋਣਗੇ। ਅਨੁਸੂਚਿਤ ਜਾਤੀ, ਪਿਛੜਾ ਵਰਗ, ਸ਼ਰੀਰਿਕ ਰੂਪ ਤੋਂ ਵਿਕਲਾਂਗ ਅਤੇ ਸਾਬਕਾ ਸੈਨਿਕ ਸ਼੍ਰੇਣੀ (ਈਏਸਐਮ ਦੇ ਆਸ਼ਰਿਤਾਂ ਨੂੰ ਛੱਡ ਕੇ) ਦੇ ਉਮੀਦਵਾਰਾਂ ਦੇ ਲਈ ਯੋਗਤਾ ਨੰਬਰ ਪੈਂਤਾਲੀ ਫੀਸਦੀ ਨਿਰਧਾਰਿਤ ਕੀਤੀ ਗਈ ਹੈ।

# ਮੁੱਖ ਮੰਤਰੀ ਨੇ ਪੰਜੌਰ 'ਚ ਕੀਤੀ ਹਾਟ ਏਅਰ ਬੈਲੂਨ ਸਫਾਰੀ ਦੀ ਸ਼ੁਰੂਆਤ

**ਚੰਡੀਗੜ੍ਹ (ਕ੍ਰਿਸ਼ਨ ਗਰਗ )** - ਹਰਿਆਣਾ ਵਿਚ ਵਾਟਰ ਸਪੋਰਟਸ ਗਤੀਵਿਧੀਆਂ ਦੇ ਨਾਲ-ਨਾਲ ਹੁਣ ਸੈਨਾਨੀ ਹਾਟ ਏਅਰ ਬੈਲੂਨ ਸਫਾਰੀ ਦਾ ਵੀ ਮਜਾ ਚੁੱਕ ਸਕਣਗੇ। ਮੁੱਖ ਮੰਤਰੀ ਮਨੋਹਰ ਲਾਲ ਨੇ ਗੇਟ ਵੇ ਆਫ ਹਿਮਾਚਲ ਕਹੇ ਜਾਣ ਵਾਲੇ ਪਿੰਜੌਰ ਵਿਚ ਹਾਟ ਏਅਰ ਬੈਲੂਨ ਸਫਾਰੀ ਦੀ ਸ਼ੁਰੂਆਤ ਕੀਤੀ। ਉਨ੍ਹਾਂ ਨੇ ਖੁਦ ਹਰਿਆਣਾ ਵਿਧਾਨਸਭਾ ਸਪੀਕਰ ਗਿਆਨ ਚੰਦ ਗੁਪਤਾ ਅਤੇ ਸੈਰ-ਸਪਾਟਾ ਮੰਤਰੀ ਕੰਵਰ ਪਾਲ ਦੇ ਨਾਲ ਸੱਭ ਤੋਂ ਪਹਿਲਾਂ ਹਾਟ ਏਅਰ ਬੈਲੂਨ ਸਫਾਰੀ ਦੀ ਸਵਾਰੀ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਪਹਿਲੀ ਸਫਾਰੀ ਦਾ ਤਜਰਬਾ ਬੇਹੱਦ ਚੰਗਾ ਰਿਹਾ ਅਤੇ ਸੁਰੱਖਿਆ ਦੇ ਮੱਦੇਨਜਰ ਵੀ ਇਹ ਕਾਫੀ ਸੁਰੱਖਿਅਤ ਹੈ। ਹਾਟ ਏਅਰ ਬੈਲੂਨ ਸੰਚਾਲਿਤ ਕਰਨ ਵਾਲੀ ਕੰਪਨੀ ਨੇ ਸੁਰੱਖਿਅਤ ਸਰਟੀਫਿਕੇਟ ਪ੍ਰਾਪਤ ਕੀਤੇ ਹੋਏ ਹਨ। ਉਨ੍ਹਾਂ ਨੇ ਕਿਹਾ ਕਿ ਇਸ ਖੇਤਰ ਵਿਚ ਹਾਟ ਏਅਰ ਬੈਲੂਨ ਸਫਾਰੀ ਦੀ ਸ਼ੁਰੂਆਤ ਹੋਣ ਨਾਲ ਨਾ ਸਿਰਫ ਸੈਰ-ਸਪਾਟਾ ਨੂੰ ਪ੍ਰੋਤਸਾਹਨ ਮਿਲੇਗਾ ਸਗੋਂ ਰੁਜਗਾਰ ਦੇ ਮੌਕੇ ਵੀ ਮਿਲਣਗੇ।

ਉਨ੍ਹਾਂ ਨੇ ਕਿਹਾ ਕਿ ਹਰਿਆਣਾ ਵਿਚ ਸੈਰ-ਸਪਾਟਾ ਦੀ ਬਹੁਤ ਸੰਭਾਵਨਾਵਾਂ ਹਨ ਅਤੇ ਸੂਬਾ ਸਰਕਾਰ ਲਗਾਤਾਰ ਸੈਰ-ਸਪਾਟਾ ਵਿਵਹਾਰਕਤਾ ਨੂੰ ਦੇਖਦੇ ਹੋਏ ਸੂਬਾ ਸਰਕਾਰ ਕੰਪਨੀ ਨੂੰ 2 ਸਾਲ ਦੇ ਲਈ ਬੀਜੀਏਫ ਵਜੋ 72 ਲੱਖ ਰੁਪਏ ਦਵੇਗੀ। ਕੰਪਨੀ ਵੱਲੋਂ ਇਸ ਦਾ ਰੇਟ 13 ਹਜਾਰ ਰੁਪਏ ਪ੍ਰਤੀ ਵਿਅਕਤੀ ਪ੍ਰਤੀ ਰਾਇਡ ਨਿਰਧਾਰਿਤ ਕੀਤਾ ਗਿਆ ਹੈ।

ਮਨੋਹਰ ਲਾਲ ਨੇ ਕਿਹਾ ਕਿ ਹਰਿਆਣਾ ਹੁਣ ਵਾਟਰ ਸਪੋਰਟਸ ਅਤੇ ਐਡਵੇਂਚਰ ਖੇਡ ਗਤੀਵਿਧੀਆਂ ਵੱਲ ਵੱਧ ਰਿਹਾ ਹੈ।

ਸਰਕਾਰ ਵੱਲੋਂ ਮੋਰਨੀ ਹਿਲਸ ਦੇ ਕੋਲ ਟਿਕੱਰਤਾਲ ਖੇਤਰ ਵਿਚ ਵੀ ਪੈਰਾਗਲਾਈਡਿੰਗ ਵਾਟਰ ਸਪੋਰਟਸ ਏਕਟੀਵਿਟੀ, ਜੈਟ ਸਕੂਟਰ, ਪੈਰਾ ਸੇਲਿੰਗ ਅਤੇ ਟ੍ਰੈਕਿੰਗ ਵਰਗੀ ਏਡਵੇਂਚਰ ਖੇਡਾਂ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਤੋਂ ਇਲਾਵਾ, ਟ੍ਰੈਕ , ਮਾਊਟੇਨ ਬਾਈਕਿੰਗ ਟ੍ਰੈਕ ਅਤੇ ਕਈ ਹੋਰ ਗਤੀਵਿਧੀਆਂ ਦੀ ਵੀ ਪਹਿਚਾਣ ਕੀਤੀ ਗਈ ਹੈ। ਨਾਲ ਹੀ ਮੋਰਨੀ ਹਿਲਸ ਵਿਚ ਇਕੋ ਟੂਰੀਜਮ ਨੂੰ ਵਧਾਉਣ ਲਈ ਵਨ ਵਿਭਾਗ ਨੂੰ ਵੀ ਜੋੜਿਆ ਗਿਆ ਹੈ। ਇਤਿਹਾਸਕ ਦ੍ਰਿਸ਼ਟੀ ਨਾਲ ਮਹਤੱਵਪੂਰਨ ਰਾਖੀਗੜ੍ਹੀ ਵਿਚ ਵੀ ਮਿਊਜੀਅਮ ਬਣਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ, ਢੋਸੀ ਦੇ ਪਹਾੜ ਨੂੰ ਵੀ ਤੀਰਥ ਸਥਾਨ ਵਜੋ ਵਿਕਸਿਤ ਕੀਤਾ ਜਾ ਰਿਹਾ ਹੈ। ਇੱਥੇ ਰੋਪ-ਵੇ ਦੀ ਸ਼ੁਰੂਆਤ ਕੀਤੀ ਗਈ ਹੈ। ਇੱਥੇ ਚਵਨ ਰਿਸ਼ੀ ਵਰਗੇ ਮਹਾਨ ਤਪਸਵੀ ਹੋਏ ਹਨ। ਇਸ ਮੌਕੇ 'ਤੇ ਏਡੀਜੀਪੀ ਸੀਆਈਡੀ ਅਲੋਕ ਮਿੱਤਲ, ਪੰਚਕੂਲਾ ਦੇ ਡਿਪਟੀ ਕਮਿਸ਼ਨਰ ਸੁਨੀਲ ਸਾਰਵਾਨ, ਡੀਸੀਪੀ ਸੁਮੇਰ ਪ੍ਰਤਾਪ ਸਿੰਘ, ਵਧੀਕ ਡਿਪਟੀ ਕਮਿਸ਼ਨਰ ਸ੍ਰੀਮਤੀ ਵਰਸ਼ਾ ਖੰਗਵਾਲ, ਸਾਬਕਾ ਵਿਧਾਇਕ ਸ੍ਰੀਮਤੀ ਲਤਿਕਾ ਸ਼ਰਮਾ ਸਮੇਤ ਹੋਰ ਅਧਿਕਾਰੀ ਮੌਜੂਦ ਸਨ।

# ਰਜਿੰਦਰ ਸੁਲਤਾਨਵੀ ਨੇ ਭੇਟਾਂ ਰਾਹੀਂ ਸੰਗਤਾਂ ਨੂੰ ਕੀਤਾ ਨਿਹਾਲ



**ਸੁਲਤਾਨਪੁਰ ਲੋਧੀ, ( ਹਨੀ )** ਰੇਲਵੇ ਰੋਡ ਸਥਿਤ ਪੰਜਾਬ ਐਂਡ ਸਿੰਧ ਬੈਂਕ ਦੇ ਨਜ਼ਦੀਕ ਮਾਂ ਚਿੰਤਪੁਰਨੀ ਦਾ 13ਵਾਂ ਸਾਲਾਨਾ ਜਾਗਰਣ ਬੜੀ ਧੂਮਧਾਮ ਅਤੇ ਸ਼ਰਧਾ ਨਾਲ ਕਰਵਾਇਆ ਗਿਆ । ਮਾਂ ਚਿੰਤਪੁਰਨੀ ਦੀ ਜੋਤ ਪ੍ਰਚੰਡ ਕਰਨ ਉਪਰੰਤ ਉੱਘੇ ਭਜਨ ਗਾਇਕ ਰਜਿੰਦਰ ਸੁਲਤਾਨਵੀ, ਅਨੂਪ - ਸਨੀ ਜੀਰੇ ਵਾਲੇ ਆਦਿ ਗਾਇਕਾਂ ਮਹਾਂਮਾਈ ਦੀਆਂ ਭੇਟਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ । ਇਸ ਦੌਰਾਨ ਪਹੁੰਚੇ ਨਗਰ ਕੌਂਸਲ ਦੇ ਪ੍ਰਧਾਨ ਦੀਪਕ ਧੀਰ ਰਾਜੂ, ਨਵਨੀਤ ਚੀਮਾ ਉਪ ਪ੍ਰਧਾਨ, ਅਸ਼ੋਕ ਮੋਗਲਾ ਸਾਬਕਾ ਪ੍ਰਧਾਨ ਨਗਰ ਕੌਂਸਲ, ਤੇਜਵੰਤ ਸਿੰਘ ਸਾਬਕਾ ਚੇਅਰਮੈਨ, ਸੰਜੀਵ ਮਰਵਾਹਾ ਆਦਿ ਨੂੰ ਮੁੱਖ ਸੇਵਾਦਾਰ ਰਾਜ ਕੁਮਾਰ ਰਾਜੂ ਅਤੇ ਕਮੇਟੀ ਮੈਂਬਰਾਂ ਵੱਲੋਂ ਸਨਮਾਨਿਤ ਕੀਤਾ ਗਿਆ । ਇਸ ਮੌਕੇ ਜੁਗਲ ਕਿਸ਼ੋਰ ਕੋਹਲੀ, ਪਵਨ ਕਨੌਜੀਆ ਕੌਂਸਲਰ, ਬਿੰਦੀ ਸਲਪੋਨਾ, ਦਲਬੀਰ ਸਿੰਘ ਬਵੇਜਾ, ਹਰਦਿਆਲ ਸਿੰਘ, ਯੋਗੇਸ਼ ਕੁਮਾਰ, ਵਿਪਨ ਕੁਮਾਰ, ਨਰੇਸ਼ ਕੁਮਾਰ, ਅਸ਼ੋਕ ਕੁਮਾਰ, ਹਰਵਿੰਦਰ ਸਿੰਘ ਟੋਨੀ, ਕੁਲਦੀਪ ਸਿੰਘ ਵਿਰਦੀ, ਅਮਰੀਕ ਸਿੰਘ ਵਿਰਦੀ, ਗੁਰਦੀਪ ਸਿੰਘ, ਨਰਿੰਦਰ ਕੌਰ, ਸਤਵੰਤ ਕੌਰ, ਹਰਲੀਨ ਕੌਰ, ਮੁਸਕਾਨ, ਪਵਲੀਨ ਕੌਰ, ਰਕੇਸ਼ ਨੀਟੂ, ਮੀਨਾਕਸ਼ੀ ਅਰੋੜਾ, ਬਲਵਿੰਦਰ ਕੌਰ, ਬਾਬਾ ਦੇਸਰਾਜ, ਗੁਰਦੀਪ ਸਿੰਘ ਮਿਸਤਰੀ, ਅਸ਼ਵਨੀ ਜੋਸ਼ੀ ਆਦਿ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜਰ ਸਨ ।

# ਦਿਹਾੜੀਦਾਰ ਕਰਮਚਾਰੀਆਂ ਵੱਲੋਂ ਕਾਲੀ ਦੀਵਾਲੀ ਮਨਾਉਣ ਦਾ ਐਲਾਨ



**ਮੋਹਾਲੀ (ਗੁਰਜੀਤ ਬਿੱਲਾ )** ਪੰਜਾਬ ਸਕੂਲ ਸਿੱਖਿਆ ਬੋਰਡ ਦੇ ਡੇਲੀਵੇਜ ਕਰਮਚਾਰੀ ਇਸ ਸਾਲ ਕਾਲੀ ਦੀਵਾਲੀ ਮਨਾਉਣਗੇ। ਇਸ ਸਬੰਧੀ ਦਿਹਾੜੀ ਦਿਹਾੜੀਦਾਰ ਕਰਮਚਾਰੀ ਯੂਨੀਅਨ ਦੀ ਵਿਸ਼ੇਸ ਮੀਟਿੰਗ ਹੋਈ। ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਰਾਜਕੁਮਾਰ ਅਤੇ ਜਨਰਲ ਸਕੱਤਰ ਇੰਦਰਜੀਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 7 ਅਕਤੂਬਰ 2022 8736 ਕੱਚੇ ਮੁਲਾਜਮ ਪੱਕੇ ਕਰਨ ਦਾ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ ਜਿਸ ਰਾਹੀਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ 525 ਕੱਚੇ ਮੁਲਾਜਮਾਂ ਨੂੰ ਪੱਕਾ ਕਰਨ ਦਾ ਐਲਾਨ ਕੀਤਾ ਗਿਆ ਸੀ। ਇਸ ਸਬੰਧੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋ ਇਸ ਨੋਟੀਫਿਕੇਸ਼ਨ ਦੇ ਫੈਸਲੇ ਨੂੰ ਅਡੋਪਟ ਕਰਦੇ ਹੋਏ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੇ 525 ਕੱਚੇ ਮੁਲਾਜਮਾਂ ਤੋਂ ਰੈਗੂਲਰ ਕਰਨ ਸਬੰਧੀ ਸਰਕਾਰ ਵੱਲੋ ਜਾਰੀ ਪ੍ਰੋਫਾਰਮਾ ਭਰਵਾਇਆ ਗਿਆ ਸੀ। ਇਹਨਾਂ ਕਰਮਚਾਰੀਆਂ ਨੂੰ ਰੈਗੂਲਰ ਕਰਨ ਸਬੰਧੀ 7 ਮੈਂਬਰੀ ਕਮੇਟੀ ਦਾ ਗਠਨ ਕੀਤਾ ਸੀ। ਕਮੇਟੀ ਨੂੰ 1 ਸਾਲ ਤੋ ਵੱਧ ਦਾ ਸਮਾਂ ਹੋ ਗਿਆ ਹੈ ਕਮੇਟੀ ਸਿਰਫ ਮੀਟਿੰਗ ਰੱਖਦੀ ਹੈ ਅਤੇ ਕੈਂਸਲ ਕਰਦੀ ਹੈ ਇਸ ਤੋ ਵੱਧ ਹੋਰ ਕੋਈ ਅਜੇ ਤੱਕ ਕਾਰਵਾਈ ਨਹੀਂ ਕੀਤੀ ਹੈ। ਯੂਨੀਅਨ ਵੱਲੋ ਮਾਨਯੋਗ ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਰੈਗੂਲਰ ਕਰਨ ਸਬੰਧੀ ਸਮੇ ਸਮੇ ਤੇ ਸਰਕਾਰ ਨਾਲ ਰਾਬਤਾ ਬਣਾਈ ਰੱਖਿਆ ਅਤੇ ਬੋਰਡ ਮੈਨੇਜਮੈਂਟ ਨਾਲ ਵੀ ਮੀਟਿੰਗਾਂ ਕਰਦੇ ਰਹੇ ਪਰ 525 ਕੱਚੇ ਮੁਲਾਜਮਾਂ ਨੂੰ ਅੱਜ ਤੱਕ ਨਿਯੁਕਤੀ ਪੱਤਰ ਨਹੀ ਦਿੱਤੇ ਗਏ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਡੇਲੀਵੇਜ਼ ਕਰਮਚਾਰੀ ਅੱਜ ਵੀ ਮੁੱਖ ਮੰਤਰੀ ਦੇ ਵੱਲੋਂ ਰੈਗੂਲਰ ਕੀਤੇ ਕਰਮਚਾਰੀ ਨਿਯੁਕਤੀ ਪੱਤਰ ਦੀ ਉਡੀਕ ਵਿੱਚ ਹਨ । ਉਨ੍ਹਾਂ ਐਲਾਨ ਕੀਤਾ ਕੀ ਸਰਕਾਰ ਦੀ ਢਿਲ ਮੱਠ ਦੂਰ ਕਰਨ ਲਈ ਜਿਸ ਦੇ ਰੋਸ ਵੱਜੋ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਡੇਲੀਵੇਜ਼ ਕਰਮਚਾਰੀ ਇਸ ਸਾਲ ਵੀ ਕਾਲੀ ਦੀਵਾਲੀ ਮਨਾਉਣਗੇ ਅਤੇ ਸਰਕਾਰ ਵਿਰੁੱਧ ਰੋਸ ਮੁਜਾਹਰੇ ਵੀ ਕਰਨ ਲਈ ਮਜਬੂਰ ਹੋਣਗੇ। ਇਸ ਮੌਕੇ ਯੂਨੀਅਨ ਦੇ ਪ੍ਰਧਾਨ ਰਾਜ ਕੁਮਾਰ, ਜਨਰਲ ਸਕੱਤਰ ਇੰਦਰਜੀਤ ਸਿੰਘ, ਵਿਕਰਮਜੀਤ ਸਿੰਘ, ਬੂਟਾ ਸਿੰਘ, ਗੁਰਪ੍ਰੀਤ ਸਿੰਘ, ਮਨਦੀਪ ਸਿੰਘ, ਕਰਨ ਸਿੰਘ, ਨਿਰਮਲ ਸਿੰਘ, ਭਗਵੰਤ ਸਿੰਘ, ਨਵਪ੍ਰੀਤ ਸਿੰਘ, ਤੇਜਿੰਦਰ ਸਿੰਘ ਤੋਂ ਇਲਾਵਾ ਮਹਿਲਾ ਕਰਮਚਾਰੀ ਵੀ ਹਾਜਰ ਸਨ।

# ਪੀ ਸੀ ਐੱਮ ਐੱਸ ਡੀ ਕਾਲਜ ਨੇ ਪਹਿਲਾ ਸਥਾਨ ਹਾਸਲ ਕੀਤਾ



**ਜਲੰਧਰ ( ਇਕਬਾਲ ਸਿੰਘ ਉੱਭੀ )** ਪੀ.ਸੀ.ਐਮ.ਐਸ.ਡੀ ਕਾਲਜ ਫਾਰ ਵੂਮੈਨ ਦੇ ਵਿਦਿਆਰਥੀਆਂ ਨੇ ਅੰਤਰ-ਕਾਲਜ ਚੈਂਪੀਅਨਸ਼ਿਪ 2023 ਵਿੱਚ ਪਹਿਲਾ ਸਥਾਨ ਹਾਸਲ ਕੀਤਾ । ਕ੍ਰਿਤਿਕਾ ਠਾਕੁਰ, ਗੁੰਜਨ, ਪ੍ਰੀਤੀ, ਪੱਲਵੀ ਠਾਕੁਰ, ਸਿਮਰਨ ਕੌਰ ਅਤੇ ਭਾਰਤੀ ਹੋਣਹਾਰ ਵਿਦਿਆਰਥੀ ਸਨ ਜਿਨ੍ਹਾਂ ਨੇ ਇਸ ਨੂੰ ਸਿਖਰ 'ਤੇ ਪਹੁੰਚਾਇਆ। ਸਿਖਲਾਈ ਪ੍ਰਤੀ ਉਨ੍ਹਾਂ ਦਾ ਨਿਰੰਤਰ ਸਮਰਪਣ ਅਤੇ ਉੱਤਮਤਾ ਲਈ ਉਨ੍ਹਾਂ ਦੀ ਅਟੁੱਟ ਵਚਨਬੱਧਤਾ ਪੂਰੀ ਚੈਂਪੀਅਨਸ਼ਿਪ ਦੌਰਾਨ ਸਪੱਸ਼ਟ ਸੀ ਕਿਉਂਕਿ ਅਥਲੀਟਾਂ ਨੇ ਇੱਕ ਅਦੁੱਤੀ ਵਿਰਾਸਤ ਨੂੰ ਜੋੜਿਆ ਸੀ। ਇਸ ਮੌਕੇ 'ਤੇ ਪ੍ਰਧਾਨ ਨਰੇਸ਼ ਬੁਧੀਆ , ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ , ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰਾਂ ਅਤੇ ਪ੍ਰਿੰਸੀਪਲ ਡਾ. ਪੂਜਾ ਪਰਾਸ਼ਰ ਨੇ ਅਥਲੀਟਾਂ ਅਤੇ ਸਰੀਰਕ ਸਿੱਖਿਆ ਵਿਭਾਗ ਦੇ ਸਹਾਇਕ ਪ੍ਰੋਫੈਸਰ ਸ੍ਰੀਮਤੀ ਹਰਵਿੰਦਰ ਕੌਰ ਅਤੇ ਸ੍ਰੀਮਤੀ ਮਨਪ੍ਰੀਤ ਕੌਰ ਨੂੰ ਇਸ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਜਿੱਤ ਇਸ ਤਰ੍ਹਾਂ ਖੇਡਾਂ ਦੇ ਖੇਤਰ ਵਿੱਚ ਸ਼ਾਨਦਾਰ ਸਫਲਤਾ ਦੀ ਨਿਰੰਤਰ ਉਮੀਦ ਕਰਦੀ ਹੈ।

# ਸਰਕਾਰ ਵੱਲੋਂ ਵਪਾਰੀ ਵਰਗ ਨੂੰ ਦੀਵਾਲੀ 'ਤੇ ਵੱਡੀ ਰਾਹਤ

**ਜਲੰਧਰ (ਸ਼ੈਲੀ ਐਲਬਰਟ)**-ਦੀਵਾਲੀ ਦੇ ਪਵਿੱਤਰ ਤਿਉਹਾਰ ਮੌਕੇ ਪੰਜਾਬ ਸਰਕਾਰ ਨੇ ਸੂਬੇ ਦੇ ਵਪਾਰੀ ਵਰਗ ਨੂੰ ਵੱਡੀ ਰਾਹਤ ਦਿੰਦਿਆਂ ਵਨ ਟਾਈਮ ਸੈਟਲਮੈਂਟ ਸਕੀਮ (ਓ.ਟੀ.ਐਸ.) ਲਾਗੂ ਕਰਨ ਦਾ ਫੈਸਲਾ ਕੀਤਾ ਹੈ, ਜਿਸ ਨਾਲ ਪੰਜਾਬ ਦੇ ਹਜ਼ਾਰਾਂ ਵਪਾਰੀਆਂ ਅਤੇ ਕਾਰੋਬਾਰੀਆਂ ਨੂੰ ਫਾਇਦਾ ਹੋਵੇਗਾ ਅਤੇ ਵਪਾਰ ਨੂੰ ਹੁਲਾਰਾ ਮਿਲੇਗਾ। ਪੰਜਾਬ ਟਰੇਡ ਕਮਿਸ਼ਨ ਦੇ ਚੇਅਰਮੈਨ ਅਨਿਲ ਠਾਕੁਰ ਅਤੇ ਜ਼ਿਲ੍ਹਾ ਇੰਚਾਰਜ ਟਰੇਡ ਵਿੰਗ ਜਲੰਧਰ ਇੰਦਰਵੰਸ਼ ਸਿੰਘ ਚੱਢਾ ਨੇ ਇਸ ਸਕੀਮ ਨੂੰ ਲਾਗੂ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਵਪਾਰੀ ਆਪਣੇ ਟੈਕਸ ਸਬੰਧੀ ਮਸਲਿਆਂ ਦੇ ਹੱਲ ਲਈ ਲੰਬੇ ਸਮੇਂ ਤੋਂ ਯਕਮੁਸ਼ਤ ਨਿਪਟਾਰਾ ਸਕੀਮ ਦੀ ਮੰਗ ਕਰ ਰਹੇ ਸਨ, ਪਰ ਪਿਛਲੀਆਂ ਸਰਕਾਰਾਂ ਨੇ ਵਪਾਰੀਆਂ ਨੂੰ ਕੋਈ ਰਾਹਤ ਨਹੀਂ ਦਿੱਤੀ, ਸਗੋਂ ਆਮ ਆਦਮੀ ਪਾਰਟੀ ਦੀ ਸਰਕਾਰ ਨਾਲ ਮੀਟਿੰਗ ਕੀਤੀ। ਵਪਾਰੀਆਂ ਅਤੇ ਉਨ੍ਹਾਂ ਦੀ ਰਾਏ ਲਈ। ਇਸ ਅਨੁਸਾਰ ਵਿਉਂਤਬੰਦੀ ਕੀਤੀ ਗਈ ਹੈ, ਜੋ ਆਪਣੇ ਆਪ ਵਿੱਚ ਇੱਕ ਮਿਸਾਲ ਹੈ। ਇਸ ਸਕੀਮ ਬਾਰੇ ਜਾਣਕਾਰੀ ਦਿੰਦਿਆਂ ਚੇਅਰਮੈਨ ਅਨਿਲ ਠਾਕੁਰ ਨੇ ਦੱਸਿਆ ਕਿ ਯਕਮੁਸ਼ਤ ਨਿਪਟਾਰਾ ਸਕੀਮ ਤਹਿਤ ਡਾ. 'ਡਿਊ ਰਿਕਵਰੀ ਸਕੀਮ-2023' ਜੀਐਸਟੀ ਦੇ ਬਕਾਏ ਦਾ ਨਿਪਟਾਰਾ ਕਰਨ ਲਈ ਲਾਗੂ ਕੀਤੀ ਗਈ ਹੈ, ਜਿਸ ਵਿੱਚ ਵਪਾਰੀਆਂ ਨੂੰ 1 ਲੱਖ ਰੁਪਏ ਤੱਕ ਦਾ ਬਕਾਇਆ ਮੁੱਲ ਜੋੜਿਆ ਟੈਕਸ (ਵੈਟ) ਮੁਆਫ ਕਰ ਦਿੱਤਾ ਗਿਆ ਹੈ, ਜਦੋਂ ਕਿ 1 ਲੱਖ ਤੋਂ 1 ਕਰੋੜ ਰੁਪਏ ਤੱਕ ਦੇ ਬਕਾਏ ਮੁਆਫ ਕੀਤੇ ਗਏ ਹਨ। 50 ਫੀਸਦੀ ਤੱਕ ਦੀ ਛੋਟ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਓ.ਟੀ.ਐਸ ਸਕੀਮ 15 ਨਵੰਬਰ, 2023 ਤੋਂ ਲਾਗੂ ਹੋਵੇਗੀ ਅਤੇ 15 ਮਾਰਚ, 2024 ਤੱਕ ਲਾਗੂ ਰਹੇਗੀ ਅਤੇ ਜਿਹੜੇ ਟੈਕਸਦਾਤਾਵਾਂ ਦਾ ਟੈਕਸ, ਜੁਰਮਾਨਾ ਅਤੇ ਵਿਆਜ 31 ਮਾਰਚ, 2023 ਤੱਕ 1 ਕਰੋੜ ਰੁਪਏ ਤੱਕ ਬਕਾਇਆ ਹੈ, ਉਹ ਇਸ ਸਕੀਮ ਤਹਿਤ ਅਪਲਾਈ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਓ.ਟੀ.ਐਸ ਸਕੀਮ ਤਹਿਤ 1 ਲੱਖ ਰੁਪਏ ਤੱਕ ਦੇ ਬਕਾਏ ਵਾਲੇ ਕੇਸਾਂ ਵਿੱਚ ਮੁਕੰਮਲ ਮੁਆਫੀ ਦਿੱਤੀ ਜਾਵੇਗੀ, ਜਿਸ ਨਾਲ 39787 ਵਪਾਰੀਆਂ ਨੂੰ ਰਾਹਤ ਮਿਲੇਗੀ ਅਤੇ ਇਸੇ ਤਰ੍ਹਾਂ ਲਗਭਗ 19361 ਕੇਸਾਂ ਵਿੱਚ 100 ਫੀਸਦੀ ਵਿਆਜ, 100 ਫੀਸਦੀ ਜੁਰਮਾਨਾ ਅਤੇ 50 ਫੀਸਦੀ ਟੈਕਸ ਰਾਸ਼ੀ ਮਿਲੇਗੀ। ਇਸ ਤਰ੍ਹਾਂ ਸੱਠ ਹਜਾਰ ਤੋਂ ਵੱਧ ਕਾਰੋਬਾਰੀਆਂ ਅਤੇ ਵਪਾਰੀਆਂ ਨੂੰ ਫਾਇਦਾ ਹੋਵੇਗਾ। ਚੇਅਰਮੈਨ ਅਨਿਲ ਠਾਕੁਰ ਅਤੇ ਡੀ.ਆਈ. ਵਪਾਰ ਵਿੰਗ ਇੰਦਰਵੰਸ਼ ਸਿੰਘ ਚੱਢਾ ਨੇ ਵਪਾਰੀਆਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਭਰੋਸਾ ਕਰਕੇ ਸੂਬੇ 'ਚ ਆਪਣਾ ਨਵਾਂ ਕਾਰੋਬਾਰ ਸਥਾਪਿਤ ਕਰਨ, ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਉਨ੍ਹਾਂ ਦਾ ਹਰ ਤਰ੍ਹਾਂ ਨਾਲ ਸਮਰਥਨ ਕਰਨ ਲਈ ਵਚਨਬੱਧ ਹੈ।

# ਨਡਾਲਾ ਸਕੂਲ ਦੇ ਵਿਦਿਆਰਥੀਆਂ ਨੇ ਕੀਤਾ ਕਾਲਜ ਦਾ ਦੌਰਾ



**ਕਰਤਾਰਪੁਰ (ਹਰਮੇਸ਼ ਦੱਤ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਮਾਤਾ ਗੁਜਰੀ ਖ਼ਾਲਸਾ ਕਾਲਜ ਕਰਤਾਰਪੁਰ ਵਿਖੇ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਦੀ ਦੇਖ-ਰੇਖ ਹੇਠ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਸੀ.ਸੈ. ਸਕੂਲ, ਨਡਾਲਾ ਦੇ ਮੈਡਮ ਰੁਪਿੰਦਰ ਕੌਰ ਦੀ ਅਗਵਾਈ ਹੇਠ ਵਿਦਿਆਰਥੀਆਂ ਦੁਆਰਾ ਵਿਦਿਅਕ ਟੂਰ ਅਧੀਨ ਕਾਲਜ ਦਾ ਦੌਰਾ ਕੀਤਾ ਗਿਆ। ਜਿਸ ਅਧੀਨ ਵਿਦਿਆਰਥੀਆਂ ਨੂੰ ਡਾ. ਸੁਚੇਤਾ ਰਾਣੀ ਦੁਆਰਾ ਪੀ.ਪੀ.ਟੀ. ਦਿਖਾ ਕੇ ਕਾਲਜ ਬਾਰੇ ਅਤੇ ਕਾਲਜ ਵਿਚ ਚੱਲ ਰਹੇ ਵੱਖ-ਵੱਖ ਕੋਰਸਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ। ਇਸ ਮੌਕੇ ਵਿਦਿਆਰਥੀਆਂ ਨੂੰ ਵੱਖ-ਵੱਖ ਲੈਬਜ਼ ਦਿਖਾ ਕੇ ਉਹਨਾਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਗਈ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਨੇ ਸਕੂਲ ਤੋਂ ਆਏ ਸਟਾਫ਼ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿਚ ਵੀ ਇਹੋ ਜਿਹੇ ਵਿਦਿਅਕ ਟੂਰ ਲਿਆਉਣ ਲਈ ਉਹਨਾਂ ਨੂੰ ਖੁੱਲਾ ਸੱਦਾ ਦਿੱਤਾ।

# ਬਿਨਪਾਲਕੇ ਦੀਆਂ ਲੜਕੀਆਂ ਨੇ ਗੋਲਡ ਮੈਡਲ ਜਿੱਤਿਆ

**ਭੋਗਪੁਰ:- (ਗੁਰਪ੍ਰੀਤ ਸਿੰਘ ਭੋਗਪੁਰ)**-ਬੀਤੇ ਦਿਨਾਂ ਤੋਂ ਚੱਲ ਰਹੇ ਜ਼ਿਲ੍ਹਾ ਪੱਧਰੀ ਟੂਰਨਾਮੈਂਟ ਵਿੱਚ ਪਿੰਡ ਬਿਨਪਾਲਕੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੀਆਂ ਲੜਕੀਆਂ ਦੀ ਟੀਮ ਨੇ ਹਿੱਸਾ ਲਿਆ ਅਤੇ ਉਸ ਵਿੱਚੋਂ ਗੋਲਡ ਮੈਡਲ ਦਾ ਪਹਿਲਾ ਇਨਾਮ ਜਿੱਤਿਆ। ਜਿਸ ਨਾਲ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ



ਹੈ। ਇਸ ਮੌਕੇ ਸਕੂਲ ਇੰਚਾਰਜ ਮੈਡਮ ਗੁਰਪ੍ਰੀਤ ਕੌਰ ਨੇ ਕੁਝ ਖਾਸ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਦੱਸਿਆ ਕਿ ਸਰਕਾਰੀ ਪ੍ਰਾਇਮਰੀ ਸਕੂਲ ਬਿਨਪਾਲਕੇ ਦੇ 8 ਲੜਕੀਆਂ (ਖਿਡਾਰੀਆਂ) ਨੇ ਹਿੱਸਾ ਲਿਆ। ਜਿਸ ਵਿੱਚ 4 ਖਿਡਾਰੀ ਆਦਮਪੁਰ ਦੇ ਸਨ ਤੇ ਇਹਨਾਂ ਬੱਚਿਆਂ ਨੇ ਬਹੁਤ ਵਧੀਆ ਪ੍ਰਦਰਸਨ ਕਰ ਸਕੂਲ ਦਾ ਨਾਂਅ ਰੌਸ਼ਨ ਕੀਤਾ। ਜਿਸ ਵਿੱਚ 7/0 ਦੇ ਫਰਕ ਦੇ ਨਾਲ ਬੱਚਿਆਂ ਨੇ ਟੀਮ ਵਿੱਚ ਜਿੱਤ ਹਾਸਿਲ ਕੀਤੀ। ਇਸ ਮੌਕੇ ਸਕੂਲ ਇੰਚਾਰਜ ਮੈਡਮ ਗੁਰਪ੍ਰੀਤ ਕੌਰ, ਰਜਨੀ ਸੈਣੀ, ਨਵਨੀਤ ਕੌਰ, ਅਵਤਾਰ ਸਿੰਘ ਬੀ.ਪੀ.ਈ. ਓ ਭੋਗਪੁਰ, ਰਵੀ ਕਾਂਤ ਭੋਗਪੁਰ, ਭੁਪਿੰਦਰ ਸਿੰਘ ਈ.ਟੀ.ਟੀ ਟੀਚਰ ਰਾਸਤਗੋ, ਰਜਿੰਦਰ ਸਿੰਘ ਐਚ. ਟੀ. ਰਾਸਤਗੋ, ਅਰੁਣ ਬਾਲਾ ਜੀ. ਪੀ. ਐਸ. ਚੂਹੜਵਾਲੀ, ਅਤੇ ਸਾਰੇ ਜਲੰਧਰ ਬਲਾਕ ਦੇ ਬੀ. ਪੀ. ਈ. ਓ ਸ਼ਾਮਲ ਸਨ।

# ਜੀਨੀਅਸ ਸਕੂਲ 'ਚ ਸਾਲਾਨਾ ਸਮਾਗਮ 'ਉਡਾਨ' ਸ਼ਾਨਦਾਰ ਢੰਗ ਨਾਲ ਸਮਾਪਤ




**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੋਬੀ)**- ਜੀਨੀਅਸ ਇੰਟਰਨੈਸ਼ਨਲ ਪਬਲਿਕ ਸਕੂਲ ਵਿਖੇ ਸਾਲਾਨਾ ਸਮਾਗਮ ਉਡਾਨ ਸ਼ਾਨਦਾਰ ਢੰਗ ਨਾਲ ਸਮਾਪਤ ਹੋਇਆ। ਜਿਸ ਦਾ ਵਿਸਾ ਸੀ "ਤਾਰੇ ਜਮੀਨ ਪਰ'। ਇਸ ਸਾਲਾਨਾ ਸਮਾਗਮ ਵਿੱਚ ਨਰਸਰੀ ਜਮਾਤ ਦੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਪ੍ਰੋਗਰਾਮ ਪੇਸ਼ ਕੀਤੇ ਗਏ। ਦਿਨੇਸ਼ ਚੱਢਾ (ਐਮ.ਐਲ.ਏ. ਰੋਪੜ), ਇੰਦਰਪਾਲ ਸਿੰਘ ਸਤਿਆਲ (ਐਮ. ਸੀ. ਰੋਪੜ), ਭਾਗ ਸਿੰਘ, ਸੁਖਦੇਵ ਸਿੰਘ (ਮਿਆਪੁਰ), ਚਰਨ ਦਾਸ (ਬਰਦਾਰ) ਮੁੱਖ ਮਹਿਮਾਨ ਵਜੋਂ ਹਾਜਰ ਹੋਏ। ਸਕੂਲ ਮੈਨੇਜਮੈਂਟ ਸੂਬਾ ਭੁਪਿੰਦਰ ਸਿੰਘ ਅਤੇ ਸ੍ਰੀਮਤੀ ਗੁਣਵੰਤ ਕੌਰ ਨੇ ਹਾਜਰੀ ਭਰ ਕੇ ਸਮਾਗਮ ਨੂੰ ਨਿਹਾਲ ਕੀਤਾ। ਕਲਾਸ ਨਰਸਰੀ ਦੇ ਮਾਪਿਆਂ ਨੇ ਭਾਗ ਲਿਆ ਅਤੇ ਆਪਣੇ ਬੱਚਿਆਂ ਦੁਆਰਾ ਪ੍ਰੋਗਰਾਮ ਨੂੰ ਖੁਸ਼ੀ ਨਾਲ ਦੇਖਿਆ। ਵਾਈਸ ਪ੍ਰਿੰਸੀਪਲ ਸ੍ਰੀਮਤੀ ਭੁਪਿੰਦਰ ਕੌਰ ਨੇ ਮੁੱਖ ਮਹਿਮਾਨ ਅਤੇ ਹਾਜਰ ਸਾਰੇ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਅਧਿਆਪਕਾ ਸ੍ਰੀਮਤੀ ਵੰਦਨਾ ਵਰਮਾ ਨੂੰ 10 ਅਤੇ 10 ਸਾਲ ਤੋਂ ਵੱਧ ਸੇਵਾਵਾਂ ਪੂਰੀਆਂ ਕਰਨ ਬਦਲੇ ਲਾਇਲਟੀ ਐਵਾਰਡ ਦਿੱਤਾ ਗਿਆ। ਸਕੂਲ ਦੀ ਡਾਇਰੈਕਟਰ ਸ੍ਰੀਮਤੀ ਗੁਰਪ੍ਰੀਤ ਮਾਥੁਰ ਨੇ ਸਮਾਗਮ ਵਿੱਚ ਹਾਜਰ ਸਮੂਹ ਮਾਪਿਆਂ ਅਤੇ ਮਹਿਮਾਨਾਂ ਦੇ ਸਨਮੁੱਖ ਸਕੂਲ ਦੀ ਸਾਲਾਨਾ ਰਿਪੋਰਟ ਪੇਸ਼ ਕੀਤੀ।

## ਰੈੱਡ ਕਰਾਸ ਸਕੂਲ 'ਚ ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚਿਆਂ ਨਾਲ ਮਨਾਇਆ ਦੀਵਾਲੀ ਦਾ ਤਿਉਹਾਰ

**ਨਵਾਂਸ਼ਹਿਰ (ਮਨੋਜ ਲਾਡੀ)**-ਤਾਰਾ ਸਿੰਘ ਕਾਹਮਾ ਰੈਡ ਕਰਾਸ ਸਪੈਸ਼ਲ ਸਕੂਲ ਨਵਾਂਸ਼ਹਿਰ ਵਿਖੇ ਦੀਵਾਲੀ ਦੇ ਤਿਉਹਾਰ ਸਬੰਧੀ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਦੌਰਾਨ ਬੱਚੀ ਸਿਮਰਨ ਨੇ ਸੋਲੋ ਡਾਂਸ, ਦਿਕਸ਼ਾ, ਸਹਿਜਦੀਪ, ਗੁਰਲੀਨ ਕੌਰ, ਮਨੀਸ਼ਾ ਚੋਪੜਾ, ਮਾਨਸੀ ਸਿੰਘ, ਹਰਸ਼ਦੀਪ ਰਣਦੀਪ ਸਿੰਘ, ਵਰੁਣ ਕੁਮਾਰ, ਚੰਦਨ ਕੁਮਾਰ, ਸਰਬਜੀਤ ਸਿੰਘ ਨੇ ਫੈਸ਼ਨ ਸ਼ੋਅ ਵਿੱਚ ਭਾਗ ਲਿਆ। ਇਸ ਤੋਂ ਇਲਾਵਾ ਹੋਰ ਬੱਚਿਆਂ ਨੇ ਵੀ ਸਭਿਆਚਾਰ ਪ੍ਰੋਗਰਾਮ ਪੇਸ਼ ਕਰਕੇ ਦਰਸ਼ਕ ਝੂਮਣ ਲਾਏ। ਅਜ਼ਾਦ ਰੰਗ ਮੰਚ ਫਗਵਾੜਾ ਵਲੋਂ ਬੇਟੀ ਬਚਾਓ ਬੇਟੀ ਪੜ੍ਹਾਓ ਅਤੇ ਸ਼ਹੀਦ-ਏ.ਆਜ਼ਮ ਭਗਤ ਸਿੰਘ ਦੇ ਜੀਵਨ 'ਤੇ ਕੋਰੀਓਗ੍ਰਾਫੀ ਪੇਸ਼ ਕੀਤੀ। ਬੱਚਿਆਂ ਦੀ ਅਜਿਹੀ ਪ੍ਰੋਫਾਰਮੈਂਸ ਦੇਖ ਕੇ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਅਧਿਆਪਕਾਂ ਦੀ ਸਖਤ ਮਿਹਨਤ 'ਤੇ ਉਨ੍ਹਾਂ ਦੀ ਸ਼ਲਾਘਾ ਕੀਤੀ ਅਤੇ ਸਾਰਿਆਂ ਨੂੰ ਦਿਵਾਲੀ ਦੀਆਂ ਮੁਬਾਰਕਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਅਜ਼ਾਦ ਰੰਗ ਮੰਗ ਵਲੋਂ ਸੋਸ਼ਲ ਮੈਸੇਜ ਦਿੱਤਾ ਗਿਆ, ਇਹੋ ਜਿਹੇ ਸ਼ੋਅ ਪਿੰਡ ਪੱਧਰ 'ਤੇ ਵੀ ਜ਼ਰੂਰ ਹੋਣੇ ਚਾਹੀਦੇ ਹਨ। ਇਸ ਮੌਕੇ 'ਤੇ ਪੰਜਾਬ ਗੁੱਡ ਗਵਰਨੈਂਸ ਫੈਲੋ ਸੰਜਨਾ ਸਕਸੈਨਾ, ਗੁਰਚਰਨ ਅਰੋੜਾ, ਰਾਮ ਰਤਨ , ਪਰਮਿੰਦਰ ਕਿਤਨਾ, ਸੁਰਜੀਤ ਕੌਰ, ਗੁਰਚਰਨ ਸਿੰਘ, ਬੀਬਾ ਕੁਲਵੰਤ ਅਜ਼ਾਦ ਰੰਗ ਮੰਗ, ਏ.ਐਸ.ਆਈ ਪ੍ਰਵੀਨ ਕੁਮਾਰ ਸੁਰਜੀਤ ਕੌਰ, ਨਛੱਤਰ ਕੌਰ, ਪ੍ਰਿਯੰਕਾ, ਬਲਜੀਤ ਕੌਰ ,ਸ਼ੇਵਤਾ ਰਾਣੀ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

# ਜ਼ਿਲ੍ਹਾ ਟਾਸਕ ਫੋਰਸ ਨੇ ਸੇਫ ਸਕੂਲ ਵਾਹਨ ਪਾਲਸੀ ਤਹਿਤ ਸਕੂਲੀ ਬੱਸਾਂ ਦੀ ਕੀਤੀ ਚੈਕਿੰਗ



**ਹੁਸ਼ਿਆਰਪੁਰ, : (ਓ ਪੀ ਰਾਣਾ )**-ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਡਾ. ਹਰਪ੍ਰੀਤ ਕੌਰ ਨੇ ਦੱਸਿਆ ਕਿ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲ ਮੁਖੀਆਂ ਨੂੰ ਸਕੂਲੀ ਬੱਚਿਆਂ ਦੀ ਸੁਰੱਖਿਆ ਨੂੰ ਮੁੱਖ ਪਹਿਲ ਦਿੰਦੇ ਹੋਏ ਬੱਸਾਂ ਦੇ ਸਾਰੇ ਨਿਯਮਾਂ ਦੀ ਪਾਲਣਾ ਕਰਨੀ ਜਰੂਰੀ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਸਕੂਲੀ ਬੱਸਾਂ ਦੀ ਚੈਕਿੰਗ ਕੀਤੀ ਗਈ। ਜਿਸ ਦੌਰਾਨ ਬਚਪਨ ਪਲੇਅ ਸਕੂਲ, ਕਿਡਜੀ ਪ੍ਰੀ ਸਕੂਲ, ਬੀ.ਆਰ. ਸੈਨਿਕ ਸਕੂਲ ਰਾਮ ਕਲੋਨੀ ਕੈਂਪ ਅਤੇ ਸੇਂਟ ਜੋਸਫ ਕਾਨਵੈਂਟ ਸਕੂਲ ਰਾਮ ਕਲੋਨੀ ਕੈਂਪ ਵਿਖੇ ਬੱਸਾਂ ਨੂੰ ਚੈਕ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਚੈਕਿੰਗ ਦੌਰਾਨ ਬੱਸਾਂ ਦੇ ਪਰਮਿਟ, ਫਸਟ ਏਡ ਕਿੱਟ, ਲੇਡੀ ਅਟੈਂਡੈਂਟ, ਪਾਸਿੰਗ, ਸਪੀਡ ਗਵਰਨਰ, ਐਮਰਜੈਂਸੀ ਐਗਜਿਟ ਡੋਰ, ਅੱਗ ਬੁਝਾਊ ਯੰਤਰ, ਸੀ.ਸੀ.ਟੀ.ਵੀ ਕੈਮਰੇ, ਵਿਦਿਆਰਥੀਆਂ ਦੇ ਬੈਠਣ ਦੀ ਸਮਰੱਥਾ ਆਦਿ ਦੀ ਜਾਂਚ ਕੀਤੀ ਗਈ। ਇਸ ਦੌਰਾਨ ਜਿਨ੍ਹਾਂ ਸਕੂਲੀ ਬੱਸਾਂ ਵਿਚ ਕਮੀਆਂ ਪਾਈਆਂ ਗਈਆਂ, ਉਨ੍ਹਾਂ ਦੇ ਚਲਾਨ ਵੀ ਕੱਟੇ ਗਏ।

ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਹਰਪ੍ਰੀਤ ਕੌਰ ਨੇ ਦੱਸਿਆ ਕਿ ਇਸ ਟਾਸਕ ਫੋਰਸ ਵਿਚ ਉਨ੍ਹਾਂ ਤੋਂ ਇਲਾਵਾ ਖੇਤਰੀ ਟਰਾਂਸਪੋਰਟ ਅਥਾਰਟੀ ਤੋਂ ਰਵਿੰਦਰ ਸਰਮਾ, ਸਕੂਲ ਸਿੱਖਿਆ ਵਿਭਾਗ ਤੋਂ ਪ੍ਰਿੰਸੀਪਲ ਭਾਰਤ ਭੂਸ਼ਣ, ਪੁਲਸ ਵਿਭਾਗ ਤੋਂ ਏ.ਐਸ.ਆਈ ਕਮਲਜੀਤ ਸਿੰਘ ਅਤੇ ਕਾਨੂੰਨੀ ਅਫਸਰ ਸੁਖਜਿੰਦਰ ਸਿੰਘ ਵੀ ਸ਼ਾਮਿਲ ਸਨ। ਬਾਲ ਸੁਰੱਖਿਆ ਅਫਸਰ ਨੇ ਦੱਸਿਆ ਕਿ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਸ਼ਰਤਾਂ ਪੂਰੀਆਂ ਨਾ ਕਰਨ ਵਾਲੀਆਂ ਬੱਸਾਂ ਨਾਲ ਅਕਸਰ ਕੋਈ ਨਾ ਕੋਈ ਹਾਦਸਾ ਵਾਪਰਨ ਦਾ ਖਤਰਾ ਬਣਿਆ ਰਹਿੰਦਾ ਹੈ। ਇਸ ਮੌਕੇ ਟਾਸਕ ਫੋਰਸ ਵੱਲੋਂ ਦੱਸਿਆ ਗਿਆ ਕਿ ਇਹ ਕਵਾਇਦ ਪੂਰੇ ਜ਼ਿਲ੍ਹੇ ਵਿਚ ਲਗਾਤਾਰ ਚਲਾਈ ਜਾਵੇਗੀ। ਟਾਸਕ ਫੋਰਸ ਵੱਲੋਂ ਸਾਰੇ ਸਕੂਲਾਂ ਨੂੰ ਹਦਾਇਤ ਕੀਤੀ ਗਈ ਕਿ ਉਹ ਸਾਰੇ ਬੱਸਾਂ ਦੇ ਡਰਾਈਵਰਾਂ ਦਾ ਸਮੇਂ ਸਿਰ ਮੈਡੀਕਲ ਚੈਕਅੱਪ ਕਰਵਾਉਣ, ਡਰਾਈਵਰ ਅਤੇ ਅਟੈਂਡੈਂਟ ਆਪਣੀ ਵਰਦੀ ਜਰੂਰ ਪਾਉਣ, ਬੱਸਾਂ ਵਿਚ ਸਫਰ ਕਰਨ ਵਾਲੇ ਛੋਟੇ ਬੱਚਿਆਂ ਦਾ ਖਾਸ ਖਿਆਲ ਰੱਖਣ ਅਤੇ ਸਕੂਲੀ ਬੱਸਾਂ ਵਿਚ ਜੋ ਵੀ ਕਮੀਆਂ ਪਾਈਆਂ ਜਾਣ, ਉਨ੍ਹਾਂ ਨੂੰ ਤੁਰੰਤ ਠੀਕ ਕੀਤਾ ਜਾਵੇ।

# ਬੱਚਿਆਂ ਨੇ ਬੂਟੇ ਲਗਾ ਕੇ ਦੀਵਾਲੀ ਮਨਾਈ



**ਫਿਲੌਰ ( ਨਿਰਮਲ )** ਵੱਧ ਰਹੇ ਪ੍ਰਦੂਸ਼ਨ ਅਤੇ ਆ ਰਹੀ ਦਿਵਾਲੀ ਨੂੰ ਹਰੀ ਬਨਾਉਣ ਤਹਿਤ ਸ਼੍ਰੀ ਦਸਮੇਸ਼ ਕਾਨਵੈਂਟ ਸਕੂਲ ਅੱਟੀ ਦੇ ਬੱਚਿਆਂ ਨੇ ਕਰੀਬ 300 ਬੂਟੇ ਲਗਾ ਕੇ ਜਨਤਾ ਨੂੰ ਆਪਣਾ ਵਾਤਾਵਰਣ ਸਾਫ਼ ਸੁਥਰਾ ਬਨਾਉਣ ਦਾ ਸੰਦੇਸ਼ ਦਿੱਤਾ । ਇਸ ਮੌਕੇ ਸਕੂਲ ਪ੍ਰਬੰਧਕ ਚਰਨਜੀਤ ਸਿੰਘ ਨੇ ਦੱਸਿਆ ਕਿ ਲੋੜ ਹੈ ਸਮੇਂ ਦੇ ਨਾਲ-ਨਾਲ ਅਧੁਨਿਕ ਵਿਧੀਆਂ ਅਪਣਾ ਕੇ ਪਰਾਲੀ ਨੂੰ ਨਾ ਸਾੜੀਏ ਅਤੇ ਵੱਧ ਤੋਂ ਵੱਧ ਦਰੱਖਤ ਲਗਾ ਕੇ ਵਾਤਾਵਰਣ ਨੂੰ ਸਾਫ਼ ਸੁਥਰਾ ਰੱਖੀਏ। ਉਨਾਂ ਅੱਗੇ ਕਿਹਾ ਕਿ ਉਨ੍ਹਾਂ ਦਾ ਮੁੱਖ ਮੰਤਵ ਹਰੇਕ ਵਿਦਿਆਰਥੀ ਇੱਕ ਰੁੱਖ ਲਗਾ ਕੇ ਇਸ ਦਿਵਾਲੀ ਨੂੰ ਹਰਾ ਬਣਾਵੇ। ਇਸ ਮੌਕੇ ਬੱਚਿਆਂ ਨੇ ਪਟਾਕੇ ਨਾ ਚਲਾਉਣ ਦਾ ਪ੍ਰਣ ਵੀ ਲਿਆ।

# ਲਾਇਸੰਸਸ਼ੁਦਾ ਥਾਵਾਂ ਤੋਂ ਬਿਨਾਂ ਪਟਾਕੇ ਵੇਚਣ 'ਤੇ ਪਾਬੰਦੀ

**ਜਲੰਧਰ, ( ਸ਼ੈਲੀ ਐਲਬਰਟ)**ਦੀਵਾਲੀ ਦੇ ਮੱਦੇਨਜ਼ਰ ਪਟਾਕਿਆਂ ਨੂੰ ਵੇਚਣ ਅਤੇ ਚਲਾਉਣ ਸਬੰਧੀ ਡਿਪਟੀ ਕਮਿਸ਼ਨਰ ਪੁਲਸ ਜਗਮੋਹਨ ਸਿੰਘ ਵਲੋਂ ਫੌਜ਼ਦਾਰੀ ਜਾਬਤਾ ਸੰਘਤਾ ਦੀ ਧਾਰਾ 144 ਤਹਿਤ ਹੁਕਮ ਕੀਤੇ ਗਏ ਹਨ ਕਿ ਕੋਈ ਵੀ ਵਿਅਕਤੀ ਲਾਇਸੰਸ ਸ਼ੁਦਾ ਥਾਵਾਂ ਤੋਂ ਬਿਨਾਂ ਕਿਤੇ ਵੀ ਪਟਾਕੇ ਨਹੀਂ ਵੇਚੇਗਾ। ਇਸੇ ਤਰ੍ਹਾਂ ਕਮਿਸ਼ਨਰੇਟ ਜਲੰਧਰ ਦੀ ਹਦੂਦ ਅੰਦਰ ਲਾਇਸੈਂਸ਼ੁਦਾ ਦੁਕਾਨਾਂ ਤੋਂ ਬਿਨਾਂ ਕਿਸੇ ਵੀ ਥਾਂ ਪਟਾਕੇ ਨਹੀਂ ਵੇਚੇ ਜਾ ਸਕਣਗੇ। ਡਿਪਟੀ ਕਮਿਸ਼ਨਰ ਪੁਲਸ ਨੇ ਜਾਰੀ ਹੁਕਮਾਂ ਵਿੱਚ ਇਹ ਵੀ ਕਿਹਾ ਹੈ ਕਿ ਸਾਈਲੈਂਸ ਜ਼ੋਨ ਜਿਵੇਂ ਕਿ ਹਸਪਤਾਲਾਂ ਅਤੇ ਵਿੱਦਿਅਕ ਅਦਾਰਿਆਂ ਦੇ ਨੇੜੇ ਆਦਿ ਪਟਾਕੇ ਨਹੀਂ ਚਲਾਏ ਜਾਣਗੇ। ਸੂਚੀ ਪਿੰਡ ਦੀ ਹਦੂਦ ਅਤੇ ਇੰਡੀਅਨ ਆਇਲ ਕਾਰਪੋਰੇਸ਼ਨ, ਭਾਰਤ ਪੈਟਰੋਲੀਅਮ ਅਤੇ ਐਚ.ਪੀ.ਸੀ.ਐਲ. ਦੇ ਪਲਾਂਟਾਂ ਤੋਂ 500 ਗਜ਼ ਦੀ ਦੂਰੀ ਅੰਦਰ ਪਟਾਕੇ ਨਹੀਂ ਚਲਾਏ ਜਾ ਸਕਣਗੇ। ਵਿਦੇਸ਼ੀ ਪਟਾਕਿਆਂ ਜਿਵੇਂ ਕਿ ਖਿਡੌਣਿਆਂ ਅਤੇ ਇਲੈਕਟਰੋਨਿਕ ਚੀਜ਼ਾਂ ਦੀ ਸ਼ਕਲ ਵਾਲੇ ਪਟਾਕਿਆਂ 'ਤੇ ਮੁਕੰਮਲ ਪਾਬੰਦੀ ਹੈ। ਲਾਇਸੰਸ ਹੋਲਡਰ ਨੂੰ ਪਟਾਕਿਆਂ ਦੀ ਲਾਇਸੰਸੀ ਫੈਕਟਰੀ ਜਾਂ ਕੰਪਨੀ ਤੋਂ ਮਨਜ਼ੂਰਸ਼ੁਦਾ ਪਟਾਕੇ ਹੀ ਵੇਚਣ ਦੀ ਪ੍ਰਵਾਨਗੀ ਹੋਵੇਗੀ ਜਦਕਿ ਵਿਦੇਸ਼ੀ ਪਟਾਕਿਆਂ ਦੀ ਇਜਾਜ਼ਤ ਨਹੀਂ ਹੋਵੇਗੀ ਜਿਸ ਨਾਲ ਲੋਕਾਂ ਦੀ ਜਾਨ-ਮਾਲ ਅਤੇ ਸਿਹਤ ਨੂੰ ਸੰਕਟ ਪੈਦਾ ਹੋ ਸਕਦਾ ਹੈ। ਵਿਦੇਸ਼ੀ ਪਟਾਕਿਆਂ ਦੀ ਪਾਬੰਦੀ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ਼ ਢੁਕਵੀਂ ਕਾਰਵਾਈ ਕੀਤੀ ਜਾਵੇਗੀ ਹੁਕਮਾਂ ਅਨੁਸਾਰ ਜੁੜੇ ਹੋਏ ਪਟਾਕਿਆਂ ਜਿਵੇਂ ਕਿ ਲੜੀਆਂ ਆਦਿ ਦੀ ਮੈਨੂਫੈਕਚਰਿੰਗ, ਵਿਕਰੀ ਅਤੇ ਵਰਤੋਂ 'ਤੇ ਵੀ ਮੁਕੰਮਲ ਤੌਰ 'ਤੇ ਪਾਬੰਦੀ ਹੈ ਜਿਸ ਨਾਲ ਵੱਡੇ ਪੱਧਰ 'ਤੇ ਹਵਾ, ਅਵਾਜ਼ ਪ੍ਰਦੂਸ਼ਨ ਅਤੇ ਠੋਸ ਰਹਿੰਦ-ਖੂੰਹਦ ਦੀਆਂ ਸਮੱਸਿਆਵਾਂ ਪੇਸ਼ ਆਉਂਦੀਆਂ ਹਨ। ਲਾਇਸੰਸ ਹੋਲਡਰ ਵਿਦੇਸ਼ੀ ਮੂਲ ਦੇ ਪਟਾਕਿਆਂ ਨੂੰ ਨਾ ਤਾਂ ਰੱਖੇਗਾ ਅਤੇ ਨਾ ਹੀ ਵੇਚੇਗਾ ਅਤੇ ਇਨ੍ਹਾਂ ਨੂੰ ਪ੍ਰਦਰਸ਼ਿਤ ਵੀ ਨਹੀਂ ਕਰੇਗਾ। ਹੁਕਮਾਂ ਵਿੱਚ ਇਹ ਵੀ ਕਿਹਾ ਗਿਆ ਕਿ ਦੀਵਾਲੀ ਵਾਲੇ ਦਿਨਾਂ ਦੌਰਾਨ ਜਦੋਂ ਅਕਸਰ ਇਹ ਪਟਾਕੇ ਚਲਾਏ ਜਾਂਦੇ ਹਨ ਤਾਂ ਇਨ੍ਹਾਂ ਦਾ ਸਮਾਂ ਰਾਤ 8 ਵਜੇ ਤੋਂ ਰਾਤ 10 ਵਜੇ ਤੱਕ ਨਿਰਧਾਰਿਤ ਕੀਤਾ ਗਿਆ ਹੈ। ਕ੍ਰਿਸਮਿਸ ਅਤੇ ਨਵੇਂ ਸਾਲ ਦੀ ਪੂਰਬਲੀ ਸ਼ਾਮ ਦੌਰਾਨ ਪਟਾਕੇ ਰਾਤ 11.55 ਵਜੇ ਤੋਂ 12.30 ਵਜੇ ਤੱਕ ਵਜਾਏ ਜਾ ਸਕਣਗੇ। ਗੁਰਪੁਰਬ ਮੌਕੇ ਪਟਾਕੇ ਚਲਾਉਣ ਦਾ ਨਿਰਧਾਰਿਤ ਸਮਾਂ ਸਵੇਰੇ 4 ਵਜੇ ਤੋਂ 5 ਵਜੇ ਤੱਕ ਅਤੇ ਰਾਤ 9 ਵਜੇ ਤੋਂ ਰਾਤ 10 ਵਜੇ ਤੱਕ ਹੈ।

# 2 ਦਿਨਾ ਸੰਤ ਸੰਮੇਲਨ ਤੇ ਸਮੂਹਿਕ ਆਨੰਦ ਕਾਰਜ 18 ਨੂੰ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ )**- ਡੇਰਾ ਬਾਬਾ ਭਗਤ ਰਾਮ ਜੀ ਨੰਗਲ ਖੂੰਗਾ ਅਤੇ ਮਾਨਵਤਾ ਸੇਵਾ ਸੋਸਾਇਟੀ ਵੱਲੋਂ 18 ਨਵੰਬਰ ਤੋਂ ਪਿੰਡ ਨੰਗਲ ਖੂੰਗਾ ਵਿਖੇ 2 ਦਿਨਾਂ ਕਰਵਾਇਆ ਜਾ ਰਿਹਾ ਸੰਤ ਸੰਮੇਲਨ ਤੇ ਸਮੂਹਿਕ ਆਨੰਦ ਕਾਰਜ ਕਰਵਾਉਣ ਦੀਆਂ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਸੋਸਾਇਟੀ ਦੇ ਪ੍ਰਧਾਨ ਅਵਤਾਰ ਸਿੰਘ ਤਾਰੀ ਦੀ ਅਗਵਾਈ ਵਿੱਚ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਇਲਾਕੇ ਦੀਆਂ ਵੱਖ-ਵੱਖ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਦੇ ਆਗੂਆਂ ਤੋਂ ਇਲਾਵਾ ਡੇਰੇ ਦੇ ਗੱਦੀ ਨਸ਼ੀਨ ਸੰਤ ਨਰੇਸ਼ ਗਿਰੀ ਮਹਾਰਾਜ ਸ਼ਾਮਲ ਹੋਏ ਤੇ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ 18 ਨਵੰਬਰ ਨੂੰ ਡੇਰਾ ਭਗਤ ਰਾਮ ਜੀ ਨੰਗਲ ਖੂੰਗਾ ਵਿਖੇ ਕੀਰਤਨ ਦਰਬਾਰ ਸਜਾਇਆ ਜਾਵੇਗਾ।

19 ਨਵੰਬਰ ਨੂੰ ਸੰਤ ਸੰਮੇਲਨ ਕਰਵਾਇਆ ਜਾਵੇਗਾ। ਇਸ ਦਿਨ ਹੀ ਜਰੂਰਤਮੰਦ ਪਰਵਾਰਾਂ ਦੀ ਲੜਕੀਆਂ ਦੇ ਸਮੂਹਿਕ ਅਨੰਦ ਕਾਰਜ ਕਰਵਾਏ ਜਾਣਗੇ। ਮਾਨਵਤਾ ਸੇਵਾ ਸੋਸਾਇਟੀ ਦੇ ਪ੍ਰਧਾਨ ਅਵਤਾਰ ਸਿੰਘ ਤਾਰੀ ਨੇ ਕਿਹਾ ਕਿ ਇਸ ਸਮਾਗਮ ਦੌਰਾਨ ਸੋਸਾਇਟੀ ਵੱਲੋਂ ਮੁਫਤ ਮੈਡੀਕਲ ਚੈੱਕਅਪ ਅਤੇ ਖੂਨਦਾਨ ਕੈਂਪ ਲਗਾਇਆ ਜਾਵੇਗਾ। ਇਸ ਮੌਕੇ 'ਤੇ ਕੈਸ਼ੀਅਰ ਸਤਪਾਲ ਸਿੰਘ, ਬਲਵਿੰਦਰ ਸਿੰਘ, ਜਸਵੀਰ ਸਿੰਘ, ਗੋਪੀ, ਨਿਰਮਲ ਸਿੰਘ, ਸਤਪਾਲ ਸੱਤਾ, ਨਵਰਾਜ ਦੀਪ ਸਿੰਘ, ਸਰਬਜੀਤ ਸਿੰਘ ਬੱਲੂ, ਪ੍ਰਦੀਪ ਸਿੰਘ ਅਤੇ ਹੋਰ ਹਾਜਰ ਸਨ।

# ਕਿਸਾਨਾਂ ਨੂੰ ਪਰਾਲੀ ਨਾ ਸਾੜਨ ਸੰਬੰਧੀ ਕੀਤਾ ਜਾਗਰੂਕ



**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**- ਜ਼ਿਲ੍ਹਾ ਡਿਪਟੀ ਕਮਿਸ਼ਨਰ ਡਾ ਪ੍ਰੀਤੀ ਯਾਦਵ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਵਿੱਚ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨਾ ਸਾੜਨ ਵਾਰੇ ਜਾਗਰੂਕ ਕਰਨ ਲਈ ਵੱਖ - ਵੱਖ ਟੀਮਾਂ ਬਣਾਈਆਂ ਗਈਆਂ ਹਨ । ਚਮਕੌਰ ਸਾਹਿਬ ਦੇ ਬੇਟ ਇਲਾਕੇ ਨਾਲ ਸਬੰਧਤ ਪਿੰਡਾਂ ਵਿੱਚ ਜ਼ਿਲ੍ਹਾ ਫਕੰਸ਼ਨ ਮੈਨੇਜਰ ਬਲਿੰਦਰ ਸਿੰਘ ਦੀ ਅਗਵਾਈ ਹੇਠ ਬਣਾਈ ਟੀਮ ਵੱਲੋਂ ਬੇਟ ਦੇ 15 ਪਿੰਡਾਂ ਵਿੱਚ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨਾ ਸਾੜਨ ਸਬੰਧੀ ਜਾਗਰੂਕ ਕੀਤਾ । ਜ਼ਿਲ੍ਹਾ ਫਕੰਸ਼ਨ ਮੈਨੇਜਰ ਬਲਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਵੱਲੋਂ ਪਿੰਡ ਟੱਪਰੀਆਂ, ਕੀੜੀ ਅਫਗਾਨਾਂ, ਮਹਿਤੋਤ, ਬਹਿਰਾਮਪੁਰ ਬੇਟ, ਫਤਹਿਪੁਰ, ਕੰਧੋਲਾ, ਕਤਲੌਰ, ਜੰਡ ਸਾਹਿਬ, ਧੌਲਰਾ, ਬਸੀ ਗੁੱਜਰਾਂ, ਕਾਹਨ ਪੁਰ ਅਤੇ ਕੋਟਲਾ ਸੁਰਮੁੱਖ ਸਿੰਘ ਆਦਿ ਪਿੰਡਾਂ ਵਿੱਚ, ਜਿਹੜੇ ਕਿਸਾਨਾਂ ਨੇ ਝੋਨੇ ਦੀ ਪਰਾਲੀ ਨੂੰ ਅੱਗ ਲਗਾਈ , ਉਨ੍ਹਾਂ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਜਾਗਰੂਕ ਕਰਦਿਆਂ ਦੱਸਿਆ ਕਿ ਅੱਗ ਨਾਲ ਧਰਤੀ ਵਿਚਲੇ ਜਿਹੜੇ ਮਿੱਤਰ ਕੀੜੇ ਹੁੰਦੇ ਹਨ, ਉਹ ਵੀ ਅੱਗ ਨਾਲ ਮਰ ਜਾਂਦੇ ਹਨ ਅਤੇ ਅੱਗ ਨਾਲ ਹੀ ਧਰਤੀ ਦੀ ਉਪਜਾਊ ਸ਼ਕਤੀ ਵੀ ਘੱਟ ਜਾਂਦੀ ਹੈ, ਜਿਸ ਕਾਰਨ ਫਸਲ ਦਾ ਝਾੜ ਕਾਫੀ ਘੱਟ ਜਾਂਦਾ ਹੈ ।

ਉਨ੍ਹਾਂ ਦੱਸਿਆ ਕਿ ਜਿਹੜੇ ਕਿਸਾਨਾਂ ਨੇ ਝੋਨੇ ਦੀ ਪਰਾਲੀ ਨੂੰ ਅੱਗ ਨਹੀਂ ਲਗਾਈ , ਉਨ੍ਹਾਂ ਕਿਸਾਨਾਂ ਦਾ ਪ੍ਰਸ਼ਾਸਨ ਵੱਲੋਂ ਧੰਨਵਾਦ ਵੀ ਕੀਤਾ ਗਿਆ । ਇਸ ਮੌਕੇ ਬੀਐਲਈਓ ਬਲਵਿੰਦਰ ਸਿੰਘ ਅਤੇ ਐਚਸੀ ਅਵਤਾਰ ਸਿੰਘ ਆਦਿ ਹਾਜਰ ਸਨ ।

# ਦਿ ਨੋਬੇਲ ਸਕੂਲ ਵਿਖੇ ਇੰਟਰ-ਹਾਊਸ ਸ਼ਤਰੰਜ ਮੁਕਾਬਲਾ



**ਕਰਤਾਰਪੁਰ (ਹਰਮੇਸ਼ ਦੱਤ)** ਦਿ ਨੋਬੇਲ ਸਕੂਲ 'ਚ ਨਿਯਮਤ ਰੂਪ 'ਚ ਗਤੀਵਿਧੀਆਂ ਹੁੰਦੀਆਂ ਰਹਿੰਦੀਆਂ ਹਨ, ਜਿਹਨਾਂ ਦੁਆਰਾ ਵਿਦਿਆਰਥੀ ਕੁਝ ਨਵਾਂ ਸਿੱਖਦੇ ਹਨ ਜੋ ਵਿਦਿਆਰਥੀਆਂ ਦੇ ਮਾਨਸਿਕ, ਸਮਾਜਿਕ, ਸਰੀਰਕ ਵਿਕਾਸ ਨੂੰ ਵੱਲ ਜਾਂਦਾ ਹੈ। ਇਸ ਲੜੀ ਤਹਿਤ ਦਿ ਨੋਬੇਲ ਸਕੂਲ ਵਿਖੇ ਇੰਟਰ-ਹਾਊਸ ਸਤਰੰਜ ਮੁਕਾਬਲੇ ਕਰਵਾਏ ਗਏ। ਇਸ ਮੁਕਾਬਲੇ 'ਚ ਪੰਜਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਇਹ ਮੁਕਾਬਲਾ ਚਾਰ ਹਾਊਸਾਂ-ਰਮਨ, ਟੈਗੋਰ, ਟੇਰੇਸਾ ਅਤੇ ਸੇਨ ਦੇ ਵਿਦਿਆਰਥੀਆਂ ਵਿਚਾਲੇ ਕਰਵਾਇਆ ਗਿਆ। ਇਸ ਮੁਕਾਬਲੇ 'ਚ ਰਮਨ ਹਾਊਸ ਵਿੱਚੋਂ ਤਨਵੀਰ ਕੌਰ, ਸਪਰਸ, ਟੈਗੋਰ ਹਾਊਸ 'ਚੋਂ ਜੋਬਨਪ੍ਰੀਤ ਸਿੰਘ, ਮੌਲਿਕ, ਟੈਰੇਸਾ ਹਾਊਸ 'ਚੋਂ ਗਿਤਿਕਾ ਸਿੰਘ, ਪਾਰਸ਼ਦੀਪ ਸਿੰਘ, ਸੇਨ ਹਾਊਸ 'ਚੋਂ ਗੁਰਸੇਵਕ ਸਿੰਘ, ਜਸਕੀਰਤ ਸਿੰਘ ਨੇ ਭਾਗ ਲਿਆ। ਇਹ ਮੁਕਾਬਲਾ ਤਿੰਨ ਰਾਊਂਡਾਂ 'ਚ ਸਮਾਪਤ ਹੋਇਆ। ਫਾਈਨਲ ਰਾਊਂਡ ਪਾਰਸ਼ਦੀਪ ਸਿੰਘ ਅਤੇ ਗੁਰਸੇਵਕ ਦੇ ਵਿਚਕਾਰ ਹੋਇਆ। ਇਸ 'ਚ ਪਾਰਸ਼ਦੀਪ ਸਿੰਘ ਜੇਤੂ ਰਿਹਾ। ਸਕੂਲ ਦੇ ਚੇਅਰਮੈਨ ਪ੍ਰੋਫੈਸਰ ਸੀ ਐਲ ਕੋਛੜ, ਸਕੂਲ ਦੇ ਮੈਨੇਜਿੰਗ ਡਾਇਰੈਕਟਰ ਇੰਜੀਨੀਅਰ ਕੁਮਾਰ ਸ਼ਿਵ ਕੋਛੜ, ਸਕੂਲ ਦੇ ਪ੍ਰਿੰਸੀਪਲ ਸੰਗੀਤ ਕੁਮਾਰ, ਸਮੂਹ ਅਧਿਆਪਕ ਅਤੇ ਵਿਦਿਆਰਥੀ ਮੌਜੂਦ ਸਨ। ਜੇਤੂ ਰਹੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੰਦੇ ਹੋਏ ਚੇਅਰਮੈਨ ਨੇ ਕਿਹਾ ਕਿ ਇਸ ਤਰ੍ਹਾਂ ਦੇ ਖੇਡ ਮਾਨਸਿਕ ਬੁੱਧੀ ਦਾ ਵਿਕਾਸ ਕਰਦੇ ਹਨ।

# ਪਰਾਲੀ ਸਾੜਨ ਵਿਰੁੱਧ 'ਜ਼ੀਰੋ ਟੋਲਰੈਂਸ' ਨੀਤੀ ਸਖਤੀ ਨਾਲ ਲਾਗੂ ਕਰਨ ਦੇ ਹੁਕਮ




**ਜਲੰਧਰ, ( ਸ਼ੈਲੀ ਐਲਬਰਟ)**- ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਪ੍ਰਤੀ ਜ਼ੀਰੋ ਟੋਲਰੈਂਸ ਨੀਤੀ ਨੂੰ ਅਪਣਾਇਆ ਜਾਵੇ ਅਤੇ ਪੁਲਸ ਕਰਮੀਆਂ ਨਾਲ ਨਾਜ਼ੁਕ ਥਾਵਾਂ 'ਤੇ ਸਾਂਝੇ ਤੌਰ 'ਤੇ ਗਸ਼ਤ ਕੀਤੀ ਜਾਵੇ ਜਦਕਿ ਐਸ.ਐਸ.ਪੀ. ਜਲੰਧਰ (ਦਿਹਾਤੀ) ਮੁਖਵਿੰਦਰ ਸਿੰਘ ਭੁੱਲਰ ਨੇ ਸਾਰੇ ਐਸ.ਐਚ.ਓਜ਼ ਨੂੰ ਆਦੇਸ਼ ਦਿੱਤੇ ਕਿ ਪੁਲਿਸ ਸਟੇਸ਼ਨਾਂ ਤੋਂ ਬਾਹਰ ਆ ਕੇ ਫੀਲਡ ਵਿੱਚ ਸਖਤ ਚੌਕਸੀ ਵਰਤੀ ਜਾਵੇ। ਮਾਨਯੋਗ ਉੱਚ ਅਦਾਲਤ ਦੀਆਂ ਹਦਾਇਤਾਂ ਅਨੁਸਾਰ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਤੋਂ ਸਖ਼ਤੀ ਨਾਲ ਰੋਕਣ ਲਈ ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ. ਵਲੋਂ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਖੇ ਸਾਂਝੇ ਤੌਰ 'ਤੇ ਐਸ.ਡੀ.ਐਮਜ਼, ਡੀ.ਐਸ.ਪੀਜ਼ ਅਤੇ ਐਸ.ਐਚ.ਓਜ਼ ਨਾਲ ਮੀਟਿੰਗ ਕੀਤੀ ਗਈ। ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ 85 ਫੀਸਦ ਝੋਨੇ ਦੀ ਕਟਾਈ ਪਹਿਲਾਂ ਹੀ ਹੋ ਚੁੱਕੀ ਹੈ ਅਤੇ ਹੁਣ ਬਾਕੀ 15 ਫੀਸਦ ਫਸਲ ਦੀ ਕਟਾਈ ਪਿੱਛੋਂ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕਲੱਸਟਰ ਅਫ਼ਸਰਾਂ ਵਲੋਂ ਅਜਿਹੇ ਪਿੰਡਾਂ ਵਿੱਚ ਪੁਲਸ ਕਰਮੀਆਂ ਦੀ ਹਾਜ਼ਰੀ ਵਿੱਚ ਪਹਿਲਾਂ ਹੀ ਦੌਰੇ ਕੀਤੇ ਜਾ ਰਹੇ ਹਨ ਅਤੇ ਝੋਨੇ ਦੀ ਪਰਾਲੀ ਨਾ ਸਾੜਨ ਸਬੰਧੀ ਸੁਨੇਹਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿਵਲ ਅਤੇ ਪੁਲਿਸ ਅਧਿਕਾਰੀਆਂ ਦੀ ਸਾਂਝੇ ਤੌਰ 'ਤੇ ਗਸ਼ਤ ਲੋਕਾਂ ਨੂੰ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਤੋਂ ਅਸਰਦਾਰ ਢੰਗ ਨਾਲ ਰੋਕੇਗੀ। ਉਨ੍ਹਾਂ ਸਪਸ਼ਟ ਕਿਹਾ ਕਿ ਉਲੰਘਣਾ ਕਰਨ ਵਾਲਿਆਂ ਖਿਲਾਫ਼ ਸ਼ਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਿਨ੍ਹਾਂ ਇਲਾਕਿਆਂ ਵਿੱਚ ਅਜੇ ਫ਼ਸਲ ਦੀ ਕਟਾਈ ਕੀਤੀ ਜਾਣੀ ਹੈ ਦੇ ਪਿੰਡਾਂ ਦੇ ਸਰਪੰਚਾਂ ਨਾਲ ਮੀਟਿੰਗਾਂ ਕੀਤੀਆਂ ਜਾਣ ਅਤੇ ਪੈਦਲ ਮਾਰਚ ਵੀ ਕੱਢੇ ਜਾਣ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਗੁਰਦੁਆਰਿਆਂ, ਮੰਦਿਰਾਂ ਤੇ ਹੋਰ ਧਾਰਮਿਕ ਸਥਾਨਾਂ ਤੋਂ ਪਰਾਲੀ ਨਾ ਸਾੜਨ ਸਬੰਧੀ ਅਨਾਊਂਮੈਂਟ ਵੀ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਇਹ ਖੇਤਾਂ ਵਿੱਚ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਵਿੱਚ ਮਦਦਗਾਰ ਸਾਬਿਤ ਹੋਵੇਗਾ। ਇਸ ਮੌਕੇ ਐਸ.ਐਸ.ਪੀ. ਮੁੱਖਵਿੰਦਰ ਸਿੰਘ ਭੁੱਲਰ ਨੇ ਵੀ ਐਸ.ਐਚ.ਓਜ਼ ਨੂੰ ਆਦੇਸ਼ ਦਿੱਤੇ ਕਿ ਅਗਲੇ ਕੁਝ ਦਿਨਾਂ ਦੌਰਾਨ ਆਪਣੇ-ਆਪਣੇ ਖੇਤਰਾਂ ਵਿੱਚ ਰਹਿ ਕੇ ਯਕੀਨੀ ਬਣਾਇਆ ਜਾਵੇ ਕਿ ਕੋਈ ਵੀ ਪਰਾਲੀ ਨੂੰ ਅੱਗ ਨਾ ਲਗਾ ਸਕੇ। ਉਨ੍ਹਾਂ ਕਿਹਾ ਕਿ ਮਾਨਯੋਗ ਉੱਚ ਅਦਾਲਤ ਦੇ ਆਦੇਸ਼ਾਂ ਅਨੁਸਾਰ ਸਬੰਧਿਤ ਐਸ.ਐਚ.ਓਜ਼ ਆਪਣੇ-ਆਪਣੇ ਖੇਤਰਾਂ ਵਿੱਚ ਪਰਾਲੀ ਨੂੰ ਅੱਗ ਦੀ ਘਟਨਾ ਲਈ ਜਿੰਮੇਵਾਰ ਹੋਣਗੇ ਅਤੇ ਉਨ੍ਹਾਂ ਨੂੰ ਅੱਗ ਲੱਗਣ ਦੇ ਕੇਸਾਂ ਨੂੰ ਰੋਕਣ ਨੂੰ ਤਰਜੀਹ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਐਸ.ਐਚ.ਓਜ਼ ਨੂੰ ਖੇਤਾਂ ਵਿੱਚ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਬੀਟ ਸਿਸਟਮ ਨੂੰ ਲਾਗੂ ਕਰਨਾ ਚਾਹੀਦਾ ਹੈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਵਰਿੰਦਰਪਾਲ ਸਿੰਘ ਬਾਜਵਾ, ਜਸਬੀਰ ਸਿੰਘ ਅਤੇ ਡਾ. ਅਮਿਤ ਮਹਾਜਨ ਅਤੇ ਹੋਰ ਵੀ ਹਾਜ਼ਰ ਸਨ।

# ਮਨਿਸਟੀਰੀਅਲ ਕਾਮਿਆਂ ਵੱਲੋਂ ਹੜਤਾਲ ਸ਼ੁਰੂ



ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)– ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ ਯੂਨੀਅਨ ਦੀ ਸੂਬਾ ਕਮੇਟੀ ਦੀ ਕਾਲ 'ਤੇ ਪੰਜਾਬ ਭਰ ਦੇ ਸਮੂਹ ਦਫਤਰਾਂ ਸਕੂਲ, ਕਾਲਜ ਅਤੇ ਚੰਡੀਗੜ੍ਹ ਸਥਿਤ ਡਾਇਰੈਕਟੋਰੇਟ ਦਫਤਰਾਂ ਵਲੋਂ ਮੁਕੰਮਲ ਕਲਮਛੋੜ ਹੜਤਾਲ ਸ਼ੁਰੂ ਕਰ ਦਿੱਤੀ ਗਈ। ਇਸ ਜ਼ਿਲ੍ਹੇ ਵਿੱਚ ਹੜਤਾਲ ਕਰਨ ਵਾਲੇ ਮੁੱਖ ਵਿਭਾਗਾਂ ਵਿੱਚ ਡੀ.ਸੀ ਦਫਤਰ, ਕਰ ਤੇ ਆਬਕਾਰੀ ਵਿਭਾਗ, ਜੀ.ਐਸ.ਟੀ ਵਿਭਾਗ, ਸਿੱਖਿਆ ਵਿਭਾਗ, ਲੋਕ ਨਿਰਮਾਣ ਵਿਭਾਗ, ਸਿਵਲ ਸਰਜਨ, ਪਸ਼ੂ ਪਾਲਣ ਵਿਭਾਗ, ਖੇਤੀ ਬਾੜੀ ਵਿਭਾਗ, ਪੰਜਾਬ ਰੋਡਵੇਜ਼, ਜ਼ਿਲ੍ਹਾ ਖਜਾਨਾ ਦਫਤਰ, ਭਾਸ਼ਾ ਵਿਭਾਗ, ਆਰ.ਟੀ,ਓ ਦਫਤਰ ਆਦਿ ਸ਼ਾਮਿਲ ਹਨ। ਇਹ ਜਾਣਕਾਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਨੀਰੁੱਧ ਮੋਦਗਿੱਲ ਵੱਲੋਂ ਜਾਰੀ ਕੀਤੇ ਗਏ ਪ੍ਰੈਸ ਬਿਆਨ ਰਾਹੀਂ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਇਹ ਮੁਲਾਜ਼ਮ ਆਪਣੀਆਂ ਹੱਕੀ ਮੰਗਾਂ ਪ੍ਰਤੀ ਸੰਘਰਸ਼ ਕਰ ਰਹੇ ਹਨ, ਸਰਕਾਰ ਵਲੋਂ ਟੇਬਲ ਟਾਕ ਦੌਰਾਨ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਕਰਨ ਵਿੱਚ ਦੇਰੀ ਕੀਤੀ ਜਾ ਰਹੀ ਹੈ, ਜਿਸ ਕਾਰਨ ਸੂਬੇ ਭਰ ਦੇ ਮਨਿਸਟੀਰੀਅਲ ਮੁਲਾਜਮਾਂ ਅੰਦਰ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਕਰਮਚਾਰੀਆਂ ਵਲੋਂ ਮਿੰਨੀ ਸਕੱਤਰੇਤ ਹੁਸ਼ਿਆਰਪੁਰ ਦੇ ਬਾਹਰ ਇੱਕ ਸੰਕੇਤਕ ਰੋਸ ਰੈਲੀ ਕੀਤੀ ਗਈ ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਅਨੀਰੁੱਧ ਮੋਦਗਿੱਲ ਤੋਂ ਇਲਾਵਾ ਖਜਾਨਾ ਵਿਭਾਗ ਦੇ ਪ੍ਰਧਾਨ ਪੁਸ਼ਪਿੰਦਰ ਪਠਾਨੀਆਂ, ਸਿੱਖਿਆ ਵਿਭਾਗ ਦੇ ਜ਼ਿਲ੍ਹਾ ਪ੍ਰਧਾਨ ਬਿਕਰਮਜੀਤ ਸਿੰਘ ਆਹਲੂਵਾਲੀਆ, ਡੀ.ਸੀ. ਦਫਤਰ ਦੇ ਜਨਰਲ ਸਕੱਤਰ ਦਿਲਬਾਗ ਸਿੰਘ ਤੋਂ ਇਲਾਵਾ ਸਿੱਖਿਆ ਵਿਭਾਗ ਦੇ ਰਵਿੰਦਰ ਕੁਮਾਰ ਫਰਵਾਹਾ, ਪਰਦੀਪ ਰਾਜੂ , ਸਤਵਿੰਦਰ ਸਿੰਘ ਅਤੇ ਭਾਰਤ ਇੰਦੂ ਸ਼ਰਮਾ ਵਲੋਂ ਸੰਬੋਧਨ ਕਰਦਿਆਂ ਸਰਕਾਰ ਦੇ ਮੁਲਾਜ਼ਮ ਮਾਰੂ ਫੈਸਲਿਆਂ ਦੀ ਨਿਖੇਧੀ ਕੀਤੀ।

# ਮੁਲਾਜ਼ਮ ਤੇ ਪੈਨਸ਼ਨਰ ਭਲਕ ਤੱਕ ਮੰਤਰੀਆਂ ਤੇ ਵਿਧਾਇਕਾਂ ਦੇ ਘਰਾਂ ਅੱਗੇ ਫੂਕਣਗੇ ਅਰਥੀਆਂ-ਸਾਂਝਾ ਫਰੰਟ



**ਜਲੰਧਰ (ਰਾਜੇਸ਼ ਥਾਪਾ)** ਪੰਜਾਬ ਸਰਕਾਰ ਵਲੋਂ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਪ੍ਰਤੀ ਧਾਰੀ ਸ਼ਾਜਸ਼ੀ ਚੁਪ ਦੇ ਖਿਲਾਫ ਕੈਬਨਿਟ ਮੰਤਰੀਆਂ ਅਤੇ ਆਪ ਵਿਧਾਇਕਾਂ ਦੇ ਘਰਾਂ ਅੱਗੇ ਹੁਣ 9 ਤੋਂ 11 ਨਵੰਬਰ ਤੱਕ ਅਰਥੀਆਂ ਫੂਕੀਆਂ ਜਾਣਗੀਆਂ । ਇਹਨਾਂ ਸ਼ਬਦਾ ਦਾ ਪ੍ਰਗਟਾਵਾ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵਲੋਂ ਸਾਂਝਾ ਫਰੰਟ ਦੇ ਕਨਵੀਨਰ ਐਨ.ਕੇ. ਕਲਸੀ ਪ੍ਰਧਾਨਗੀ ਹੇਠ ਕੀਤੀ ਮੀਟਿਗ ਉਪਰੰਤ ਸਾਂਝਾ ਫਰੰਟ ਦੇ ਆਗੂਆਂ ਸਤੀਸ਼ ਰਾਣਾ, ਸੁਵਿੰਦਰ ਪਾਲ ਸਿੰਘ ਮੋਲੋਵਾਲੀ , ਜਰਮਨਜੀਤ ਸਿੰਘ, ਰਣਜੀਤ ਸਿੰਘ ਰਾਣਵਾ, ਕਰਮ ਸਿੰਘ ਧਨੋਆ, ਬਾਜ ਸਿੰਘ ਖਹਿਰਾ, ਭਜਨ ਸਿੰਘ ਗਿੱਲ, ਰਤਨ ਸਿੰਘ ਮਜਾਰੀ, ਗਗਨਦੀਪ ਸਿੰਘ ਭੁਲਰ, ਸੁਖਦੇਵ ਸਿੰਘ ਸੈਣੀ, ਹਰਭਜਨ ਸਿੰਘ ਪਿਲਖਣੀ, ਰਾਧੇ ਸ਼ਾਮ, ਜਸਵੀਰ ਸਿੰਘ ਤਲਵਾੜਾ , ਗੁਰਮੇਲ ਮੈਲਡੇ, ਬੋਬਿੰਦਰ ਸਿੰਘ, ਦਿਗਿਵਿਜੇ ਪਾਲ, ਸੁਰਜੀਤ ਸਿੰਘ ਗਗੜਾ ਅਤੇ ਸੁਖਵਿੰਦਰ ਸਿੰਘ ਲਵਲੀ ਨੇ ਸਾਂਝਾ ਪ੍ਰੈਸ ਬਿਆਨ ਜਾਰੀ ਕਰਦਿਆਂ ਆਖਿਆ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਪ੍ਰਤੀ ਬਿਲਕੁਲ ਵੀ ਗਭੀਰ ਨਹੀਂ ਹੈ, ਉਲਟਾ ਸਰਕਾਰ ਵਲੋਂ ਸਾਜਸ਼ੀ ਚੁੱਪ ਧਾਰੀ ਹੋਈ ਹੈ। ਆਗੂਆਂ ਆਖਿਆ ਕਿ ਹੁਣ ਤਾਂ ਸਰਕਾਰ ਗੱਲਬਾਤ ਤੋਂ ਵੀ ਭੱਜ ਗਈ ਹੈ, ਇਸ ਲਈ ਫੈਸਲਾ ਕੀਤਾ ਗਿਆ ਕਿ ਮਿਤੀ 9-10-11 ਨਵੰਬਰ ਨੂੰ ਪੰਜਾਬ ਸਰਕਾਰ ਦੇ ਕੈਬਨਟ ਮੰਤਰੀ/ ਹਲਕਾ ਵਿਧਾਇਕ ਦੇ ਘਰਾਂ ਅੱਗੇ ਪੰਜਾਬ ਦੇ ਮੁੱਖ ਮੰਤਰੀ ਦੇ ਪੁਤਲੇ ਫੂਕੇ ਜਾਣਗੇ। ਇਸ ਉਪਰੰਤ ਅਗਲੇ ਤਿੱਖੇ ਐਕਸ਼ਨ ਉਲੀਕਣ ਲਈ 14 ਨਵੰਬਰ ਨੂੰ 11 .00 ਵਜੇ ਪੈਨਸ਼ਨਰਜ਼ ਭਵਨ ਲੁਧਿਆਣਾ ਵਿੱਖੇ ਮੀਟਿੰਗ ਕੀਤੀ ਜਾਵੇਗੀ। ਇਸ ਮੌਕੇ ਸਾਂਝਾ ਫਰੰਟ ਵਲੋਂ ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਵਲੋਂ ਕੀਤੀ ਜਾ ਰਹੀ ਕਲਮ ਛੋੜ/ ਕੰਪਿਊਟਰ ਛੋੜ ਹੜਤਾਲ ਦਾ ਵੀ ਸਮਰਥਨ ਕੀਤਾ ਗਿਆ ਅਤੇ ਉਹਨਾਂ ਨੂੰ ਵੀ ਸਾਂਝਾ ਫਰੰਟ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ। ਮੀਟਿੰਗ ਵਿੱਚ ਸਾਂਝਾ ਫਰੰਟ ਦੇ ਉਕਤ ਆਗੂਆਂ ਤੋਂ ਇਲਾਵਾ ਸੁਰਿੰਦਰ ਰਾਮ ਕੁਸਾ, ਧਨਵੰਤ ਸਿੰਘ ਭੱਠਲ, ਕੁਲਵਰਨ ਸਿੰਘ, ਤੀਰਥ ਸਿੰਘ ਬਾਸੀ, ਸੁਰਿੰਦਰ ਪੁਆਰੀ, ਹਰਦੀਪ ਸਿੰਘ ਟੋਡਰਪੁਰ, ਐਨ.ਡੀ.ਤਿਵਾੜੀ, ਕਰਮਜੀਤ ਸਿੰਘ ਬੀਹਲਾ, ਬੀ.ਐਸ.ਸੈਣੀ, ਸ਼ਿਵ ਕੁਮਾਰ ਤਿਵਾੜੀ, ਅਮਰੀਕ ਸਿੰਘ ਕੰਗ, ਹਰਭਜਨ ਸਿੰਘ ਖੁਗਰ ਆਦਿ ਆਗੂ ਹਾਜ਼ਰ ਸਨ।

# ਲਾਇਲਪੁਰ ਖ਼ਾਲਸਾ ਕਾਲਜ ਨੇ ਅੰਤਰ-ਜ਼ੋਨਲ ਯੁਵਕ ਮੇਲੇ ਦੀ ਫਸਟ ਰਨਰਅਪ ਟਰਾਫੀ ਜਿੱਤੀ



**ਜਲੰਧਰ (ਸ਼ੈਲੀ ਐਲਬਰਟ)**:-ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਅੰਤਰ-ਜ਼ੋਨਲ ਯੁਵਕ ਮੇਲੇ ਵਿੱਚ ਕਲਾਵਾਂ ਦਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਫਸਟ ਰੱਨਰ ਅੱਪ ਟ੍ਰਾਫ਼ੀ ਜਿੱਤਣ ਦੇ ਨਾਲ-ਨਾਲ ਮਿਊਜ਼ਿਕ ਅਤੇ ਫੋਕ ਇੰਵਟਸ ਦੀ ਵੀ ਫਸਟ ਰੱਨਰ ਅੱਪ ਟ੍ਰਾਫੀ ਜਿੱਤੀ। ਜਿਸ ਵਿੱਚ ਕਾਲਜ ਨੇ ਯੂਨੀਵਰਸਿਟੀ ਦੁਆਰਾ ਕਰਵਾਏ ਮੁਕਾਬਲਿਆਂ ਵਿੱਚ ਭਾਗ ਲੈਂਦਿਆਂ 61 ਅੰਕ ਪ੍ਰਾਪਤ ਕਰਕੇ ਇਹ ਟ੍ਰਾਫ਼ੀ ਜਿੱਤੀ ਹੈ। ਕਾਲਜ ਦੀ ਇਸ ਪ੍ਰਾਪਤੀ 'ਤੇ ਬਲਬੀਰ ਕੌਰ, ਪ੍ਰਧਾਨ ਗਵਰਨਿੰਗ ਕੌਂਸਲ ਨੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਅਤੇ ਉਨ੍ਹਾਂ ਦੀ ਸਮੁੱਚੀ ਕਲਚਰਲ ਟੀਮ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਕਿਹਾ ਕਿ ਸਾਨੂੰ ਆਪਣੇ ਪ੍ਰਤਿਭਾਵਾਨ ਵਿਦਿਆਰਥੀਆਂ 'ਤੇ ਬਹੁਤ ਮਾਣ ਹੈ। ਉਨ੍ਹਾਂ ਦੱਸਿਆ ਕਿ ਯੁਵਕ ਮੇਲੇ 'ਚ ਲਾਇਲਪੁਰ ਖ਼ਾਲਸਾ ਕਾਲਜ ਨੇ 04 ਆਈਟਮਾਂ ਵਿੱਚ ਪਹਿਲਾ ਸਥਾਨ, 07 ਵਿੱਚ ਦੂਜਾ ਸਥਾਨ ਅਤੇ 05 ਵਿੱਚ ਤੀਜਾ ਸਥਾਨ ਪ੍ਰਾਪਤ ਕਰਕੇ ਇਹ ਟ੍ਰਾਫੀ ਆਪਣੇ ਨਾਂਅ ਕੀਤੀ ਹੈ। ਉਨ੍ਹਾਂ ਡੀਨ, ਕਲਚਰਲ ਅਫੇਅਰਜ਼ ਡਾ. ਪਲਵਿੰਦਰ ਸਿੰਘ, ਮਿਊਜ਼ਿਕ ਇੰਚਾਰਜ ਪ੍ਰੋ. ਸੁਖਦੇਵ ਸਿੰਘ, ਲਿਟਰੇਰੀ ਇੰਚਾਰਜ ਡਾ. ਸੁਰਿੰਦਰ ਪਾਲ ਮੰਡ ਤੇ ਪ੍ਰੋ. ਸਤਪਾਲ ਸਿੰਘ, ਥੀਏਟਰ ਇੰਚਾਰਜ ਪ੍ਰੋ. ਹਰਜਿੰਦਰ ਸਿੰਘ ਸ਼ੇਖੋਂ, ਫਾਈਨ ਆਰਟਸ ਇੰਚਾਰਜ ਡਾ. ਅਜੀਤਪਾਲ ਸਿੰਘ, ਸਟਾਫ ਮੈਂਬਰ ਅਤੇ ਵਿਦਿਆਰਥੀਆਂ ਨੂੰ ਯੁਵਕ ਮੇਲੇ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ ਅਤੇ ਲਗਾਤਾਰ ਸਖਤ ਮਿਹਨਤ ਕਰਦਿਆਂ ਜਿੱਤਾਂ ਦਾ ਸਫ਼ਰ ਜਾਰੀ ਰੱਖਣ ਲਈ ਕਿਹਾ। ਉਨ੍ਹਾਂ ਦੱਸਿਆ ਕਿ ਕਾਲਜ ਦੁਆਰਾ ਹੇਠ ਲਿਖੀਆਂ ਆਈਟਮ ਵਾਰ ਜਿੱਤਾਂ ਪ੍ਰਾਪਤ ਕੀਤੀਆਂ ਗਈਆਂ ਹਨ:- ਪਹਿਲਾ ਸਥਾਨ:- ਭੰਗੜਾ, ਲੁੱਡੀ, ਕਲਾਸੀਕਲ ਇੰਸਟ੍ਰੂਮੈਂਟ (ਪ੍ਰਕਸ਼ਨ), ਕਲਾਸੀਕਲ ਇੰਸਟ੍ਰੂਮੈਂਟ (ਨਾਨ-ਪ੍ਰਕਸ਼ਨ); ਦੂਜਾ ਸਥਾਨ:- ਫੋਕ-ਆਰਕੈਸਟਰਾ, ਕਲਾਸੀਕਲ ਵੋਕਲ ਸੋਲੋ, ਵਾਰ, ਪੋਸਟਰ ਮੈਕਿੰਗ, ਸਕਿੱਟ, ਗਰੁੱਪ ਸ਼ਬਦ, ਵੈਸਟਰਨ ਗਰੁੱਪ ਸੌਂਗ; ਤੀਜਾ ਸਥਾਨ:- ਗਿੱਧਾ, ਕਲੇ ਮਾਡਲਿੰਗ, ਗਰੁੱਪ ਸੌਂਗ ਇੰਡੀਅਨ, ਐਲੋਕਿਊਸ਼ਨ ਅਤੇ ਵੈਸਟਰਨ ਵੋਕਲ ਸੋਲੋ। ਉਨ੍ਹਾਂ ਦੱਸਿਆ ਕਿ ਅੰਤਰ-ਜ਼ੋਨਲ ਯੁਵਕ ਮੇਲੇ ਵਿਚ ਜਿੱਤਾਂ ਪ੍ਰਾਪਤ ਕਰਨ ਵਿਦਿਆਰਥੀ ਨੌਰਥ ਜੋਨ ਯੁਵਕ ਮੇਲੇ ਵਿਚ ਯੂਨੀਵਰਸਿਟੀ ਦੀ

# ਛੋਟੇ ਜੁਰਮਾਂ 'ਚ ਸ਼ਾਮਲ 68 ਹਵਾਲਾਤੀਆਂ ਨੂੰ ਕੀਤਾ ਰਿਹਾਅ

**ਐਸ.ਏ.ਐਸ.ਨਗਰ (ਗੁਰਜੀਤ ਬਿੱਲਾ,** ਕ੍ਰਿਸ਼ਨ ਗਰਗ ) ਅੰਡਰ ਟਰਾਇਲ ਰਿਵੀਊ ਕਮੇਟੀ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਮੀਟਿੰਗ ਹਰਪਾਲ ਸਿੰਘ, ਜ਼ਿਲ੍ਹਾ ਅਤੇ ਸੈਸਨਜ ਜੱਜ, ਸਾਹਿਬਜਾਦਾ ਅਜੀਤ ਸਿੰਘ ਨਗਰ ਦੀ ਪ੍ਰਧਾਨਗੀ ਵਿਚ ਹੋਈ. ਜਿਸ ਵਿਚ ਵਿਰਾਜ ਤਿੜਕੇ, ਵਧੀਕ ਡਿਪਟੀ ਕਮਿਸ਼ਨਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਅਮਨਦੀਪ ਸਿੰਘ ਬਰਾੜ, ਐਸ.ਪੀ. ਸਾਹਿਬਜ਼ਾਦਾ ਅਜੀਤ ਸਿੰਘ ਨਗਰ ਅਤੇ ਕੇਂਦਰੀ ਜੇਲ੍ਹ, ਪਟਿਆਲਾ, ਜ਼ਿਲ੍ਹਾ ਜੇਲ੍ਹ, ਰੂਪਨਗਰ ਅਤੇ ਨਵੀਂ ਜ਼ਿਲ੍ਹਾ ਜੇਲ੍ਹ, ਨਾਭਾ ਦੇ ਅਧਿਕਾਰੀਆਂ ਵਲੋਂ ਸ਼ਿਰਕਤ ਕੀਤੀ ਗਈ।

ਮੀਟਿੰਗ ਦੌਰਾਨ ਉਨ੍ਹਾਂ ਹਵਾਲਾਤੀਆਂ ਦੇ ਕੇਸਾਂ ਤੇ ਵਿਚਾਰ ਕੀਤੀ ਗਈ ਜਿਨ੍ਹਾਂ ਦੇ ਕੇਸਾਂ ਸਬੰਧੀ ਅੰਡਰ ਟਰਾਇਲ ਰਿਵੀਊ ਕਮੇਟੀ ਵਲੋਂ ਪਿਛਲੀਆਂ ਮੀਟਿੰਗਾਂ ਵਿਚ ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀਂ ਦਿੱਲੀ ਵਲੋਂ ਜਾਰੀ ਹਦਾਇਤਾਂ ਦੀ ਰੌਸ਼ਨੀ ਵਿਚ ਹਵਾਲਾਤੀਆਂ ਨੂੰ ਛੱਡਣ ਲਈ ਸਿਫਾਰਿਸ਼ ਕੀਤੀ ਗਈ ਸੀ।

ਬਲਜਿੰਦਰ ਸਿੰਘ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਲੋਂ ਜਾਣਕਾਰੀ ਦਿੱਤੀ ਗਈ ਕਿ ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀਂ ਦਿੱਲੀ ਵਲੋਂ ਪੂਰੇ ਭਾਰਤ ਵਿਚ ਮਿਤੀ 18.09.2023 ਨੂੰ ਨਾਲਸਾਜ 'ਯੂ.ਟੀ.ਆਰ.ਸੀ. ਸਪੈਸਲ ਕੈਂਪੇਨ 2023' ਸ਼ੁਰੂ ਕੀਤੀ ਗਈ ਸੀ। ਇਸ ਕੈਂਪੇਨ ਦੌਰਾਨ ਮਿਤੀ 04.10.2023 ਨੂੰ ਅੰਡਰ ਟਰਾਇਲ ਰਿਵੀਊ ਕਮੇਟੀ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਪਹਿਲੀ ਮੀਟਿੰਗ ਕੀਤੀ ਗਈ ਸੀ ਜਿਸ ਵਿਚ ਸੈਸਨਜ ਡਵੀਜਨ ਸਾਹਿਬਜਾਦਾ ਅਜੀਤ ਸਿੰਘ ਨਗਰ ਨਾਲ ਸਬੰਧਤ 108 ਹਵਾਲਾਤੀਆਂ, ਜੋ ਕਿ ਛੋਟੇ ਅਪਰਾਧਾਂ ਵਿਚ ਸਾਮਲ ਸਨ, ਦੀ ਪਛਾਣ ਕਰਕੇ ਰਿਹਾਅ ਕਰਨ ਦੀ ਸਿਫਾਰਿਸ ਕੀਤੀ ਗਈ। ਜਿਨ੍ਹਾਂ ਕੇਸਾਂ ਵਿਚ ਹਵਾਲਾਤੀਆਂ ਨੂੰ ਰਿਹਾਅ ਕਰਨ ਦੀ ਸਿਫਾਰਿਸ਼ ਕੀਤੀ ਗਈ ਸੀ ਉਹ ਅਜਿਹੇ ਅਪਰਾਧਾਂ ਵਿਚ ਸ਼ਾਮਲ ਸਨ ਜਿਨ੍ਹਾਂ ਵਿਚ ਸਜਾ ਤਿੰਨ ਸਾਲ ਤੋਂ ਘੱਟ ਹੈ ਜਾਂ ਜਿਨ੍ਹਾਂ ਕੇਸਾਂ ਵਿਚ ਹਵਾਲਾਤੀਆਂ ਦੀ ਜਮਾਨਤ ਮੰਨਜੂਰ ਹੋ ਚੁੱਕੀ ਹੈ, ਪ੍ਰੰਤੂ ਉਹ ਜਾਤੀ/ਜਮਾਨਤੀ ਮੁਚੱਲਕਾ ਨਾ ਭਰਨ ਕਾਰਨ ਰਿਹਾਅ ਨਹੀਂ ਹੋ ਸਕੇ ਸਨ। ਮੀਟਿੰਗ ਦੌਰਾਨ ਜਾਬਤਾ ਫੌਜਦਾਰੀ ਦੀ ਦਫਾ 436ਏ ਅਧੀਨ ਅਜਿਹੇ ਕੇਸ ਵੀ ਵਿਚਾਰੇ ਗਏ ਜਿਨ੍ਹਾਂ ਵਿਚ ਹਵਾਲਾਤੀ ਵਿਅਕਤੀ ਵੱਧ ਤੋਂ ਵੱਧ ਸਜਾ ਦੇ ਅੱਧੀ ਸਜਾ ਦੇ ਬਰਾਬਰ ਕੈਦ ਕੱਟ ਚੁੱਕਿਆ ਹੋਵੇ। ਇਸ ਤੋਂ ਇਲਾਵਾ ਅਜਿਹੇ ਹਵਾਲਾਤੀਆਂ ਦੇ ਕੇਸਾਂ ਵਿਚ ਕਮੇਟੀ ਵਲੋਂ ਸਿਫਾਰਸ਼ਾਂ ਕੀਤੀਆਂ ਜਿਹੜੇ ਕੇਸਾਂ ਵਿਚ ਤਫਤੀਸ਼ੀ ਅਧਿਕਾਰੀਆਂ ਵਲੋਂ ਨਿਰਧਾਰਤ ਸਮੇਂ ਵਿਚ ਜਾਂਚ ਮੁਕੰਮਲ ਨਹੀਂ ਕੀਤੀ ਗਈ। ਜੋ ਵਿਅਕਤੀ ਜਾਬਤਾ ਫੌਜਦਾਰੀ ਦੀ ਦਫਾ 107, 108, 109 ਅਤੇ 151 ਅਧੀਨ ਜੇਲ੍ਹਾਂ ਵਿਚ ਬੰਦ ਸਨ, ਉਨ੍ਹਾ ਦੇ ਕੇਸ ਵੀ ਵਿਚਾਰ ਗਏ। ਇਸ ਕੈਂਪੇਨ ਦੌਰਾਨ 99 ਹਵਾਲਾਤੀਆਂ ਦੀਆਂ ਜਮਾਨਤ ਦਰਖਾਸਤਾਂ ਵੱਖ ਵੱਖ ਅਦਾਲਤਾਂ ਵਿਚ ਲਗਾਈਆਂ ਗਈਆਂ ਜਦੋਂਕਿ 9 ਹਵਾਲਾਤੀਆਂ ਵਲੋਂ ਦਰਖਾਸਤਾਂ ਲਗਾਉਣ ਤੋਂ ਮਨ੍ਹਾਂ ਕਰ ਦਿੱਤਾ ਗਿਆ। ਹੁਣ ਤੱਕ ਕੁੱਲ 68 ਹਵਾਲਾਤੀਆਂ ਨੂੰ ਜੇਲ੍ਹਾਂ ਵਿਚੋਂ ਰਿਹਾਅ ਕਰ ਦਿੱਤਾ ਗਿਆ ਹੈ।

# ਬੱਚਿਆਂ ਤੇ ਸਟਾਫ ਨੇ ਪ੍ਰਦੂਸ਼ਣ ਰਹਿਤ ਹਰੀ ਦੀਵਾਲੀ ਮਨਾਉਣ ਦਾ ਕੀਤਾ ਫੈਸਲਾ



ਹੁਸ਼ਿਆਰਪੁਰ, **(ਬਲਵੀਰ ਸਿੰਘ ਸੈਣੀ)**- ਪੂਰੇ ਦੇਸ਼ ਭਰ ਵਿੱਚ ਦਿਨ ਪ੍ਰਤੀ ਦਿਨ ਫੈਲ ਰਹੇ ਪ੍ਰਦਸ਼ਸਣ ਦੀ ਸਮੱਸਿਆ ਨੂੰ ਨਜਿੱਠਣ ਲਈ ਜਿੱਥੇ ਅੱਜ ਮਾਨਯੋਗ ਸੁਪਰੀਮ ਕੋਰਟ ਨੂੰ ਵੀ ਦਖਲ ਦੇਣਾ ਪੈ ਰਿਹਾ ਹੈ। ਉੱਥੇ ਸਾਡਾ ਸਾਰਿਆਂ ਦਾ ਨਿੱਜੀ ਤੌਰ 'ਤੇ ਫਰਜ ਬਨਦਾ ਹੈ ਕਿ ਅਸੀਂ ਸਾਰੇ ਰਲ ਕੇ ਵੀ ਆਪਣੀ ਆਪਣੀ ਬਨਦੀ ਜ਼ਿੰਮੇਵਾਰੀ ਨਿਭਾਈਏ। ਇਸ ਗੱਲ ਦਾ ਪ੍ਰਗਟਾਵਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਰਹਾਲਾ ਮੁੰਡੀਆਂ ਦੇ ਪ੍ਰਿੰਸੀਪਲ ਅਮਨਦੀਪ ਸਰਮਾ ਅਤੇ ਸਮੂਹ ਸਟਾਫ ਨੇ ਸਾਂਝੇ ਰੂਪ ਵਿੱਚ ਕੀਤਾ। ਸਕੂਲ ਦੇ ਬੱਚਿਆਂ ਅਤੇ ਸਟਾਫ ਨੇ ਜਿੱਥੇ ਪਿੰਡ ਵਿੱਚ ਇੱਕ ਜਾਗਰੂਕਤਾ ਰੈਲੀ ਕੱਢ ਕੇ ਪਿੰਡ ਦੇ ਅਤੇ ਇਲਾਕੇ ਦੇ ਲੋਕਾਂ ਨੂੰ ਪਰਾਲੀ ਨਾ ਸਾੜਨ ਲਈ ਪ੍ਰੇਰਿਤ ਕੀਤਾ ਉੱਥੇ ਸਮੂਹ ਸਟਾਫ ਵੱਲੋਂ ਸਕੂਲ ਦੇ ਸਾਰੇ ਹੀ ਵਿਦਿਆਰਥੀਆਂ ਨੂੰ ਪ੍ਰਦੂਸਣ ਰਹਿਤ ਹਰੀ ਦਿਵਾਲੀ ਮਨਾਉਣ ਲਈ ਉਤਸ਼ਾਹਿਤ ਕੀਤਾ । ਇਸ ਮੌਕੇ ਸਕੂਲ ਦੇ ਸਮੂਹ ਵਿਦਿਆਰਥੀਆਂ ਅਤੇ ਸਟਾਫ ਵੱਲੋਂ ਪ੍ਰਣ ਕੀਤਾ ਕਿ ਉਹ ਇਸ ਵਾਰ ਪਟਾਕਿਆਂ ਦੀ ਥਾਂ 'ਤੇ ਪਿੰਡ ,ਘਰਾਂ ਵਿੱਚ ਅਤੇ ਆਪਣੇ ਸਕੂਲ ਵਿੱਚ ਫੁੱਲ ਅਤੇ ਫਲਦਰ ਬੂਟੇ ਲਗਾ ਕੇ ਦਿਵਾਲੀ ਮਨਾਉਣਗੇ। ਸਕੂਲ ਪ੍ਰਿੰਸੀਪਲ ਅਤੇ ਸਟਾਫ ਵੱਲੋਂ ਬੱਚਿਆਂ ਨੂੰ ਫੁੱਲ ਅਤੇ ਫਲਦਾਰ ਖੂਬਸੂਰਤ ਬੂਟੇ ਵੀ ਵੰਡੇ ਗਏ। ਇਸ ਮੌਕੇ 11ਵੀਂ ਅਤੇ ਬਾਰਵੀਂ ਸ਼੍ਰੇਣੀ ਦੀਆਂ ਵਿਦਿਆਰਥਣਾਂ ਵੱਲੋਂ ਖੂਬਸੂਰਤ ਚਾਰਟ ਅਤੇ ਸਜਾਵਟ ਵਾਲੀਆਂ ਲੜੀਆਂ ਵੀ ਬਣਾਈਆਂ ਗਈਆਂ। ਸਕੂਲ ਸਟਾਫ ਵਿੱਚ ਮੈਡਮ ਰਜਨੀ ਅਰੋੜਾ, ਅਨੀਤਾ ਕੁਮਾਰੀ, ਸਰਬਜੀਤ ਸਿੰਘ, ਜਰਨੈਲ ਸਿੰਘ, ਨਰੇਸ਼ ਕੁਮਾਰ, ਪਰਮਿੰਦਰ ਕੁਮਾਰ, ਅਮਨਦੀਪ ਸਿੰਘ ,ਅੰਜੂ ਬਾਲਾ ,ਸ਼ਿਮਲਾ ਦੇਵੀ ,ਪ੍ਰੀਆ ,ਗੁਰਦੇਵ ਕੌਰ, ਕਸ਼ਮੀਰ ਸਿੰਘ, ਕਮਲਜੀਤ ਸਿੰਘ ਹਰਜਿੰਦਰ ਸਿੰਘ ਅਤੇ ਸੁਨੀਲ ਕੁਮਾਰ ਹਾਜ਼ਰ ਸਨ।

# ਇਨੋਸੈਂਟ ਹਾਰਟਸ ਸਕੂਲ 'ਚ ਲਗਾਇਆ ਦੰਦਾਂ ਦਾ ਚੈੱਕਅੱਪ ਕੈਂਪ



ਜਲੰਧਰ (ਸ਼ੈਲੀ ਐਲਬਰਟ) ਬੌਰੀ ਮੈਮੋਰੀਅਲ ਐਜੂਕੇਸ਼ਨਲ ਐਂਡ ਮੈਡੀਕਲ ਟਰੱਸਟ ਵੱਲੋਂ ਚਲਾਏ ਜਾ ਰਹੇ 'ਦਿਸ਼ਾ-ਐਨ ਇਨੀਸ਼ੀਏਟਿਵ' ਤਹਿਤ ਇੰਨੋਸੈਂਟ ਹਾਰਟਸ ਸਕੂਲ ਕੈਂਟ, ਜੰਡਿਆਲਾ ਰੋਡ ਵਿਖੇ ਪਹਿਲੀ ਤੋਂ ਪੰਜਵੀਂ ਜਮਾਤ ਦੇ ਬੱਚਿਆਂ ਲਈ ਦੰਦਾਂ ਦਾ ਚੈਕਅੱਪ ਕੈਂਪ ਲਗਾਇਆ ਗਿਆ, ਜਿਸ ਵਿੱਚ ਯੋਗ, ਤਜਰਬੇਕਾਰ, ਸਾਡੇ ਸਕੂਲ ਦੀ ਅਲੂਮਿਨੀ ਵਿਦਿਆਰਥੀ ਦੰਦਾਂ ਦੇ ਡਾ. ਭਾਵਨਾ ਗਾਬ ਨੂੰ ਸੱਦਾ ਦਿੱਤਾ ਗਿਆ ਸੀ। ਉਨ੍ਹਾਂ ਬੱਚਿਆਂ ਦੇ ਦੰਦਾਂ ਦੀ ਜਾਂਚ ਕੀਤੀ। ਉਨ੍ਹਾਂ ਬੱਚਿਆਂ ਦੇ ਦੰਦਾਂ ਦੀ ਸਫਾਈ ਕਰਨ ਦੀਆਂ ਹਦਾਇਤਾਂ ਦਿੰਦੇ ਹੋਏ ਜਿਨ੍ਹਾਂ ਬੱਚਿਆਂ ਵਿੱਚ ਟੈਸਟ ਦੌਰਾਨ ਕੈਵਿਟੀਜ ਆਈਆਂ ਸਨ, ਉਨ੍ਹਾਂ ਨੂੰ ਕਿਹਾ ਕਿ ਸਾਨੂੰ ਦਿਨ ਵਿੱਚ ਦੋ ਵਾਰ ਬੁਰਸ਼ ਕਰਨਾ ਚਾਹੀਦਾ ਹੈ। ਸਵੇਰੇ ਖਾਣਾ ਖਾਣ ਤੋਂ ਪਹਿਲਾਂ ਅਤੇ ਰਾਤ ਨੂੰ ਭੋਜਨ ਕਰਨ ਤੋਂ ਬਾਅਦ ਦੰਦਾਂ ਨੂੰ ਬੁਰਸ਼ ਕਰਨਾ ਬਹੁਤ ਜਰੂਰੀ ਹੈ। ਸ ਵੇਰੇ ਭੋਜਨ ਤੋਂ ਪਹਿਲਾਂ ਅਤੇ ਰਾਤ ਦੇ ਭੋਜਨ ਤੋਂ ਬਾਅਦ ਦੰਦ ਸਾਫ ਕਰਨੇ ਬਹੁਤ ਜਰੂਰੀ ਹਨ ਕਿਉਂਕਿ ਖਾਣਾ ਖਾਣ ਤੋਂ ਬਾਅਦ ਕੁਝ ਪਦਾਰਥ ਸਾਡੇ ਦੰਦਾਂ ਵਿਚ ਰਹਿ ਜਾਂਦੇ ਹਨ ਜੋ ਬਾਅਦ ਵਿਚ ਕੀਟਾਣੂ ਬਣ ਕੇ ਸਾਡੇ ਦੰਦਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਉਨ੍ਹਾਂ ਬੱਚਿਆਂ ਨੂੰ ਕਿਹਾ ਕਿ ਉਹ ਦੰਦਾਂ ਨੂੰ ਖਰਾਬ ਕਰਨ ਵਾਲੀਆਂ ਚਾਕਲੇਟਾਂ ਅਤੇ ਟਾਫੀਆਂ ਵਰਗੀਆਂ ਮਿੱਠੀਆਂ ਚੀਜਾਂ ਦਾ ਘੱਟ ਮਾਤਰਾ ਵਿੱਚ ਸੇਵਨ ਕਰਨਾ ਚਾਹੀਦਾ ਹੈ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਸੋਨਾਲੀ ਨੇ ਬੱਚਿਆਂ ਨੂੰ ਦੱਸਿਆ ਕਿ ਚੰਗੀ ਸਿਹਤ ਦਾ ਸਬੰਧ ਚਿਹਰੇ ਦੀ ਸੁੰਦਰਤਾ ਦੇ ਨਾਲ-ਨਾਲ ਸਿਹਤਮੰਦ ਦੰਦਾਂ ਨਾਲ ਵੀ ਹੁੰਦਾ ਹੈ। ਇਸ ਲਈ ਉਨ੍ਹਾਂ ਨੂੰ ਡਾ: ਭਾਵਨਾ ਵੱਲੋਂ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਆਪਣੇ ਦੰਦਾਂ ਦੀ ਚੰਗੀ ਦੇਖਭਾਲ ਕਰਨੀ ਚਾਹੀਦੀ ਹੈ।

# ਦਰਜਨਾਂ ਪਰਵਾਰ ਕਾਂਗਰਸ ਨੂੰ ਅਲਵਿਦਾ ਕਹਿ ਕੇ ਬਸਪਾ 'ਚ ਸ਼ਾਮਲ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਬਹੁਜਨ ਸਮਾਜ ਪਾਰਟੀ ਹਲਕਾ ਚੱਬੇਵਾਲ ਦੇ ਪਿੰਡ ਮੜਲੀ ਬ੍ਰਾਹਮਣਾ ਵਿਖੇ ਮਹਿਲਾ ਵਿੰਗ ਹਲਕਾ ਜਨਰਲ ਸਕੱਤਰ ਜਸਬੀਰ ਕੌਰ ਅਤੇ ਸੁਖਵਿੰਦਰ ਹੈਪੀ ਹਲਕਾ ਸਕੱਤਰ ਦੀ ਅਗਵਾਈ ਵਿੱਚ ਮੀਟਿੰਗ ਕੀਤੀ ਗਈ, ਜਿਸ ਵਿੱਚ ਵਿਧਾਨ ਸਭਾ ਪ੍ਰਧਾਨ ਐਡਵੋਕੇਟ ਪਲਵਿੰਦਰ ਮਾਨ ਅਤੇ ਸੁਰਿੰਦਰ ਕੌਰ ਸਮਿਤੀ ਮੈਂਬਰ ਬਸਪਾ ਪਹੁੰਚੇ। ਇਸ ਮੌਕੇ ਜਸਵਿੰਦਰ ਕੌਰ ਨੂੰ ਮਹਿਲਾ ਵਿੰਗ ਦੀ ਹਲਕਾ ਸਕੱਤਰ ਨਿਯੁਕਤ ਕੀਤਾ ਗਿਆ। ਇਸ ਮੀਟਿੰਗ ਵਿੱਚ ਦਰਜਨਾਂ ਪਰਵਾਰ ਕਾਂਗਰਸ ਨੂੰ ਅਲਵਿਦਾ ਆਖ ਕੇ ਬਸਪਾ ਵਿਚ ਸ਼ਾਮਿਲ ਹੋਏ, ਤੇ ਹਲਕਾ ਪ੍ਰਧਾਨ ਐਡਵੋਕੇਟ ਨੇ ਉਨ੍ਹਾਂ ਨੂੰ ਬਸਪਾ ਦਾ ਸਿਰਪਾਓ ਦੇ ਕੇ ਸਵਾਗਤ ਕੀਤਾ ਤੇ ਕਿਹਾ ਕਿ ਬਸਪਾ ਵਿਚ ਸਾਰਿਆਂ ਨੂੰ ਬਣਦਾ ਮਾਣ ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਐਡਵੋਕੇਟ ਨੇ ਪਾਰਟੀ ਦੇ ਅਹੁਦੇਦਾਰ ਅਤੇ ਮਹਿਲਾ ਵਿੰਗ ਦੇ ਅਹੁਦੇਦਾਰਾਂ ਦੀਆਂ ਜਿੰਮੇਵਾਰੀਆਂ ਲਗਾਈਆਂ ਕਿ ਮਿਤੀ 23 ਨਵੰਬਰ ਨੂੰ ਹਲਕਾ ਚੱਬੇਵਾਲ ਵਿਚ ਹੋਣ ਵਾਲੇ ਵਰਕਰ ਸੰਮੇਲਨ ਜਿਸ ਵਿੱਚ ਮੁੱਖ ਮਹਿਮਾਨ ਸੁਖਬੀਰ ਸਿੰਘ ਬਾਦਲ ਨੈਸ਼ਨਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਜਸਬੀਰ ਸਿੰਘ ਗੜ੍ਹੀ ਬਸਪਾ ਪੰਜਾਬ ਪ੍ਰਧਾਨ ਪਹੁੰਚ ਰਹੇ ਹਨ। ਇਸ ਮੌਕੇ ਬਾਬੂ ਰੌਸ਼ਨ ਲਾਲ , ਬਲਵਿੰਦਰ ਕੌਰ, ਲਖਬੀਰ ਕੌਰ, ਅਮਨਜੋਤ ਕੌਰ, ਮਹਿੰਦਰ ਪਾਲ, ਪਰਵੀਨ ਕੁਮਾਰ, ਹਨੀ ਮਾਨਾ, ਰੋਹਿਤ ਅਤੇ ਵੱਡੀ ਗਿਣਤੀ ਵਿੱਚ ਵਰਕਰ ਹਾਜਰ ਸਨ।

## ਜ਼ਿਲ੍ਹੇ 'ਚ ਡੇਂਗੂ ਦੇ 401 ਮਰੀਜ਼ ਆਏ-ਡਾ. ਰਾਕੇਸ਼

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਜ਼ਿਲ੍ਹੇ ਵਿੱਚ ਹੁਣ ਵੱਡੀ ਗਿਣਤੀ ਵਿੱਚ ਡੇਂਗੂ ਦੇ ਲੱਛਣਾਂ ਵਾਲੇ ਮਰੀਜ ਖਟੀਮਾ ਦੇ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਆ ਰਹੇ ਹਨ। ਜਿਨ੍ਹਾਂ ਵਿੱਚੋਂ ਇਸ ਸਮੇਂ ਵੀ ਨਵਾਂਸ਼ਹਿਰ ਦੇ ਸਿਵਲ ਹਸਪਤਾਲ ਵਿੱਚ ਮਰੀਜ ਜੇਰੇ ਇਲਾਜ ਸਨ, ਜਿਨ੍ਹਾਂ ਦੀ ਹਾਲਤ ਫਿਲਹਾਲ ਠੀਕ ਦੱਸੀ ਜਾ ਰਹੀ ਹੈ। ਸਰਕਾਰੀ ਹਸਪਤਾਲ ਵਿੱਚ ਡੇਂਗੂ ਨਾਲ ਮਿਲਦੇ-ਜੁਲਦੇ ਲੱਛਣਾਂ ਵਾਲੇ ਮਰੀਜ ਵੀ ਦੇਖੇ ਗਏ। ਸਿਵਲ ਹਸਪਤਾਲ ਵਿੱਚ ਡਾਕਟਰ ਨਿਰਮਲ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਕੋਲ ਆਏ ਸਾਰੇ ਮਰੀਜਾਂ ਦੇ ਕਾਰਡਾਂ ਰਾਹੀਂ ਜਾਂਚ ਕੀਤੀ ਗਈ, ਜਿਸ ਵਿੱਚ ਮਰੀਜ ਡੇਂਗੂ ਪਾਜੇਟਿਵ ਪਾਏ ਗਏ ਪਰ ਜਦੋਂ ਉਨ੍ਹਾਂ ਦੇ ਟੈਸਟ ਕਰਵਾਇਆ ਗਿਆ, ਜਦੋਂ ਕੀਤਾ ਗਿਆ ਤਾਂ ਰਿਪੋਰਟ ਨੈਗੇਟਿਵ ਆਈ। ਹੁਣ ਉਨ੍ਹਾਂ ਦੇ ਹਸਪਤਾਲ 'ਚ ਡੇਂਗੂ ਦਾ ਕੋਈ ਵੀ ਮਰੀਜ ਨਹੀਂ ਆ ਰਿਹਾ ਹੈ। ਡੇਂਗੂ ਇੰਚਾਰਜ ਡਾਕਟਰ ਰਾਕੇਸ਼ ਪਾਲ ਨੇ ਦੱਸਿਆ ਕਿ ਇਸ ਸਾਲ ਡੇਂਗੂ ਦੇ ਮਰੀਜਾਂ ਦੀ ਗਿਣਤੀ 401 ਤੱਕ ਪਹੁੰਚ ਗਈ ਹੈ। ਇਨ੍ਹਾਂ ਵਿੱਚੋਂ ਜ਼ਿਆਦਾਤਰ ਕੇਸ ਪੇਂਡੂ ਖੇਤਰਾਂ ਦੇ ਹਨ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਅਨੁਸਾਰ ਤਾਪਮਾਨ ਡਿੱਗ ਰਿਹਾ ਹੈ ਅਤੇ ਹੁਣ ਅਸੀਂ ਕੁਝ ਦਿਨਾਂ ਵਿੱਚ ਡੇਂਗੂ ਤੋਂ ਛੁਟਕਾਰਾ ਪਾ ਲਵਾਂਗੇ। ਸ਼ਹਿਰੀ ਖੇਤਰਾਂ ਵਿੱਚ ਡੇਂਗੂ ਦੇ ਕਾਫੀ ਮਾਮਲੇ ਸਾਹਮਣੇ ਆਏ ਹਨ। ਡੇਂਗੂ ਦੇ ਕੇਸ ਆਉਣ ਤੋਂ ਬਾਅਦ ਸਿਹਤ ਵਿਭਾਗ ਵੱਲੋਂ ਐਂਟੀ-ਲਾਰਵੇ ਦਾ ਛਿੜਕਾਅ ਕੀਤਾ ਜਾ ਰਿਹਾ ਹੈ, ਜਿਸ ਨਾਲ ਭਾਵੇਂ ਡੇਂਗੂ ਘੱਟ ਰਿਹਾ ਹੈ ਪਰ ਲੋਕਾਂ ਨੂੰ ਰੋਕਥਾਮ ਦੇ ਮਾਪਦੰਡਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

# ਸੀਟੀ ਗਰੁੱਪ ਵੱਲੋਂ ਹੁਨਰ ਦੇ ਅੰਤਰਰਾਸ਼ਟਰੀ ਮੌਕੇ ਪ੍ਰਦਾਨ ਲਈ ਖਾਸ ਵਰਕਸ਼ਾਪ



**ਜਲੰਧਰ( ਸ਼ੈਲੀ ਐਲਬਰਟ)**:- ਸੀਟੀ ਗਰੁੱਪ ਨੇ ਅੰਗਰੇਜੀ, ਸੰਚਾਰ ਹੁਨਰ ਨੂੰ ਵਧਾਉਣ ਤੇ ਵਿਦੇਸ਼ਾਂ ਵਿੱਚ ਸੰਭਾਵਨਾਵਾਂ 'ਤੇ ਰੌਸ਼ਨੀ ਪਾਉਣ ਦੇ ਉਦੇਸ਼ ਨਾਲ ਇੱਕ ਖਾਸ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਹ ਸਮਾਗਮ ਕੇਂਦਰੀ ਵਿਦਿਆਲਿਆ ਨੰਬਰ 2, ਆਰਸੀਐਫ, ਹੁਸੈਨਪੁਰ ਅਤੇ ਕੇਂਦਰੀ ਵਿਦਿਆਲਿਆ ਕਪੂਰਥਲਾ ਛਾਉਣੀ ਵਿਖੇ ਸਫਲਤਾਪੂਰਵਕ ਕਰਵਾਇਆ ਗਿਆ। ਇਸ ਵਿਆਪਕ ਵਰਕਸ਼ਾਪ ਲਈ ਸਪਾਈਨਮਾਰਕ ਦੇ ਸੰਸਥਾਪਕ ਅਨੁਕਿਰਨ ਖੰਨਾ, ਜਿਨ੍ਹਾਂ ਨੇ ਅੰਗਰੇਜ਼ੀ ਵਿੱਚ ਸੰਚਾਰ ਹੁਨਰ ਨੂੰ ਵਧਾਉਣ ਲਈ ਸੰਬੋਧਿਤ ਕੀਤਾ। ਇਸ ਤੋਂ ਇਲਾਵਾ ਸੀਟੀ ਗਲੋਬਲ ਐਜੂਕੇਸਨ ਸਰਵਿਸਜ਼ ਦੇ ਮੈਨੇਜਰ ਤਰੁਣ ਸ਼ਰਮਾ ਨੇ ਵਿਦੇਸ਼ਾਂ ਵਿੱਚ ਸੰਭਾਵਨਾਵਾਂ ਨੂੰ ਬਾਰੇ ਜਾਣਕਾਰੀ ਦਿੱਤੀ। ਕੇ.ਕੇ. ਗਹਿਰਾ, ਪ੍ਰਿੰਸੀਪਲ , ਕੇਂਦਰੀ ਵਿਦਿਆਲਿਆ ਨੰਬਰ 2, ਆਰਸੀਐਫ, ਹੁਸੈਨਪੁਰ ਅਤੇ ਕੇਂਦਰੀ ਵਿਦਿਆਲਿਆ ਕਪੂਰਥਲਾ ਛਾਉਣੀ ਦੇ ਰਾਕੇਸ਼ ਕੁਮਾਰ ਨੇ ਫੈਕਲਟੀ ਅਤੇ ਵਿਦਿਆਰਥੀਆਂ ਦੇ ਨਾਲ ਇਸ ਸਮਾਗਮ ਵਿੱਚ ਸਹਿਯੋਗ ਦਿੱਤਾ ਅਤੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ। ਕੇਂਦਰੀ ਵਿਦਿਆਲਿਆ ਨੰਬਰ 2, ਆਰ.ਸੀ.ਐਫ, ਹੁਸੈਨਪੁਰ ਦੇ ਪ੍ਰਿੰਸੀਪਲ ਕੇ.ਕੇ. ਗਹਿਰਾ ਨੇ ਕਿਹਾ ਕਿ ਇਸ ਵਰਕਸ਼ਾਪ ਦੇ ਆਯੋਜਨ ਲਈ ਉਹ ਸੀਟੀ ਗਰੁੱਪ ਦੇ ਲਈ ਸ਼ੁਕਰਗੁਜਾਰ ਹਨ। ਇਸ ਤੋਂ ਵਿਦਿਆਰਥੀਆਂ ਦੇ ਸੰਚਾਰ ਹੁਨਰ ਅਤੇ ਅੰਤਰਰਾਸ਼ਟਰੀ ਮੌਕਿਆਂ ਦੀ ਸਮਝ ਨੂੰ ਵਧਾਉਣ ਲਈ ਮਹੱਤਵਪੂਰਨ ਤੌਰ 'ਤੇ ਲਾਭ ਹੋਵੇਗਾ।

# ਗਣੇਸ਼ਪੁਰ ਭਾਰਟਾ ਦੀ ਸਰਪੰਚ ਸਾਥੀਆਂ ਸਮੇਤ ਆਪ 'ਚ ਸ਼ਾਮਲ



**ਮਾਹਿਲਪੁਰ/ਸਫਰੀ** - ਬਲਾਕ ਮਾਹਿਲਪੁਰ ਅਧੀਨ ਪਿੰਡ ਗਣੇਸ਼ਪੁਰ ਦੀ ਸਰਪੰਚ ਤੀਰਥ ਕੌਰ ਆਪਣੇ ਸਾਥੀਆਂ ਸਮੇਤ ਹਲਕਾ ਵਿਧਾਇਕ ਤੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਦੀ ਅਗਵਾਈ 'ਚ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ। ਪਿੰਡ ਵਿਖੇ ਹੋਏ ਸਮਾਗਮ ਨੂੰ ਸੰਬੋਧਨ ਕਰਦਿਆਂ ਰੌੜੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੇ ਲੋਕਾਂ ਲਈ ਭ੍ਰਿਸ਼ਟਾਚਾਰ ਮੁਕਤ ਮਾਹੌਲ ਦਿੱਤਾ ਹੈਂ । ਸੂਬੇ ਦੇ ਨੌਜਵਾਨਾਂ ਨੂੰ ਵੱਡੀ ਗਿਣਤੀ 'ਚ ਸਰਕਾਰੀ ਨੌਕਰੀਆਂ ਦਿੱਤੀਆਂ ਜਾਂ ਰਹੀਆਂ ਹਨ। ਦੇਸ਼ ਦੇ ਵੱਡੇ ਉਦਯੋਗ ਪਤੀ ਪੰਜਾਬ 'ਚ ਨਿਵੇਸ਼ ਕਰਕੇ ਪ੍ਰੋਜੈਕਟ ਲਗਾਏ ਜਾ ਰਹੇ ਹਨ ਜਿਸ ਨਾਲ ਪੰਜਾਬ ਦੇ ਨੌਜਵਾਨਾਂ ਨੂੰ ਰੋਜਗਾਰ ਮਿਲੇਗਾ। ਆਪ 'ਚ ਸ਼ਾਮਿਲ ਹੋਏ ਸਰਪੰਚ ਤੀਰਥ ਕੌਰ ਨੇ ਕਿਹਾ ਕਿ ਵਿਧਾਇਕ ਤੇ ਡਿਪਟੀ ਸਪੀਕਰ ਹਲਕੇ ਦਾ ਵਿਕਾਸ ਨਿਰਖੱਖਤਾ ਨਾਲ ਕਰਵਾ ਰਹੇ ਹਨ ਜਿਸ ਕਰਕੇ ਸਾਡੇ ਪਿੰਡ ਵਾਸੀ ਆਪ 'ਚ ਸ਼ਾਮਿਲ ਹੋਏ ਹਨ। ਸਰਪੰਚ ਤੀਰਥ ਕੌਰ ਨੇ ਪਿੰਡ ਲਈ 10 ਲੱਖ ਗਰਾਂਟ ਦੇਣ 'ਤੇ ਹਲਕਾ ਵਿਧਾਇਕ ਤੇ ਡਿਪਟੀ ਸਪੀਕਰ ਦਾ ਧੰਨਵਾਦ ਕੀਤਾ। ਇਸ ਮੌਕੇ ਚਰਨਜੀਤ ਸਿੰਘ, ਹਰਜਿੰਦਰ ਧੰਜਲ, ਗੁਰਭਾਗ ਸਿੰਘ, ਜਸਵਿੰਦਰ ਕੌਰ, ਸੁੱਖਵਿੰਦਰ ਕੌਰ, ਸੁਖਦੇਵ ਕੌਰ, ਜਸਵੀਰ ਸਿੰਘ, ਮੋਹਣ ਸਿੰਘ, ਹਰਜੀਤ ਸਿੰਘ, ਸੁੱਖਵਿੰਦਰ ਸਿੰਘ, ਜਗਜੀਤ ਸਿੰਘ ਆਦਿ ਪਿੰਡ ਵਾਸੀ ਹਾਜ਼ਰ ਸਨ।

# ਡੇਂਗੂ,ਮਲੇਰੀਆ ਤੇ ਚਿਕਨਗੁਨੀਆ ਸੰਬੰਧੀ ਗਤੀਵਿਧੀਆਂ ਕੀਤੀਆਂ



**ਮੋਰਿੰਡਾ (ਜੈਜੀ ਸਰਦਾਰ)**-ਸਿਹਤ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਸੀਨੀਅਰ ਮੈਡੀਕਲ ਅਫਸਰ ਸੀ ਐੱਚ ਸੀ ਸ੍ਰੀ ਚਮਕੌਰ ਸਾਹਿਬ ਡਾਕਟਰ ਗੋਬਿੰਦ ਟੰਡਨ ਦੀ ਅਗਵਾਈ ਹੇਠ ਐਸ ਆਈ ਰਾਮਸਰਨ ਸਿੰਘ, ਦਵਿੰਦਰ ਸਿੰਘ ਦੀ ਦੇਖ ਰੇਖ 'ਚ ਡੇਂਗੂ,ਮਲੇਰੀਆ ਤੇ ਚਿਕਨਗੁਨੀਆ ਸਬੰਧੀ ਗਤੀਵਿਧੀਆਂ ਕੀਤੀਆਂ ਗਈਆਂ। ਇਸਦੇ ਸਬੰਧ 'ਚ ਤੰਦਰੁਸਤ ਸਿਹਤ ਕੇਂਦਰ ਮੜੌਲੀ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੜੌਲੀ ਵਿਖੇ ਜਾਣਕਾਰੀ ਦਿੱਤੀ ਗਈ। ਇਸ ਮੌਕੇ 'ਤੇ ਸੀਨੀਅਰ ਮੈਡੀਕਲ ਅਫਸਰ ਗੋਬਿੰਦ ਟੰਡਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੱਛਰ ਖੜੇ ਪਾਣੀ 'ਤੇ ਪੈਦਾ ਹੁੰਦਾ ਹੈ ਓਹ ਘਰ ਬਾਹਰ ਕਿਤੇ ਵੀ ਹੋ ਸਕਦਾ ਹੈ। ਇਸ ਕਰਕੇ ਆਪਣੇ ਆਪ ਨੂੰ ਜਿੰਮੇਵਾਰ ਨਾਗਰਿਕ ਮੰਨਦੇ ਹੋਏ ਆਪੋ ਆਪਣੇ ਘਰਾਂ ਅਤੇ ਚੌਗਿਰਦੇ 'ਚ ਟੁੱਟੇ ਬਰਤਨ ਕੂਲਰ ਫਰਿੱਜ ਗਮਲੇ ਆਦਿ ਚੈੱਕ ਕਰਕੇ ਪਾਣੀ ਨੂੰ ਕੱਢਿਆ ਜਾਵੇ ਤਾਂ ਕਿ ਪਾਣੀ 'ਤੇ ਲਾਰਵਾ ਪੈਦਾ ਨਾ ਹੋ ਸਕੇ। ਡੇਂਗੂ ਹੋਣ ਦੀ ਸੂਰਤ 'ਚ ਤੇਜ ਬੁਖਾਰ,ਸਿਰਦਰਦ,ਚੱਕਰ ਆਉਣਾ,ਉਲਟੀਆਂ ਹੋਣਾ ਤੇ ਸਰੀਰ 'ਤੇ ਦਾਣੇ ਹੋਣਾ ਆਦਿ ਹੋ ਸਕਦਾ ਹੈ। ਇਸ ਹਾਲਤ 'ਚ ਸਰਕਾਰੀ ਸੰਸਥਾ ਵਿਖੇ ਚੈੱਕਅੱਪ ਕਰਵਾਓ। ਬਿਨਾਂ ਡਾਕਟਰ ਦੀ ਸਲਾਹ ਤੋਂ ਕੋਈ ਵੀ ਗੋਲੀ ਨਾ ਲਵੋ ਤਾਂ ਕਿ ਸਾਡੇ ਪਲੇਟਲੈੱਟ ਸੈੱਲ ਨਾ ਘਟ ਜਾਣ। ਇਸ ਮੌਕੇ 'ਤੇ ਮਲਟੀਪਰਪਜ ਹੈਲਥ ਵਰਕਰ ਨਰਿੰਦਰਪਾਲ ਸਿੰਘ ਏ ਐਨ ਐਮ ਸ੍ਰੀਮਤੀ ਮਲਕੀਤ ਕੌਰ, ਸੀ ਐੱਚ ਓ ਸ੍ਰੀਮਤੀ ਅਮਨਦੀਪ ਕੌਰ ਤੋਂ ਇਲਾਵਾ ਪਤਵੰਤੇ ਸੱਜਣ ਅਤੇ ਮੜੌਲੀ ਕਲਾਂ ਸਕੂਲ ਦੇ ਅਧਿਆਪਕ ਹਰਕਮਲ ਸਿੰਘ, ਇੰਦਰਜੀਤ ਸਿੰਘ, ਸਤਵਿੰਦਰ ਸਿੰਘ ਤੇ ਬੱਚੇ ਹਾਜਰ ਸਨ।

# 815 ਗ੍ਰਾਮ ਨਸ਼ੀਲੇ ਪਦਾਰਥ ਸਮੇਤ ਦੋ ਗ੍ਰਿਫਤਾਰ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ )**- ਇੰਸਪੈਕਟਰ ਉਕਾਰ ਸਿੰਘ ਬਰਾੜ ਮੁੱਖ ਅਫਸਰ ਥਾਣਾ ਟਾਂਡਾ ਜ਼ਿਲ੍ਹਾ ਹੁਸਿਆਰਪੁਰ ਨੇ ਦੱਸਿਆ ਕਿ ਐਸ.ਆਈ ਗੁਰਵਿੰਦਰ ਸਿੰਘ 2423 ਸਮੇਤ ਪੁਲਸ ਪਾਰਟੀ ਨੂੰ ਉਸ ਸਮੇਂ ਵੱਡੀ ਸਫਲਤਾ ਹਾਸਲ ਹੋਈ ਜਦੋਂ ਗਸ਼ਤ ਦੌਰਾਨ ਕੱਚਾ ਰਸਤਾ ਸ਼ੈਲਰ ਝੋਨੇ ਵਾਲਾ ਦੇ ਸਾਹਮਣੇ ਕੱਚੇ ਰਸਤੇ ਤੋਂ 2 ਵਿਅਕਤੀਆ ਪਾਸੋਂ 815 ਗ੍ਰਾਮ ਨਸ਼ੀਲਾ ਪਦਾਰਥ ਬ੍ਰਾਮਦ ਕੀਤਾ ਗਿਆ। ਜਿਨ੍ਹਾਂ ਦੀ ਪਛਾਣ ਥੋੜੂ ਰਾਮ ਪੁੱਤਰ ਚੁੰਨੀ ਲਾਲ ਵਾਸੀ ਜਾਜਾ ਥਾਣਾ ਟਾਂਡਾ, ਮਿਹਰ ਚੰਦ ਪੁੱਤਰ ਬੇਲੀ ਰਾਮ ਵਾਸੀ ਜਾਜਾ ਹੋਈ ਹੈ । ਥੋੜੂ ਰਾਮ 'ਤੇ 13 ਮੁਕੱਦਮੇ ਦਰਜ ਹਨ ਤੇ ਮਿਹਰ ਚੰਦ 'ਤੇ 07 ਮੁਕਦਮੇ ਪਹਿਲਾਂ ਦਰਜ ਹਨ ਤੇ ਜੇਲ੍ਹ ਵਿਚੋਂ ਜਮਾਨਤ 'ਤੇ ਆਏ ਹਨ।

# ਸੇਂਟ ਸੋਲਜਰ ਨੇ ਪਿੰਗਲਾ ਘਰ 'ਚ ਮਨਾਈ ਦੀਵਾਲੀ




**ਜਲੰਧਰ ( ਇਕਬਾਲ ਸਿੰਘ ਉੱਭੀ )**-ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨ ਨੇ ਪਿੰਗਲਾ ਘਰ ਦੇ ਬੱਚਿਆਂ ਅਤੇ ਬਜ਼ੁਰਗਾਂ ਨਾਲ ਰੌਸ਼ਨੀਆਂ ਦਾ ਤਿਉਹਾਰ ਦੀਵਾਲੀ ਮਨਾਇਆ। ਦੀਵਾਲੀ ਦੀਆਂ ਖੁਸ਼ੀਆਂ ਸਾਂਝੀਆਂ ਕਰਦੇ ਹੋਏ "ਇਸ ਤਰ੍ਹਾਂ ਜ਼ਿੰਦਗੀ ਜੀਓ ਅਤੇ ਬੁਝੇ ਹੋਏ ਦੀਵੇ ਜਗਾਉਣ ਦੀ ਕੋਸ਼ਿਸ਼ ਕਰੋ, ਜੇਕਰ ਤੁਸੀਂ ਸਮੁੰਦਰ ਬਣਨਾ ਚਾਹੁੰਦੇ ਹੋ, ਤਾਂ ਪਹਿਲਾਂ ਆਪਣੇ ਆਪ ਨੂੰ ਦਰਿਆ ਦੇ ਰੂਪ ਵਿੱਚ ਦੇਖੋ" ਦਾ ਸੰਦੇਸ਼ ਦਿੱਤਾ ਗਿਆ। ਇਸ ਪ੍ਰੋਗਰਾਮ ਦੌਰਾਨ ਵਾਈਸ ਚੇਅਰਪਰਸਨ ਸ੍ਰੀਮਤੀ ਸੰਗੀਤਾ ਚੋਪੜਾ, ਸੇਂਟ ਸੋਲਜਰ ਇੰਟਰ ਕਾਲਜ ਦੇ ਪ੍ਰਿੰਸੀਪਲ ਮਨਗਿੰਦਰ ਸਿੰਘ, ਵਿਦਿਆਰਥੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਉਨ੍ਹਾਂ ਪਿੰਗਲਾ ਘਰ ਵਿੱਚ ਰਹਿਣ ਵਾਲੇ ਬੱਚਿਆਂ ਦੇ ਜੀਵਨ ਵਿੱਚ ਰੌਸ਼ਨੀ, ਖੁਸ਼ੀਆਂ ਅਤੇ ਤਰੱਕੀ ਦੀ ਕਾਮਨਾ ਕਰਦਿਆਂ ਉਥੋਂ ਦੇ ਬੱਚਿਆਂ ਨੂੰ ਤੋਹਫੇ ਵੰਡੇ। ਉਨ੍ਹਾਂ ਬੱਚਿਆਂ ਅਤੇ ਬਜ਼ੁਰਗਾਂ ਦੇ ਨਾਲ-ਨਾਲ ਉਨ੍ਹਾਂ ਦੇ ਨਾਂਅ 'ਤੇ ਹਰ ਦੀਵਾਲੀ 'ਤੇ ਦੀਵੇ ਜਗਾਏ, ਹਰ ਕਿਸੇ ਦੇ ਜੀਵਨ 'ਚ ਰੌਸ਼ਨੀ ਹੋਵੇ। ਦੀਵਾਲੀ ਮੌਕੇ ਇਨ੍ਹਾਂ ਬੱਚਿਆਂ ਅਤੇ ਬਜ਼ੁਰਗਾਂ ਨੂੰ ਕੰਬਲ, ਨੋਟਬੁੱਕ, ਪੈੱਨ, ਮਠਿਆਈਆਂ, ਫਲ ਆਦਿ ਵੰਡੇ ਗਏ। ਸ਼੍ਰੀਮਤੀ ਚੋਪੜਾ ਨੇ ਇਨ੍ਹਾਂ ਬੱਚਿਆਂ ਨੂੰ ਆਪਣਾ ਆਸ਼ੀਰਵਾਦ ਦਿੰਦੇ ਹੋਏ ਕਿਹਾ ਕਿ ਜਿਸ ਤਰ੍ਹਾਂ ਦੀਵੇ ਦੀ ਰੌਸ਼ਨੀ ਆਲੇ-ਦੁਆਲੇ ਦੀ ਹਰ ਚੀਜ਼ ਨੂੰ ਰੌਸ਼ਨ ਕਰ ਦਿੰਦੀ ਹੈ, ਉਸੇ ਤਰ੍ਹਾਂ ਸਾਡੇ ਪਿਆਰ ਅਤੇ ਸਨੇਹ ਦੀ ਰੌਸ਼ਨੀ ਬੱਚਿਆਂ ਦੇ ਜੀਵਨ ਨੂੰ ਰੌਸ਼ਨ ਕਰਦੀ ਹੈ, ਇਸ ਲਈ ਉਨ੍ਹਾਂ ਨੂੰ ਆਪਣੇ ਆਪ ਦਾ ਅਹਿਸਾਸ ਕਰਵਾ ਕੇ ਸੇਂਟ ਸੋਲਜਰ ਗਰੁੱਪ ਹਰ ਸਾਲ ਦੀਵਾਲੀ ਦਾ ਇਹ ਸ਼ੁਭ ਅਤੇ ਰੌਸ਼ਨ ਤਿਉਹਾਰ ਇਹਨਾਂ ਬੱਚਿਆਂ ਨਾਲ ਮਨਾਇਆ ਜਾਂਦਾ ਹੈ। ਉਨ੍ਹਾਂ ਵਚਨਬੱਧਤਾ ਪ੍ਰਗਟਾਈ ਕਿ ਇਹ ਪਰੰਪਰਾ ਭਵਿੱਖ ਵਿੱਚ ਵੀ ਜਾਰੀ ਰਹੇਗੀ।

# ਤਿੰਨ ਮੋਟਰਸਾਈਕਲ ਚੋਰ ਗ੍ਰਿਫਤਾਰ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ)**- ਐਸ.ਐਚ.ਓ ਉਕਾਂਰ ਸਿੰਘ ਬਰਾੜ ਮੁੱਖ ਅਫਸਰ ਥਾਣਾ ਟਾਂਡਾ ਨੇ ਦੱਸਿਆ ਕਿ ਐਸ.ਆਈ ਅਵਤਾਰ ਸਿੰਘ ਸਮੇਤ ਪੁਲਸ ਪਾਰਟੀ ਨੂੰ ਉਸ ਸਮੇ ਵੱਡੀ ਸਫਲਤਾ ਹਾਸਲ ਹੋਈ ਜਦੋ ਟੀ-ਪੁਆਇੰਟ ਬਿਜਲੀ ਘਰ ਟਾਂਡਾ ਤੋਂ ਮੋਟਰਸਾਇਲ ਚੋਰੀ ਕਰਨ ਵਾਲੇ ਤਿੰਨ ਦੋਸ਼ੀ ਸੰਨੀ ਪੁੱਤਰ ਗੁਰਮੇਲ ਚੰਦ ਵਾਸੀ ਤਲਵੰਡੀ ਸੱਲਾ ਥਾਣਾ ਟਾਂਡਾ ,ਲਵਪ੍ਰੀਤ ਉਰਫ ਲੱਕੀ ਪੁੱਤਰ ਮਨਜੀਤ ਸਿੰਘ ਵਾਸੀ ਬੂਰੇ ਜੱਟਾਂ ਥਾਣਾ ਬੁਲੋਵਾਲ ,ਸਨੀ ਪੁੱਤਰ ਕੁਲਵਿੰਦਰ ਵਾਸੀ ਛਾਗਲਾ ਥਾਣਾ ਦਸੂਹਾ ਜ਼ਿਲ੍ਹਾ ਹੁਸਿਆਰਪੁਰ ਨੂੰ ਚੋਰੀ ਸ਼ੁਦਾ ਮੋਟਰਸਾਇਕਲ ਮਾਰਕਾ ਪਲੈਟਿਨਾ -32—4826 ਸਮੇਤ ਗ੍ਰਿਫਤਾਰ ਕਰ ਲਿਆ।

# ਵਿਦਿਆਰਥੀ ਡੱਲੇਵਾਲ ਦੇ ਪੁਸਤਕ ਮੇਲੇ ਤੇ ਵਿਰਾਸਤੀ ਉਤਸਵ ਦਾ ਭਰਪੂਰ ਲਾਹਾ ਲੈਣ : ਡਾ: ਗੁਰਦੀਪ ਸ਼ਰਮਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**

"'ਪੰਜਾਬੀ ਵਿਕਾਸ ਮੰਚ ਹਰਿਆਣਾ ਵੱਲੋਂ ਵਿਦਿਆਰਥੀਆ ਤੇ ਨੌਜਵਾਨਾਂ ਵਿੱਚ ਪੁਸਤਕ ਸਭਿਆਚਾਰ ਪੈਦਾ ਕਰਨ ਤੇ ਪੰਜਾਬੀ ਬੋਲੀ, ਕਲਾ ਤੇ ਵਿਰਾਸਤ ਦੀ ਸੰਭਾਲ ਲਈ ਕੀਤੇ ਜਾ ਰਹੇ ਸ਼ਲਾਘਾਯੋਗ ਹਨ। ਸਕੂਲਾਂ ਕਾਲਿਜਾਂ ਦੇ ਵਿਦਿਆਰਥੀਆਂ ਨੂੰ ਮੰਚ ਵੱਲੋਂ ਕਰਾਏ ਜਾਂਦੇ ਵਿਦਿਅਕ ਤੇ ਸਭਿਆਚਾਰਕ ਸਮਾਗਮਾਂ ਦਾ ਭਰਪੂਰ ਲਾਹਾ ਲੈਣਾ ਚਾਹੀਦਾ ਹੈ। " ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਉੱਘੇ ਵਿਦਿਅਕ ਮਾਹਿਰ ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਾਬਕਾ ਸੈਨੇਟਰ ਤੇ ਸਿੰਡੀਕੇਟ ਮੈਂਬਰ ਡਾ: ਗੁਰਦੀਪ ਕੁਮਾਰ ਸ਼ਰਮਾ ਨੇ ਪੰਜਾਬੀ ਵਿਕਾਸ ਮੰਚ ਹਰਿਆਣਾ ਵਲੋਂ ਭਾਸ਼ਾ ਵਿਭਾਗ ਪੰਜਾਬ ਦੇ ਸਹਿਯੋਗ ਨਾਲ ਮਿਤੀ 09 ਅਤੇ 10 ਨਵੰਬਰ ਨੂੰ ਸ਼੍ਰੀ ਗੁਰੂ ਨਾਨਕ ਐਜੂਕੇਸ਼ਨਲ ਕੰਪਲੈਕਸ ਡੱਲੇਵਾਲ ਨੇੜੇ ਹਰਿਆਣਾ ਕਰਾਏ ਜਾ ਰਹੇ 7ਵੇਂ ਪੁਸਤਕ ਮੇਲੇ ਤੇ ਵਿਰਾਸਤੀ ਉਤਸਵ ਸਬੰਧੀ ਗੱਲਬਾਤ ਕਰਦਿਆਂ ਆਖੇ। ਡਾ: ਸ਼ਰਮਾ ਨੇ ਕਿਹਾ ਕਿ ਅਜਿਹੇ ਨਿਰੋਲ ਸਾਹਿਤਕ ਤੇ ਵਿਦਿਅਕ ਸਮਾਗਮ ਸਕੂਲਾਂ ਕਾਲਿਜਾਂ 'ਚ ਪੜ੍ਹ. ਰਹੀ ਨਵੀ ਪੀੜ੍ਹੀ ਨੂੰ ਸੁਚੱਜੀ ਅਗਵਾਈ ਦੇਣ ਦੇ ਸਮਰੱਥ ਹੁੰਦੇ ਹਨ। ਇਸ ਮੌਕੇ ਪੰਜਾਬੀ ਵਿਕਾਸ ਮੰਚ ਹਰਿਆਣਾ ਦੇ ਬੁਲਾਰੇ ਪ੍ਰਿੰਸੀ: ਅਮਨਦੀਪ ਸ਼ਰਮਾ ਨੇ ਦੱਸਿਆ ਕਿ ਬੀ ਐਡ ਕਾਲਿਜ ਡੱਲੇਵਾਲ ਨੇੜੇ ਹਰਿਆਣਾ ਵਿਖੇ 09 ਅਤੇ 10 ਨਵੰਬਰ ਨੂੰ ਚੇਅਰਮੈਨ ਇੰਜ: ਪਰਮਜੀਤ ਸਿੰਘ ਤੇ ਟਰੱਸਟ ਦੇ ਐਮ ਡੀ ਪ੍ਰਭਜੀਤ ਸਿੰਘ ਦੀ ਅਗਵਾਈ ਤੇ ਪ੍ਰਿੰਸੀ: ਡਾ ਧੀਰਜ ਸ਼ਰਮਾਂ ਦੀ ਦੇਖ ਰੇਖ 'ਚ ਚੱਲਣ ਵਾਲਾ ਦੋ ਰੋਜ਼ਾ ਵਿਸ਼ਾਲ ਪੁਸਤਕ ਮੇਲਾ ਇਸ ਵਾਰ ਪੰਜਾਬ ਸਰਕਾਰ ਵੱਲੋਂ ਪੰਜਾਬੀ ਮਾਹ ਸਮਾਗਮਾਂ ਦੀ ਲੜੀ ਤਹਿਤ ਕਰਾਇਆ ਜਾ ਰਿਹਾ ਹੈ, ਜਿਸ ਨੂੰ ਪ੍ਰੈਸ ਕਲੱਬ ਹਰਿਆਣਾ, ਸਰ ਮਾਰਸ਼ਲ ਐਜੂ: ਸੁਸਾਇਟੀ ਤੇ ਅਲੂਮਿਨੀ ਐਸ ਜੀ ਜੀ ਡੀ ਐਸ ਡੀ ਕਾਲਿਜ ਹਰਿਆਣਾ ਦਾ ਵਿਸ਼ੇਸ਼ ਸਹਿਯੋਗ ਰਹੇਗਾ। ਮੇਲੇ ਦੇ ਦੋਵੇਂ ਦਿਨ ਜਿਲਾ ਭਾਸ਼ਾ ਤੇ ਖੋਜ ਅਫਸਰ ਡਾ: ਜਸਵੰਤ ਰਾਏ ਦੀ ਅਗਵਾਈ 'ਚ ਪੰਜਾਬੀ ਭਾਸ਼ਾ ਦੇ ਮਾਹਿਰ ਵਿਦਵਾਨਾਂ ਵੱਲੋਂ ਸਾਹਿਤ, ਇਤਿਹਾਸ ਤੇ ਪੰਜਾਬੀ ਸਭਿਆਚਾਰ ਨਾਲ ਜੁੜੇ ਵੱਖ ਵੱਖ ਸਰੋਕਾਰਾਂ ਉੱਤੇ ਵਿਚਾਰ ਚਰਚਾ ਕੀਤੀ ਜਾਵੇਗੀ। ਪੁਸਤਕ ਮੇਲੇ ਦੇ ਦੋਵੇ ਦਿਨ ਵੱਖ ਵੱਖ ਸਕੂਲਾਂ ਤੇ ਕਾਲਿਜਾਂ ਦੇ ਵਿਦਿਆਰਥੀ ਪੰਜਾਬੀ ਸੰਗੀਤ ਤੇ ਕਲਾ ਨਾਲ ਸਬੰਧਿਤ ਵੰਨਗੀਆਂ ਪੇਸ਼ ਕਰਨਗੇ। ਮੇਲੇ 'ਚ ਕਲਾਤਮਿਕ ਵੰਨਗੀਆਂ ਪੇਸ਼ ਕਰਨ ਵਾਲੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਪ੍ਰਸ਼ੰਸਾ ਪੱਤਰ ਤੇ ਪੁਸਤਕਾਂ ਦੇ ਤੋਹਫੇ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਪੰਜਾਬ ਦੇ ਉੱਘੇ ਪ੍ਰਕਾਸ਼ਕਾਂ ਵੱਲੋਂ ਪੰਜਾਬੀ, ਹਿੰਦੀ, ਅੰਗਰੇਜ਼ੀ ਭਾਸ਼ਾਵਾਂ 'ਚ ਇਤਿਹਾਸ,ਸਭਿਆਚਾਰ, ਧਰਮ, ਦਰਸ਼ਨ, ਭੂਗੋਲ, ਕੰਪਿਊਟਰ, ਵਿਗਿਆਨ ਵਿਸ਼ਿਆਂ ਨਾਲ ਸਬੰਧਿਤ ਪੁਸਤਕਾਂ ਸਸਤੇ ਰੇਟਾਂ'ਤੇ ਉਪਲਬਧ ਕਰਾਉਣਗੇ।

ਇਸ ਮੌਕੇ ਪ੍ਰਿੰਸੀ: ਰਾਜੀਵ ਕੁਮਾਰ, ਪ੍ਰੋ: ਸੁਰੇਸ਼ ਕੁਮਾਰ, ਵਰਿੰਦਰ ਸਿੰਘ ਨਿਮਾਣਾ, ਹਰਮੇਲ ਸਿੰਘ, ਸਰਬਜੀਤ ਸਿੰਘ ਕੰਗ, ਜਗਤਜੀਤ ਸਿੰਘ,ਅਰਵਿੰਦ ਸਿੰਘ ਧੂਤ, ਪ੍ਰੋ: ਨੀਲਮ ਰਾਜੂ, ਪ੍ਰੋ: ਪਿਆ, ਪ੍ਰੋ: ਅਮਨਦੀਪ ਕੁਮਾਰ, ਪ੍ਰੋ: ਅਰੁਣ, ਪ੍ਰੋ: ਮੰਜੂ ਆਦਿ ਹਾਜਰ ਸਨ।

# ਡੇਂਗੂ 'ਤੇ ਵਾਰ : ਸਿਵਲ ਸਰਜਨ ਵੱਲੋਂ ਬੂਥਗੜ੍ਹ ਦੇ ਪਿੰਡਾਂ 'ਚ ਚੈਕਿੰਗ



**ਮੋਹਾਲੀ, (ਗੁਰਜੀਤ ਬਿੱਲਾ )** : ਜ਼ਿਲ੍ਹੇ 'ਚ ਚੱਲ ਰਹੀ ਡੇਂਗੂ-ਵਿਰੋਧੀ ਮੁਹਿੰਮ ਤਹਿਤ ਸਿਵਲ ਸਰਜਨ ਡਾ. ਮਹੇਸ਼ ਕੁਮਾਰ ਆਹੂਜਾ ਨੇ ਪ੍ਰਾਇਮਰੀ ਹੈਲਥ ਸੈਂਟਰ ਬੂਥਗੜ੍ਹ ਦਾ ਦੌਰਾ ਕੀਤਾ ਅਤੇ ਵੱਖ-ਵੱਖ ਥਾਈਂ ਚੈਕਿੰਗ ਕੀਤੀ। ਡਾ. ਮਹੇਸ਼ ਕੁਮਾਰ ਨੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਸੁਭਾਸ਼ ਕੁਮਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਅਲਕਜੋਤ ਕੌਰ ਨਾਲ ਪਿੰਡਾਂ ਵਿਚ ਵੱਖ-ਵੱਖ ਥਾਵਾਂ ਅਤੇ ਦੁਕਾਨਾਂ 'ਚ ਜਾ ਕੇ ਡੇਂਗੂ ਬੁਖ਼ਾਰ ਲਈ ਜ਼ਿੰਮੇਵਾਰ ਮੱਛਰ ਦੀ ਪੈਦਾਇਸ਼ ਵਾਲੀਆਂ ਸੰਭਾਵੀ ਥਾਵਾਂ ਦਾ ਨਿਰੀਖਣ ਕੀਤਾ। ਉਨ੍ਹਾਂ ਮੌਕੇ 'ਤੇ ਮੌਜੂਦ ਲੋਕਾਂ ਨੂੰ ਡੇਂਗੂ ਬੁਖ਼ਾਰ ਦੇ ਲੱਛਣਾਂ, ਕਾਰਨਾਂ, ਬਚਾਅ ਅਤੇ ਇਲਾਜ ਬਾਰੇ ਵੀ ਵਿਸਥਾਰਪੂਰਵਕ ਸਮਝਾਇਆ। ਇਸ ਮੌਕੇ ਗੱਲਬਾਤ ਕਰਦਿਆਂ ਸਿਵਲ ਸਰਜਨ ਨੇ ਦਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ 'ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ' ਮੁਹਿੰਮ ਸਾਰੇ ਜ਼ਿਲ੍ਹੇ 'ਚ ਕਈ ਮਹੀਨਿਆਂ ਤੋਂ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਅਧਿਕਾਰੀਆਂ ਸਮੇਤ ਹੋਰ ਸਟਾਫ਼ ਜਿਥੇ ਘਰ-ਘਰ ਜਾ ਕੇ ਸਰਵੇਖਣ ਕਰ ਰਹੇ ਹਨ, ਉਥੇ ਚਾਲਾਨ ਕੱਟਣ ਦੀ ਕਾਰਵਾਈ ਵੀ ਕੀਤੀ ਜਾ ਰਹੀ ਹੈ। ਸਰਵੇ ਦੌਰਾਨ ਕੰਟੇਨਰ, ਗਮਲੇ, ਕੂਲਰ, ਫ਼ਰਿੱਜ, ਬਕਸੇ ਅਤੇ ਹੋਰ ਸਮਾਨ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਡੇਂਗੂ ਤੋਂ ਬਚਣ ਦਾ ਇਕੋ-ਇਕ ਕਾਰਗਰ ਤਰੀਕਾ ਹੈ ਕਿ ਕਿਸੇ ਵੀ ਥਾਂ 'ਤੇ ਪਾਣੀ ਖੜਾ ਨਾ ਹੋਣ ਦਿੱਤਾ ਜਾਵੇ। ਮੁਹਿੰਮ ਦੌਰਾਨ ਲੋਕਾਂ ਨੂੰ ਲਗਾਤਾਰ ਜਾਗਰੂਕ ਵੀ ਕੀਤਾ ਜਾ ਰਿਹਾ ਹੈ।

ਸਿਵਲ ਸਰਜਨ ਨੇ ਦਸਿਆ ਕਿ ਡੇਂਗੂ ਬੁਖ਼ਾਰ ਫੈਲਾਉਣ ਵਾਲੇ ਮੱਛਰ ਦਾ ਲਾਰਵਾ ਕੁੱਝ ਦਿਨਾਂ ਵਿਚ ਖ਼ਤਰਨਾਕ ਮੱਛਰ ਦਾ ਰੂਪ ਲੈ ਲੈਂਦਾ ਹੈ ਜਿਹੜਾ ਵਿਅਕਤੀ ਦੀ ਜਾਨ ਵੀ ਲੈ ਸਕਦਾ ਹੈ। ਉਨ੍ਹਾਂ ਕਿਹਾ ਕਿ ਡੇਂਗੂ ਬੁਖ਼ਾਰ ਹੋਣ ਦਾ ਕੋਈ ਪੱਕਾ ਮੌਸਮ ਨਹੀਂ ਪਰ ਆਮ ਤੌਰ 'ਤੇ ਇਹ ਬੁਖ਼ਾਰ ਜੁਲਾਈ ਤੋਂ ਲੈ ਕੇ ਨਵੰਬਰ ਅਖ਼ੀਰ ਤਕ ਜ਼ਿਆਦਾ ਹੁੰਦਾ ਹੈ। ਡੇਂਗੂ ਬੁਖ਼ਾਰ ਫੈਲਾਉਣ ਵਾਲਾ ਮੱਛਰ ਦਿਨ ਵੇਲੇ ਕੱਟਦਾ ਹੈ ਅਤੇ ਸਾਫ਼ ਪਾਣੀ ਵਿਚ ਪੈਦਾ ਹੁੰਦਾ ਹੈ। ਸਰਕਾਰੀ ਸਿਹਤ ਸੰਸਥਾਵਾਂ ਵਿਚ ਡੇਂਗੂ ਦੀ ਜਾਂਚ ਅਤੇ ਇਲਾਜ ਮੁਫ਼ਤ ਹੁੰਦਾ ਹੈ। ਜਾਣਕਾਰੀ ਲਈ ਸਿਹਤ ਵਿਭਾਗ ਦੀ ਹੈਲਪਲਾਈਨ ਨੰਬਰ 104 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਡਾ. ਕਾਰਜ ਸਿੰਘ, ਡਾ. ਅਰੁਣ ਬਾਂਸਲ, ਡਾ. ਵਿਕਾਸ, ਹੈਲਥ ਇੰਸਪੈਕਟਰ ਗੁਰਤੇਜ ਸਿੰਘ, ਲੈਬ ਤਕਨੀਸ਼ੀਅਨ ਸੁਖਦੇਵ ਸਿੰਘ, ਸਿਹਤ ਵਰਕਰ ਅਤੇ ਆਸ਼ਾ ਵਰਕਰ ਮੌਜੂਦ ਸਨ। ਡੇਂਗੂ ਬੁਖ਼ਾਰ ਦੇ ਲੱਛਣ- ਡੇਂਗੂ ਇਕ ਬੁਖ਼ਾਰ ਹੈ ਜੋ ਏਡੀਜ਼ ਅਜਿਪਟੀ ਨਾਂਅ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਡੇਂਗੂ ਦੇ ਆਮ ਲੱਛਣਾਂ ਵਿਚ ਤੇਜ਼ ਸਿਰਦਰਦ ਅਤੇ ਤੇਜ਼ ਬੁਖ਼ਾਰ, ਮਾਸਪੇਸ਼ੀਆਂ ਅਤੇ ਜੋੜਾਂ ਵਿਚ ਦਰਦ, ਅੱਖ ਦੇ ਪਿਛਲੇ ਹਿੱਸੇ ਵਿਚ ਦਰਦ, ਹਾਲਤ ਖ਼ਰਾਬ ਹੋਣ 'ਤੇ ਨੱਕ, ਮੂੰਹ ਅਤੇ ਮਸੂੜਿਆਂ ਵਿਚੋਂ ਖ਼ੂਨ ਵਗਣਾ, ਜੀਅ ਕੱਚਾ ਹੋਣਾ ਅਤੇ ਉਲਟੀਆਂ ਆਉਣਾ ਆਦਿ ਸ਼ਾਮਲ ਹਨ।

# ਬੱਡਲਾ ਵਿੱਖੇ ਡੋਰ-ਟੂ-ਡੋਰ ਡੇਂਗੂ ਸਰਵੇ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਸਿਵਲ ਸਰਜਨ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ



ਅਨੁਸਾਰ ਅਤੇ ਐਸ ਐਮ ਓ ਸੀ ਐਚ ਸੀ ਹਾਰਟਾ ਬੱਡਲਾ ਡਾ. ਮਨਪ੍ਰੀਤ ਸਿੰਘ ਬੈਂਸ ਦੀ ਅਗਵਾਈ ਹੇਠ ਪਿੰਡ ਬੱਡਲਾ ਵਿੱਚ ਡੇਂਗੂ ਸਰਵੇ ਕੀਤਾ ਗਿਆ। ਇਸ ਦੌਰਾਨ ਕੁੱਲ 117 ਘਰਾਂ ਦਾ ਸਰਵੇ ਕੀਤਾ ਗਿਆ ਅਤੇ ਕੁੱਲ ਕੰਟੇਨਰ 519 ਚੈੱਕ ਕੀਤੇ ਗਏ। ਜਿਨ੍ਹਾਂ ਵਿੱਚੋ 9 ਕੰਟੇਨਰਾ ਵਿੱਚੋ ਲਾਰਵਾ ਪਾਇਆ ਗਿਆ। ਜਿਸ ਨੂੰ ਥਾਂ 'ਤੇ ਹੀ ਖਤਮ ਕਰ ਦਿੱਤਾ ਗਿਆ। ਨਵਦੀਪ ਸਿੰਘ (ਮ ਪ ਹ ਵ ਮੇਲ) ਅਤੇ ਹਰਦੀਪ ਸਿੰਘ (ਮ ਹ ਵ ਮੇਲ) ਅਤੇ ਸਤਨਾਮ ਸਿੰਘ (ਮ ਪ ਹ ਵ ਮੇਲ) ਦੁਆਰਾ ਘਰ ਘਰ ਜਾ ਕੇ ਪਿੰਡ ਦੇ ਲੋਕਾਂ ਨੂੰ ਡੇਂਗੂ ਬਾਰੇ ਜਾਗਰੂਕ ਕੀਤਾ ਅਤੇ ਦੱਸਿਆ ਗਿਆ ਬੁਖ਼ਾਰ ਹੋਣ 'ਤੇ ਸਿਰਫ ਦਵਾਈ ਲਈ ਜਾਵੇ।

10-NOV-PAGE-10.qxd 11/9/2023 10:26 PM Page 1



# ਮੁਲਾਜ਼ਮ ਤੇ ਪੈਨਸ਼ਨਰ ਮਨਾਉਣਗੇ ਕਾਲੀ ਦੀਵਾਲੀ : ਦਰਸ਼ਨ ਲੁਬਾਣਾ



**ਪਟਿਆਲਾ (ਪੱਤਰ ਪ੍ਰੇਰਕ)**

ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੀ ਕਲਾਸ ਫੌਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ, ਪੰਜਾਬ ਪੈਨਸ਼ਨਰਜ਼ ਯੂਨੀਅਨ, ਆਲ ਇੰਡੀਆ ਆਸ਼ਾ ਵਰਕਰਜ਼ ਯੂਨੀਅਨ, ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ, ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ (1680) ਦੇ ਸੱਦੇ 'ਤੇ ਜ਼ਿਲ੍ਹੇ ਦੇ ਮੁਲਾਜ਼ਮਾਂ, ਪੈਨਸ਼ਨਰਾਂ ਤੇ ਕੱਚੇ ਮੁਲਾਜ਼ਮਾਂ ਨੇ ਪੰਜਾਬ ਸਰਕਾਰ ਦੇ ਝੂਠੇ ਲਾਰਿਆਂ ਖਿਲਾਫ ਤਿੱਖੀ ਨਾਅਰੇਬਾਜ਼ੀ ਕਰਕੇ ਆਮ ਆਦਮੀ ਪਾਰਟੀ ਸਰਕਾਰ ਦੇ ਝੂਠੇ ਲਾਰਿਆਂ ਦੀ ਪੰਡ ਫੂਕੀ ਗਈ। ਇਸ ਐਕਸ਼ਨ ਦੀ ਅਗਵਾਈ ਕਰਦਿਆਂ ਮੁਲਾਜ਼ਮਾਂ ਦੇ ਆਗੂਆਂ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਮੰਤਰੀ ਮੰਡਲ ਦੀ 6 ਨਵੰਬਰ ਨੂੰ ਹੋਈ ਮੀਟਿੰਗ ਦੌਰਾਨ ਪੰਜਾਬ ਦੇ 7 ਲੱਖ ਤੋਂ ਜ਼ਿਆਦਾ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਗਿਣੀ ਮਿੱਥੀ ਸਾਜ਼ਿਸ਼ ਤਹਿਤ ਨਿਰਾਸ਼ ਕੀਤਾ ਗਿਆ ਹੈ। ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਮੁਲਾਜ਼ਮਾਂ, ਪੈਨਸ਼ਨਰਾਂ ਤੇ ਕੱਚੇ ਮੁਲਾਜ਼ਮਾਂ ਨਾਲ ਅਖਤਿਆਰ ਕੀਤਾ ਜਾ ਰਿਹਾ ਅਜਿਹਾ ਵਤੀਰਾ ਮਹਿੰਗਾ ਪਵੇਗਾ।

ਆਗੂਆਂ ਨੇ ਆਪਣੇ ਸੰਬੋਧਨ 'ਚ ਅਫਸੋਸ ਪ੍ਰਗਟ ਕੀਤਾ ਕਿ ਭਗਵੰਤ ਮਾਨ ਸਰਕਾਰ ਨੇ ਅਜੇ ਤੱਕ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਇੱਕ ਵੀ ਚੋਣ ਵਾਅਦਾ ਪੂਰਾ ਨਾ ਕਰਨ ਕਰਕੇ ਲੋਕਾਂ ਦਾ ਇਸ ਸਰਕਾਰ ਤੋਂ ਮੋਹ ਭੰਗ ਹੋਣਾ ਸ਼ੁਰੂ ਹੋ ਗਿਆ ਹੈ, ਇਸ ਕਰਕੇ ਲੋਕ "ਕਾਲੀ ਦੀਵਾਲੀ ਮਨਾਉਣ" ਲਈ ਮਜਬੂਰ ਹੋ ਗਏ ਹਨ। ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਸੂਬਾ ਜਨਰਲ ਸਕੱਤਰ ਬਲਜਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਦੇ ਅੱਠ ਹਜ਼ਾਰ ਸਕੂਲਾਂ 'ਚ ਸਫਾਈ ਸੇਵਕ ਦੀ ਭਰਤੀ ਤਿੰਨ ਹਜ਼ਾਰ ਰੁਪਏ ਤੇ ਚੌਂਕੀਦਾਰ ਦੀ ਭਰਤੀ ਪੰਜ ਹਜ਼ਾਰ ਰੁਪਏ ਪ੍ਰਤੀ ਮਹੀਨਾ ਕਰਨ, ਜੋ ਦਲਿਤ ਸਮਾਜ ਦਾ ਆਰਥਿਕ ਸ਼ੋਸ਼ਣ ਹੈ ਤੇ ਕੰਮ ਦੇ ਘੰਟੇ 8 ਤੋਂ 12 ਘੰਟੇ ਕਰਨ ਦੀਆਂ ਭਗਵੰਤ ਮਾਨ ਸਰਕਾਰ ਦੀਆਂ ਪਿਛਲੇ ਪੌਣੇ ਦੋ ਸਾਲ 'ਚ ਅਹਿਮ ਪ੍ਰਾਪਤੀਆਂ ਹਨ। ਇਸ ਮੌਕੇ ਝੂਠੇ ਲਾਰਿਆਂ ਦੀ ਪੰਡ ਡਿਪਟੀ ਕਮਿਸ਼ਨਰ ਦਫਤਰ ਅੱਗੇ ਫੂਕ ਕੇ ਭਗਵੰਤ ਮਾਨ ਸਰਕਾਰ ਦਾ ਜ਼ੋਰਦਾਰ ਪਿੱਟ ਸਿਆਪਾ ਕੀਤਾ ਗਿਆ।

ਇਸ ਮੌਕੇ ਦਰਸ਼ਨ ਸਿੰਘ ਲੁਬਾਣਾ, ਬਲਜਿੰਦਰ ਸਿੰਘ, ਰਾਮ ਲਾਲ ਰਾਮਾ, ਵਰਿੰਦਰ ਵੈਣੀ, ਗੁਰਦਰਸ਼ਨ ਸਿੰਘ, ਰਾਮ ਕਿਸ਼ਨ, ਰਾਮ ਪ੍ਰਸਾਦ ਸਹੋਤਾ, ਅਸ਼ੋਕ ਬਿੱਟੂ, ਨਾਰੰਗ ਸਿੰਘ, ਦਰਸ਼ੀ ਕਾਂਤ, ਲਖਵਿੰਦਰ ਲੱਕੀ, ਜਗਤਾਰ ਲਾਲ, ਸੂਰਜ ਯਾਦਵ, ਪ੍ਰੀਤਮ ਚੰਦ ਠਾਕੁਰ, ਬਲਬੀਰ ਸਿੰਘ, ਇੰਦਰਪਾਲ ਵਾਲਿਆ, ਚਰਨਜੀਤ ਸਿੰਘ, ਨਿਸ਼ਾ ਰਾਣੀ, ਹਰਬੰਸ ਸਿੰਘ, ਪ੍ਰਕਾਸ਼ ਲੁਬਾਣਾ, ਸ਼ਿਵ ਚਰਨ, ਰਾਜਵੰਤ ਕੌਰ, ਰਾਜੇਸ਼ ਕੁਮਾਰ, ਉਂਕਾਰ ਸਿੰਘ, ਮੋਧ ਨਾਥ ਅਜੈ ਕੁਮਾਰ ਸਿੱਪਾ, ਸੁਭਾਸ਼, ਰਾਜੇਸ਼ ਗੋਲੂ, ਰਾਮ ਕੈਲਾਸ਼, ਸਤਿਨਰਾਇਣ ਗੋਨੀ, ਬਲਜੀਤ ਸਿੰਘ, ਬੰਸੀ ਲਾਲ, ਰਮੇਸ਼ ਕੁਮਾਰ, ਹਰਨਾਮ ਸਿੰਘ, ਰਾਮ ਜੋਧਾ, ਚੰਦਰਭਾਨ, ਲਖਵੀਰ ਸਿੰਘ, ਸਤਪਾਲ, ਗੁਰਿੰਦਰ ਸਿੰਘ, ਸੁਰਜੀਤ ਸਿੰਘ, ਨਿਰਮਲ ਸਿੰਘ, ਮੇਜਰ ਸਿੰਘ, ਕਿਰਨਪਾਲ ਸਿੰਘ, ਕਾਕਾ ਸਿੰਘ, ਕਰਮਜੀਤ ਟੀਕਾ, ਸੁਨੀਲ ਦੱਤ ਆਦਿ ਹਾਜ਼ਰ ਸਨ।

# ਸੰਯੁਕਤ ਕਿਸਾਨ ਮੋਰਚਾ ਦੀ ਖੇਤੀਬਾੜੀ ਮੰਤਰੀ ਨਾਲ ਹੋਈ ਮੀਟਿੰਗ

**ਰੇਲ ਰੋਕੂ ਧਰਨਾ 16 ਤੱਕ ਮੁਲਤਵੀ, 21 ਤੋਂ ਹੋਣਗੀਆਂ ਗੰਨਾ ਮਿੱਲਾਂ ਚਾਲੂ, ਮੁੱਖ ਮੰਤਰੀ ਨਾਲ ਮੀਟਿੰਗ ਤੋਂ ਬਾਅਦ ਹੋਵੇਗਾ ਗੰਨੇ ਦੇ ਰੇਟ 'ਚ ਵਾਧਾ : ਖੁੱਡੀਆਂ**

**ਧਰਮਕੋਟ (ਗੁਰਦੀਪ ਸਿੰਘ ਭੁੱਲਰ)**

ਚੰਡੀਗੜ੍ਹ ਵਿਖੇ ਸੰਯੁਕਤ ਕਿਸਾਨ ਮੋਰਚਾ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਦੇ ਆਗੂਆਂ ਦੀ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੀ ਰਿਹਾਇਸ਼ 'ਤੇ ਵਿਸ਼ੇਸ਼ ਮੀਟਿੰਗ ਹੋਈ। ਇਹ ਮੀਟਿੰਗ ਖਾਸਕਰ ਦੁਆਬਾ ਦੇ ਗੰਨਾ ਕਾਸ਼ਤਕਾਰਾਂ ਦੇ ਸਬੰਧ ਵਿੱਚ ਮਿੱਲਾਂ ਨੂੰ ਚਾਲੂ ਕਰਨ, ਗੰਨੇ ਦੇ ਹੋਏ ਖਰਾਬੇ ਦੇ ਢੁੱਕਵੇਂ ਮੁਆਵਜ਼ੇ ਤੇ ਗੰਨੇ ਦੇ ਰੇਟ ਵਿੱਚ ਵਾਧੇ ਨੂੰ ਲੈ ਕੇ ਕੀਤੀ ਗਈ ਹੈ।

ਇਸ ਬਾਰੇ ਜਾਣਕਾਰੀ ਦਿੰਦਿਆਂ ਸੰਯੁਕਤ ਕਿਸਾਨ ਮੋਰਚਾ ਦੇ ਆਗੂ ਹਰਿੰਦਰ ਸਿੰਘ ਲੱਖੋਵਾਲ, ਜੰਗਬੀਰ ਸਿੰਘ ਚੌਹਾਨ, ਡਾ. ਸਤਨਾਮ ਸਿੰਘ ਸੰਧੂ, ਰਾਜੂ ਔਲਖ, ਬਲਵਿੰਦਰ ਸਿੰਘ ਮੱਲੀ ਨੰਗਲ ਤੇ ਸੁੱਖ ਗਿੱਲ ਮੋਗਾ ਨੇ ਕਿਹਾ ਕੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਵਿਸ਼ਵਾਸ ਦਿਵਾਇਆ ਕੇ ਗੰਨਾ ਮਿੱਲਾਂ ਨੂੰ ਚਲਾਉਣ ਦਾ ਨੋਟੀਫਿਕੇਸ਼ਨ ਅੱਜ ਹੀ ਜਾਰੀ ਕਰ ਦਿੱਤਾ ਜਾਵੇਗਾ ਤੇ ਜਿਹੜੇ ਕਿਸਾਨਾਂ ਦੀ ਗੰਨੇ ਦੀ ਫਸਲ ਹੜ੍ਹਾਂ ਤੇ ਬਾਰਿਸ਼ਾਂ ਨਾਲ ਖਰਾਬ ਹੋ ਚੁੱਕੀ ਹੈ, ਉਨ੍ਹਾਂ ਦੇ ਢੁੱਕਵੇਂ ਮੁਆਵਜ਼ੇ ਤੇ ਗੰਨੇ ਦੇ ਰੇਟ ਵਿੱਚ ਵਾਧਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ 16 ਨਵੰਬਰ ਤੱਕ ਮੀਟਿੰਗ ਵਿੱਚ ਸਲਾਹ ਕਰਨ ਤੋਂ ਬਾਅਦ ਕਰ ਦਿੱਤਾ ਜਾਵੇਗਾ। ਇਸ ਬਾਰੇ ਜਾਣਕਾਰੀ ਦਿੰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਜੇ 16 ਨਵੰਬਰ ਤੱਕ ਪੰਜਾਬ ਸਰਕਾਰ ਨੇ ਗੰਨੇ ਦੇ ਰੇਟ ਵਿੱਚ ਵਾਧਾ ਤੇ 6800 ਤੋਂ ਇਲਾਵਾ ਢੁੱਕਵੇਂ ਮੁਆਵਜ਼ੇ ਦਾ ਐਲਾਨ ਨਾ ਕੀਤਾ ਤਾਂ 17 ਨਵੰਬਰ ਨੂੰ ਜਲੰਧਰ-ਦਿੱਲੀ ਹਾਈਵੇ 'ਤੇ ਪੈਂਦੇ ਧੰਨੋਵਾਲੀ ਫਾਟਕ ਜਲੰਧਰ ਨੂੰ ਅਣਮਿੱਥੇ ਸਮੇਂ ਲਈ ਜਾਮ ਕੀਤਾ ਜਾਵੇਗਾ। ਲੱਖੋਵਾਲ, ਚੌਹਾਨ ਤੇ ਗਿੱਲ ਮੋਗਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਮੀਟਿੰਗ ਵਿੱਚ ਪੰਜਾਬ ਦੇ ਕਈ ਹੋਰ ਮੁੱਦਿਆਂ 'ਤੇ ਵੀ ਡੂੰਘਾਈ ਨਾਲ ਚਰਚਾ ਕੀਤੀ ਗਈ, ਜਿਨਾਂ ਵਿੱਚ ਪੰਜਾਬ 'ਚ ਹੋਏ ਹੜ੍ਹਾਂ ਨਾਲ ਝੋਨੇ ਤੇ ਹੋਰ ਫਸਲਾਂ ਦੇ ਮੁਆਵਜ਼ੇ ਦੀ ਮੰਗ ਕੀਤੀ ਗਈ ਅਤੇ ਕੋ-ਆਪ੍ਰੇਟਿਵ, ਲੈਂਡਮਾਰਕ ਬੈਂਕਾਂ ਵੱਲੋਂ ਵੰਨ ਟਾਈਮ ਸੈਟਲਮਿੰਟ ਨਾ ਕਰਨ 'ਤੇ ਵੀ ਚਰਚਾ ਕੀਤੀ ਗਈ। ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਇਨ੍ਹਾਂ ਬੈਂਕਾਂ ਨੂੰ ਜਲਦ ਵੰਨ ਟਾਈਮ ਸੈਟਲਮੈਂਟ ਸਕੀਮ 'ਚ ਲਿਆ ਕੇ ਕਿਸਾਨਾਂ ਦੇ ਚੱਲ ਰਹੇ ਪੁਰਾਣੇ ਕੇਸਾਂ ਦਾ ਜਲਦ ਨਿਪਟਾਰਾ ਕਰੇ ਤੇ ਆਗੂਆਂ ਨੇ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਜ਼ੋਰ ਪਾ ਕੇ ਆਖਿਆ ਕਿ ਪਰਾਲੀ ਦੇ ਮਸਲੇ 'ਤੇ ਕਿਸਾਨਾਂ 'ਤੇ ਕੀਤੇ ਪਰਚੇ ਜਲਦ ਰੱਦ ਕਰੇ ਅਤੇ ਦਿੱਲੀ ਵਾਲੇ ਮਸਲੇ 'ਚ ਗ੍ਰਿਫਤਾਰ ਕੀਤੇ ਕਿਸਾਨਾਂ ਨੂੰ ਜਲਦ ਤੋਂ ਜਲਦ ਰਿਹਾਅ ਕਰੇ। ਇਸ ਮੌਕੇ ਕਿਸਾਨ ਆਗੂ ਕੇਵਲ ਸਿੰਘ ਖਹਿਰਾ, ਜੰਗਵੀਰ ਸਿੰਘ ਚੌਹਾਨ, ਬਲਵਿੰਦਰ ਸਿੰਘ ਮੱਲੀ ਨੰਗਲ, ਹਰਿੰਦਰ ਸਿੰਘ ਲੱਖੋਵਾਲ, ਬਲਵਿੰਦਰ ਸਿੰਘ ਰਾਜੂ ਔਲਖ, ਸਤਨਾਮ ਸਿੰਘ ਅਜਨਾਲਾ, ਦਵਿੰਦਰ ਸਿੰਘ ਸੰਧਵਾਂ, ਸੁੱਖ ਗਿੱਲ ਮੋਗਾ, ਪਵਿੱਤਰ ਸਿੰਘ, ਸ਼ਮਿੰਦਰ ਸਿੰਘ, ਪ੍ਰਿਤਪਾਲ ਸਿੰਘ ਗੁਰਾਇਆ, ਹਰਵਿੰਦਰ ਸਿੰਘ, ਤਲਵਿੰਦਰ ਸਿੰਘ ਗੱਗੋ, ਚੱਢਾ ਪ੍ਰਧਾਨ, ਰਣਬੀਰ ਸਿੰਘ ਗਰੇਵਾਲ ਹਾਜ਼ਰ ਸਨ।



## ਕਾਤਰਾਂ

### ਮਾਨ ਸਰਕਾਰ ਦੇ ਯਤਨਾਂ ਸਦਕਾਂ ਪੰਜਾਬ 'ਚ ਪਰਾਲੀ ਸਾੜਨ ਦੇ ਮਾਮਲਿਆਂ 'ਚ 70% ਕਮੀ ਆਈ : ਅਨਵਰ ਭਸੌੜ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਆਮ ਆਦਮੀ ਪਾਰਟੀ ਘੱਟ ਗਿਣਤੀ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਡਾ. ਅਨਵਰ ਭਸੌੜ ਨੇ ਕਿਹਾ ਕਿ ਮਾਨ ਸਰਕਾਰ ਸੂਬੇ 'ਚ ਪਰਾਲੀ ਸਾੜਨ ਨੂੰ ਰੋਕਣ ਲਈ ਲਗਾਤਾਰ ਕਦਮ ਚੁੱਕ ਰਹੀ ਹੈ। ਆਪ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਸੰਕੇਤ ਦਿੱਤਾ ਹੈ ਕਿ ਦਿੱਲੀ ਦੀ ਭਿਆਨਕ ਪ੍ਰਦੂਸ਼ਣ ਸਥਿਤੀ ਲਈ ਸਿਰਫ ਪੰਜਾਬ ਦੇ ਕਿਸਾਨ ਜ਼ਿੰਮੇਵਾਰ ਨਹੀਂ ਹਨ, ਕਿਉਂਕਿ ਮਾਣਯੋਗ ਅਦਾਲਤ ਨੇ ਯੂ ਪੀ, ਹਰਿਆਣਾ, ਰਾਜਸਥਾਨ ਤੇ ਕੇਂਦਰ ਸਰਕਾਰ ਨੂੰ ਵੀ ਇਸ ਸਮੱਸਿਆ ਨੂੰ ਰੋਕਣ ਲਈ ਲੋੜੀਂਦੇ ਕਦਮ ਚੁੱਕਣ ਲਈ ਕਿਹਾ ਹੈ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਦੀ ਹਵਾ ਪਾਣੀ ਤੇ ਵਾਤਾਵਰਣ ਦੇ ਮਾਮਲਿਆਂ ਨੂੰ ਲੈ ਕੇ ਪਹਿਲਾਂ ਹੀ ਬਹੁਤ ਗੰਭੀਰ ਹੈ। ਉਨ੍ਹਾ ਕਿਹਾ ਕਿ ਪੰਜਾਬ ਵਿੱਚ ਸਾਡੀ ਸਰਕਾਰ ਬਣਨ ਤੋਂ ਬਾਅਦ ਤੋਂ ਹੀ ਮਾਨ ਸਰਕਾਰ ਪੰਜਾਬ ਵਿੱਚ ਪਰਾਲੀ ਸਾੜਨ ਦੇ ਮੁੱਦੇ ਨੂੰ ਰੋਕਣ ਲਈ ਲਗਾਤਾਰ ਕਦਮ ਚੁੱਕ ਰਹੀ ਹੈ, ਜਿਸ ਦੇ ਚੰਗੇ ਨਤੀਜੇ ਵੀ ਸਾਹਮਣੇ ਆ ਰਹੇ ਹਨ, ਕਿਉਂਕਿ ਇਸ ਸਾਲ ਪਰਾਲੀ ਸਾੜਨ ਦੇ ਮਾਮਲਿਆਂ ਵਿੱਚ ਕਾਫੀ ਕਮੀ ਆਈ ਹੈ। ਕੰਗ ਨੇ ਕਿਹਾ ਕਿ ਅੱਜ ਦਿੱਲੀ ਦੇ ਪ੍ਰਦੂਸ਼ਣ ਲਈ ਸਿਰਫ ਕਿਸਾਨ ਜ਼ਿੰਮੇਵਾਰ ਨਹੀਂ ਹਨ, ਇਸ ਲਈ ਕੇਂਦਰ ਸਰਕਾਰ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ ਤੇ ਰਾਸ਼ਟਰੀ ਰਾਜਧਾਨੀ ਵਿੱਚ ਹਰ ਤਰ੍ਹਾਂ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਕਦਮ ਚੁੱਕਣੇ ਚਾਹੀਦੇ ਹਨ।

### ਕਾਮਰੇਡ ਸਤਨਾਮ ਚੰਦ ਬਾਜੇਕੇ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ



**ਮੱਖੂ (ਰਛਪਾਲ ਸਿੰਘ ਸੰਧੂ)**-ਸਾਰੀ ਉਮਰ ਲਾਲ ਝੰਡੇ ਦੇ ਲੜ ਲੱਗ ਕੇ ਦੱਬਿਆਂ ਕੁਚਲਿਆਂ ਲੋਕਾਂ ਦੇ ਹੱਕਾਂ ਦੀ ਲੜਾਈ ਲੜਨ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਕਾਮਰੇਡ ਸਤਨਾਮ ਚੰਦ ਬਾਜੇਕੇ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਹਨ। ਕਾਮਰੇਡ ਸਤਨਾਮ ਚੰਦ ਬਾਜੇਕੇ ਦੇ ਅਚਨਚੇਤ ਦੇਹਾਂਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਾਮਰੇਡ ਕਸ਼ਮੀਰ ਸਿੰਘ ਜ਼ਿਲ੍ਹਾ ਸਕੱਤਰ ਫਿਰੋਜ਼ਪੁਰ, ਕਾਮਰੇਡ ਰਛਪਾਲ ਸਿੰਘ ਸੰਧੂ ਸਟੇਟ ਕੌਂਸਲ ਮੈਂਬਰ, ਕਾਮਰੇਡ ਗੁਰਦਿੱਤ ਸਿੰਘ ਸਟੇਟ ਕੌਂਸਲ ਮੈਂਬਰ, ਕਾਮਰੇਡ ਜੀਵਨ ਲਾਲ, ਕਾਮਰੇਡ ਅਨਿਲ ਗੋਰਾ, ਕਾਮਰੇਡ ਰਤਨ ਸਿੰਘ, ਕਾਮਰੇਡ ਬਲਕਾਰ ਸਿੰਘ, ਕਾਮਰੇਡ ਸੁਖਵਿੰਦਰ ਸਿੰਘ ਘੁੱਦੂ ਵਾਲਾ, ਕਾਮਰੇਡ ਮਲਕੀਤ ਸਿੰਘ ਗਾਦੜੀ ਵਾਲਾ, ਨਛੱਤਰ ਸਿੰਘ ਜ਼ੀਰਾ, ਕੁਲਵੰਤ ਸਿੰਘ, ਜੈ ਸ੍ਰੀ ਦੱਤ, ਰਾਜ ਕੁਮਾਰ ਬਹਾਦਰ ਕੇ, ਕਾਮਰੇਡ ਅਮਰੀਕ ਸਿੰਘ ਨੰਬਰਦਾਰ ਨੇ ਕਿਹਾ ਕਿ ਕਾਮਰੇਡ ਸਤਨਾਮ ਚੰਦ ਬਾਜੇਕੇ ਇਕ ਸੱਚੇ ਸੁੱਚੇ ਇਨਸਾਨ ਸਨ ਤੇ ਦੱਬੇ ਕੁਚਲੇ ਲੋਕਾਂ ਦੇ ਹੱਕ ਦਿਵਾਉਣ ਲਈ ਅਹਿਮ ਭੂਮਿਕਾ ਨਿਭਾਉਂਦੇ ਸਨ।

### ਗੁਰਤਾ ਗੱਦੀ ਤੇ ਬੰਦੀ ਛੋੜ ਦਿਵਸ ਨੂੰ ਸਮਰਪਤ ਗੁਰਮਤਿ ਸਮਾਗਮ 14 ਤੇ 15 ਨੂੰ

**ਸੰਗਰੂਰ (ਪ੍ਰਵੀਨ ਸਿੰਘ)**-ਗੁਰਮਤਿ ਪ੍ਰਚਾਰਕ ਗੰਥੀ ਰਾਗੀ ਸਭਾ ਵੱਲੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦਾ ਗੁਰਤਾ ਗੱਦੀ ਤੇ ਬੰਦੀ ਛੋੜ ਦਿਵਸ ਨੂੰ ਸਮਰਪਤ ਸਮਾਗਮ ਸਥਾਨਕ ਗੁਰਦੁਆਰਾ ਹਰਗੋਬਿੰਦਪੁਰਾ ਸਾਹਿਬ ਸੁਨਾਮੀ ਗੇਟ ਬਾਹਰ ਸੰਗਰੂਰ ਵਿਖੇ 14, 15 ਨਵੰਬਰ ਰਾਤ ਨੂੰ 7 ਤੋਂ 9.30 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਜਗਤਾਰ ਸਿੰਘ, ਹਰਪ੍ਰੀਤ ਸਿੰਘ, ਸੁਰਿੰਦਰ ਪਾਲ ਸਿੰਘ ਸਿਦਕੀ, ਕੁਲਵੀਰ ਸਿੰਘ ਨੇ ਇਨ੍ਹਾਂ ਸਮਾਗਮਾਂ 'ਤੇ ਖੁਸ਼ੀ ਜ਼ਾਹਰ ਕੀਤੀ ਤੇ ਦੱਸਿਆ ਕਿ ਸਮਾਗਮਾਂ ਸਬੰਧੀ ਪ੍ਰਬੰਧਕੀ ਤਿਆਰੀਆਂ ਸ਼ੁਰੂ ਹੋ ਚੁੱਕੀਆਂ ਹਨ।

### ਸਵਰਨ ਸਦਿਓੜਾ ਨਮਿੱਤ ਪਾਠ ਦਾ ਭੋਗ ਅੱਜ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਸਥਾਨਕ ਸਦਿਓੜਾ ਪਰਵਾਰ ਦੇ ਵਰਿੰਦਰ ਸਿੰਘ ਸਦਿਓੜਾ ਨੂੰ ਉਸ ਸਮੇਂ ਵੱਡਾ ਸਦਮਾ ਪੁੱਜਾ, ਜਦ ਉਨ੍ਹਾਂ ਦੇ ਪਿਤਾ ਸਵਰਨ ਸਿੰਘ ਸਦਿਓੜਾ ਲੌਂਗੋਵਾਲ ਦਾ ਦਿਹਾਂਤ ਹੋ ਗਿਆ। ਉਹ ਲੰਮੇ ਸਮੇਂ ਤੋਂ ਰਾਮਾ ਰਾਮਲੀਲ੍ਹਾ ਕਲੱਬ ਦੇ ਚੇਅਰਮੈਨ ਚੱਲੇ ਆ ਰਹੇ ਸਨ। ਸਦਿਓੜਾ ਦੀ ਮੌਤ 'ਤੇ ਸਾਬਕਾ ਮੰਤਰੀ ਭਾਈ ਗੋਬਿੰਦ ਸਿੰਘ ਲੌਂਗੋਵਾਲ, ਹਲਕਾ ਇੰਚਾਰਜ ਰਾਜਿੰਦਰ ਦੀਪਾ, ਅਸ਼ਵਨੀ ਕੁਮਾਰ ਸੁਨਾਮ, ਗੁਰਮੀਤ ਸਿੰਘ ਲੱਲੀ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫਤਿਹ) ਦੇ ਕੌਮੀ ਜਨਰਲ ਸਕੱਤਰ ਅੰਮ੍ਰਿਤਪਾਲ ਸਿੰਘ ਸਿੱਧੂ, ਸ਼੍ਰੋ.ਅ.ਦ. (ਮਾਨ) ਦੇ ਅਮਰਜੀਤ ਸਿੰਘ ਗਿੱਲ, ਬਲਵਿੰਦਰ ਸਿੰਘ ਢਿੱਲੋਂ, ਭਾਜਪਾ ਮੰਡਲ ਪ੍ਰਧਾਨ ਰਤਨ ਕੁਮਾਰ ਮੰਗੂ, ਮੇਲਾ ਸਿੰਘ ਸੂਬੇਦਾਰ, ਨਿਟੂ ਸ਼ਰਮਾ, ਸੁਰਜੀਤ ਸਿੰਘ ਦੂਲਟ, ਕਾਲਾ ਮਿੱਤਲ, ਸੰਜੇ ਸੈਨ ਤੋਂ ਇਲਾਵਾ ਹੋਰ ਧਾਰਮਿਕ ਜਥੇਬੰਦੀ ਦੇ ਆਗੂਆਂ ਨੇ ਇਸ ਮੌਤ 'ਤੇ ਵੱਡੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ਼੍ਰੀ ਸਹਿਜ ਪਾਠ ਦੇ ਭੋਗ 10 ਨਵੰਬਰ ਨੂੰ ਗੁਰਦੁਆਰਾ ਸਿੱਧ ਸਮਾਧਾਂ ਲੌਂਗੋਵਾਲ ਵਿਖੇ ਪੈਣਗੇ।

# ਸੜਕ ਹਾਦਸੇ 'ਚ ਮੋਟਰਸਾਈਕਲ ਸਵਾਰ ਪਤੀ-ਪਤਨੀ ਦੀ ਮੌਤ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**



ਪਾਤੜਾਂ-ਪਟਿਆਲਾ ਮੁੱਖ ਮਾਰਗ 'ਤੇ ਪਿੰਡ ਨਾਗਰੀ ਨੇੜੇ ਇੱਕ ਮੋਟਰਸਾਈਕਲ ਨੂੰ ਸਕਾਰਪਿਓ ਗੱਡੀ ਨੇ ਟੱਕਰ ਮਾਰ ਦਿੱਤੀ। ਇਸ ਵਾਪਰੇ ਸੜਕ ਹਾਦਸੇ 'ਚ ਮੋਟਰਸਾਈਕਲ ਸਵਾਰ ਪਤੀ-ਪਤਨੀ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂਕਿ ਸਕਾਰਪਿਓ ਗੱਡੀ ਟੱਕਰ ਮਾਰਨ ਮਗਰੋਂ ਇੱਕ ਦਰੱਖਤ ਨਾਲ ਜਾ ਟਕਰਾਈ। ਗੱਡੀ ਦਾ ਚਾਲਕ ਹਾਦਸੇ ਮਗਰੋਂ ਫਰਾਰ ਹੋ ਗਿਆ। ਇਸ ਦੌਰਾਨ ਮੌਕੇ 'ਤੇ ਪੱਜੀ ਪੁਲਸ ਨੇ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਦਿੰਦਿਆਂ ਪੁਲਸ ਚੌਕੀ ਮਵੀ ਦੇ ਇੰਚਾਰਜ ਹਰਦੀਪ ਸਿੰਘ ਨੇ ਦੱਸਿਆ ਕਿ ਬੁੱਧਵਾਰ ਸ਼ਾਮ ਨੂੰ ਪਿੰਡ ਨਾਗਰੀ ਕੋਲ ਸਮਾਣਾ ਵੱਲੋਂ ਘੱਗਾ ਨੂੰ ਜਾ ਰਹੇ ਮੋਟਰਸਾਈਕਲ ਨੂੰ ਇੱਕ ਸਕਾਰਪਿਓ ਗੱਡੀ ਨੇ ਟੱਕਰ ਮਾਰ ਦਿੱਤੀ ਤੇ ਇਹ ਗੱਡੀ ਮੋਟਰਸਾਈਕਲ ਨੂੰ ਕਾਫੀ ਦੂਰ ਤੱਕ ਘਸੀਟਦੀ ਲੈ ਗਈ। ਹਾਦਸੇ ਵਿੱਚ ਘੱਗਾ ਵਾਸੀ ਮੋਟਰਸਾਈਕਲ ਉਤੇ ਸਵਾਰ ਕ੍ਰਿਸ਼ਨ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਘੱਗਾ ਤੇ ਉਸ ਦੀ ਪਤਨੀ ਮਨਪ੍ਰੀਤ ਕੌਰ ਦੀ ਮੌਕੇ 'ਤੇ ਹੀ ਮੌਤ ਹੋ ਗਈ ਹੈ। ਪੁਲਸ ਨੇ ਮੌਕੇ ਤੋਂ ਫਰਾਰ ਹੋਏ ਗੱਡੀ ਚਾਲਕ ਖਿਲਾਫ ਕੇਸ ਦਰਜ ਕਰਕੇ ਮਾਮਲੇ ਦੀ ਪੜਤਾਲ ਸ਼ੁਰੂ ਕਰ ਦਿੱਤੀ ਹੈ।

# ਵਜੀਦਕੇ ਕਲਾਂ ਦੇ ਖਰੀਦ ਕੇਂਦਰ 'ਚ ਕਿਸਾਨਾਂ ਵੱਲੋਂ ਨਾਅਰੇਬਾਜ਼ੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਵਜੀਦਕੇ ਕਲਾਂ ਦੀ ਅਨਾਜ ਮੰਡੀ 'ਚ ਹੋ ਰਹੀ ਖੱਜਲ ਖੁਆਰੀ ਤੋਂ ਅੱਕੇ ਕਿਸਾਨਾਂ ਨੇ ਵੇਅਰ ਹਾਉਸ ਦੇ ਇੰਸਪੈਕਟਰ ਦਾ ਘਿਰਾਓ ਕਰਕੇ ਰਾਜ ਸਰਕਾਰ ਤੇ ਸਬੰਧਤ ਖਰੀਦ ਅਧਿਕਾਰੀਆਂ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਸ ਮੌਕੇ ਕਿਸਾਨ ਆਗੂ ਗੁਰਦੀਪ ਸਿੰਘ ਖਾਲਸਾ, ਪ੍ਰਧਾਨ ਬਲਵਿੰਦਰ ਸਿੰਘ ਵਜੀਦਕੇ, ਸਰਬਜੀਤ ਸਿੰਘ, ਨਵਰੂਪ ਸਿੰਘ, ਦਰਸ਼ਨ ਸਿੰਘ, ਬੂਟਾ ਸਿੰਘ, ਚਰਨਜੀਤ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਝੋਨੇ ਦੀ ਖਰੀਦ ਸਬੰਧੀ ਕਿਸਾਨਾਂ ਨੂੰ ਕੋਈ ਵੀ ਮੁਸ਼ਕਲ ਪੇਸ਼ ਨਾ ਆਉਣ ਦੇਣ ਦੇ ਕੀਤੇ ਜਾ ਰਹੇ ਦਾਅਵਿਆਂ ਦੀ ਪੋਲ ਉਸ ਵੇਲੇ ਖੁੱਲ੍ਹ ਗਈ, ਜਦੋਂ ਖਰੀਦ ਕੇਂਦਰ ਵਜੀਦਕੇ ਕਲਾਂ ਵਿਖੇ ਖਰੀਦ ਏਜੰਸੀਆਂ ਤੇ ਸ਼ੈੱਲਰ ਮਾਲਕਾਂ ਵੱਲੋਂ ਮਿਲੀਭੁਗਤ ਨਾਲ ਕਿਸਾਨਾਂ ਦੀ ਖੱਜਲ ਖੁਆਰੀ ਕੀਤੀ ਜਾ ਰਹੀ ਹੈ। ਉਨ੍ਹਾ ਦੱਸਿਆ ਕਿ ਇਸ ਖਰੀਦ ਕੇਂਦਰ 'ਚੋਂ ਵੇਅਰਹਾਊਸ ਦੇ ਅਧਿਕਾਰੀਆਂ ਵੱਲੋਂ ਸਹੀ ਨਮੀ ਦੀ ਮਾਤਰਾ ਚੈੱਕ ਕਰਕੇ ਝੋਨੇ ਨਾਲ ਭਰੇ ਟਰੱਕਾਂ ਨੂੰ ਸ਼ੈੱਲਰ ਮਾਲਕਾਂ ਵੱਲੋਂ ਨਮੀ ਜ਼ਿਆਦਾ ਹੋਣ ਦੀ ਬਹਾਨੇਬਾਜ਼ੀ ਕਰਕੇ ਨਹੀਂ ਲੁਹਾਇਆ ਜਾ ਰਿਹਾ, ਜਿਸ ਨਾਲ ਫਸਲ ਵੇਚਣ ਆਏ ਕਿਸਾਨ ਡੂੰਘੀ ਪ੍ਰੇਸ਼ਾਨੀ ਵਿੱਚੋਂ ਲੰਘ ਰਹੇ ਹਨ।

ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਖਰੀਦ ਕੀਤੀ ਫਸਲ ਨੂੰ ਕਿਸੇ ਹੋਰ ਸ਼ੈੱਲਰ 'ਚ ਤਬਦੀਲ ਕਰਕੇ ਇਸ ਮੁਸ਼ਕਲ ਨੂੰ ਫੌਰੀ ਹੱਲ ਕੀਤਾ ਜਾਵੇ। ਕਿਸਾਨ ਆਗੂਆਂ ਨੇ ਸਪੱਸ਼ਟ ਕਿਹਾ ਕਿ ਜੇਕਰ ਕਿਸਾਨਾਂ ਦੀਆਂ ਮੁਸ਼ਕਲਾਂ ਦਾ ਕੋਈ ਠੋਸ ਹੱਲ ਨਾ ਹੋਇਆ ਤਾਂ ਉਹ ਸਾਰਿਆਂ ਨੂੰ ਨਾਲ ਲੈ ਕੇ ਸੰਘਰਸ਼ ਸ਼ੁਰੂ ਕਰਨਗੇ।

# ਐੱਨ ਡੀ ਆਰ ਐੱਫ ਵੱਲੋਂ ਕੁੱਸੂਵਾਲਾ ਸਕੂਲ 'ਚ ਸੁਰੱਖਿਆ ਪ੍ਰੋਗਰਾਮ

**ਜ਼ੀਰਾ (ਨਰਿੰਦਰ ਅਨੇਜਾ)**

ਐੱਨ.ਡੀ.ਆਰ.ਐੱਫ. ਟੀਮ ਵੱਲੋਂ ਜ਼ੀਰਾ ਸਬ-ਡਵੀਜ਼ਨ ਦੇ ਪਿੰਡ ਕੁੱਸੂਵਾਲਾ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਸਕੂਲ ਸੁਰੱਖਿਆ ਪ੍ਰੋਗਰਾਮ ਕਰਵਾਇਆ ਗਿਆ। ਇਹ ਜਾਣਕਾਰੀ ਸਲਾਹਕਾਰ ਜ਼ਿਲ੍ਹਾ ਆਫ਼ਤ ਪ੍ਰਬੰਧਨ ਅਥਾਰਟੀ ਫਿਰੋਜ਼ਪੁਰ ਸ੍ਰੀ ਨਰਿੰਦਰ ਕੁਮਾਰ ਚੌਹਾਨ ਨੇ ਦਿੱਤੀ। ਸ੍ਰੀ ਨਰਿੰਦਰ ਚੌਹਾਨ ਨੇ ਦੱਸਿਆ ਕਿ ਇਸ ਸਕੂਲ ਸੁਰੱਖਿਆ ਪ੍ਰੋਗਰਾਮ ਦੌਰਾਨ ਮੈਡੀਕਲ ਫਸਟ ਰਿਸਪਾਂਸ (ਐਮ ਐਫ ਆਰ) +ਤੇ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ, ਜਿਨ੍ਹਾਂ ਵਿੱਚ ਸਪਲਿੰਟਿੰਗ, ਇੰਪ੍ਰੋਵਾਈਜ਼ਡ ਸਟਰੈਚਰ ਬਣਾਉਣਾ, ਖੂਨ ਵਹਿਣ ਨੂੰ ਕੰਟਰੋਲ ਕਰਨਾ, ਪੀੜਤਾਂ ਨੂੰ ਚੁੱਕਣਾ ਤੇ ਸੁਰੱਖਿਅਤ ਥਾਂ ਲਿਜਾਣਾ, ਸਰੀਰ ਏਅਰਵੇਅ ਰੁਕਾਵਟ (ਐਫ.ਬੀ.ਏ.ਓ.) ਤੇ ਸੀ.ਪੀ.ਆਰ, ਇੰਪ੍ਰੋਵਾਈਜ਼ਡ ਫਲੋਟਿੰਗ ਡਿਵਾਈਸ, ਵੱਖ-ਵੱਖ ਕਿਸਮਾਂ ਦੀ ਅੱਗ 'ਤੇ ਅੱਗ ਬੁਝਾਉਣ ਵਾਲੇ ਯੰਤਰਾਂ ਦੀ ਵਰਤੋਂ, ਰੋਪ ਰੈਸਕਿਊ ਆਦਿ ਬਾਰੇ ਵਿਦਿਆਰਥੀਆਂ ਅਤੇ ਸਟਾਫ਼ ਨੂੰ ਸਿਖਲਾਈ ਦਿੱਤੀ ਗਈ। ਇਨ੍ਹਾਂ ਗਤੀਵਿਧੀਆਂ ਦੌਰਾਨ ਲਗਭਗ 577 ਵਿਦਿਆਰਥੀਆਂ ਤੇ ਸਕੂਲ ਸਟਾਫ ਨੇ ਸਰਗਰਮੀ ਨਾਲ ਭਾਗ ਲਿਆ। ਸ੍ਰੀ ਚੌਹਾਨ ਨੇ ਕਿਹਾ ਕਿ ਐੱਨ ਡੀ ਆਰ ਐੱਫ ਵੱਲੋਂ ਜ਼ਿਲ੍ਹੇ ਵਿੱਚ ਚਲਾਏ ਜਾ ਰਹੇ ਆਫਤ ਪ੍ਰਬੰਧਨ ਪ੍ਰੋਗਰਾਮ 'ਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭਰਪੂਰ ਸਹਿਯੋਗ ਦਿੱਤਾ ਜਾ ਰਿਹਾ ਹੈ।



# ਐਮੀਨੈਂਸ ਸਕੂਲ 'ਚ ਜ਼ਿਲ੍ਹਾ ਪੱਧਰੀ ਚਿਲਡਰਨ ਸਾਇੰਸ ਕਾਂਗਰਸ

**ਮਾਨਸਾ (ਆਤਮਾ ਸਿੰਘ ਪਮਾਰ)**

ਜ਼ਿਲ੍ਹਾ ਸਿੱਖਿਆ ਅਫਸਰ ਹਰਜਿੰਦਰ ਸਿੰਘ ਭੁੱਲਰ ਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਅਸ਼ੋਕ ਕੁਮਾਰ ਤੇ ਡਾਇਟ ਪ੍ਰਿੰਸੀਪਲ ਬੂਟਾ ਸਿੰਘ ਸੇਖੋਂ ਦੀ ਸੁਯੋਗ ਅਗਵਾਈ ਹੇਠ ਸਕੂਲ ਆਫ ਐਮੀਨੈਂਸ ਮਾਨਸਾ ਵਿਖੇ 31ਵੀਂ ਚਿਲਡਰਨ ਸਾਇੰਸ ਕਾਂਗਰਸ ਦਾ ਆਯੋਜਨ ਕਰਵਾਇਆ ਗਿਆ, ਜਿਸ ਵਿੱਚ ਪੂਰੇ ਜ਼ਿਲ੍ਹੇ ਵਿੱਚੋਂ ਸੀਨੀਅਰ ਵਰਗ ਵਿੱਚ 44 ਤੇ ਜੂਨੀਅਰ ਵਰਗ ਵਿੱਚ 33 ਟੀਮਾਂ ਨੇ ਭਾਗ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਅਮਰੀਕ ਸਿੰਘ ਜ਼ਿਲ੍ਹਾ ਕੁਆਰਡੀਨੇਟਰ ਚਿਲਡਰਨ ਸਾਇੰਸ ਕਾਂਗਰਸ ਮਾਨਸਾ ਵੱਲੋਂ ਹਾਜ਼ਰੀਨ ਦਾ ਸਵਾਗਤ ਕਰਕੇ ਕੀਤੀ ਗਈ। ਸਕੂਲ ਆਫ ਐਮੀਨੈਂਸ ਮਾਨਸਾ ਦੇ ਪ੍ਰਿੰਸੀਪਲ ਵਿਜੈ ਕੁਮਾਰ ਮਿੱਢਾ ਨੇ ਸਾਰੇ ਚਾਈਲਡ ਸਾਇੰਸਿਸਟ ਨੂੰ ਉਤਸ਼ਾਹਤ ਕੀਤਾ। ਇਸ ਤੋਂ ਬਾਅਦ ਵੱਖ ਵੱਖ ਸਕੂਲਾਂ ਦੇ ਬੱਚਿਆਂ ਨੇ ਆਪਣੇ ਆਪਣੇ ਖੋਜ ਖੇਤਰ ਦੇ ਪ੍ਰੋਜੈਕਟ ਪੇਸ਼ ਕੀਤੇ। ਜ਼ਿਲ੍ਹਾ ਅਕੈਡਮਿਕ ਕੁਆਰਡੀਨੇਟਰ ਸੋਨੀ ਸਿੰਗਲਾ ਨੇ ਆਪਣੀ ਡਿਊਟੀ ਵਧੀਆ ਢੰਗ ਨਾਲ ਨਿਭਾਈ। ਭਾਗ ਲੈਣ ਵਾਲੀਆਂ ਟੀਮਾਂ ਤੇ ਗਾਈਡ ਟੀਚਰ ਲਈ ਖਾਣੇ, ਚਾਹ ਤੇ ਸਨੈਕਸ ਦਾ ਪ੍ਰਬੰਧ ਵੀ ਕੀਤਾ ਗਿਆ। ਵਿਦਿਆਰਥੀਆਂ ਦੀ ਪੇਸ਼ਕਾਰੀ ਲਈ ਵਧੀਆ ਸਾਊਂਡ ਦਾ ਪ੍ਰਬੰਧ ਕੀਤਾ ਗਿਆ। ਜੱਜ ਦੀ ਭੂਮਿਕਾ ਡਾ. ਜਸਵੀਰ ਸਿੰਘ ਲੈਕ. ਬਾਇਓਲੋਜੀ, ਪਰਮਿੰਦਰ ਤਾਂਗੜੀ ਅਤੇ ਲੈਕਚਰਾਰ ਸੁਰਜੀਤ ਸਿੰਘ ਵੱਲੋਂ ਨਿਭਾਈ ਗਈ। ਜ਼ਿਲ੍ਹਾ ਕੋਆਰਡਨੇਟਰ ਅਮਰੀਕ ਸਿੰਘ ਨੇ ਨਤੀਜੇ ਦਾ ਐਲਾਨ ਕੀਤਾ, ਜਿਸ ਵਿੱਚ ਸੀਨੀਅਰ ਵਰਗ 'ਚ ਪਹਿਲੀ ਪੁਜ਼ੀਸ਼ਨ ਸਸਸਸ ਰੰਗੜਿਆਲ, ਦੂਸਰੀ ਸਮਸ ਕੁਲਰੀਆਂ ਤੇ ਤੀਸਰੀ ਪੁਜ਼ੀਸ਼ਨ ਸਹਸ ਗੇਹਲੇ ਦੇ ਬੱਚਿਆਂ ਵੱਲੋਂ ਪ੍ਰਾਪਤ ਕੀਤੀ ਗਈ। ਇਸੇ ਤਰ੍ਹਾਂ ਜੂਨੀਅਰ ਵਰਗ ਵਿੱਚ ਪਹਿਲੀ ਪੁਜ਼ੀਸ਼ਨ ਸਹਸ ਕਨਕਵਾਲ ਚਹਿਲਾਂ, ਦੂਸਰੀ ਸਸਸਸ ਕੋਟੜਾ ਕਲਾਂ ਤੇ ਤੀਸਰੀ ਪੁਜ਼ੀਸ਼ਨ ਸਹਸ ਚਕੇਰੀਆਂ ਨੇ ਪ੍ਰਾਪਤ ਕੀਤੀ। ਇਨਾਮ ਵੰਡ ਦੀ ਰਸਮ 'ਚ ਵਿਦਿਆਰਥੀਆਂ ਨੂੰ ਸਰਟੀਫਿਕੇਟ ਤੇ ਮੋਮੈਂਟੋ ਦੇ ਕੇ ਸਨਮਾਨਤ ਕੀਤਾ ਗਿਆ। ਇਸ ਤੋਂ ਬਾਅਦ ਸਕੂਲ ਦੇ ਬੱਚਿਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ, ਜਿਸ ਦਾ ਹਾਜ਼ਰੀਨ ਤੇ ਮੁੱਖ ਮਹਿਮਾਨਾਂ ਦਾ ਮਨ ਮੋਹ ਲਿਆ। ਸਟੇਜ ਸਕੱਤਰ ਦੀ ਭੂਮਿਕਾ ਉਮੇਸ਼ ਸ਼ਰਮਾ ਵੱਲੋਂ ਬਾਖੂਬੀ ਨਿਭਾਈ ਗਈ। ਆਖੀਰ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ ਹਰਿੰਦਰ ਸਿੰਘ ਭੁੱਲਰ ਨੇ ਸਾਰਿਆਂ ਨੂੰ ਆਸ਼ੀਰਵਾਦ ਦਿੰਦਿਆਂ ਇਨ੍ਹਾਂ ਛੋਟੇ ਵਿਗਿਆਨੀਆਂ ਨੂੰ ਵਧਾਈਆਂ ਵੀ ਦਿੱਤੀਆਂ। ਇਸ ਮੌਕੇ ਅਮਰਜੀਤ ਸਿੰਘ ਰੱਲੀ, ਰੇਨੂੰ ਮੈਡਮ, ਸ਼ਿਵਾਨੀ ਗੁਪਤਾ, ਸੈਫੀ ਗੁਪਤਾ, ਸਪਨਾ ਬਾਂਸਲ, ਜਸਕੀਰਤ ਸਿੰਘ, ਮੁਕੇਸ਼ ਕੁਮਾਰ ਤੋਂ ਸਿੱਖਿਆ ਵਿਭਾਗ ਨਾਲ ਸੰਬੰਧਤ ਕਰਮਚਾਰੀ ਤੇ ਵਿਦਿਆਰਥੀ ਹਾਜ਼ਰ ਸਨ।



# ਪਾਰਟੀ ਦੀ ਮਜ਼ਬੂਤੀ ਲਈ ਜ਼ਿਲ੍ਹਾ ਪ੍ਰਧਾਨ ਵੱਲੋਂ ਬਲਾਕ ਪ੍ਰਧਾਨਾਂ ਨਾਲ ਮੀਟਿੰਗ



**ਧੂਰੀ (ਰਾਜੇਸ਼ਵਰ ਪਿੰਟੂ, ਅਮਨ ਗਰਗ)**-ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਤੇ ਜ਼ਿਲ੍ਹਾ ਯੋਜਨਾ ਬੋਰਡ ਸੰਗਰੂਰ ਦੇ ਚੇਅਰਮੈਨ ਗੁਰਮੇਲ ਸਿੰਘ ਘਰਾਚੋਂ ਨੇ ਸਥਾਨਕ ਬਲਾਕ ਦੇ ਨਵ ਨਿਯੁਕਤ ਬਲਾਕ ਪ੍ਰਧਾਨਾਂ ਨਾਲ ਮੀਟਿੰਗ ਕਰਦਿਆਂ ਉਨ੍ਹਾਂ ਨੂੰ ਲੋਕਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਵਾਉਣ ਲਈ ਤੱਤਪਰ ਰਹਿਣ ਤੇ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਪ੍ਰੇਰਿਤ ਕੀਤਾ। ਪਾਰਟੀ ਦੇ ਆਗੂ ਚੰਦਰ ਭੂਸ਼ਨ ਤੇ ਮੁੱਖ ਮੰਤਰੀ ਕੈਂਪ ਦਫ਼ਤਰ ਧੂਰੀ ਦੇ ਇੰਚਾਰਜ ਅੰਮ੍ਰਿਤ ਬਰਾੜ ਦੀ ਹਾਜ਼ਰੀ ਵਿੱਚ ਪਾਰਟੀ ਵਰਕਰਾਂ ਨੂੰ ਤਾਕੀਦ ਕਰਦਿਆਂ ਗੁਰਮੇਲ ਸਿੰਘ ਘਰਾਚੋਂ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਵੱਡੀ ਉਮੀਦ ਕਰਕੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਫ਼ਤਵਾ ਦਿੱਤਾ ਹੈ ਤੇ ਲੋਕਾਂ ਦੇ ਕੰਮ ਆਉਣਾ ਸਾਡਾ ਇਖਲਾਕੀ ਫ਼ਰਜ਼ ਹੈ। ਉਨ੍ਹਾਂ ਵਰਕਰਾਂ ਨੂੰ ਕਿਹਾ ਕਿ ਉਹ ਹੇਠਲੇ ਪੱਧਰ 'ਤੇ ਲੋਕਾਂ ਦੀਆਂ ਮੁਸ਼ਕਲਾਂ ਤੇ ਮੰਗਾਂ ਨੂੰ ਪਾਰਟੀ ਨੂੰ ਦੱਸਣ ਤਾਂ ਜੋ ਸਮਾਂਬੱਧ ਤਰੀਕੇ ਵਿੱਚ ਉਨ੍ਹਾਂ ਦਾ ਹੱਲ ਕੀਤਾ ਜਾ ਸਕੇ। ਉਨ੍ਹਾ ਕਿਹਾ ਕਿ ਗਤੀਸ਼ੀਲ ਤੇ ਦੂਰ ਅੰਦੇਸ਼ੀ ਸੋਚ ਦੇ ਮਾਲਕ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਨੂੰ ਚੁਫੇਰਿਓਂ ਵਿਕਸਤ ਕੀਤਾ ਜਾ ਰਿਹਾ ਹੈ। ਇਸ ਮੌਕੇ ਬਲਾਕ ਪ੍ਰਧਾਨ ਐਡਵੋਕੇਟ ਹੈਪੀ ਗਰਗ, ਗਗਨਦੀਪ ਸਿੰਘ ਜਵੰਦਾ ਭਸੌੜ, ਗੁਰਚਰਨ ਸਿੰਘ ਕਾਲਾ ਬੇਨੜਾ, ਜਸਵਿੰਦਰ ਸਿੰਘ ਘਨੌਰੀ, ਸੁਰਜੀਤ ਸਿੰਘ ਰਾਜੋਮਾਜਰਾ, ਜਸਪਾਲ ਸਿੰਘ ਪਾਲਾ, ਮਿਲਖ ਰਾਜ ਤੇ ਰਛਪਾਲ ਸਿੰਘ ਭੁੱਲਰ, ਸੁਖਦੇਵ ਸਿੰਘ, ਸੁਖਵੰਤ ਸਿੰਘ, ਵੀਰ ਭਾਨ ਆਦਿ ਹਾਜ਼ਰ ਸਨ।

# ਸਿਪਾਹੀ ਦਰਸ਼ਨ ਸਿੰਘ ਸਕੂਲ ਸ਼ੇਰੋਂ 'ਚ ਪਰਾਲੀ ਨਾ ਸਾੜਨ ਸੰਬੰਧੀ ਪ੍ਰੋਗਰਾਮ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸਿੱਖਿਆ ਸੰਗਰੂਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਕੂਲ ਇੰਚਾਰਜ ਜਰਨੈਲ ਸਿੰਘ ਤੇ ਪ੍ਰੋਗਰਾਮ ਇੰਚਾਰਜ ਯਾਦਵਿੰਦਰ ਸਿੰਘ ਕੰਪਿਊਟਰ ਫੈਕਲਟੀ, ਨੋਡਲ ਅਫਸਰ ਰੇਨੂੰ ਬਾਲਾ ਪੰਜਾਬੀ ਮਿਸਟ੍ਰਸ ਦੀ ਅਗਵਾਈ ਹੇਠ ਪਰਾਲੀ ਨੂੰ ਸਾੜਨ ਤੋਂ ਰੋਕਣ ਸਬੰਧੀ ਪ੍ਰੋਗਰਾਮ ਸਿਪਾਹੀ ਦਰਸ਼ਨ ਸਿੰਘ ਸੀਨੀਅਰ ਸੈਕੰਡਰੀ ਸਕੂਲ ਸ਼ੇਰੋਂ ਵਿਖੇ ਕਰਵਾਇਆ ਗਿਆ। ਪ੍ਰਾਰਥਨਾ ਸਭਾ ਦੌਰਾਨ ਯਾਦਵਿੰਦਰ ਸਿੰਘ ਕੰਪਿਊਟਰ ਫੈਕਲਟੀ ਤੇ ਬਲਵਿੰਦਰ ਕੌਰ ਸਾਇੰਸ ਮਿਸਟ੍ਰੈਸ ਨੇ ਵਿਦਿਆਰਥੀਆਂ ਨੂੰ ਪਰਾਲੀ ਸਾੜਨ ਦੇ ਨੁਕਸਾਨ ਬਾਰੇ ਜਾਣਕਾਰੀ ਦਿੱਤੀ। ਰੇਨੂ ਬਾਲਾ ਨੋਡਲ ਇੰਚਾਰਜ ਵੱਲੋਂ ਵੱਖ-ਵੱਖ ਗਤੀਵਿਧੀਆਂ ਸਲੋਗਨ ਰਾਈਟਿੰਗ, ਪੇਂਟਿੰਗ ਕੰਪੀਟੀਸ਼ਨ, ਭਾਸ਼ਣ ਮੁਕਾਬਲੇ, ਲੇਖ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ 45 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਇਸ ਪ੍ਰੋਗਰਾਮ ਵਿੱਚ ਪੇਂਟਿੰਗ ਮੁਕਾਬਲਿਆਂ ਲਈ ਅਮਨਜੋਤ ਸਾਇੰਸ ਮਿਸਟ੍ਰੈਸ, ਭਾਸ਼ਣ ਮੁਕਾਬਲੇ ਲਈ ਜਗਸੀਰ ਸਿੰਘ ਐੱਸ. ਐੱਸ. ਮਾਸਟਰ ਤੇ ਲੇਖ ਮੁਕਾਬਲਿਆਂ ਲਈ ਗਗਨਦੀਪ ਕੌਰ ਆਈ ਟੀ ਟਰੇਨਰ ਰਾਹੀਂ ਕਰਵਾਇਆ ਗਿਆ। ਜੱਜ ਦੇ ਤੌਰ 'ਤੇ ਰੇਨੂੰ ਬਾਲਾ ਪੰਜਾਬੀ ਮਿਸਟ੍ਰੈਸ ਤੇ ਯਾਦਵਿੰਦਰ ਸਿੰਘ ਕੰਪਿਊਟਰ ਫੈਕਲਟੀ ਵੱਲੋਂ ਜੱਜਮੈਂਟ ਕੀਤੀ ਗਈ। ਇਸ ਮੌਕੇ ਨਰੇਸ਼ ਸਿੰਗਲਾ ਲੈਕ. ਹਿਸਟਰੀ, ਵੀਨਾ ਰਾਣੀ ਲੈਕ. ਇਕਨੋਮਿਕਸ, ਨੀਤੂ ਸ਼ਰਮਾ ਅੰਗਰੇਜ਼ੀ ਮਿਸਟ੍ਰੈਸ, ਉੱਤਮ ਸਿੰਘ, ਬੂਟਾ ਸਿੰਘ ਕੰਪਿਊਟਰ ਫੈਕਲਟੀ ਤੇ ਸਮੂਹ ਸਟਾਫ ਹਾਜ਼ਰ ਸਨ। ਸਲੋਗਨ ਰਾਈਟਿੰਗ ਕੰਪੀਟੀਸ਼ਨ ਵਿੱਚ ਲਖਬੀਰ ਕੌਰ ਕਲਾਸ ਅੱਠਵੀਂ ਪਹਿਲੀ ਪੁਜ਼ੀਸ਼ਨ, ਅਰਸ਼ਦੀਪ ਕੌਰ ਕਲਾਸ ਅੱਠਵੀਂ ਦੂਜੀ ਪੁਜ਼ੀਸ਼ਨ, ਕਮਲਜੀਤ ਕੌਰ ਕਲਾਸ ਅੱਠਵੀਂ ਤੀਜੀ ਪੁਜ਼ੀਸ਼ਨ ਤੇ ਸਿਮਰਨਪ੍ਰੀਤ ਕੌਰ ਤੀਜੀ ਪੁਜ਼ੀਸ਼ਨ, ਪੇਂਟਿੰਗ ਮੁਕਾਬਲਿਆਂ ਵਿੱਚ ਕਮਲਜੀਤ ਕੌਰ ਅੱਠਵੀਂ ਕਲਾਸ ਫਸਟ, ਜਸ਼ਨਪ੍ਰੀਤ ਕੌਰ ਕਲਾਸ ਅੱਠਵੀਂ ਸੈਕਿੰਡ, ਪ੍ਰਿਤਪਾਲ ਸਿੰਘ ਕਲਾਸ ਬਾਰਵੀਂ ਥਰਡ ਪੁਜ਼ੀਸ਼ਨ ਹਾਸਲ ਕੀਤੀ ਤੇ ਇਨ੍ਹਾਂ ਮੁਕਾਬਲਿਆਂ ਵਿੱਚ ਮਨਪ੍ਰੀਤ ਕੌਰ ਸੱਤਵੀਂ ਪਹਿਲੀ ਪੁਜ਼ੀਸ਼ਨ, ਹਰਮਨ ਸਿੰਘ ਸੱਤਵੀਂ ਨੇ ਦੂਜੀ ਪੁਜ਼ੀਸ਼ਨ, ਮਹਿਕਪ੍ਰੀਤ ਸਿੰਘ ਨੇ ਤੀਜੀ ਪੁਜ਼ੀਸ਼ਨ ਹਾਸਲ ਕੀਤੀ।

# ਗਰੀਨ ਦੀਵਾਲੀ ਦਾ ਸੰਦੇਸ਼ ਦੇਣ ਲਈ ਡੀ ਸੀ ਐੱਮ ਸਕੂਲ ਵੱਲੋਂ ਨੁੱਕੜ ਨਾਟਕ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪ੍ਰਦੂਸ਼ਣ ਰਹਿਤ ਦੀਵਾਲੀ ਮਨਾਉਣ ਦਾ ਸੁਨੇਹਾ ਦੇਣ ਦੇ ਮਕਸਦ ਨਾਲ ਸ਼ਹਿਰ ਦੇ ਸੱਤਿਆਪਾਲ ਬਾਗੀ ਮੈਮੋਰੀਅਲ ਪਾਰਕ ਵਿੱਚ ਡੀਸੀਐੱਮ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਵੱਲੋਂ ਇੱਕ ਨੁੱਕੜ ਨਾਟਕ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਹੱਥਾਂ ਵਿੱਚ ਤਖ਼ਤੀਆਂ ਫੜ ਕੇ ਰੈਲੀ ਵੀ ਕੱਢੀ।ਇਸ ਨਾਟਕ ਨੇ ਪ੍ਰਦੂਸ਼ਣ ਨਾ ਫੈਲਾਉਣ ਤੇ ਆਪਸੀ ਭਾਈਚਾਰਕ ਸਾਂਝ ਦੇ ਨਾਲ ਇਸ ਤਿਉਹਾਰ ਨੂੰ ਪਿਆਰ ਨਾਲ ਮਨਾਉਣ ਦਾ ਸੁਨੇਹਾ ਦਿੱਤਾ।ਪ੍ਰਿੰਸੀਪਲ ਸੋਮੇਸ਼ ਚੰਦਰ ਮਿਸ਼ਰਾ ਨੇ ਦੱਸਿਆ ਕਿ ਤੀਜੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੇ ਪਾਰਕ ਵਿਚ ਮੌਜੂਦ ਲੋਕਾਂ ਨੂੰ ਦੀਵਾਲੀ 'ਤੇ ਮਿੱਟੀ ਦੇ ਦੀਵੇ ਜਗਾਉਣ ਤੇ ਜਨਮ ਦਿਨ, ਬਰਸੀ ਸਮੇਤ ਤਿਉਹਾਰਾਂ 'ਤੇ ਰੁੱਖ ਲਗਾਉਣ ਦਾ ਸੰਦੇਸ਼ ਦਿੱਤਾ। ਵਿਦਿਆਰਥੀਆਂ ਰੂਹਾਲੀ, ਪ੍ਰਭਨੂਰ, ਸ਼ੁਬਨੀਤ, ਕਿਆਨ, ਕਾਮਾਕਸ਼ਾ, ਜੋਬਨ, ਸਰਬਜੀਤ ਨੇ ਵੀ ਮਿੱਟੀ ਦੇ ਦੀਵੇ ਜਗਾ ਕੇ ਸਾਰਿਆਂ ਨੂੰ ਰੋਸ਼ਨੀ ਦੇ ਤਿਉਹਾਰ ਦੀ ਵਧਾਈ ਦਿੱਤੀ। ਵਿਦਿਆਰਥੀਆਂ ਨੇ ਸੰਗੀਤ ਦੀ ਧੁਨ 'ਤੇ ਦੇਸ਼ ਭਗਤੀ ਦੇ ਗੀਤ ਵੀ ਗਾਏ ਤੇ ਉੱਚੀ ਆਵਾਜ਼ ਵਿੱਚ ਪਟਾਕਿਆਂ ਦੀ ਬਜਾਏ ਗਰੀਨ ਪਟਾਕੇ ਚਲਾਉਣ ਦੀ ਸਲਾਹ ਦਿੱਤੀ।ਇਸ ਮੌਕੇ ਜੀ ਐੱਮ ਮਨਰੀਤ ਸਿੰਘ, ਡੀ ਜੀ ਐੱਮ ਗਗਨਦੀਪ ਕੌਰ, ਹੈੱਡ ਮਿਸਟ੍ਰੈੱਸ ਅਰਚਨਾ, ਏਵੀਪੀ ਰਾਬੀਆ ਬਜਾਜ, ਵੀ ਪੀ ਰਾਜੇਸ਼ ਬੇਰੀ, ਕੋਆਰਡੀਨੇਟਰ ਸੋਨਿਕਾ ਅਗਰਵਾਲ, ਕਵਿਤਾ, ਜੀਵਨ ਜੋਤੀ, ਲਵੀਨਾ, ਗੀਟਾ ਚੋਪੜਾ, ਭੁਪਿੰਦਰ, ਰਾਜ, ਸੌਰਭ ਤੇ ਹੋਰ ਹਾਜ਼ਰ ਸਨ।


## ਸ਼੍ਰੇਯਾਂਸ ਫਾਈਨੈਂਸ਼ਿਅਲ ਅਤੇ ਕੈਪਿਟਲ ਸਰਵਿਸਜ਼ ਲਿਮਿਟੇਡ

30 ਸਤੰਬਰ 2023 ਨੂੰ ਖਤਮ ਹੋਏ ਤਿਮਾਹੀ ਅਤੇ ਅੱਧੇ ਸਾਲ ਦੇ ਅਣਪੜਤਾਲੇ ਵਿਤੀ ਨਤੀਜਿਆਂ ਦਾ ਵੇਰਵਾ
(ਈਪੀਐਸ ਡਾਟਾ ਨੂੰ ਛੱਡ ਕੇ ਰਕਮ ਸੈਂਕੜੇ ਵਿੱਚ)

| ਵੇਰਵਾ | ਤਿਮਾਹੀ ਖਤਮ 30.09.2023 (ਅਣ-ਪੜਤਾਲੇ) | ਤਿਮਾਹੀ ਖਤਮ 30.09.2022 (ਅਣਪੜਤਾਲੇ) | ਅੱਧਾ ਸਾਲ ਖਤਮ 30.09.2023 (ਅਣਪੜਤਾਲੇ) |
|---|---|---|---|
| ਕੁੱਲ ਆਮਦਨ | 16,235.44 | 6,562.34 | 16,313.21 |
| ਸ਼ੁੱਧ ਲਾਭ / ਨੁਕਸਾਨ (ਟੈਕਸ, ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਪਹਿਲਾਂ) | 14,680.88 | 5,117.66 | 13,250.97 |
| ਸ਼ੁੱਧ ਲਾਭ / ਨੁਕਸਾਨ (ਟੈਕਸ ਤੋਂ ਪਹਿਲਾਂ ਅਤੇ ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਬਾਦ) | 14,680.88 | 5,117.66 | 13,250.97 |
| ਸ਼ੁੱਧ ਲਾਭ / ਨੁਕਸਾਨ (ਟੈਕਸ, ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਬਾਦ) | 12,407.01 | 4,697.90 | 10,977.10 |
| ਕੁੱਲ ਕੰਪ੍ਰੀਹੈਂਸਿਵ ਆਮਦਨ | 13,302.03 | 6,880.26 | 13,398.57 |
| ਇਕੁਇਟੀ ਸ਼ੇਅਰ ਪੂੰਜੀ | 1,00,000.00 | 1,00,000.00 | 1,00,000.00 |
| ਹੋਰ ਇਕੁਇਟੀ | - | - | - |
| ਪ੍ਰਤੀ ਸ਼ੇਅਰ ਕਮਾਈ (ਈ.ਪੀ.ਐਸ) (10/- ਪ੍ਰਤੀ ਸ਼ੇਅਰ) ਮੁਢਲੀ ਅਤੇ ਡੀਲੂਟਡ | 1.24 | 0.47 | 1.10 |

ਨੋਟ : ਉਪਰੋਕਤ ਨਤੀਜੇ ਸੇਬੀ (ਐਲ.ਓ.ਡੀ.ਆਰ.) ਰੈਗੁਲੇਸ਼ਨਜ਼, 2015 ਦੀ ਰੇਗੁਲੇਸ਼ਨ 33 ਦੇ ਅਧੀਨ ਸਟਾਕ ਐਕਸਚੈਂਜ ਫਾਈਲ ਕੀਤੇ ਨਤੀਜਿਆਂ ਦਾ ਸੰਖੇਪ ਰੂਪ ਹੈ। ਉਪਰੋਕਤ ਨਤੀਜਿਆਂ ਦਾ ਫੁੱਲ ਫਾਰਮੇਟ ਮੈਟਰੋ ਪੋਲੀਟਨ ਸਟਾਕ ਐਕਸਚੈਂਜ ਆਫ ਇੰਡੀਆ ਲਿਮਿਟੇਡ ਦੀ ਵੈਬਸਾਈਟ www.msei.in ਅਤੇ ਕੰਪਨੀ ਦੀ ਵੈਬਸਾਈਟ www.sfcsl.co.in ਤੇ ਉਪਲਬੱਧ ਹੈ।

ਫੋਰ ਐਂਡ ਔਨ ਬੀਹਾਫ ਔਫ ਦੀ ਬੋਰਡ
ਸਹੀ/-
ਕੀਰਤੀ ਕੁਮਾਰ ਜੈਨ
ਕਾਰਜਕਾਰੀ ਡਾਈਰੇਕਟਰ
DIN-00932391

ਮਿਤੀ : 09.11.2023
ਸਥਾਂਨ : ਲੁਧਿਆਣਾ

ਰਜਿ ਦਫ਼ਤਰ : ਸ਼੍ਰੀ ਰਿਸ਼ਬ ਪੇਪਰ ਮਿਲ ਪ੍ਰੀਮਿਸਜ਼, ਪਿੰਡ ਬਨਾ, ਨਵਾਂ ਸ਼ਹਿਰ, ਪੰਜਾਬ-144522.
Tel. No. 91-1881-273627, 273628, Fax :+ 91-1881-273645, Email: sfcsl141@gmail.com
Website: www.sfcsl.co.in, CIN - L65921PB1984PLC005967


# ਅਸੀਮ ਯੂਥ ਵੈੱਲਫੇਅਰ ਕਲੱਬ ਕੋਟਾਲਾ ਵੱਲੋਂ ਸਨਮਾਨ ਸਮਾਰੋਹ



**ਸਮਰਾਲਾ (ਸੁਰਜੀਤ ਸਿੰਘ)**-ਅਸੀਮ ਯੂਥ ਵੈੱਲਫੇਅਰ ਕਲੱਬ ਕੋਟਾਲਾ ਵੱਲੋਂ ਸੋਸਵਾ ਫੰਡਡਿਡ ਗੌਰਮਿੰਟ ਆਫ ਪੰਜਾਬ ਦੇ ਸਹਿਯੋਗ ਨਾਲ ਔਰਤਾਂ ਦਾ ਛੇ ਮਹੀਨੇ ਦਾ ਕਟਿੰਗ ਐਂਡ ਟੇਲਰਿੰਗ ਕੋਰਸ ਪੂਰਾ ਹੋਣ ਉਪਰੰਤ ਸਿਲਾਈ ਸੈਂਟਰ ਕੋਟਾਲਾ ਵਿਖੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਕਲੱਬ ਦੇ ਪ੍ਰਧਾਨ ਅਮਨਦੀਪ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੋਸਵਾ ਦੇ ਸਹਿਯੋਗ ਨਾਲ ਕਟਿੰਗ ਤੇ ਟੇਲਰਿੰਗ ਦਾ ਕੋਰਸ ਅਸੀਮ ਯੂਥ ਵੈੱਲਫੇਅਰ ਕਲੱਬ ਕੋਟਾਲਾ ਵੱਲੋਂ ਟਰੇਨਰ ਮਨਦੀਪ ਕੌਰ ਕਿਰਨਾ ਵੱਲੋਂ 28 ਸਿਖਿਆਰਥਣਾਂ ਨੂੰ ਇਹ ਕੋਰਸ ਕਰਵਾਇਆ ਗਿਆ, ਜਿਸ ਵਿੱਚ ਹਰ ਤਰ੍ਹਾਂ ਦੇ ਸੂਟ ਕੱਟਣਾ, ਸਿਊਣਾ ਸਿੱਖਣਾ ਸ਼ਾਮਲ ਹੈ। ਕੋਰਸ ਪੂਰਾ ਹੋਣ ਉਪਰੰਤ ਹਰੇਕ ਸਿੱਖਿਆਰਥਣ ਨੂੰ ਕਲੱਬ ਵੱਲੋਂ ਇੱਕ ਸਰਟੀਫਿਕੇਟ ਤੇ ਇੱਕ ਇੱਕ ਸਿਲਾਈ ਮਸ਼ੀਨ ਦਿੱਤੀ ਗਈ। ਇਹ ਸਨਮਾਨ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਉਨ੍ਹਾ ਦੀ ਧਰਮਪਤਨੀ ਪਿੰਦਰਜੀਤ ਕੌਰ, ਅੰਮ੍ਰਿਤਪੁਰੀ ਪ੍ਰਧਾਨ ਮਹਿਲਾ ਵਿੰਗ ਆਮ ਆਦਮੀ ਪਾਰਟੀ, ਸੁਖਵਿੰਦਰ ਮਾਛੀਵਾੜਾ, ਨਵਜੀਤ ਉਟਾਲਾਂ ਪੀ. ਏ. ਵੱਲੋਂ ਦਿੱਤੇ ਗਏ। ਇਸ ਸਮਾਗਮ ਵਿੱਚ ਪਿੰਡ ਕੋਟਾਲਾ ਦੇ ਪ੍ਰਵਾਸੀ ਭਾਰਤੀ ਗੁਰਬਚਨ ਸਿੰਘ ਗਰੇਵਾਲ ਕੈਨੇਡਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ, ਜਿਨ੍ਹਾਂ ਪਿੰਡ ਦੇ ਪ੍ਰਾਇਮਰੀ ਸਕੂਲ ਤੇ ਹੋਰ ਸਾਂਝੇ ਕੰਮਾਂ ਵਿੱਚ 25 ਲੱਖ ਰੁਪਏ ਦੇ ਕਰੀਬ ਵਿੱਤੀ ਸਹਾਇਤਾ ਦਿੱਤੀ ਹੈ। ਉਨ੍ਹਾ ਦੇ ਨਾਲ ਹੀ ਸੱਭਿਆਚਾਰ ਤੇ ਲੇਖ ਲਿਖਣ ਵਾਲੀ ਅਤੇ ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੀ ਜਤਿੰਦਰ ਕੌਰ ਬੁਆਲ ਨੂੰ ਵੀ ਸਨਮਾਨਤ ਕੀਤਾ ਗਿਆ। ਇਸ ਸਮਾਗਮ ਦੌਰਾਨ ਸਿੱਖਿਆਰਥਣਾਂ ਵੱਲੋਂ ਗੀਤ ਤੇ ਗਿੱਧਾ ਪੇਸ਼ ਕੀਤਾ ਗਿਆ। ਇਸ ਸਮਾਗਮ ਵਿੱਚ ਕਲੱਬ ਮੈਂਬਰ ਸੰਤੋਖ ਸਿੰਘ, ਸੂਬੇਦਾਰ ਮੁਖਤਿਆਰ ਸਿੰਘ, ਨਵਤੇਜ ਸਿੰਘ ਕੋਟਾਲਾ, ਸੂਬੇਦਾਰ ਰਚਨ ਸਿੰਘ, ਮਾ. ਆਤਮਾ ਸਿੰਘ, ਅਵਤਾਰ ਸਿੰਘ ਸ਼ਾਹੀ, ਰਜਿੰਦਰ ਸਿੰਘ ਰਾਜੀ, ਸਾਬਕਾ ਸਰਪੰਚ ਸੁਰਜੀਤ ਸਿੰਘ, ਕੇਸਰ ਸਿੰਘ ਵੜੈਚ, ਹਰਦੀਪ ਸਿੰਘ ਦੀਪੀ, ਸੇਵਾ ਸਿੰਘ, ਪੰਜਾਬ ਐਂਡ ਸਿੰਧ ਬੈਂਕ ਖਮਾਣੋਂ ਤੋਂ ਮੈਨੇਜਰ ਪ੍ਰਵੀਨ ਨੇਗੀ, ਸਬ ਮੈਨੇਜਰ ਹਰਪ੍ਰੀਤ ਸਿੰਘ ਆਦਿ ਸ਼ਾਮਲ ਹੋਏ। ਸਮੁੱਚੇ ਪ੍ਰੋਗਰਾਮ ਦੀ ਕਾਰਵਾਈ ਦੀਪ ਦਿਲਬਰ ਵੱਲੋਂ ਚਲਾਈ ਗਈ।

# ਕਾਮਰੇਡ ਰਣਜੀਤ ਸਿੰਘ ਕਲਿਆਣ ਨਹੀਂ ਰਹੇ

**ਮਾਲੇਰਕੋਟਲਾ (ਅਸਗਰ ਪਰਿਹਾਰ)**



ਪੰਜਾਬ ਪੱਲੇਦਾਰ ਯੂਨੀਅਨ (ਏਟਕ) ਪੰਜਾਬ ਦੇ ਸੂਬਾਈ ਆਗੂ ਕਾਮਰੇਡ ਰਣਜੀਤ ਸਿੰਘ ਕਲਿਆਣ ਅੱਜ ਸਦੀਵੀਂ ਵਿਛੋੜਾ ਦੇ ਗਏ ਹਨ। ਪੰਜਾਬ ਏਟਕ ਦੇ ਮੀਤ ਪ੍ਰਧਾਨ ਕਾਮਰੇਡ ਭਰਪੂਰ ਸਿੰਘ ਬੂਲਾਪੁਰ ਨੇ ਦੱਸਿਆ ਕਿ 30 ਅਕਤੂਬਰ ਨੂੰ ਡੀ ਸੀ ਮਾਲੇਰਕੋਟਲਾ ਦੇ ਦਫਤਰ ਅੱਗੇ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਏਟਕ ਵੱਲੋਂ ਰੈਲੀ ਕੀਤੀ ਗਈ। ਰੈਲੀ ਤੋਂ ਵਾਪਸੀ ਮੌਕੇ ਸੰਦੌੜ ਦੇ ਨਜ਼ਦੀਕ ਕਾਮਰੇਡ ਰਣਜੀਤ ਸਿੰਘ ਕਲਿਆਣ ਦਾ ਐਕਸੀਡੈਂਟ ਹੋ ਗਿਆ ਸੀ, ਜੋ ਮੈਡੀਵੇਅ ਹਸਪਤਾਲ ਲੁਧਿਆਣਾ ਵਿਖੇ ਜ਼ੇਰੇ ਇਲਾਜ ਸੀ, ਜੋ ਵੀਰਵਾਰ ਸਵੇਰੇ 9 ਵਜੇ ਹਸਪਤਾਲ ਵਿੱਚ ਹੀ ਦਮ ਤੋੜ ਗਏ ਹਨ। ਉਨ੍ਹਾਂ ਦਾ ਅੰਤਿਮ ਸੰਸਕਾਰ 10 ਨਵੰਬਰ ਨੂੰ ਰਾਏਕੋਟ ਰੋੜ ਪਿੰਡ ਕਲਿਆਣ ਜ਼ਿਲ੍ਹਾ ਮਾਲੇਰਕੋਟਲ ਵਿਖੇ ਸਵੇਰੇ 11 ਵਜੇ ਕੀਤਾ ਜਾਵੇਗਾ। ਰਣਜੀਤ ਸਿੰਘ ਕਲਿਆਣ ਜ਼ਿਲ੍ਹਾ ਸੰਗਰੂਰ ਸੀ ਪੀ ਆਈ ਦੇ ਜ਼ਿਲ੍ਹਾ ਕਾਰਜਕਾਰਨੀ ਮੈਂਬਰ ਸਨ ਤੇ ਹੁਣ ਮਾਲੇਰਕੋਟਲਾ ਜ਼ਿਲ੍ਹਾ ਬਣਨ ਕਰਕੇ ਜ਼ਿਲ੍ਹਾ ਮਾਲੇਰਕੋਟਲਾ ਦੇ ਸਹਾਇਕ ਕਨਵੀਨਰ ਸਨ। ਰਣਜੀਤ ਕਲਿਆਣ ਅਪਣੇ ਪਿੱਛੇ ਪਤਨੀ, ਦੋ ਬੇਟੇ ਤੇ ਤਿੰਨ ਬੇਟੀਆਂ ਛੱਡ ਗਏ ਹਨ।

ਉਨ੍ਹਾਂ ਦੇ ਅਚਾਨਕ ਵਿਛੋੜੇ ਤੇ ਏਟਕ ਤੇ ਸੀਪੀਆਈ ਦੇ ਪੰਜਾਬ ਦੇ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਜ਼ਿਲ੍ਹਾ ਸੰਗਰੂਰ ਦੇ ਸਕੱਤਰ ਸੁਖਦੇਵ ਸ਼ਰਮਾ, ਮੁਲਾਜ਼ਮਾਂ ਦੇ ਸੂਬਾਈ ਆਗੂ ਰਣਜੀਤ ਸਿੰਘ ਰਾਣਵਾਂ, ਬਿਜਲੀ ਮੁਲਾਜ਼ਮਾਂ ਦੇ ਆਗੂ ਨਰਿੰਦਰ ਕੁਮਾਰ, ਗੁਰਧਿਆਨ ਸਿੰਘ, ਕਿਰਪਾਲ ਸਿੰਘ, ਬੰਤ ਸਿੰਘ ਬੁਰਜ ਨੇ ਗਹਿਰਾ ਦੁੱਖ ਪ੍ਰਗਟ ਕੀਤਾ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਲੱਗੇ ਧਰਨੇ ਕਾਰਨ ਐੱਸ ਡੀ ਐੱਮ ਨੇ ਮੰਨੀਆਂ ਮੰਗਾਂ : ਲਾਲਪੁਰਾ



**ਮੀਆਂਵਿੰਡ (ਰਵੀ ਖਹਿਰਾ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ੋਨ ਸ੍ਰੀ ਖਡੂਰ ਸਾਹਿਬ ਵੱਲੋਂ ਪਿਛਲੇ 13 ਦਿਨਾਂ ਤੋਂ ਅੱਡਾ ਸ਼ੇਖਚੱਕ ਵਿਖੇ ਟੁੱਟੀ ਸੜਕ ਦੇ ਮਾਮਲੇ ਨੂੰ ਲੈ ਕੇ ਜ਼ੋਨ ਪ੍ਰਧਾਨ ਪਾਖਰ ਸਿੰਘ ਲਾਲਪੁਰਾ ਦੀ ਅਗਵਾਈ ਹੇਠ ਧਰਨਾ ਲਗਾਇਆ ਹੋਇਆ ਸੀ। ਉਸ ਦੇ ਸਬੰਧ ਵਿੱਚ ਪ੍ਰਸ਼ਾਸਨ ਵੱਲੋਂ ਕਾਫੀ ਢਿੱਲੇਪਨ ਵਾਲਾ ਵਰਤੀਰਾ ਵਰਤਿਆ ਜਾ ਰਿਹਾ ਸੀ, ਜਿਸ ਤੋਂ ਤੰਗ ਆ ਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ੋਨ ਸ੍ਰੀ ਖਡੂਰ ਸਾਹਿਬ ਵੱਲੋਂ ਕੱਲ੍ਹ ਵੱਡਾ ਐਕਸ਼ਨ ਕਰਦਿਆਂ ਸ੍ਰੀ ਤਰਨ ਤਾਰਨ ਸਾਹਿਬ ਤੋਂ ਸ੍ਰੀ ਗੋਇੰਦਵਾਲ ਸਾਹਿਬ ਵਾਲੀ ਮੇਨ ਸੜਕ ’ਤੇ ਧਰਨਾ ਲਗਾ ਕੇ ਪ੍ਰਸ਼ਾਸਨ ਅਤੇ ਸਰਕਾਰ ਖਿਲਾਫ ਜੰਮ ਕੇ ਨਾਹਰੇਬਾਜ਼ੀ ਕੀਤੀ ਗਈ ਸੀ।

ਧਰਨੇ ਦੇ ਦਬਾਅ ਨੂੰ ਵੇਖਦਿਆਂ ਪ੍ਰਸ਼ਾਸਨ ਹਰਕਤ ਵਿੱਚ ਆਇਆ ਤੇ ਕਿਸਾਨ ਆਗੂਆਂ ਨਾਲ ਧਰਨੇ ਵਾਲੀ ਥਾਂ ’ਤੇ ਸਬੰਧਤ ਤਹਿਸੀਲਦਾਰ, ਬੀ ਡੀ ਪੀ ਓ ਨੇ ਮੀਟਿੰਗ ਕੀਤੀ। ਐਸ ਡੀ ਐਮ ਦੀਪਕ ਭਾਟੀਆ ਵੱਲੋਂ ਡੀ ਐਸ ਪੀ ਰਵੀਸ਼ੇਰ ਸਿੰਘ (ਗੋਇੰਦਵਾਲ ਸਾਹਿਬ) ਵੱਲੋਂ ਵਿਸ਼ਵਾਸ ਦਵਾਉਂਦਿਆਂ ਧਰਨਾ ਸਮਾਪਤ ਕਰਨ ਦੀ ਅਪੀਲ ਕੀਤੀ।

ਕਿਸਾਨ ਆਗੂਆਂ ਨੇ ਸਬੰਧਤ ਅਧਿਕਾਰੀ ਦੇ ਵਿਸ਼ਵਾਸ ’ਤੇ ਧਰਨਾ ਸਮਾਪਤ ਕਰ ਦਿੱਤਾ ਅਤੇ ਅੱਜ ਐਸ ਡੀ ਐਮ ਦੀਪਕ ਭਾਟੀਆ ਨਾਲ ਜ਼ੋਨ ਪ੍ਰਧਾਨ ਪਾਖਰ ਸਿੰਘ ਲਾਲਪੁਰਾ, ਜ਼ਿਲ੍ਹਾ ਖਜ਼ਾਨਚੀ ਫਤਿਹ ਸਿੰਘ ਪਿੱਦੀ, ਭਗਵਾਨ ਸਿੰਘ ਸੰਘਰ ਦੀ ਅਗਵਾਈ ਹੇਠ ਮੀਟਿੰਗ ਕੀਤੀ। ਇਸ ਮੌਕੇ ਪ੍ਰਿੰਸੀਪਲ ਨਵਤੇਜ ਸਿੰਘ ਏਕਲ ਗੱਡਾ ਨੇ ਕਿਹਾ ਕਿ ਮੀਟਿੰਗ ਦੌਰਾਨ ਐਸ ਡੀ ਐਮ ਦੀਪਕ ਭਾਟੀਆ ਦੀ ਮੌਜੂਦਗੀ ਵਿੱਚ ਕੁਸ਼ਲਦੀਪ ਸਿੰਘ ਰੰਧਾਵਾ ਐਕਸੀਅਨ ਅੰਮ੍ਰਿਤਸਰ, ਤਹਿਸੀਲਦਾਰ ਗੋਇੰਦਵਾਲ ਸਾਹਿਬ, ਬੀ ਡੀ ਪੀ ਓ, ਜੇ ਈ, ਪੁਲਸ ਪ੍ਰਸ਼ਾਸਨ ਸਮੇਤ ਸੜਕ ਨਾਲ ਸਬੰਧਤ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਉਨ੍ਹਾਂ ਦੱਸਿਆ ਕਿ ਜਿਹੜੀ ਸੜਕ ਪਿਛਲੇ 15,18 ਸਾਲਾਂ ਤੋਂ ਕਿਸੇ ਕਾਰਨ ਨਹੀ ਬਣ ਸਕੀ, ਉਸ ਦਾ ਕੰਮ 25 ਨਵੰਬਰ ਤੱਕ ਜੋ ਪਾਣੀ ਦੀ ਨਿਕਾਸੀ ਦਾ ਕੰਮ ਹੈ ਉਹ ਹਰ ਹਾਲਤ ਵਿੱਚ ਪੂਰਾ ਕਰ ਲਿਆ ਜਾਵੇਗਾ।

ਸੜਕ ਨਾਲ ਸਬੰਧਤ 27 ਲੱਖ ਰੁਪਏ ਦੀ ਰਾਸ਼ੀ ਮਨਜ਼ੂਰ ਕਰ ਦਿੱਤੀ ਗਈ ਹੈ ਜਿਸ ਨਾਲ 15 ਦਸੰਬਰ ਤੱਕ ਸੜਕ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ ਅਤੇ ਦਸੰਬਰ ਦੇ ਅਖੀਰ ਤੱਕ ਸੜਕ ਦਾ ਪੂਰਾ ਕੰਮ ਪਾਣੀ ਦੀ ਨਿਕਾਸੀ ਸਮੇਤ ਹਰ ਹਾਲਤ ਵਿੱਚ ਪੂਰਾ ਕਰ ਦਿੱਤਾ ਜਾਵੇਗਾ।

# ਡੀ ਐੱਸ ਪੀ ਵੱਲੋਂ ਇਲਾਕੇ ਦੇ ਕਿਸਾਨਾਂ ਨਾਲ ਮੀਟਿੰਗ



ਬੁਤਾਲਾ (ਨਿਰਮਲ ਸਿੰਘ ਸੰਘਾ) ਡੀ ਐਸ ਪੀ ਸੁਖਵਿੰਦਰ ਪਾਲ ਸਿੰਘ ਵੱਲੋਂ ਇਲਾਕੇ ਦੇ ਕਿਸਾਨਾਂ ਨਾਲ ਜ਼ਿਲ੍ਹੇ ਵਿੱਚ ਪਰਾਲੀ ਦੀ ਅੱਗ ਨੂੰ ਰੋਕਣ ਲਈ ਅਹਿਮ ਮੀਟਿੰਗ ਕੀਤੀ ਗਈ। ਡੀ ਸੀ ਘਣਸ਼ਾਮ ਥੋਰੀ ਦੀ ਅਗਵਾਈ ਹੇਠ ਟੀਮਾਂ ਵੱਲੋਂ ਲਗਾਤਾਰ ਜ਼ਿਲ੍ਹੇ ਭਰ ਵਿੱਚ ਕੀਤੇ ਜਾ ਰਹੇ ਕੰਮ ਸਦਕਾ ਅੱਗ ਦੀਆਂ ਘਟਨਾਵਾਂ ਬਹੁਤ ਹੱਦ ਤੱਕ ਘਟ ਗਈਆ ਹਨ। ਵੱਖ ਵੱਖ ਸਥਾਨਾਂ ’ਤੇ ਅੱਗ ਲਾਉਣ ਵਾਲਿਆਂ ਖਿਲਾਫ ਪੁਲਸ ਵੱਲੋਂ ਕਾਨੂੰਨੀ ਕਾਰਵਾਈ ਕੀਤੀ ਗਈ ਹੈ। ਇਸ ਸਬੰਧੀ ਡੀ ਐਸ ਪੀ ਦਫਤਰ ਬਾਬਾ ਬਕਾਲਾ ਸਾਹਿਬ ਵਿਖੇ ਇਲਾਕੇ ਨਾਲ ਸਬੰਧਤ ਕਿਸਾਨ ਜਥੇਬੰਦੀਆਂ ਦੇ ਆਗੂਆਂ ਨਾਲ ਅਹਿਮ ਮੀਟਿੰਗ ਕਰਦਿਆਂ ਸੁਖਵਿੰਦਰ ਪਾਲ ਸਿੰਘ ਸੀਨੀਅਰ ਉਪ ਕਪਤਾਨ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਪਰਾਲੀ ਨੂੰ ਅੱਗ ਨਾ ਲਗਾਈ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਤੇ ਡੀ ਜੀ ਪੀ ਪੰਜਾਬ ਵੱਲੋਂ ਸਾਰੇ ਹੀ ਥਾਣਾ ਮੁਖੀਆਂ, ਜੀ ਓ ਜੀ ਆਦਿ ਨੂੰ ਸਖਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਕੋਈ ਵੀ ਪਰਾਲੀ ਨੂੰ ਅੱਗ ਨਾ ਲਗਾਵੇ। ਸਰਕਾਰ ਵੱਲੋਂ ਪਰਾਲੀ ਨਾਲ ਸੰਬੰਧਤ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਨੂੰ ਹੀ ਇਸਤੇਮਾਲ ਕਰਨ ਅਤੇ ਲਾਭ ਲੈਣ।

ਇਸ ਸਬੰਧੀ ਇਲਾਕੇ ਦੇ ਸਭ ਗੁਰਦੁਆਰਾ ਸਾਹਿਬ ਵਿੱਚ ਅਨਾਊਂਸਮੈਂਟ ਵੀ ਕਰਵਾਈ ਗਈ ਹੈ। ਇਸ ਮੌਕੇ ਦਲਬੀਰ ਸਿੰਘ ਬੇਦਾਦਪੁਰ, ਸੀ ਮੀਤ ਪ੍ਰਧਾਨ ਗੁਰਮੀਤ ਸਿੰਘ ਧਿਆਨਪੁਰ, ਕਸਮੀਰ ਸਿੰਘ, ਡਾ ਗੁਰਦੇਵ ਸਿੰਘ, ਗੁਰਪ੍ਰੀਤ ਸਿੰਘ ਗੋਪੀ, ਪ੍ਰਧਾਨ ਅਮਰੀਕ ਸਿੰਘ ਠੱਠੀਆਂ ਆਦਿ ਹਾਜ਼ਰ ਸਨ।

# ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਧਾਰੀਵਾਲ ਮੰਡਲ ਦੀ ਮੀਟਿੰਗ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਪਾਵਰਕਾਮ ਅਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਧਾਰੀਵਾਲ ਮੰਡਲ ਦੀ ਮੀਟਿੰਗ 132 ਕੇ ਵੀ ਸਬ ਸਟੇਸ਼ਨ ਧਾਰੀਵਾਲ ਵਿਖੇ ਮੰਡਲ ਪ੍ਰਧਾਨ ਹਰਕਿਰਪਾਲ ਸਿੰਘ ਸੋਹਲ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਪੈਨਸ਼ਨਰਾਂ ਵਲੋਂ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਅਤੇ ਪਾਵਰਕਾਮ ਦੀ ਮੈਨੇਜਮੈਂਟ ਖਿਲਾਫ਼ ਨਾਅਰੇਬਾਜ਼ੀ ਵੀ ਕੀਤੀ ਗਈ। ਮੀਟਿੰਗ ਦੀ ਕਾਰਵਾਈ ਸਬੰਧੀ ਜਾਣਕਾਰੀ ਦਿੰਦਿਆਂ ਯੂਨੀਅਨ ਦੇ ਸਕੱਤਰ ਮਹਿੰਦਰ ਸਿੰਘ ਅਤੇ ਸਰਕਲ ਪ੍ਰਧਾਨ ਹਜ਼ਾਰਾ ਸਿੰਘ ਗਿੱਲ ਨੇ ਦੱਸਿਆ ਕਿ ਪੰਜਾਬ ਸਰਕਾਰ ਅਤੇ ਪਾਵਰਕਾਮ ਦੀ ਮੈਨੇਜਮੈਂਟ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਪ੍ਰਤੀ ਫੈਸਲੇ ਲੈਣ ਤੋਂ ਟਾਲਾ ਵੱਟ ਰਹੀਆਂ ਹਨ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੀ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਪ੍ਰਤੀ ਜਾਣਬੁੱਝ ਕੇ ਟਾਲਮਟੋਲ ਦੀ ਨੀਤੀ ਅਪਣਾ ਰਹੀ ਹੈ ਅਤੇ ਸਰਕਾਰੀ ਖਜ਼ਾਨੇ ਤੇ ਲੋਕ ਲੁਭਾਊ ਸਕੀਮਾਂ ’ਤੇ ਖਰਚ ਕਰਨ ਨੂੰ ਤਰਜੀਹ ਦੇ ਰਹੀ ਹੈ। ਜਿਸ ਕਾਰਨ ਪੈਨਸ਼ਨਰਾਂ ਤੇ ਮੁਲਾਜ਼ਮਾਂ ਦਾ ਗੁੱਸਾ ਜਵਾਲਾਮੁਖੀ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ। ਜਿਸ ਦਾ ਸਿੱਟਾ ਕਾਰਪਰੇਸ਼ਨਾਂ ਅਤੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਆਮ ਆਦਮੀ ਪਾਰਟੀ ਨੂੰ ਹੀਰੋ ਤੋਂ ਜ਼ੀਰੋ ਕਰਕੇ ਦਿੱਤਾ ਜਾਵੇਗਾ। ਇਸ ਮੌਕੇ ਬੁਲਾਰਿਆਂ ਨੇ ਸਰਕਾਰ ਤੇ ਪਾਵਰਕਾਮ ਦੀ ਮੈਨੇਜਮੈਂਟ ਨੂੰ ਚਿਤਾਵਨੀ ਭਰੇ ਲਹਿਜੇ ਵਿੱਚ ਖਬਰਦਾਰ ਕੀਤਾ ਕਿ ਸਰਕਾਰ ਮੁਲਾਜ਼ਮਾਂ/ਪੈਨਸਨਰਾਂ ਦੇ ਮਸਲੇ ਬੈਠ ਕੇ ਤੁਰੰਤ ਹੱਲ ਕਰੇ ਤੇ ਪੈਨਸ਼ਨਰਾਂ ਦੇ ਸਬਰ ਦਾ ਇਮਤਿਹਾਨ ਨਾ ਲਵੇ। ਆਗੂਆਂ ਨੇ ਪੈਨਸਨਰਾਂ ਦੀਆਂ ਮੰਗਾਂ ਜਿਵੇਂ 1-1-16 ਤੋਂ 30-6-21 ਤੱਕ ਸੋਧੀਆਂ ਪੈਨਸ਼ਨਾਂ ਦਾ ਬਕਾਇਆ, ਡੀ ਏ ਦੀਆਂ ਤਿੰਨ ਕਿਸ਼ਤਾਂ ਬਕਾਏ ਸਹਿਤ ਦਿੱਤੀਆਂ ਜਾਣ, ਲੀਵ ਇਨ ਕੈਸ਼ਮੈਂਟ ਦੇ ਫਰਕ ਦੀ ਬਕਾਇਆ ਅਦਾਇਗੀ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, ਕੈਸ਼ਲੈਸ ਮੈਡੀਕਲ ਸਕੀਮ ਮੁੜ ਲਾਗੂ ਕੀਤੀ ਜਾਵੇ ਆਦਿ ਮੰਗਾਂ ਲਾਗੂ ਕਰਨ ਦੀ ਮੰਗ ਕੀਤੀ। ਇਸ ਮੀਟਿੰਗ ਵਿੱਚ ਵਜੀਰ ਸਿੰਘ, ਅਜੀਤ ਸਿੰਘ, ਸਵਿੰਦਰ ਸਿੰਘ, ਬਲਵਿੰਦਰ ਸਿੰਘ, ਸੁਖਦੇਵ ਸਿੰਘ, ਵਰਿੰਦਰ ਕੁਮਾਰ, ਕੁਲਵੰਤ ਸਿੰਘ ਸਿੱਧੂ, ਸੱਤਪਾਲ ਸਿੰਘ, ਕੁਲਵੰਤ ਸਿੰਘ ਦੁਲਾਨੰਗਲ, ਸਵਰਨ ਮਸੀਹ, ਸਤਨਾਮ ਸਿੰਘ ਕਲੇਰ, ਨਿਰਮਲ ਸਿੰਘ, ਮੰਗਤ ਸਿੰਘ, ਜੋਗਿੰਦਰ ਸਿੰਘ ਆਦਿ ਤੋਂ ਇਲਾਵਾ ਵੀ ਪੈਨਸ਼ਨਰ ਹਾਜ਼ਰ ਸਨ।

## ਪ੍ਰਦੂਸ਼ਣ ਰਹਿਤ ਗਰੀਨ ਦੀਵਾਲੀ ਮਨਾਉਣ ਦਾ ਦਿੱਤਾ ਹੋਕਾ




ਮੀਆਂਵਿੰਡ (ਰਵੀ ਖਹਿਰਾ)- ਹਰ ਸਾਲ ਦੀ ਤਰ੍ਹਾਂ ਪੰਜਾਬ ਸਰਕਾਰ ਅਧੀਨ ਹੋਮਿਓਪੈਥਿਕ ਵਿਭਾਗ ਤਰਨ ਤਾਰਨ ਦੇ ਜ਼ਿਲ੍ਹਾ ਹੋਮਿਓਪੈਥਿਕ ਅਫਸਰ ਡਾ ਰਵਿੰਦਰ ਕੌਰ ਬਾਵਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਰਕਾਰੀ ਹੋਮਿਓਪੈਥਿਕ ਡਿਸਪੈਂਸਰੀ ਸਬ ਡਵੀਜ਼ਨਲ ਹਸਪਤਾਲ ਖਡੂਰ ਸਾਹਿਬ ਦੇ ਹੋਮਿਓਪੈਥਿਕ ਮੈਡੀਕਲ ਅਫਸਰ ਤੇ ਇੰਚਾਰਜ ਡਾ ਹਰਿੰਦਰਪਾਲ ਸਿੰਘ ਵੇਗਲ ਦੀ ਅਗਵਾਈ ਹੇਠ ਲੋਕਾਂ ਨੂੰ ਦੀਵਾਲੀ ਦਾ ਤਿਉਹਾਰ ਸੁਚੱਜੇ ਢੰਗ ਨਾਲ ਮਨਾਉਣ ਬਾਰੇ ਦੱਸਿਆ। ਡਾ. ਸਾਹਿਬ ਵੱਲੋਂ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਨੂੰ ਮੰਨਣ ਦਾ ਮਹੱਤਵ ਸਮਝਾਇਆ ਤੇ ਪ੍ਰਦੂਸ਼ਣ ਰਹਿਤ ਵਾਤਾਵਰਣ ਬਣਾਉਣ ਦਾ ਹੋਕਾ ਦਿੱਤਾ। ਇਸ ਮੌਕੇ ਓ.ਪੀ.ਡੀ. ਵਿਚ ਮੌਜੂਦ ਲੋਕਾਂ ਨੂੰ ਪ੍ਰਦੂਸ਼ਣ ਰਹਿਤ ਦੀਵਾਲੀ ਮਨਾਉਣ ਉਤਸ਼ਾਹਤ ਕੀਤਾ ਗਿਆ ਤਾਂ ਜੋ ਅਸੀਂ ਆਪਣੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ’ਤੇ ਚੱਲ ਕੇ ਆਪਣੇ ਸਮਾਜ ਨੂੰ ਨਵੀਂ ਸੇਧ ਦੇ ਸਕੀਏ । ਡਾਕਟਰ ਸਾਹਿਬ ਵੱਲੋਂ ਦੀਵਾਲੀ ਦੇ ਤਿਉਹਾਰ ’ਤੇ ਮਿਲਾਵਟੀ ਮਿਠਾਈਆਂ ਦੇ ਹਾਨੀਕਾਰਕ ਪ੍ਰਭਾਵਾਂ ਬਾਰੇ ਵੀ ਚਾਨਣਾ ਪਾਇਆ ਤੇ ਇਨ੍ਹਾਂ ਤੋਂ ਬਚਣ ਦੀ ਸਲਾਹ ਦਿੱਤੀ ਅਤੇ ਸੰਤੁਲਿਤ ਭੋਜਨ ਨੂੰ ਆਪਣੇ ਖਾਣੇ ਵਿਚ ਸ਼ਾਮਲ ਕਰਨ ਬਾਰੇ ਦੱਸਿਆ ਤਾਂ ਜੋ ਸਿਹਤਮੰਦ ਸਰੀਰ ਨਾਲ ਰੋਗ ਰੋਕੂ ਸ਼ਕਤੀ ਵਧਾ ਕੇ ਬਿਮਾਰੀਆਂ ਨਾਲ ਲੜਿਆ ਜਾ ਸਕੇ। ਇਸ ਮੌਕ ਸਟਾਫ ਤੋਂ ਰਾਜਬੀਰ ਸਿੰਘ ਹੋਮਿਓਪੈਥਿਕ ਡਿਸਪੈਂਸਰ, ਲਵਪ੍ਰੀਤ ਸਿੰਘ ਤੇ ਮਰੀਜ਼ ਆਦਿ ਹਾਜ਼ਰ ਰਹੇ ।

## ਖਾਲਸਾ ਕਾਲਜ ਮਹਿਤਾ ਵਿਖੇ ਬੰਦੀਛੋੜ ਦਿਵਸ ਮਨਾਇਆ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)- ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਕਾਲਜ ਮਹਿਤਾ ਚੌਕ ਵਿੱਚ ਜੋ ਕਿ ਦਮਦਮੀ ਟਕਸਾਲ ਦੇ 13 ਵੇਂ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ ਸੰਤ ਸਮਾਜ ਦੇ ਪ੍ਰਧਾਨ ਸੁਯੋਗ ਰਹਿਨਮਾਈ ਹੇਠ ਚੱਲ ਰਹੇ ਵਿਦਿਅਕ ਅਦਾਰੇ ਰੂਪ ਵਿੱਚ ਇਲਾਕੇ ਦੇ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਦੇ ਕੇ ਸਮੁੱਚੀ ਸ਼ਖਸੀਅਤ ਦਾ ਵਿਕਾਸ ਕਰ ਰਿਹਾ ਹੈ ਕਾਲਜ ਦੇ ਵਿਦਿਆਕ ਅਤੇ ਸੱਭਿਆਚਾਰ ਮੰਚ ਵਲੋਂ ਬੰਦੀਛੋੜ ਦਿਵਸ ਮਨਾਇਆ ਗਿਆ। ਜਿਸ ਵਿੱਚ ਵਿਦਿਆਰਥੀਆਂ ਨੇ ਹਰੀ ਦਿਵਾਲੀ ਮਨਾਉਣ ਦੀ ਅਪੀਲ ਕਰਦਿਆਂ ਭਾਸ਼ਣ, ਕਵਿਤਾਵਾਂ ਅਤੇ ਨਾਟਕ ਪੇਸ਼ ਕੀਤਾ ਤੇ ਨਾਲ ਹੀ ਸਮਾਜ ਨੂੰ ਵਾਤਾਵਰਣ ਬਚਾਉਣ ਦਾ ਸੁਨੇਹਾ ਦਿੱਤਾ। ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ ਜਲਾਲ ਉਸਮਾ ਨੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਉਨ੍ਹਾਂ ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੁਆਰਾ ਦਰਸਾਏ ਮਾਰਗ ’ਤੇ ਚਲਦਿਆਂ ਚੰਗੀਆਂ ਸਮਾਜਿਕ ਕਦਰਾਂ ਕੀਮਤਾਂ ਦੇ ਧਾਰਨੀ ਹੋਣ ਲਈ ਪ੍ਰੇਰਿਤ ਕੀਤਾ। ਇਸ ਦੌਰਾਨ ਗਿਆਨੀ ਸਾਹਿਬ ਸਿੰਘ, ਕਾਲਜ ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ ਜਲਾਲ ਉਸਮਾ, ਪ੍ਰਿੰਸੀਪਲ ਮੈਡਮ ਸੁਖਜੀਤ ਕੌਰ, ਪਰਵੀਨ ਕੌਰ, ਕੁਲਦੀਪ ਕੌਰ, ਹਰਜੀਤ ਕੌਰ ਤੇ ਕਾਬਲ ਸਿੰਘ ਨੇ ਸਮੂਹ ਵਿਦਿਆਰਥੀਆਂ ਨੂੰ ਬੰਦੀਛੋੜ ਦਿਵਸ ਦੀਆਂ ਵਧਾਈਆਂ ਦਿੱਤੀਆਂ।

## ਐਂਟੀ ਪਾਲਿਊਸ਼ਨ ਆਰਗੇਨਾਈਜੇਸ਼ਨ ਵੱਲੋਂ ਜੱਜ ਨਵਬੀਰ ਸਿੰਘ ਨੂੰ ਕੀਤਾ ਸਨਮਾਨਤ



ਤਰਨ ਤਾਰਨ (ਪ੍ਰਿਤਪਾਲ ਸਿੰਘ)- ਪੀ.ਸੀ.ਐੱਸ. (ਜੂਡੀਸ਼ਲੀ) ਦੀ ਪ੍ਰੀਖਿਆ ਪਾਸ ਕਰ ਜੱਜ ਬਣਨ ਵਾਲੇ ਪਿੰਡ ਪਲਾਸੌਰ ਵਾਸੀ ਨਵਬੀਰ ਸਿੰਘ ਨੂੰ ਐਂਟੀ ਪਾਲਿਊਸ਼ਨ ਆਰਗੇਨਾਈਜੇਸ਼ਨ, ਪੰਜਾਬ ਦੇ ਪ੍ਰਧਾਨ ਐਡਵੋਕੇਟ ਆਦੇਸ਼ ਅਗਨੀਹੋਤਰੀ ਦੀ ਅਗਵਾਈ ਹੇਠ ਅਹੁਦੇਦਾਰਾਂ ਵੱਲੋ ਸਨਮਾਨਤ ਕਰਦਿਆਂ ਵਧਾਈ ਦਿੱਤੀ ਗਈ। ਇਸ ਮੌਕੇ ਐਡਵੋਕੇਟ ਆਦੇਸ਼ ਅਗਨੀਹੋਤਰੀ ਨੇ ਕਿਹਾ ਕਿ ਨਵਬੀਰ ਸਿੰਘ ਨੇ ਜੱਜ ਬਣ ਕੇ ਪਿੰਡ ਪਲਾਸੌਰ ਅਤੇ ਜ਼ਿਲ੍ਹਾ ਤਰਨ ਤਾਰਨ ਦਾ ਨਾਂਅ ਪੰਜਾਬ ਭਰ ਵਿੱਚ ਰੌਸ਼ਨ ਕੀਤਾ ਹੈ। ਐਡਵੋਕੇਟ ਆਦੇਸ਼ ਅਗਨੀਹੋਤਰੀ ਨੇ ਕਿਹਾ ਕਿ ਨਵਬੀਰ ਸਿੰਘ ਨੇ ਛੋਟੇ ਜਿਹੇ ਪਿੰਡ ਤੋ ਉੱਠ ਕੇ ਪੀ.ਸੀ.ਐੱਸ. ਪ੍ਰੀਖਿਆ ਪਾਸ ਕਰਕੇ ਜੱਜ ਬਣ ਕੇ ਆਪਣੇ ਮਾਪਿਆ ਦਾ ਨਾਂਅ ਰੌਸ਼ਨ ਕੀਤਾ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਜੱਜ ਨਵਬੀਰ ਸਿੰਘ ਨਿਰਪੱਖ ਹੋ ਕੇ ਫੈਸਲੇ ਸੁਣਾਉਣਗੇ, ਜਿਸ ਨਾਲ ਲੋਕਾਂ ਦਾ ਵਿਸ਼ਵਾਸ ਕਾਨੂੰਨ ਵਿੱਚ ਹੋਰ ਵਧੇਗਾ। ਜੱਜ ਨਵਬੀਰ ਸਿੰਘ ਨੇ ਆਰਗੇਨਾਈਜੇਸ਼ਨ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਜੋ ਸੇਵਾ ਮਿਲੀ ਹੈ, ਉਸ ਨੂੰ ਬਾਖੂਬੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਇਆ ਜਾਵੇਗਾ। ਉਹ ਪੀੜਤ ਲੋਕਾਂ ਨੂੰ ਇਨਸਾਫ ਦਿਵਾਉਣ ਲਈ ਪੂਰੇ ਯਤਨ ਕਰਨਗੇ। ਇਸ ਮੌਕੇ ਜੱਜ ਨਵਬੀਰ ਸਿੰਘ ਦੇ ਪਿਤਾ ਪਰਵਿੰਦਰ ਸਿੰਘ ਤੋਂ ਇਲਾਵਾ ਰਮੇਸ਼ ਗੁਪਤਾ, ਧਰਮਿੰਦਰ ਗੁਪਤਾ, ਮੈਡਮ ਅਰਪਣ, ਅਸ਼ੋਕ ਗੁਪਤਾ, ਬਲਦੇਵ ਸਿੰਘ, ਤੇਜਿੰਦਰਪਾਲ ਆਹੂਜਾ, ਰਾਕੇਸ਼ ਅਗਨੀਹੋਤਰੀ ਮਾਣਾ, ਐਡਵੋਕੇਟ ਮਨੋਜ ਅਗਨੀਹੋਤਰੀ ਮੌਜੂਦ ਸਨ।

## ਪ੍ਰਧਾਨ ਬਣਨ ਮਗਰੋਂ ਐਡਵੋਕੇਟ ਧਾਮੀ ਨੇ ਅਧਿਕਾਰੀਆਂ ਨਾਲ ਕੀਤੀ ਇਕੱਤਰਤਾ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤੀਜੀ ਵਾਰ ਮੁੜ ਪ੍ਰਧਾਨ ਬਣਨ ਮਗਰੋਂ ਸ਼੍ਰੋਮਣੀ ਕਮੇਟੀ ਦਫ਼ਤਰ ਪੁੱਜੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਧਿਕਾਰੀਆਂ ਨਾਲ ਇਕੱਤਰਤਾ ਕਰਕੇ ਪ੍ਰਬੰਧਾਂ ਨੂੰ ਹੋਰ ਸੁਚਾਰੂ ਢੰਗ ਨਾਲ ਚਲਾਉਣ ਸਬੰਧੀ ਨਿਰਦੇਸ਼ ਜਾਰੀ ਕੀਤੇ। ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਕੌਮ ਦੀ ਇਹ ਮਾਣਮੱਤੀ ਸੰਸਥਾ ਵੱਡੀਆਂ ਕੁਰਬਾਨੀਆਂ ਨਾਲ ਹੋਂਦ ਵਿਚ ਆਈ ਹੈ। ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਾਂ ਦੇ ਨਾਲ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਸ਼੍ਰੋਮਣੀ ਕਮੇਟੀ ਨੇ ਜ਼ਿਕਰਯੋਗ ਪ੍ਰਾਪਤੀਆਂ ਕੀਤੀਆਂ ਹਨ।

ਉਨ੍ਹਾਂ ਕਿਹਾ ਕਿ ਅੱਜ ਇਸ ਸੰਸਥਾ ਨੂੰ ਕਮਜ਼ੋਰ ਕਰਨ ਦੀਆਂ ਸਾਜ਼ਿਸ਼ਾਂ ਹੋ ਰਹੀਆਂ ਹਨ, ਜਿਸ ਪ੍ਰਤੀ ਸੁਚੇਤ ਹੋਣ ਦੀ ਵੱਡੀ ਲੋੜ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਅਧਿਕਾਰੀਆਂ ਨੂੰ ਤਨਦੇਹੀ ਤੇ ਇਮਾਨਦਾਰੀ ਨਾਲ ਡਿਊਟੀ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਸੰਸਥਾ ਦੀਆਂ ਪ੍ਰਾਪਤੀਆਂ ਨੂੰ ਸੰਗਤ ਤੱਕ ਪਹੁੰਚਾਉਣ ਲਈ ਸਾਰਿਆਂ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਇਸ ਦੌਰਾਨ ਐਡਵੋਕੇਟ ਧਾਮੀ ਨੇ ਸ਼੍ਰੋਮਣੀ ਕਮੇਟੀ ਦੇ ਸਮੂਹ ਮੈਂਬਰਾਂ ਦਾ ਉਨ੍ਹਾਂ ’ਤੇ ਭਰੋਸਾ ਪ੍ਰਗਟ ਕਰਨ ਲਈ ਧੰਨਵਾਦ ਕੀਤਾ।

ਉਨ੍ਹਾਂ ਇਹ ਵੀ ਕਿਹਾ ਕਿ ਸਾਰੀਆਂ ਪੰਥਕ ਧਿਰਾਂ ਦੇ ਸਹਿਯੋਗ ਨਾਲ ਪੰਥਕ ਕਾਰਜ ਕੀਤੇ ਜਾਣਗੇ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦਫਤਰ ਪਹੁੰਚਣ ’ਤੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਫੁੱਲਾਂ ਦੇ ਗੁਲਦਸਤੇ ਦੇ ਕੇ ਸਵਾਗਤ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਓ ਐਸ ਡੀ ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਕੁਲਵਿੰਦਰ ਸਿੰਘ ਰਮਦਾਸ, ਗੁਰਿੰਦਰ ਸਿੰਘ ਮਥਰੇਵਾਲ, ਬਿਜੈ ਸਿੰਘ, ਗੁਰਮੀਤ ਸਿੰਘ ਬੁੱਟਰ, ਤੇਜਿੰਦਰ ਸਿੰਘ ਪੱਡਾ, ਪ੍ਰੀਤਪਾਲ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਗੁਰਚਰਨ ਸਿੰਘ ਕੁਹਾਲਾ, ਕੁਲਦੀਪ ਸਿੰਘ ਰੋਡੇ, ਜਸਵਿੰਦਰ ਸਿੰਘ ਜੱਸੀ, ਸ਼ਾਹਬਾਜ ਸਿੰਘ, ਨਰਿੰਦਰ ਸਿੰਘ, ਸਤਨਾਮ ਸਿੰਘ ਆਦਿ ਹਾਜ਼ਰ ਸਨ।

# 15 ਤੱਕ ਸਾਰੇ ਸਿੱਖ ਨੌਜਵਾਨ ਸ਼੍ਰੋਮਣੀ ਕਮੇਟੀ ਵੋਟਾਂ ਜ਼ਰੂਰ ਬਣਵਾਉਣ : ਸੰਧੂ



ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨੂੰ ਲੈ ਕੇ ਵੋਟਾਂ ਬਣਾਈਆਂ ਜਾ ਰਹੀਆਂ ਹਨ, ਇਸ ਲਈ ਸਿੱਖ ਨੌਜਵਾਨ 15 ਨਵੰਬਰ ਤੱਕ ਵੱਧ ਤੋਂ ਵੱਧ ਵੋਟਾਂ ਬਣਾਉਣ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਗੁਰਦਾਸਪੁਰ ਤੋਂ ਯੂਥ ਵਿੰਗ ਦੇ ਪ੍ਰਧਾਨ ਰਮਨਦੀਪ ਸਿੰਘ ਸੰਧੂ ਨੇ ਸਾਥੀਆਂ ਸਮੇਤ ਪੱਤਰਕਾਰਾਂ ਨਾਲ ਕੀਤਾ ਕੀਤਾ। ਪ੍ਰਧਾਨ ਰਮਨ ਸੰਧੂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ 15 ਨਵੰਬਰ ਤੱਕ ਬਣਾਈਆਂ ਜਾਣੀਆਂ ਹਨ, ਇਸ ਲਈ ਹਰ ਸਿੱਖ ਨੌਜਵਾਨ ਦਾ ਫਰਜ਼ ਬਣਦਾ ਹੈ ਕਿ ਉਹ ਸਿੱਖ ਧਰਮ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ’ਚ ਆਪਣਾ ਯੋਗਦਾਨ ਪਾਉਣ ਲਈ ਵੋਟਾਂ ਬਣਾਉਣ। ਉਨ੍ਹਾਂ ਕਿਹਾ ਕਿ ਜੋ ਵੀ ਸਿੱਖ ਨੌਜਵਾਨ ਆਪਣੀ 21 ਸਾਲ ਦੀ ਉਮਰ ਪੂਰੀ ਕਰ ਚੁੱਕਾ ਹੈ ਉਹ ਆਪਣੀ ਵੋਟ ਜ਼ਰੂਰ ਬਣਾਵੇ। ਉਨ੍ਹਾਂ ਜ਼ਿਲ੍ਹਾ ਗੁਰਦਾਸਪੁਰ ਦੇ ਸਾਰੇ ਹਲਕਿਆਂ ਦੇ ਸਾਰੇ ਸਿੱਖ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਿਰਧਾਰਤ ਮਿਤੀ ਤੋਂ ਪਹਿਲਾਂ- ਪਹਿਲਾਂ ਵੋਟ ਬਣਾ ਲੈਣ। ਇਸ ਮੌਕੇ ਉਨ੍ਹਾਂ ਨਾਲ ਸਰਵਨ ਸਿੰਘ ਤੱਤਲਾ ਸਰਕਲ ਪ੍ਰਧਾਨ, ਗੁਰਦੇਵ ਸਿੰਘ ਕਲੇਰ ਕਲਾਂ ਸਰਕਲ ਪ੍ਰਧਾਨ, ਤਰਲੋਚਨ ਸਿੰਘ ਸਤਕੋਹਾ ਸਰਕਲ ਪ੍ਰਧਾਨ, ਗੁਰਮੀਤ ਸਿੰਘ ਪੰਨੂੰ, ਪਾਲ ਸਿੰਘ ਕਲੇਰ, ਮਨਜੀਤ ਸਿੰਘ ਸਾਬਕਾ ਸਰਪੰਚ ਸੁਚੇਤਗੜ੍ਹ, ਮੇਜਰ ਸਿੰਘ ਮੱਲਿਆਂਵਾਲ ਸਾਬਕਾ ਸਰਪੰਚ, ਸੂਬੇਦਾਰ ਕੇਵਲ ਸਿੰਘ, ਸਾਬਕਾ ਚੇਅਰਮੈਨ ਦਲਬੀਰ ਸਿੰਘ, ਸੁਖਵਿੰਦਰ ਸਿੰਘ ਸਾਬਕਾ ਸਰਪੰਚ, ਸੰਤੋਖ ਸਿੰਘ ਸਾਬਕਾ ਸਰਪੰਚ, ਸ਼ਿੰਦਰ ਜੌਹਲ ਯੂਥ ਆਗੂ, ਤਰਸੇਮ ਸਿੰਘ ਚੌਧਰਪੁਰ, ਨਿਰਮਲ ਸਿੰਘ ਸੁਚੇਤਗੜ੍ਹ, ਬਲਬੀਰ ਸਿੰਘ ਸਾਬਕਾ ਸਰਪੰਚ, ਪੂਰਨ ਸਾਧ ਪ੍ਰਿੰਸੀਪਲ, ਕੁਲਦੀਪ ਸਿੰਘ ਪੇਰੋਸ਼ਾਹ, ਬਿਕਰਮ ਸਿੰਘ ਨਵਾਂ ਪਿੰਡ ਸਾਬਕਾ ਸਰਪੰਚ, ਨੰਬਰਦਾਰ ਚਰਨਜੀਤ ਸਿੰਘ, ਨੰਬਰਦਾਰ ਵਾਰਿਸ ਮਸੀਹ, ਗੁਰਜਿੰਦਰ ਜੌਹਲ ਯੂਥ ਆਗੂ, ਬਲਕਾਰ ਸਿੰਘ ਢਿੱਲੋਂ, ਰਣਬੀਰ ਸਿੰਘ ਢਿੱਲੋਂ ਸੀਨੀਅਰ ਆਗੂ, ਦਲਬੀਰ ਸਿੰਘ ਮੈਂਬਰ ਪੰਚਾਇਤ, ਬਲਕਾਰ ਸਿੰਘ ਜੌਹਲ, ਅਵਤਾਰ ਸਿੰਘ ਜੌਹਲ, ਨੰਬਰਦਾਰ ਸ਼ਿਵ ਸਿੰਘ, ਅਜੀਤ ਸਿੰਘ ਸਤਕੋਹਾ, ਤਰਸੇਮ ਸਿੰਘ ਬਾਜੀਦਚੌਕ, ਬਾਬਾ ਹਰਜਿੰਦਰ ਸਿੰਘ ਉੱਪਲ ਤੇ ਹੋਰ ਅਕਾਲੀ ਆਗੂ ਹਾਜ਼ਰ ਸਨ।

# ਦੀ ਗੁਰਦਾਸਪੁਰ ਸਹਿਕਾਰੀ ਕਿਰਤ ਤੇ ਉਸਾਰੀ ਯੂਨੀਅਨ ਲਿਮਟਿਡ ਗੁਰਦਾਸਪੁਰ ਵੱਲੋਂ ਲਾਭ ਵੰਡ ਸਮਾਗਮ



**ਗੁਰਦਾਸਪੁਰ, (ਦਿਨੇਸ਼ ਕੁਮਾਰ)** ‘ਦੀ ਗੁਰਦਾਸਪੁਰ ਸਹਿਕਾਰੀ ਕਿਰਤ ਤੇ ਉਸਾਰੀ ਯੂਨੀਅਨ ਲਿਮਟਿਡ, ਗੁਰਦਾਸਪੁਰ’ ਵੱਲੋਂ ਅੱਜ ਆਪਣਾ 17ਵਾਂ ਲਾਭ ਵੰਡ ਸਮਾਗਮ ਸਥਾਨਕ ਪੀ.ਡਬਲਿਊ.ਡੀ. ਰੈਸਟ ਹਾਊਸ ਵਿਖੇ ਕਰਵਾਇਆ ਗਿਆ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵੱਲੋਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ, ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਜਨਰਲ ਸਕੱਤਰ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਅਤੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ (ਸ਼ਹਿਰੀ) ਸ਼ਮਸ਼ੇਰ ਸਿੰਘ ਸ਼ਾਮਿਲ ਹੋਏ। ਸਮਾਗਮ ਦੌਰਾਨ ਦੀ ਗੁਰਦਾਸਪੁਰ ਸਹਿਕਾਰੀ ਕਿਰਤ ਤੇ ਉਸਾਰੀ ਯੂਨੀਅਨ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ 17ਵੇਂ ਲਾਭ ਵੰਡ ਸਮਾਗਮ ਦੀ ਵਧਾਈ ਦਿੰਦਿਆਂ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਇਹ ਯੂਨੀਅਨ ਪਿਛਲੇ ਲੰਮੇ ਸਮੇਂ ਤੋਂ ਬੜੀ ਸਫਲਤਾ ਨਾਲ ਚੱਲ ਰਹੀ ਹੈ ਅਤੇ ਇਸ ਵੇਲੇ 244 ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਇਸ ਸੰਸਥਾ ਦੀਆਂ ਮੈਂਬਰ ਹਨ ਅਤੇ ਇਨ੍ਹਾਂ ਸੰਸਥਾਵਾਂ ਦੇ ਅੱਗੋਂ 16678 ਮੈਂਬਰ ਹਨ। ਇਸ ਦੀ ਖਾਸ ਗੱਲ ਇਹ ਹੈ ਕਿ ਯੂਨੀਅਨ ਦਾ ਜੋ ਵੀ ਲਾਭ ਹੁੰਦਾ ਹੈ ਉਸ ਨੂੰ ਆਪਣੇ ਮੈਂਬਰਾਂ ਤੇ ਕਿਰਤੀਆਂ ਵਿੱਚ ਵੰਡਿਆ ਜਾਂਦਾ ਹੈ। ਚੇਅਰਮੈਨ ਬਹਿਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਭ੍ਰਿਸ਼ਟਾਚਾਰ ਰਹਿਤ ਸਾਜ਼ਗਾਰ ਮਹੌਲ ਤਿਆਰ ਕਰ ਰਹੀ ਹੈ ਤਾਂ ਜੋ ਸੂਬੇ ਵਿੱਚ ਕਾਰੋਬਾਰ ਅਤੇ ਵਪਾਰ ਸਮੇਤ ਹਰ ਖੇਤਰ ਦਾ ਕੰਮ-ਕਾਜ ਵਧੇ-ਫੁੱਲੇ। ਉਨ੍ਹਾਂ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇਗਾ ਕਿ ਸਰਕਾਰੀ ਵਿਭਾਗਾਂ ਵਿੱਚ ਕਰਵਾਏ ਜਾਂਦੇ ਵਿਕਾਸ ਕਾਰਜਾਂ ਵਿੱਚ ਸਹਿਕਾਰੀ ਕਿਰਤ ਯੂਨੀਅਨਾਂ ਨੂੰ ਵੱਧ ਤੋਂ ਵੱਧ ਮੌਕਾ ਦਿੱਤਾ ਜਾਵੇ।

ਇਸ ਮੌਕੇ ਉਨ੍ਹਾਂ ਨੇ ਯੂਨੀਅਨ ਮੈਂਬਰਾਂ ਨੂੰ ਭਰੋਸਾ ਦਿੱਤਾ ਉਨ੍ਹਾਂ ਦੀਆਂ ਜੋ ਵੀ ਮੰਗਾਂ ਹਨ ਉਹ ਸਰਕਾਰ ਦੇ ਧਿਆਨ ਵਿੱਚ ਲਿਆਉਣਗੇ ਅਤੇ ਜਲਦੀ ਹੀ ਯੂਨੀਅਰ ਮੈਂਬਰਾਂ ਦੀ ਸਹਿਕਾਰਤਾ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਵੀ ਕਰਵਾਈ ਜਾਵੇਗੀ। ਇਸ ਮੌਕੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਸਹਿਕਾਰਤਾ ਵਿਭਾਗ ਸੂਬੇ ਦੀ ਰੀੜ੍ਹ ਦੀ ਹੱਡੀ ਹੈ ਅਤੇ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਸਹਿਕਾਰਤਾ ਲਹਿਰ ਨੂੰ ਮਜ਼ਬੂਤ ਕੀਤਾ ਜਾਵੇਗਾ। ਸੇਖਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਉਸਾਰੀ ਮਜ਼ਦੂਰਾਂ ਨੂੰ ਕਿਰਤ ਵਿਭਾਗ ਰਾਹੀਂ ਰਜਿਸਟਰਡ ਕਰਕੇ ਵੱਖ-ਵੱਖ ਭਲਾਈ ਸਕੀਮਾਂ ਦਾ ਲਾਭ ਦਿੱਤਾ ਜਾ ਰਿਹਾ ਹੈ। ਸਮਾਗਮ ਦੌਰਾਨ ਉੱਘੇ ਜਨਤਕ ਆਗੂ ਅਤੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ (ਸ਼ਹਿਰੀ) ਸ਼ਮਸ਼ੇਰ ਸਿੰਘ ਨੇ ਵੀ ਸਹਿਕਾਰੀ ਸਭਾਵਾਂ ਦੇ ਮਸਲਿਆਂ ਨੂੰ ਸਰਕਾਰ ਤੱਕ ਉਠਾਉਣ ਦਾ ਭਰੋਸਾ ਦਿੱਤਾ।

ਸਮਾਗਮ ਦੇ ਅਖੀਰ ਵਿੱਚ ਚੇਅਰਮੈਨ ਸ੍ਰੀ ਰਮਨ ਬਹਿਲ ਅਤੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਯੂਨੀਅਨ ਦੇ ਅਹੁਦੇਦਾਰਾਂ ਤੇ ਮੈਂਬਰਾਂ ਨੂੰ ਸਨਮਾਨਤ ਕੀਤਾ।

ਸਮਾਗਮ ਦੌਰਾਨ ਸਹਿਕਾਰਤਾ ਵਿਭਾਗ ਦੇ ਸਹਾਇਕ ਰਜਿਸਟਰਾਰ ਰੋਹਿਤ ਗਿੱਲ, ‘ਦੀ ਗੁਰਦਾਸਪੁਰ ਸਹਿਕਾਰੀ ਕਿਰਤ ਤੇ ਉਸਾਰੀ ਯੂਨੀਅਨ ਲਿਮਟਿਡ, ਗੁਰਦਾਸਪੁਰ’ ਦੇ ਚੇਅਰਮੈਨ ਬਲਵੰਤ ਸਿੰਘ, ਵਾਇਸ ਚੇਅਰਮੈਨ ਭੁਪਿੰਦਰਜੀਤ ਸਿੰਘ, ਸਾਬਕਾ ਚੇਅਰਮੈਨ ਇੰਦਰਜੀਤ ਸਿੰਘ, ਮੈਨੇਜਰ ਪ੍ਰੇਮ ਮਸੀਹ, ਜਸਪਰਜੀਤ ਸਿੰਘ, ਜਗਤਾਰ ਸਿੰਘ, ਸੁਖਜਿੰਦਰ ਸਿੰਘ, ਜਗਜੀਤ ਸਿੰਘ, ਦਲਬੀਰ ਸਿੰਘ, ਹਰਜੀਤ ਸਿੰਘ ਟਿੱਕਾ, ਸਿਮਰਨਜੀਤ ਸਿੰਘ ਸਨੀ ਸੰਧੂ, ਠੇਕੇਦਾਰ ਕੁਲਵਿੰਦਰ ਸਿੰਘ ਲਾਡੀ ਜੱਸਲ, ਕਾਕਾ ਮਹਾਜਨ, ਸੰਨੀ ਵਾਲੀਆ, ਹੈਪੀ ਮਹਾਜਨ, ਰਜੀਵ ਸੋਨੀ, ਲਵਲੀ ਸੂਰੀ ਤੋਂ ਇਲਾਵਾ ਹੋਰ ਵੀ ਅਹੁਦੇਦਾਰ ਅਤੇ ਮੈਂਬਰ ਹਾਜ਼ਰ ਸਨ।

# ਲੇਖਕ ਹਰਮਿੰਦਰ ਸਿੰਘ ਨੇ ‘ਜ਼ਫ਼ਾਕਸ਼’ ਪੁਸਤਕ ਨਾਲ ਸਾਹਿਤ ਖੇਤਰ ’ਚ ਦਿੱਤੀ ਦਸਤਕ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਪਿੰਡ ਦੌਲਤਪੁਰ ਦੇ ਨੌਜਵਾਨ ਲੇਖਕ ਹਰਮਿੰਦਰ ਸਿੰਘ ਨੇ ਆਪਣੀ ਪਹਿਲੀ ਪੁਸਤਕ ਜ਼ਫ਼ਾਕਸ਼ ਨਾਲ ਸਾਹਿਤ ਦੇ ਖੇਤਰ ਵਿੱਚ ਦਸਤਕ ਦਿੱਤੀ ਹੈ। ਇਹ ਕਿਤਾਬ ਹਰਮਿੰਦਰ ਸਿੰਘ ਨੇ ਆਪਣੇ ਦਾਦੇ ਵਿਰਸਾ ਸਿੰਘ ਪਟਵਾਰੀ ਦੇ ਜੀਵਨ ਉੱਪਰ ਅਤੇ ਦਾਦੇ-ਪੋਤੇ ਦੇ ਰਿਸ਼ਤੇ ਦੀਆਂ ਤੰਦਾਂ ਨੂੰ ਲੈ ਕੇ ਲਿਖੀ ਹੈ। ਕਿਤਾਬ ਦਾ ਨਾਂਅ ‘ਜ਼ਫ਼ਾਕਸ਼’ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਸਖ਼ਤ ਹਾਲਾਤ ਨੂੰ ਜਰ ਲੈਣ ਵਾਲਾ ਵਿਅਕਤੀ। ਇਸ ਕਿਤਾਬ ਵਿੱਚ ਲੇਖਕ ਨੇ ਆਪਣੇ ਦਾਦੇ ਦੀ ਇਸੇ ਸ਼ਖਸੀਅਤ ਨੂੰ ਉਭਾਰਿਆ ਹੈ। ਹਰਮਿੰਦਰ ਸਿੰਘ ਦੀ ਸਾਹਿਤ ਦੇ ਖੇਤਰ ਵਿੱਚ ਇਸ ਨਿਵੇਕਲੀ ਪੁਸਤਕ ‘ਜ਼ਫ਼ਾਕਸ਼’ ਨੂੰ ਲੇਖਕ ਦੀ ਦਾਦੀ ਸੁਰਿੰਦਰ ਕੌਰ ਵੱਲੋਂ ਪਿੰਡ ਦੌਲਤਪੁਰ ਵਿਖੇ ਇੱਕ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਵਿੱਚ ਲੋਕ ਅਰਪਣ ਕੀਤਾ ਗਿਆ।

ਇਸ ਮੌਕੇ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਗੁਰਦਾਸਪੁਰ, ਇੰਦਰਜੀਤ ਸਿੰਘ ਹਰਪੁਰਾ, ਲੇਖਕ ਦੇ ਪਿਤਾ ਮਨਜੀਤ ਸਿੰਘ, ਮਾਤਾ ਸਤਵਿੰਦਰ ਕੌਰ, ਕੁਲਜੀਤ ਸਿੰਘ, ਕਰਮਜੀਤ ਸਿੰਘ ਬਾਜਵਾ ਸਰਪੰਚ ਪਿੰਡ ਪੰਜਗਰਾਈਆਂ, ਬਲਵਿੰਦਰ ਸਿੰਘ ਪੰਜਗਰਾਈਆਂ, ਗੁਰਬਿੰਦਰ ਸਿੰਘ, ਸੁਰਿੰਦਰ ਸਿੰਘ ਅਤੇ ਮਹਿਦੀਪ ਸਿੰਘ ਵੀ ਹਾਜ਼ਰ ਸਨ। ਲੇਖਕ ਹਰਮਿੰਦਰ ਸਿੰਘ ਨੂੰ ਪੁਸਤਕ ਰਿਲੀਜ਼ ਦੀ ਵਧਾਈ ਦਿੰਦਿਆਂ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਇੰਦਰਜੀਤ ਸਿੰਘ ਹਰਪੁਰਾ ਨੇ ਕਿਹਾ ਕਿ ਦਾਦੇ-ਪੋਤੇ ਦੇ ਗੂੜ੍ਹੇ ਪਿਆਰ ਦੀ ਤਰਜ਼ਮਾਨੀ ਕਰਦੀ ਇਹ ਪੁਸਤਕ ਆਪਣੇ ਆਪ ਵਿੱਚ ਨਿਵੇਕਲੀ ਤੇ ਖ਼ਾਸ ਹੈ। ਇੰਦਰਜੀਤ ਸਿੰਘ ਨੇ ਕਿਹਾ ਕਿ ਲੇਖਕ ਹਰਮਿੰਦਰ ਸਿੰਘ ਦਾ ਇਸ ਪੁਸਤਕ ਵਿੱਚ ਅੰਦਾਜ਼-ਏ-ਬਿਆਨ ਬਹੁਤ ਵਧੀਆ ਹੈ ਅਤੇ ਆਸ ਕੀਤੀ ਜਾ ਸਕਦੀ ਹੈ ਉਹ ਭਵਿੱਖ ਵਿੱਚ ਵੀ ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ ਵਧੀਆ ਪੁਸਤਕਾਂ ਦਾ ਖ਼ਜ਼ਾਨਾ ਪਾਵੇਗਾ।

ਇਸ ਮੌਕੇ ਲੇਖਕ ਹਰਮਿੰਦਰ ਸਿੰਘ ਨੇ ਕਿਹਾ ਕਿ ਉਸ ਦੀ ਬੜੇ ਸਾਲਾਂ ਤੋਂ ਇਹ ਦਿਲੀ ਖੁਆਇਸ਼ ਦੀ ਕਿ ਉਹ ਆਪਣੇ ਰੋਲ ਮਾਡਲ ਦਾਦਾ ਵਿਰਸਾ ਸਿੰਘ ਪਟਵਾਰੀ ਦੀ ਜ਼ਿੰਦਗੀ ਨਾਲ ਜੁੜੇ ਅਹਿਮਾਂ ਪਲਾਂ, ਗੱਲਾਂ ਨੂੰ ਕਾਗਜ਼ ਦੇ ਪੰਨਿਆਂ ਉਪਰ ਉਤਾਰ ਕੇ ਪਾਠਕਾਂ ਦੇ ਸਾਹਮਣੇ ਕਰਾਂ ਅਤੇ ਉਸ ਨੂੰ ਬੜੀ ਤਸੱਲੀ ਤੇ ਖ਼ੁਸ਼ੀ ਹੋਈ ਹੈ ਕਿ ‘ਜ਼ਫ਼ਾਕਸ਼’ ਨਾਂਅ ਦੀ ਪੁਸਤਕ ਮੇਰੇ ਦਾਦਾ ਜੀ ਦੀ ਦਾਸਤਾਨ ਬਿਆਨ ਕਰੇਗੀ।

# ਪ੍ਰਧਾਨ ਮੰਤਰੀ ਸੁਰੱਖਿਆ ਮਾਤਰਤਵ ਅਭਿਆਨ ਦਾ ਉਦੇਸ਼ ਗਰਭਵਤੀ ਔਰਤਾਂ ਨੂੰ ਦੇਖਭਾਲ ਮੁਹੱਈਆ ਕਰਵਾਉਣਾ : ਬਲਾਕ ਐਜੂਕੇਟਰ



**ਗੁਰਦਾਸਪੁਰ, (ਦਿਨੇਸ਼ ਕੁਮਾਰ)**- ਭਾਰਤ ਸਰਕਾਰ ਦੇ ਸਿਹਤ ਅਤੇ ਪਰਵਾਰ ਭਲਾਈ ਮੰਤਰਾਲੇ ਦੁਆਰਾ ਪ੍ਰਧਾਨ ਮੰਤਰੀ ਸੁਰੱਖਿਆ ਮਾਤਰਤਵ ਅਭਿਆਨ ਪ੍ਰੋਗਰਾਮ ਦਾ ਉਦੇਸ਼ ਹਰ ਮਹੀਨੇ ਦੀ 9 ਅਤੇ 23 ਤਾਰੀਖ ਨੂੰ ਸਾਰੀਆਂ ਗਰਭਵਤੀ ਔਰਤਾਂ ਨੂੰ ਦੇਖਭਾਲ ਮੁਹੱਈਆ ਕਰਵਾਉਣਾ ਹੈ। ਇਸ ਪ੍ਰੋਗਰਾਮ ਤਹਿਤ ਡਾ. ਸਮ੍ਰਿਤੀ ਸੀ.ਐਚ ਸੀ ਪੁਰਾਣਾਸ਼ਾਲਾ ਨੇ ਗਰਭਵਤੀ ਔਰਤਾਂ ਦਾ ਚੈੱਕਅਪ ਕੀਤਾ ਅਤੇ ਦੱਸਿਆ ਕਿ ਪ੍ਰਧਾਨ ਮੰਤਰੀ ਸੁਰੱਖਿਆ ਮਾਤਰਤਵ ਅਭਿਆਨ ਪ੍ਰੋਗਰਾਮ ਦੀਆਂ ਮੁੱਖ ਵਿਸ਼ੇਸ਼ਤਾਵਾਂ ਇਸ ’ਤੇ ਅਧਾਰਤ ਹਨ ਕਿ ਜੇ ਭਾਰਤ ਵਿੱਚ ਹਰੇਕ ਗਰਭਵਤੀ ਔਰਤ ਦੀ ਜਾਂਚ ਇੱਕ ਮਾਹਰ ਡਾਕਟਰ ਦੁਆਰਾ ਕੀਤੀ ਜਾਂਦੀ ਹੈ ਅਤੇ ਘੱਟੋ ਘੱਟ ਇੱਕ ਵਾਰ ਜਾਂਚ ਅਤੇ ਪਾਲਣਾ ਕੀਤੀ ਜਾਂਦੀ ਹੈ ਤਾਂ ਇਸ ਪ੍ਰਕਿਰਿਆ ਦੇ ਨਤੀਜੇ ਵਜੋਂ ਮਾਵਾਂ ਦੀ ਮੌਤ ਦੀ ਗਿਣਤੀ ਅਤੇ ਨਵਜਾਤ ਮੌਤਾਂ ਵਿੱਚ ਕਮੀ ਆ ਸਕਦੀ ਹੈ।

ਬਲਾਕ ਐਜੂਕੇਟਰ ਸੰਦੀਪ ਕੌਰ ਨੇ ਦੱਸਿਆ ਕਿ ਭਾਰਤ ’ਚ ਅਜੇ ਵੀ ਬਹੁਤ ਸਾਰੀਆਂ ਔਰਤਾਂ ਦੀ ਮੌਤ ਗਰਭ ਅਵਸਥਾ ਨਾਲ ਸੰਬੰਧਤ ਕਾਰਨਾਂ ਕਰਕੇ ਅਤੇ ਬਹੁਤ ਸਾਰੇ ਬੱਚਿਆਂ ਦੀ ਮੌਤ ਜੀਵਨ ਦੇ ਪਹਿਲੇ 28 ਦਿਨਾਂ ਦੇ ਅੰਦਰ ਹੋ ਜਾਂਦੀ ਹੈ ਜਿਨ੍ਹਾਂ ਵਿੱਚੋਂ ਬਹੁਤ ਸਾਰੀਆਂ ਮੌਤਾਂ ਨੂੰ ਰੋਕਿਆ ਜਾ ਸਕਦਾ ਹੈ ਜੇਕਰ ਗਰਭਵਤੀ ਔਰਤਾਂ ਨੂੰ ਚੰਗੀ ਦੇਖਭਾਲ ਮੁਹੱਈਆ ਕਰਵਾਈ ਜਾਂਦੀ ਹੈ ਅਤੇ ਉੱਚ ਜੋਖਮ ਦੇ ਕਾਰਕ ਜਿਵੇਂ ਗੰਭੀਰ ਅਨੀਮੀਆ, ਗਰਭ ਅਵਸਥਾ ਦੇ ਕਾਰਨ ਹਾਈਪਰਟੈਨਸ਼ਨ ਆਦਿ ਦਾ ਸਮੇਂ ਸਿਰ ਪਤਾ ਲਗਾਇਆ ਜਾਂਦਾ ਹੈ ਤਾਂ ਕਈ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ।

# ਸਿਵਲ ਸਰਜਨ ਦਫਤਰ ’ਚ ਜੱਚਾ ਬੱਚਾ ਸਿਹਤ ਸਹੂਲਤਾਂ ਤੇ ਮੈਟਰਨਲ ਡੈਥ ਸੰਬੰਧੀ ਮੀਟਿੰਗ



ਗੁਰਦਾਸਪੁਰ, (ਦਿਨੇਸ਼ ਕੁਮਾਰ)- ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਰਾਮ ਮਾਂਡੀ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪਰਵਾਰ ਭਲਾਈ ਅਫਸਰ ਡਾ. ਤੇਜਿੰਦਰ ਕੌਰ ਦੀ ਅਗਵਾਈ ਹੇਠ ਸਿਵਲ ਸਰਜਨ ਦਫਤਰ ਵਿਖੇ ਜੱਚਾ ਬੱਚਾ ਸਿਹਤ ਸਹੂਲਤਾ ਅਤੇ ਮੈਟਰਨਲ ਡੈਥ ਸੰਬੰਧੀ ਮੀਟਿੰਗ ਕੀਤੀ ਗਈ। ਇਸ ਮੌਕੇ ਡਾ ਤੇਜਿੰਦਰ ਕੌਰ ਨੇ ਸਟਾਫ ਨੂੰ ਹਿਦਾਇਤ ਕੀਤੀ ਕਿ ਜੱਚਾ ਬੱਚਾ ਸਿਹਤ ਸੰਬੰਧੀ ਗਰਭ ਅਵਸਥਾ ਦੌਰਾਨ ਸਮੇਂ ਸਿਰ ਲੋੜੀਂਦੀ ਜਾਂਚ ਕਰਵਾਉਣ ਲਈ ਗਰਭਵਤੀਆਂ ਨੂੰ ਸਿਹਤ ਕੇਂਦਰਾਂ ’ਤੇ ਲੈ ਕੇ ਆਉਣ ਤਾਂ ਜੋ ਉੱਚ ਜੋਖਮ ਦੇ ਕਾਰਕ ਜਿਵੇਂ ਗੰਭੀਰ ਅਨੀਮੀਆ, ਗਰਭ ਅਵਸਥਾ ਦੇ ਕਾਰਨ ਹਾਈਪਰਟੈਨਸਨ ਆਦਿ ਦਾ ਸਮੇਂ ਸਿਰ ਪਤਾ ਲਗਾ ਕੇ ਇਲਾਜ ਮੁਹੱਈਆ ਕਰਵਾਇਆ ਜਾ ਸਕੇ। ਸਮੇ ਸਿਰ ਜਾਂਚ ਕਰਵਾਉਣ ਅਤੇ ਸਹੀ ਸਮੇ ਤੇ ਇਲਾਜ ਮੁਹੱਈਆ ਹੋਣ ਨਾਲ ਮੈਟਰਨਲ ਡੈਥ ’ਤੇ ਕਾਬੂ ਪਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਇਸ ਲਈ ਜ਼ਰੂਰੀ ਹੈ ਕਿ ਯੋਗ ਜੋੜਿਆਂ ਦੀ ਲਿਸਟ ਤਿਆਰ ਕਰ ਗਰਭਵਤੀਆਂ ਦੀ ਸਮੇ ਸਿਰ ਰਜਿਸਟ੍ਰੇਸ਼ਨ ਕੀਤੀ ਜਾਵੇ ਤਾਂ ਜੋ ਸਰਕਾਰ ਵੱਲੋਂ ਦਿੱਤੀਆਂ ਸੁਵਿਧਾਵਾਂ ਨੂੰ ਸਹੀ ਤਰੀਕੇ ਨਾਲ ਲੋਕਾਂ ਤੱਕ ਪੁਚਾਇਆ ਜਾ ਸਕੇ। ਇਸ ਮੌਕੇ ਐਲ.ਐਚ.ਵੀ, ਏ.ਐਨ ਐਮ ਅਤੇ ਆਸ਼ਾ ਫੇਸੀਲੀਟੇਟਰ ਹਾਜ਼ਰ ਸਨ।

# ਕਾਨਵੈਂਟ ਸਕੂਲ ਸੋਹਾਵਾ ’ਚ ਪਰਾਲੀ ਸਾੜਨ ਵਿਰੁੱਧ ਜਾਗਰੂਕ ਕੈਂਪ



ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)-ਖੇਤੀਬਾੜੀ ਫਾਰਮ ਸਾਇੰਸ ਸੈਂਟਰ ਬੂਹ, ਹਰੀਕੇ ਪੱਤਣ, ਜਿਲਾ ਤਰਨ ਤਾਰਨ ਵੱਲੋਂ ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਸੋਹਾਵਾ ਵਿਖੇ 9-11-2023 ਨੂੰ ਪਰਾਲੀ ਸਾੜਨ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨ ਲਈ ਕੈਂਪ ਲਗਾਇਆ ਗਿਆ। ਸਕੂਲ ਦੇ ਵਿਦਿਆਰਥੀਆਂ ਨੇ ਖੇਤੀਬਾੜੀ ਵਿਭਾਗ ਵੱਲੋਂ ਕਰਵਾਏ ਗਏ ਮੁਕਾਬਲਿਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। ਇਹ ਸਾਰੇ ਮੁਕਾਬਲੇ ਪੇਂਟਿੰਗ, ਲੇਖ ਲਿਖਣ ਅਤੇ ਭਾਸ਼ਣ ਪਰਾਲੀ ਸਾੜਨ ਦੇ ਮਾੜੇ ਪ੍ਰਭਾਵਾਂ ਦੇ ਦੁਆਲੇ ਕੇਂਦਰਿਤ ਸਨ।

ਵੱਡੇ ਪੱਧਰ ’ਤੇ ਪਰਾਲੀ ਸਾੜਨਾ ਇਨ੍ਹਾਂ ਮੁਕਾਬਲਿਆਂ ਦਾ ਵਿਸ਼ਾ ਸੀ। ਇਹ ਵਿਚਾਰ ਪੇਂਟਿੰਗ, ਪੋਸਟਰ, ਰਾਈਟਿੰਗ ਅਤੇ ਭਾਸ਼ਣ ਪ੍ਰਤੀਯੋਗਤਾਵਾਂ ਰਾਹੀਂ ਪ੍ਰਗਟ ਕੀਤੇ ਗਏ। ਪੇਂਟਿੰਗ ਮੁਕਾਬਲੇ ਵਿੱਚ ਚਾਰ, ਲੇਖ ਲਿਖਣ ਵਿੱਚ ਚਾਰ ਅਤੇ ਭਾਸ਼ਣ ਮੁਕਾਬਲੇ ਵਿੱਚ ਚਾਰ ਵਿਦਿਆਰਥੀਆਂ ਨੇ ਇਨਾਮ ਜਿੱਤੇ। ਖੇਤੀਬਾੜੀ ਕੇਂਦਰ ਦੇ ਸਹਾਇਕ ਪ੍ਰੋਫੈਸਰ ਡਾ.ਅਨਿਲ ਕੁਮਾਰ ਨੇ ਜੇਤੂਆਂ ਨੂੰ ਇਨਾਮਾਂ ਦੀ ਵੰਡ ਕੀਤੀ ਅਤੇ ਪਰਾਲੀ ਨੂੰ ਸਾੜਨ ਵਿਰੁੱਧ ਸੰਖੇਪ ਭਾਸ਼ਣ ਦਿੱਤਾ। ਸਕੂਲ ਦੇ ਡਾਇਰੈਕਟਰ ਐਸ.ਕੇ.ਦੁੱਗਲ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਸਰਕਾਰ ਵੱਲੋਂ ਕਿਸਾਨਾਂ ਨੂੰ ਦਿੱਤੀ ਜਾ ਰਹੀ ਬੇਹਤਰੀਨ ਸਹਾਇਤਾ ਦੇ ਬਾਵਜੂਦ ਇਸ ਬੁਰਾਈ ਨੂੰ ਜੜ੍ਹੋਂ ਖਤਮ ਕਰਨ ਲਈ ਕਿਸਾਨਾਂ ਨੂੰ ਕੁਝ ਹੋਰ ਵਿੱਤੀ ਮਦਦ ਦਿੱਤੀ ਜਾਵੇ ਕਿਉਂਕਿ ਸੀਮਤ ਕਿਸਾਨ ਬਹੁਤ ਜ਼ਿਆਦਾ ਆਰਥਿਕ ਬੋਝ ਹੇਠ ਹਨ। ਸਕੂਲ ਦੇ ਪ੍ਰਿੰਸੀਪਲ ਡਾ.(ਰਿਤੂ) ਨੇ ਖੇਤੀਬਾੜੀ ਕੇਂਦਰ ਦੇ ਅਧਿਕਾਰੀਆਂ ਦਾ ਧੰਨਵਾਦ ਕੀਤਾ ਅਤੇ ਦੱਸਿਆ ਕਿ ਸਕੂਲ ਕੈਂਪਾਂ ਦਾ ਆਯੋਜਨ ਕਿਸਾਨਾਂ ’ਤੇ ਡੂੰਘਾ ਪ੍ਰਭਾਵ ਪਾਉਂਦਾ ਹੈ।

## ਪ੍ਰਨੀਤ ਕੌਰ ਨੇ ਏਸ਼ੀਅਨ ਚੈਂਪੀਅਨਸ਼ਿਪ ’ਚ ਦੋਹਰਾ ਸੋਨ ਤਮਗਾ ਜਿੱਤਿਆ

ਚੰਡੀਗੜ੍ਹ (ਗੁਰਜੀਤ ਬਿੱਲਾ)—ਪੰਜਾਬ ਦੀ ਤੀਰਅੰਦਾਜ਼ ਪ੍ਰਨੀਤ ਕੌਰ ਨੇ ਇੱਕ ਹੋਰ ਕੀਰਤੀਮਾਨ ਸਥਾਪਤ ਕਰਦਿਆਂ ਬੈਂਕਾਕ ਵਿਖੇ ਚੱਲ ਰਹੀ ਏਸੀਅਨ ਚੈਂਪੀਅਨਸ਼ਿਪ ਵਿੱਚ ਦੋਹਰਾ ਸੋਨ ਤਮਗਾ ਜਿੱਤਿਆ ਹੈ। ਪ੍ਰਨੀਤ ਕੌਰ ਨੇ ਵਿਅਕਤੀਗਤ ਅਤੇ ਟੀਮ ਵਰਗ ਵਿੱਚ ਸੋਨ ਤਮਗਾ ਜਿੱਤਿਆ ਹੈ। ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਪੰਜਾਬ ਦੀ ਹੋਣਹਾਰ ਤੀਰਅੰਦਾਜ਼ ਨੂੰ ਇਸ ਮਾਣਮੱਤੀ ਪ੍ਰਾਪਤੀ ਉੱਤੇ ਵਧਾਈ ਦਿੰਦਿਆਂ ਕਿਹਾ ਕਿ ਹਾਲ ਹੀ ਵਿੱਚ ਏਸੀਅਨ ਗੇਮਜ਼ ਵਿੱਚ ਸੋਨ ਤਮਗਾ ਜਿੱਤਣ ਤੋਂ ਬਾਅਦ ਹੁਣ ਏਸੀਅਨ ਚੈਂਪੀਅਨਸ਼ਿਪ ਵਿੱਚ ਦੋ ਸੋਨ ਤਮਗੇ ਜਿੱਤ ਕੇ ਪੰਜਾਬ ਅਤੇ ਦੇਸ਼ ਦਾ ਨਾਂਅ ਰੌਸ਼ਨ ਕੀਤਾ ਹੈ। ਖੇਡ ਮੰਤਰੀ ਨੇ ਪ੍ਰਨੀਤ ਕੌਰ ਦੀ ਇਸ ਪ੍ਰਾਪਤੀ ਦਾ ਸਿਹਰਾ ਉਸ ਦੀ ਸਖਤ ਮਿਹਨਤ ਦੇ ਨਾਲ ਉਸ ਦੇ ਕੋਚ ਸੁਰਿੰਦਰ ਸਿੰਘ ਅਤੇ ਮਾਪਿਆਂ ਸਿਰ ਬੰਨ੍ਹਿਆ। ਮਾਨਸਾ ਜ਼ਿਲੇ ਦੇ ਪਿੰਡ ਮੰਢਾਲੀ ਦੀ ਪ੍ਰਨੀਤ ਕੌਰ ਨੇ ਜਿੱਥੇ ਹੁਣ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਵਿਅਕਤੀਗਤ ਤੇ ਟੀਮ ਵਰਗ ਵਿੱਚ ਦੋਹਰਾ ਸੋਨ ਤਮਗਾ ਜਿੱਤਿਆ ਉੱਥੇ ਇਸ ਤੋਂ ਪਹਿਲਾਂ ਏਸ਼ੀਅਨ ਗੇਮਜ, ਵਿਸ਼ਵ ਚੈਂਪੀਅਨਸ਼ਿਪ ਤੇ ਵਿਸ਼ਵ ਕੱਪ ਵਿੱਚ ਟੀਮ ਵਰਗ ਵਿੱਚ ਵੀ ਸੋਨ ਤਮਗਾ ਜਿੱਤਿਆ ਹੈ।

# ਝਬਾਲ ਸਕੂਲ ’ਚ ਰੰਗਾਰੰਗ ਪ੍ਰੋਗਰਾਮ ਤੇ ਸਲਾਨਾ ਇਨਾਮ ਵੰਡ ਸਮਾਗਮ




ਝਬਾਲ (ਹਰਜਿੰਦਰ ਸੋਨੀ)- ਚੀਫ਼ ਖਾਲਸਾ ਦੀਵਾਨ ਦੀ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਵਿਖੇ 9 ਨਵੰਬਰ ਨੂੰ ਰੰਗਾਰੰਗ ਪ੍ਰੋਗਰਾਮ ਕਲਰ ਫੁੱਲ ਫੀਸਟਾ ਅਤੇ ਸਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ । ਇਸ ਅਵਸਰ ’ਤੇ ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਸੇਠੀ, ਜਤਿੰਦਰਬੀਰ ਸਿੰਘ ਬਹਿਲ, ਰਮਣੀਕ ਸਿੰਘ ਫਰੀਡਮ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਆਰੰਭਤਾ ਸਕੂਲ ਸ਼ਬਦ ਰਾਹੀਂ ਕੀਤੀ ਗਈ। ਬੱਚਿਆਂ ਵੱਲੋਂ ਮਹਿਮਾਨਾਂ ਅਤੇ ਮਾਪਿਆਂ ਦਾ ਸਵਾਗਤ ‘ਜੀ ਆਇਆਂ’ ਗੀਤ ਰਾਹੀਂ ਕੀਤਾ ਗਿਆ।

ਸਕੂਲ ਪ੍ਰਿੰਸੀਪਲ ਅਨੁਰੀਤ ਬਾਵਾ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਸਕੂਲ ਦੀਆਂ ਪ੍ਰਾਪਤੀਆਂ ਨੂੰ ਦਰਸਾਉਂਦੀ ਹੋਈ ਪ੍ਰਗਤੀ ਰਿਪੋਰਟ ਪੜ੍ਹੀ । ਕਲਾਸੀਕਲ ਡਾਂਸ, ਮਾਡਲਿੰਗ ਅਤੇ ਫੈਂਸੀ ਡਰੈਸ ਰਾਹੀਂ ਨੰਨ੍ਹੇ- ਮੁੰਨੇ ਬੱਚਿਆਂ ਨੇ ਆਏ ਹੋਏ ਮਹਿਮਾਨਾਂ ਅਤੇ ਮਾਪਿਆਂ ਦਾ ਮਨ ਮੋਹ ਲਿਆ। ਬੱਚਿਆਂ ਦੁਆਰਾ ਮਾਪੇ- ਅਧਿਆਪਕਾਂ ਦੇ ਰਿਸ਼ਤੇ ਨੂੰ ਦਰਸਾਉਂਦੀ ਸਕਿੱਟ ਪੇਸ਼ ਕੀਤੀ ਗਈ। ਪ੍ਰੋਗਰਾਮ ਦੀ ਸ਼ਾਨ ਗਿੱਧਾ ਅਤੇ ਭੰਗੜਾ ਨੇ ਦਰਸ਼ਕਾਂ ਨੂੰ ਕੀਲ ਲਿਆ ।

ਪ੍ਰੋਗਰਾਮ ਦੇ ਅੰਤ ਵਿੱਚ ਵਿੱਦਿਅਕ ਖੇਤਰ ਵਿੱਚ ਅੱਵਲ ਰਹਿਣ ਵਾਲੇ ਸੈਸ਼ਨ 2022-23 ਦੇ ਪ੍ਰੀ ਨਰਸਰੀ ਤੋਂ ਪੰਜਵੀਂ ਤੱਕ ਦੇ ਵਿਦਿਆਰਥੀਆਂ ਨੂੰ ਸਕੂਲ ਦੇ ਮੈਂਬਰ ਇੰਚਾਰਜ, ਪ੍ਰਿੰਸੀਪਲ ਅਤੇ ਹੈੱਡਮਿਸਟਰੈੱਸ ਸਿਮਰਪ੍ਰੀਤ ਕੌਰ ਵੱਲੋਂ ਇਨਾਮ ਤਕਸੀਮ ਕੀਤੇ ਗਏ ।

ਸਕੂਲ ਦੇ ਮੈਂਬਰ ਇੰਚਾਰਜ ਅਤੇ ਪ੍ਰਿੰਸੀਪਲ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਬਾਕੀ ਵਿਦਿਆਰਥੀਆਂ ਨੂੰ ਵੀ ਇਨ੍ਹਾਂ ਬੱਚਿਆਂ ਤੋਂ ਪ੍ਰੇਰਨਾ ਲੈ ਕੇ ਸਖ਼ਤ ਮਿਹਨਤ ਕਰਕੇ ਜੀਵਨ ਵਿੱਚ ਬੁਲੰਦੀਆਂ ਨੂੰ ਹਾਸਲ ਕਰਨ ਲਈ ਪ੍ਰੇਰਿਤ ਕੀਤਾ ।

# ਪੁਲਸ ਵਧੀਕੀਆਂ ਖਿਲਾਫ ਥਾਣਾ ਸਦਰ ਮੂਹਰੇ ਧਰਨਾ 15 ਨੂੰ : ਦਰਾਜਕੇ



ਪੱਟੀ, (ਬਲਦੇਵ ਸਿੰਘ ਸੰਧੂ /ਸ਼ਮਸ਼ੇਰ ਸਿੰਘ ਯੋਧਾ) - ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਚਮਨ ਲਾਲ ਦਰਾਜਕੇ, ਚੰਦ ਸਿੰਘ ਤੂਤ, ਸਵਿੰਦਰ ਸਿੰਘ ਚੱਕ, ਸੰਤੋਖ ਸਿੰਘ ਮੱਖੀ ਕਲਾਂ, ਗੁਰਬੀਰ ਭੱਟੀ ਰਾਜੋਕੇ ਆਦਿ ਆਗੂਆਂ ਨੇ ਪੱਟੀ ਵਿਖੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਦਿਨੀਂ ਪਿੰਡ ਤੂਤ ਦੇ ਮਜ਼ਦੂਰ ਪਰਵਾਰ ਨਾਲ ਸਬੰਧ ਰੱਖਣ ਵਾਲੀਆਂ ਦਲਜੀਤ ਕੌਰ ਤੇ ਨਿੰਦਰ ਕੌਰ ਨੇ ਆਪ ਦੀ ਮਾਲਕੀ ਜਗ੍ਹਾ ਗੁਰਨਾਮ ਸਿੰਘ ਵਾਸੀ ਤੂਤ ਨੂੰ ਵੇਚੀ ਸੀ। ਜਿਸ ਵੇਲੇ ਮਕਾਨ ਨੂੰ ਖਾਲੀ ਕਰਨਾ ਸੀ ਉਸ ਵੇਲੇ ਕਿਸੇ ਗੱਲ ਤੋਂ ਇਨ੍ਹਾਂ ਵਿੱਚ ਤਕਰਾਰ ਹੋ ਗਿਆ ਅਤੇ ਅਰਸ਼ਦੀਪ ਪੁੱਤਰ ਕੁਲਵੰਤ ਸਿੰਘ ਅਤੇ ਕਰਨ ਸਿੰਘ ਨੇ ਤੈਸ਼ ਵਿੱਚ ਆ ਕੇ ਦਲਜੀਤ ਕੌਰ ਨੂੰ ਗਾਲੀ ਗਲੋਚ ਕਰਨਾ ਸ਼ੁਰੂ ਕਰ ਦਿੱਤਾ ਤੇ ਇਨ੍ਹਾਂ ਨੇ ਦਲਜੀਤ ਕੌਰ ਤੇ ਨਿੰਦਰ ਕੌਰ ਦੇ ਕਮਰੇ ਵਿੱਚ ਦਾਖਲ ਹੋ ਕੇ ਭਾਰੀ ਕੁੱਟਮਾਰ ਕੀਤੀ ਅਤੇ ਉਨ੍ਹਾਂ ਦੇ ਕੱਪੜੇ ਵੀ ਪਾੜ ਦਿੱਤੇ। ਇਸ ਸਾਰੀ ਘਟਨਾ ਦੀ ਜਾਣਕਾਰੀ ਚੌਕੀ ਇੰਚਾਰਜ ਤੂਤ ਤੇ ਐੱਸ ਐੱਚ ਓ ਸਦਰ ਪੱਟੀ ਨੂੰ ਦਿੱਤੀ ਗਈ ਪਰ ਇੱਕ ਮਹੀਨਾ ਬੀਤ ਜਾਣ ਦੇ ਬਾਅਦ ਵੀ ਦੋਸ਼ੀਆਂ ਖਿਲਾਫ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ। ਚੌਕੀ ਇੰਚਾਰਜ ਤੂਤ ਆਮ ਆਦਮੀ ਪਾਰਟੀ ਦਾ ਹੱਥ ਠੋਕਾ ਬਣ ਕੇ ਕੰਮ ਕਰ ਰਿਹਾ ਹੈ ਅਤੇ ਦੋਸ਼ੀਆਂ ਦੀ ਪਿੱਠ ਥਾਪੜ ਰਿਹਾ ਹੈ। ਜਿਸ ਵਕਤ ਜਥੇਬੰਦੀ ਦੇ ਆਗੂ ਹਰਜਿੰਦਰ ਸਿੰਘ ਚੂੰਘ ਨੇ ਚੌਕੀ ਇੰਚਾਰਜ ਨਾਲ ਫੋਨ ’ਤੇ ਗੱਲਬਾਤ ਕੀਤੀ ਤਾਂ ਚੌਕੀ ਇੰਚਾਰਜ ਤੂਤ ਨੇ ਅੱਗੋਂ ਭੱਦੇ ਸ਼ਬਦਾਂ ਦੀ ਵਰਤੋਂ ਕੀਤੀ ਜਿਸ ਦੀ ਆਡੀਓ ਰਿਕਾਰਡਿੰਗ ਐਸ ਐਸ ਪੀ ਤਰਨ ਤਾਰਨ ਤੇ ਡੀ ਐੱਸ ਪੀ ਪੱਟੀ ਨੂੰ ਵਟਸਐਪ ’ਤੇ ਭੇਜ ਦਿੱਤੀ ਗਈ। ਇਨ੍ਹਾਂ ਆਗੂਆਂ ਨੇ ਐੱਸ ਐੱਸ ਪੀ ਤਰਨ ਤਾਰਨ ਤੋਂ ਮੰਗ ਕਰਦਿਆਂ ਕਿਹਾ ਕਿ ਜਥੇਬੰਦੀ ਦੇ ਆਗੂਆਂ ਨੂੰ ਮਾੜੇ ਸ਼ਬਦਾਂ ਦੀ ਵਰਤੋਂ ਕਰਨ ਵਾਲੇ ਚੌਕੀ ਇੰਚਾਰਜ ਤੂਤ ਨੂੰ ਸਸਪੈਂਡ ਕੀਤਾ ਜਾਵੇ ਅਤੇ ਪਿੰਡ ਤੂਤ ਦੀਆਂ ਮਜ਼ਦੂਰ ਔਰਤਾਂ ਦੇ ਕੱਪੜੇ ਪਾੜਨ ਵਾਲੇ ਦੋਸ਼ੀਆਂ ਖਿਲਾਫ ਪਰਚਾ ਦਰਜ ਕੀਤਾ ਜਾਵੇ। ਜੇਕਰ ਪੀੜਤ ਔਰਤਾਂ ਨੂੰ ਇਨਸਾਫ ਨਾ ਮਿਲਿਆ ਤਾਂ ਦਿਹਾਤੀ ਮਜ਼ਦੂਰ ਸਭਾ ਵੱਲੋਂ ਐੱਸ ਐੱਚ ਓ ਸਦਰ ਪੱਟੀ ਦੇ ਦਫਤਰ ਅੱਗੇ 15 ਨਵੰਬਰ ਨੂੰ ਵਿਸ਼ਾਲ ਧਰਨਾ ਦਿੱਤਾ ਜਾਵੇਗਾ ਜੋ ਇਨਸਾਫ ਲੈਣ ਤੱਕ ਜਾਰੀ ਰਹੇਗਾ।

# ਇੰਪਲਾਈਜ਼ ਫੈਡਰੇਸ਼ਨ ਉਪ ਮੰਡਲ ਦਾਤਾਰਪੁਰ ਦੀ ਚੋਣ ਸੰਪੰਨ, ਲਾਲ ਚੰਦ ਬਣੇ ਪ੍ਰਧਾਨ



**ਹੁਸ਼ਿਆਰਪੁਰ,(ਬਲਵੀਰ ਸਿੰਘ ਸੈਣੀ)**— ਇੱਥੇ ਇੰਪਲਾਈਜ਼ ਫੈਡਰੇਸ਼ਨ ਉਪ ਮੰਡਲ ਦਾਤਾਰਪੁਰ ਦੀ ਮੀਟਿੰਗ ਪ੍ਰਧਾਨ ਬੋਧ ਰਾਜ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਇਕੱਤਰ ਵੱਡੀ ਗਿਣਤੀ ਪਾਵਰਕਾਮ ਕਾਮੇ ਸ਼ਾਮਲ ਹੋਏ। ਮੀਟਿੰਗ 'ਚ ਮੁਲਾਜ਼ਮ ਮਸਲਿਆਂ ਅਤੇ ਪਾਵਰਕਾਮ ਮੁਲਾਜ਼ਮਾਂ ਨੂੰ ਦਰਪੇਸ਼ ਸਮਸਿਆਵਾਂ 'ਤੇ ਵਿਸਥਾਰਪੂਰਵਕ ਚਰਚਾ ਕੀਤੀ ਗਈ। ਸਕੱਤਰ ਵਿਨੋਦ ਕੁਮਾਰ ਨੇ ਉਪ ਮੰਡਲ ਦਾਤਾਰਪੁਰ ਵੱਲੋਂ ਪਿਛਲੇ ਕੀਤੇ ਸੰਘਰਸ਼ਾਂ ਦੀ ਰਿਪੋਰਟ ਪੇਸ਼ ਕੀਤੀ ਗਈ, ਪੁਰਾਣੀ ਕਮੇਟੀ ਨੂੰ ਭੰਗ ਕਰਕੇ ਨਵੀਂ ਕਮੇਟੀ ਚੁਣਨ ਦਾ ਮਤਾ ਪੇਸ਼ ਕੀਤਾ। ਹਾਜ਼ਰ ਪਾਵਰਕਾਮ ਕਾਮਿਆਂ ਨੇ ਸਰਬਸੰਮਤੀ ਨਾਲ ਲਾਲ ਚੰਦ ਨੂੰ ਉਪ ਮੰਡਲ ਦਾਤਾਰਪੁਰ ਦਾ ਪ੍ਰਧਾਨ, ਪਵਨ ਕੁਮਾਰ ਸ਼ਰਮਾ ਨੂੰ ਉਪ ਪ੍ਰਧਾਨ, ਵਿਨੋਦ ਕੁਮਾਰ ਨੂੰ ਸਕੱਤਰ, ਅਮਿਤ ਸ਼ਰਮਾ ਨੂੰ ਸਹਾਇਕ ਸਕੱਤਰ, ਸਰਜੀਵਨ ਲਾਲ ਨੂੰ ਕੈਸ਼ਿਅਰ ਅਤੇ ਦਿਨੇਸ਼ ਕੁਮਾਰ ਨੂੰ ਸਹਾਇਕ ਸਕੱਤਰ ਵਜੋਂ ਚੁਣਿਆ। ਜਦਕਿ ਐਸਡੀਸੀ ਤਜਿੰਦਰ ਕੁਮਾਰ ਨੂੰ ਸਲਾਹਕਾਰ ਅਤੇ ਸਤੀਸ਼ ਠਾਕੁਰ ਨੂੰ ਪ੍ਰੈਸ ਸਕੱਤਰ ਚੁਣਿਆ। ਇਸ ਮੌਕੇ ਮੰਡਲ ਪ੍ਰਧਾਨ ਬੋਧ ਰਾਜ ਨੇ ਨਵੀਂ ਚੁਣੀ ਗਈ ਕਮੇਟੀ ਨੂੰ ਵਧਾਈ ਦਿੰਦਿਆਂ ਮੌਜੂਦਾ ਭਗਵੰਤ ਮਾਨ ਸਰਕਾਰ 'ਤੇ ਨਿਸ਼ਾਨੇ ਸੇਧਿਆ। ਸ਼੍ਰੀ ਬੋਧ ਰਾਜ ਨੇ 'ਆਪ' ਸਰਕਾਰ 'ਤੇ ਚੋਣਾਂ ਤੋਂ ਪਹਿਲਾਂ ਮੁਲਾਜ਼ਮਾਂ ਨਾਲ ਕੀਤੇ ਵਾਅਦਿਆਂ ਤੋਂ ਭੱਜਣ ਦੇ ਦੋਸ਼ ਲਗਾਏ ਹਨ। ਕੱਖੇ ਮੁਲਾਜ਼ਮ ਮਾਮੂਲੀਆਂ ਤਨਖ਼ਾਹਾਂ 'ਤੇ ਕੰਮ ਕਰ ਰਹੇ ਹਨ, ਪੁਰਾਣੀ ਪੈਨਸ਼ਨ ਬਹਾਲੀ ਦਾ ਅਧੂਰਾ ਨੋਟੀਫਿਕੇਸ਼ਨ ਜ਼ਾਰੀ ਕਰਕੇ ਸਰਕਾਰ ਨੇ ਇਸ਼ਤਿਹਾਰਬਾਜ਼ੀ 'ਤੇ ਲੱਖਾਂ ਰੁਪਏ ਖਰਚ ਕੀਤੇ ਹਨ, ਮੁਲਾਜ਼ਮਾਂ ਦੀਆਂ ਬਕਾਇਆ ਡੀਏ ਦੀਆਂ ਕਿਸ਼ਤਾਂ 'ਤੇ ਸਰਕਾਰ ਨੇ ਚੁੱਪੀ ਵੱਟੀ ਹੋਈ ਹੈ। ਨਾ ਹੀ ਮੁਲਾਜ਼ਮ ਸਮਸਿਆਵਾਂ ਨੂੰ ਲੈ ਕੇ ਸਰਕਾਰ ਸੰਜੀਦਾ ਦਿਖਾਈ ਦੇ ਰਹੀ ਹੈ। ਸ਼੍ਰੀ ਬੋਧ ਰਾਜ ਨੇ ਕਿਹਾ ਕਿ ਜਥੇਬੰਦੀ ਮੁਲਾਜ਼ਮ ਮੰਗਾਂ ਨੂੰ ਲੈ ਕੇ ਗੰਭੀਰ ਅਤੇ ਸੰਘਰਸ਼ਸ਼ੀਲ ਹੈ। ਉਪ ਮੰਡਲ ਪੱਧਰ ਦੀ ਚੋਣ ਪ੍ਰਕਿਰਿਆ ਮੁਕੰਮਲ ਹੋਣ ਉਪਰੰਤ ਜ਼ਲਦ ਅਗਲੇਰੇ ਸੰਘਰਸ਼ ਦੀ ਵਿਉਂਤਬੰਦੀ ਉਲੀਕੀ ਜਾਵੇਗੀ। ਇਸ ਮੌਕੇ ਨਵੇਂ ਚੁਣੇ ਪ੍ਰਧਾਨ ਲਾਲ ਚੰਦ ਨੇ ਆਗੂਆਂ ਅਤੇ ਮੁਲਾਜ਼ਮ ਸਾਥੀਆਂ ਦਾ ਧੰਨਵਾਦ ਕਰਦਿਆਂ ਮੁਲਾਜ਼ਮ ਹਿੱਤਾਂ ਦੀ ਪ੍ਰਾਪਤੀ ਲਈ ਹਰ ਸੰਭਵ ਯਤਨ ਕਰਨ ਦਾ ਭਰੋਸਾ ਦਿੱਤਾ। ਹੋਰਨਾਂ ਤੋਂ ਇਲਾਵਾ ਇਸ ਮੌਕੇ ਉਪ ਮੰਡਲ ਤਲਵਾੜਾ ਦੇ ਪ੍ਰਧਾਨ ਕੁਲਦੀਪ ਸਿੰਘ, ਸਾਬਕਾ ਪ੍ਰਧਾਨ ਅਸ਼ਵਨੀ ਸਹੋਤਾ, ਅਸ਼ਵਨੀ ਸੰਧੂ, ਕਰਨ ਕੁਮਾਰ, ਗੁਰਦਿਆਲ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ।

# ਤਿਉਹਾਰਾਂ ਦੇ ਮੱਦੇਨਜ਼ਰ ਜ਼ਿਲ੍ਹੇ 'ਚ ਖਾਣ-ਪੀਣ ਵਾਲੀਆਂ ਵਸਤਾਂ ਦੇ ਲਏ 54 ਸੈਂਪਲ



**ਨਵਾਂਸ਼ਹਿਰ, ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਪੰਜਾਬ ਸਰਕਾਰ ਦੇ ਹੁਕਮਾਂ ਤਹਿਤ ਤਿਉਹਾਰਾਂ ਦੀ ਆਮਦ ਦੇ ਮੱਦੇਨਜ਼ਰ ਕਮਿਸ਼ਨਰ ਫੂਡ ਐਂਡ ਡਰੱਗ ਐਡਮਿਨਸਟ੍ਰੇਸ਼ਨ ਪੰਜਾਬ ਡਾ. ਅਭਿਨਵ ਤ੍ਰਿਖਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸਿਹਤ ਵਿਭਾਗ ਦੇ ਫੂਡ ਸੇਫਟੀ ਵਿੰਗ ਵਲੋਂ ਜ਼ਿਲ੍ਹੇ ਭਰ ਵਿੱਚ ਮਹੀਨਾ ਅਕਤੂਬਰ, 2023 ਤੋਂ ਹੁਣ ਤੱਕ ਵਿਸ਼ੇਸ਼ ਮੁਹਿੰਮ ਤਹਿਤ 54 ਸੈਂਪਲ ਲਏ ਗਏ, ਜਿਸ ਵਿੱਚ 40 ਕਿਲੋ ਮਿਲਾਵਟੀ ਪਨੀਰ ਨੂੰ ਨਸ਼ਟ ਕਰਵਾਇਆ ਗਿਆ। ਉਚ ਅਧਿਕਾਰੀਆਂ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਵਿੱਚ ਵਿਚੋਂ ਨਵਾਂਸ਼ਹਿਰ, ਬੰਗਾ, ਬਲਾਚੌਰ ਅਤੇ ਰਾਹੋਂ ਵਿਖੇ ਬੇਕਰੀ ਪ੍ਰੋਡਕਟ, ਡਰਾਈ ਫਰੂਟ, ਚਾਂਦੀ ਦੇ ਵਰਕ ਵਾਲੀਆਂ ਮਿਠਾਈਆਂ,ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥ, ਖੋਏ ਵਾਲੀਆਂ ਰੰਗਦਾਰ ਮਿਠਾਈਆਂ, ਖਾਣ ਵਾਲਾ ਤੇਲ ਦੀ ਸੈਂਪਲਿੰਗ ਕੀਤੀ ਗਈ ਅਤੇ ਸੈਂਪਲਾਂ ਨੂੰ ਸਟੇਟ ਲੈਬ ਖਰੜ ਵਿਖੇ ਭੇਜਿਆ ਗਿਆ ਹੈ। ਇਸ ਤੋਂ ਇਲਾਵਾ ਤੜਕਸਾਰ ਨਾਕਾਬੰਦੀ ਕਰਕੇ ਵੀ ਵਾਹਨਾ ਨੂੰ ਰੋਕ ਕੇ ਸੈਂਪਲਿੰਗ ਕੀਤੀ ਗਈ ਅਤੇ ਮਠਿਆਈਆਂ ਦੀਆਂ ਦੁਕਾਨਾਂ ਨੂੰ ਸਾਫ-ਸਫਾਈ ਨਾ ਹੋਣ ਤੇ ਅਨਹਾਈਜੀਨਿਕ ਚਲਾਨ ਕੀਤੇ ਗਏ ਅਤੇ ਇੰਪਰੂਵਮੈਂਟ ਨੋਟਿਸ ਦਿੱਤੇ ਗਏ। ਅਸਿਸਟੈਂਟ ਕਮਿਸ਼ਨਰ (ਫੂਡ) ਰਾਖੀ ਵਿਨਾਇਕ ਨੇ ਦੁਕਾਨਦਾਰਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਫੂਡਸੇਫਟੀ ਸਟੈਂਡਰਡ ਐਕਟ ਦੇ ਮਾਪਦੰਡਾਂ ਅਨੁਸਾਰ ਕੰਮ ਕਰਨ ਅਤੇ ਸਾਫ-ਸਫਾਈ ਦਾ ਧਿਆਨ ਰੱਖਣ ਲਈ ਕਿਹਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਫੂਡ ਸੇਫਟੀ ਅਫ਼ਸਰ ਸੰਗੀਤਾ ਸਹਿਦੇਵ ਅਤੇ ਬਿਕਰਮਜੀਤ ਸਿੰਘ ਨੇ ਦੱਸਿਆ ਕਿ ਮਿਲਾਵਟਖੋਰੀ ਰੋਕਣ ਲਈ ਫੂਡ ਸੇਫਟੀ ਵਿਭਾਗ ਪੱਬਾ ਭਾਰ ਹੈ ਅਤੇ ਕਿਸੇ ਤਰ੍ਹਾਂ ਦੀ ਮਿਲਾਵਟਖੋਰੀ ਅਤੇ ਸਿਹਤ ਨਾਲ ਖਿਲਵਾੜ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐਸ.ਡੀ.ਐਮ ਦਫ਼ਤਰ ਬੰਗਾ ਦੇ ਕਰਮਚਾਰੀ ਵੀ ਮੌਜੂਦ ਸਨ।

# ਗੁਜਰਪੁਰ ਕਲਾਂ ਵਿਖੇ ਪਰਾਲੀ ਦੇ ਡੰਪ ਦਾ ਡਿਪਟੀ ਕਮਿਸ਼ਨਰ ਤੇ ਐੱਸ ਐੱਸ ਪੀ ਨੇ ਕੀਤਾ ਦੌਰਾ



**ਨਵਾਂਸ਼ਹਿਰ, ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸਾਉਣੀ 2023 ਸੀਜ਼ਨ ਵਿੱਚ ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ ਲਈ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਅਤੇ ਸੁਪਰੀਮ ਕੋਰਟ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਜ਼ਿਲ੍ਹੇ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਤੋਂ ਰੋਕਣ ਦੀ ਮੁਹਿੰਮ ਤੇਜੀ ਨਾਲ ਚੱਲ ਰਹੀ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਅਤੇ ਐਸ.ਐਸ.ਪੀ. ਡਾ. ਅਖਿਲ ਚੌਧਰੀ ਵੱਲੋਂ ਪਿੰਡ ਗੁਜਰਪੁਰ ਕਲਾਂ ਵਿਖੇ ਝੋਨੇ ਦੀ ਪਰਾਲੀ ਦੇ ਡੰਪ ਦਾ ਦੌਰਾ ਕੀਤਾ ਗਿਆ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਝੋਨੇ ਦੀ ਪਰਾਲੀ ਨੂੰ ਸਾੜਨ ਦੀ ਰੋਕਥਾਮ ਲਈ ਵੱਖ-ਵੱਖ ਮਹਿਕਮੇ ਅਤੇ ਪੁਲਸ ਵਿਭਾਗ ਦੀਆਂ ਟੀਮਾਂ ਦਾ ਜੁਆਇੰਟ ਆਪਰੇਸ਼ਨ ਚੱਲ ਰਿਹਾ ਹੈ, ਜਿਸ ਤਹਿਤ ਰੋਜ਼ਾਨਾ ਗਸ਼ਤ ਕੀਤੀ ਜਾ ਰਹੀ ਹੈ। ਇਸ ਤਹਿਤ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ ਲਈ ਜਾਗਰੂਕ ਕਰਨ ਤੋਂ ਇਲਾਵਾ ਉਨਾਂ ਨੂੰ ਪਰਾਲੀ ਸਾੜਨ ਤੋਂ ਰੋਕਿਆ ਵੀ ਜਾ ਰਿਹਾ ਹੈ। ਉਨ੍ਹਾਂ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਕਿ ਕਿਸਾਨ ਝੋਨੇ ਦੀ ਪਰਾਲੀ ਨੂੰ ਖੇਤ ਵਿੱਚ ਰਲਾ ਕੇ ਜਾਂ ਬੇਲਰ ਦੀ ਮਦਦ ਨਾਲ ਉਸ ਦੀਆਂ ਗੰਢਾਂ ਬਣਾ ਕੇ ਇਸ ਦੀ ਸਾਂਭ-ਸੰਭਾਲ ਕਰਨ। ਐਸ.ਐਸ.ਪੀ ਡਾ. ਅਖਿਲ ਚੌਧਰੀ ਨੇ ਦੱਸਿਆ ਕਿ ਪੁਲਸ ਵਿਭਾਗ ਦੀਆਂ ਕੁੱਲ 25 ਟੀਮਾਂ ਦਾ ਗਠਨ ਕੀਤਾ ਗਿਆ ਹੈ, ਜੋ ਕਿ ਪਰਾਲੀ ਸਾੜਨ ਦੀਆਂ ਘਟਨਾਵਾਂ 'ਤੇ ਕਾਬੂ ਪਾਉਣ ਦਾ ਕੰਮ ਕਰਨਗੀਆਂ ।

ਉਨਾਂ ਨੇ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਕਿ ਕੋਈ ਵੀ ਕਿਸਾਨ ਪਰਾਲੀ ਨੂੰ ਅੱਗ ਨਾ ਲਗਾਏ, ਕਿਉਂਕਿ ਇਸ ਨਾਲ ਵਾਤਾਵਰਣ ਨੂੰ ਦੂਸ਼ਿਤ ਹੁੰਦਾ ਹੈ। ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫ਼ਸਰ ਡਾ. ਗੁਰਦੇਵ ਸਿੰਘ ਨੇ ਜਾਣਕਾਰੀ ਦਿੱਤੀ ਕਿ ਝੋਨੇ ਦੀ ਪਰਾਲੀ ਸਾਂਭਣ ਵਾਲੀਆਂ ਮਸ਼ੀਨਾਂ ਵਿਭਾਗ ਵੱਲੋਂ ਸਬਸਿਡੀ 'ਤੇ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਉਨਾਂ ਨੇ ਦੱਸਿਆ ਕਿ ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਲਈ ਜ਼ਿਲ੍ਹੇ ਵਿੱਚ ਕੁੱਲ 2250 ਵੱਖ -ਵੱਖ ਮਸ਼ੀਨਾਂ ਉਪਲਬੱਧ ਹਨ, ਜਿਸ ਵਿੱਚ 110 ਤੋਂ ਵੱਧ ਬੇਲਰ ਅਤੇ 1000 ਤੋਂ ਵੱਧ ਸੁਪਰ ਸੀਡਰ ਸ਼ਾਮਿਲ ਹਨ। ਅਗਾਂਹ ਵਧੂ ਕਿਸਾਨ ਗੁਰਮੀਤ ਸਿੰਘ ਅਤੇ ਭਜਨ ਸਿੰਘ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਉਹ ਪਿਛਲੇ 10 ਸਾਲਾਂ ਤੋਂ ਝੋਨੇ ਦੀ ਪਰਾਲੀ ਨੂੰ ਅੱਗ ਨਹੀਂ ਲਗਾ ਰਹੇ ਹਨ ਅਤੇ ਉਨ੍ਹਾਂ ਦਾ ਝਾੜ ਬਹੁਤ ਵਧੀਆ ਆਉਂਦਾ ਹੈ। ਇਸ ਮੌਕੇ ਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਡਾਕਟਰ ਨਰੇਸ਼ ਕੁਮਾਰ ਕਟਾਰੀਆ ਖੇਤੀਬਾੜੀ ਅਫਸਰ , ਇੰਜ. ਚੰਦਨ ਸ਼ਰਮਾ ਸਹਾਇਕ ਖੇਤੀਬਾੜੀ ਇੰਜੀਨੀਅਰ ਤੋਂ ਇਲਾਵਾ ਹੋਰ ਅਧਿਕਾਰੀ ਅਤੇ ਕਿਸਾਨ ਵੀ ਹਾਜਰ ਸਨ।

# 'ਇੰਡੀਆਜ ਗੌਟ ਟੇਲੈਂਟ' ਵਿਜੇਤਾ ਦਾ ਕੈਂਪਸ ਪਹੁੰਚਣ 'ਤੇ ਸਵਾਗਤ



**ਜਲੰਧਰ: (ਸ਼ੈਲੀ ਅਲਬਰਟ)**—ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ. ਪੀ. ਯੂ.) ਦੇ ਪ੍ਰਤਿਭਾਸ਼ਾਲੀ ਸਾਬਕਾ ਚਾਰ ਵਿਦਿਆਰਥੀਆਂ - ਜਯੰਤ ਪਟਨਾਇਕ, ਅਜੈ ਤਿਵਾੜੀ, ਅਮ੍ਰਿਤਾਂਸੂ ਦੱਤਾ ਅਤੇ ਹਰਸ਼ਿਤ ਸ਼ੰਕਰ ਨੂੰ ਹਾਲ ਹੀ ਵਿੱਚ ਨੈਸ਼ਨਲ ਟੀਵੀ ਰਿਐਲਿਟੀ ਸ਼ੋਅ- 'ਇੰਡੀਆਜ ਗੌਟ ਟੈਲੇਂਟ-2023' ਦਾ ਪਹਿਲਾ ਰਨਰ-ਅੱਪ ਐਲਾਨਿਆ ਗਿਆ ਹੈ। ਉਨ੍ਹਾਂ ਦੀ ਦੇਸ਼-ਵਿਦੇਸ਼ ਵਿੱਚ ਦਰਸ਼ਕਾਂ ਦੁਆਰਾ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਦੇ ਮਿਸਾਲੀ ਪ੍ਰਦਰਸ਼ਨ ਲਈ 5 ਲੱਖ ਰੁਪਏ ਨਾਲ ਸਨਮਾਨਿਤ ਕੀਤਾ ਗਿਆ । ਦੇਸ ਭਰ ਦੇ ਛੇ-ਫਾਈਨਲਿਸਟਾਂ ਵਿੱਚੋਂ ਉਨ੍ਹਾਂ ਦੀ ਜਿੱਤ ਤੋਂ ਬਾਅਦ, ਕੈਂਪਸ ਵਿੱਚ ਉਨ੍ਹਾਂ ਦਾ ਦਿਲੋਂ ਸਵਾਗਤ ਕੀਤਾ ਗਿਆ। ਜੇਤੂ ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਦੁਆਰਾ ਜਿੱਤ ਦੇ ਨਾਅਰਿਆਂ ਦੇ ਵਿਚਕਾਰ 5 ਕਿਲੋਮੀਟਰ ਲੰਬਾ ਕੈਂਪਸ ਦਾ ਦੌਰਾ ਕੀਤਾ ਗਿਆ। ਸਾਥੀ ਵਿਦਿਆਰਥੀਆਂ ਨੇ ਯੂਨੀਵਰਸਿਟੀ 'ਚ ਚੱਲ ਰਹੇ ਮੈਗਾ ਪ੍ਰਤੀਯੋਗੀ ਸੱਭਿਆਚਾਰਕ ਮੇਲੇ-ਸਪੈਕਟਰਾ 2023 ਵਿੱਚ ਵੀ ਉਨ੍ਹਾਂ ਦੇ ਪ੍ਰਦਰਸ਼ਨ ਦਾ ਆਨੰਦ ਲਿਆ। ਉਹਨਾਂ ਨੇ ਸਾਂਝਾ ਕੀਤਾ ਕਿ ਐਲਪੀਯੂ ਵਿੱਚ ਸੱਭਿਆਚਾਰਕ ਦੌਲਤ ਦੇ ਅਜਿਹੇ ਵਿਸ਼ਾਲ ਪਲੇਟਫਾਰਮਾਂ ਨੇ ਉਹਨਾਂ ਨੂੰ ਅੱਜ ਜਿੱਥੇ ਉਹ ਹਨ ਲਿਆਂਦਾ ਗਿਆ ਹੈ। ਉਨ੍ਹਾਂ ਲਈ, ਐਲਪੀਯੂ ਕੈਂਪਸ ਵਿੱਚ ਪਹੁੰਚਣਾ ਅਸਲ ਵਿੱਚ ਘਰ ਵਾਪਸੀ ਹੀ ਹੈ। ਉਹਨਾਂ ਨੂੰ ਵਧਾਈ ਦਿੰਦੇ ਹੋਏ, ਐਲਪੀਯੂ ਦੇ ਸੰਸਥਾਪਕ ਚਾਂਸਲਰ ਅਤੇ ਸੰਸਦ ਮੈਂਬਰ ਰਾਜ ਸਭਾ ਡਾ. ਅਸ਼ੋਕ ਕੁਮਾਰ ਮਿੱਤਲ ਅਤੇ ਪ੍ਰੋ ਚਾਂਸਲਰ ਸ਼੍ਰੀਮਤੀ ਰਸ਼ਮੀ ਮਿੱਤਲ ਨੇ ਉਹਨਾਂ ਨੂੰ ਜੀਵਨ ਵਿੱਚ ਵਧਦੇ ਰਹਿਣ, ਅਤੇ ਨਾ ਸਿਰਫ ਆਪਣੇ ਲਈ ਬਲਕਿ ਆਪਣੇ ਮਾਤਾ-ਪਿਤਾ ਅਤੇ ਯੂਨੀਵਰਸਿਟੀ ਦਾ ਨਾਂਅ ਰੌਸ਼ਨ ਕਰਨ ਲਈ ਸੱਦਾ ਦਿੱਤਾ।

# ਜ਼ਿਲ੍ਹਾ ਪੱਧਰੀ ਪ੍ਰਾਇਮਰੀ ਖੇਡਾਂ ਸ਼ਾਨੋ-ਸ਼ੌਕਤ ਨਾਲ ਸਮਾਪਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**—ਜ਼ਿਲ੍ਹਾ ਸਿੱਖਿਆ ਅਫ਼ਸਰ (ਐ. ਸਿੱ.) ਇੰਜਨੀਅਰ ਸੰਜੀਵ ਗੌਤਮ ਦੀ ਯੋਗ ਅਗਵਾਈ ਅਤੇ ਉੱਪ-ਜ਼ਿਲ੍ਹਾ ਸਿੱਖਿਆ ਅਫ਼ਸਰ ਸੁੱਖਵਿੰਦਰ ਸਿੰਘ ਦੀ ਦੇਖ-ਰੇਖ ਹੇਠ ਤਿੰਨ ਰੋਜ਼ਾ ਜ਼ਿਲ੍ਹਾ ਪੱਧਰੀ ਪ੍ਰਾਇਮਰੀ ਖੇਡਾਂ ਸ਼ਾਨੋ-ਸ਼ੌਕਤ ਨਾਲ੍ ਸਮਾਪਤ ਹੋ ਗਈਆਂ। ਇਹਨਾਂ ਖੇਡਾਂ ਦੇ ਇਨਾਮ-ਵੰਡ ਸਮਾਰੋਹ ਵਿੱਚ ਮੁੱਖ -ਮਹਿਮਾਨ ਵੱਜੋਂ ਚੇਅਰਮੈਨ ਦੀ ਹੁਸ਼ਿਆਰਪੁਰ ਸੈਂਟਰਲ ਕੋ -ਅਪ੍ਰੇਟਿਵ ਬੈਂਕ ਵਿਕਰਮ ਸ਼ਰਮਾ ਨੇ ਸ਼ਿਰਕਤ ਕਰਦਿਆਂ ਕਿਹਾ ਕਿ ਖੇਡਾਂ ਵਿੱਦਿਆਰਥੀ ਜੀਵਨ ਦਾ ਮੁੱਖ ਅੰਗ ਹੁੰਦੀਆਂ ਹਨ, ਇਹ ਵਿੱਦਿਆਰਥੀ ਜੀਵਨ ਤੇ ਡੂੰਘਾ ਅਸਰ ਪਾਉਂਦੀਆਂ ਹਨ। ਉਹਨਾਂ ਕਿਹਾ ਕਿ ਖੇਡਾਂ ਵਿੱਚ ਉੱਚ ਪ੍ਰਾਪਤੀਆਂ ਸਦਕਾ ਖਿਡਾਰੀ ਦੇਸ਼ ਦਾ ਨਾਂਅ ਰੋਸ਼ਨ ਕਰਦੇ ਹਨ, ਜਿਸ ਦਾ ਪ੍ਰਤੱਖ ਪ੍ਰਮਾਣ ਭਾਰਤੀ ਖਿਡਾਰੀਆਂ ਖ਼ਾਸ ਤੌਰ ਤੇ ਪੰਜਾਬ ਦੇ ਖਿਡਾਰੀਆਂ ਦੀ ਏਸ਼ੀਆ ਖੇਡਾਂ ਵਿੱਚ ਹੋਈ ਪ੍ਰਾਪਤੀ ਹੈ। ਉਹਨਾਂ ਕਿਹਾ ਕਿ ਖੇਡਾਂ ਨੂੰ ਪ੍ਰਫੁੱਲਿਤ ਕਰਕੇ ਹੀ ਪੰਜਾਬ ਦੀ ਨੌਜਵਾਨ ਪੀੜੀ ਨੂੰ ਨਸ਼ਿਆਂ ਦੀ ਦਲਦਲ ਵਿੱਚ ਜਾਣ ਤੋਂ ਰੋਕਿਆ ਜਾ ਸਕਦਾ ਹੈ। ਇਸ ਸਮਾਰੋਹ ਵਿੱਚ ਸੁਰਿੰਦਰ ਕੁਮਾਰ ਸ਼ਿੰਦਾ ਮੇਅਰ ਅਤੇ ਪ੍ਰਵੀਨ ਸੈਣੀ ਸੀਨੀਅਰ ਡਿਪਟੀ ਮੇਅਰ ਨਗਰ ਨਿਗਮ ਹੁਸ਼ਿਆਰਪੁਰ ਨੇ ਵਿਸ਼ੇਸ਼ ਮਹਿਮਾਨ ਵੱਜੋਂ ਸ਼ਿਰਕਤ ਕੀਤੀ। ਉਹਨਾਂ ਨੇ ਇਹਨਾਂ ਤਿੰਨ ਰੋਜ਼ਾ ਖੇਡਾਂ ਵਿੱਚ ਜੇਤੂ ਖਿਡਾਰੀਆਂ ਨੂੰ ਇਨਾਮ ਵੰਡੇ ਜਿਹਨਾਂ ਵਿੱਚ ਐਥਲੇਟਿਕਸ ਵਿੱਚ 100 ਮੀਟਰ (ਲੜਕਿਆਂ) ਵਿੱਚ ਅਲਤਾਫ਼ ਰੇਜਾ ਬੁੱਲੋਵਾਲ ਪਹਿਲੇ, ਅਮਨ ਦਸੂਹਾ-1 ਦੂਜੇ ਨੰਬਰ 'ਤੇ, 100 ਮੀਟਰ (ਲੜਕੀਆਂ) ਵਿੱਚ ਘੁੱਗੀ ਮੁਕੇਰੀਆਂ -2 ਪਹਿਲੇ, ਨੇਹਾ ਭੁੰਗ -ਭੁੰਗ ਹੁਸ਼ਿਆਰਪੁਰ 2 ਬੀ ਦੂਜੇ , 200 ਮੀਟਰ (ਲੜਕਿਆਂ) ਵਿੱਚ



ਅਲਤਾਫ਼ ਰੇਜਾ ਬੁੱਲੋਵਾਲ ਪਹਿਲੇ, ਸੋਨੂ ਹੁਸ਼ਿਆਰਪੁਰ -ਬੀ ਦੂਜੇ,200 ਮੀਟਰ (ਲੜਕੀਆਂ) ਵਿੱਚ ਘੁੱਗੀ ਮੁਕੇਰੀਆਂ -2 ਪਹਿਲੇ, ਲਤਾ ਹੁਸ਼ਿਆਰਪੁਰ -1ਏ ਦੂਜੇ, 400 ਮੀਟਰ (ਲੜਕਿਆਂ) ਵਿੱਚ ਪ੍ਰਭਾਤ ਮਾਹਿਲਪੁਰ -2 ਪਹਿਲੇ, ਰਾਹੁਲ ਕੁਮਾਰ ਗੜ੍ਹਸ਼ੰਕਰ -1ਦੂਜੇ,400 ਮੀਟਰ (ਲੜਕੀਆਂ) ਵਿੱਚ ਸ਼ੀਤਲ ਹੁਸ਼ਿਆਰਪੁਰ -1ਏ ਪਹਿਲੇ, ਮੈਰੀ ਬੁੱਲੋਵਾਲ ਦੂਜੇ,600 ਮੀਟਰ (ਲੜਕਿਆਂ) ਵਿੱਚ ਰਾਹੁਲ ਕੁਮਾਰ ਗੜ੍ਹਸ਼ੰਕਰ-1 ਪਹਿਲੇ, ਰਣਜੀਤ ਸਿੰਘ ਮੁਕੇਰੀਆਂ-2 ਦੂਜੇ,600 ਮੀਟਰ (ਲੜਕੀਆਂ) ਵਿੱਚ ਮਮਤਾ ਮਾਹਿਲਪੁਰ -2 ਪਹਿਲੇ, ਸ਼ੀਤਲ ਹੁਸ਼ਿਆਰਪੁਰ-1ਏ ਦੂਜੇ,ਸ਼ਾਟ-ਪੁੱਟ (ਲੜਕਿਆਂ) ਵਿੱਚ ਪ੍ਰਭਾਤ ਮਾਹਿਲਪੁਰ-2 ਪਹਿਲੇ, ਰਨਵੀਰ ਸਿੰਘ ਦਸੂਹਾ-1 ਦੂਜੇ, ਸ਼ਾਟ-ਪੁੱਟ (ਲੜਕੀਆਂ) ਵਿੱਚ ਅਨੀਤਾ ਦੇਵੀ ਮੁਕੇਰੀਆਂ-1, ਮੈਰੀ ਬੁੱਲੋਵਾਲ ਦੂਜੇ, ਲੰਬੀ ਛਾਲ (ਲੜਕਿਆਂ ) ਵਿੱਚ ਵਿਕਾਸ ਹੁਸ਼ਿਆਰਪੁਰ -2ਬੀ ਪਹਿਲੇ, ਅਲਤਾਫ਼ ਰੇਜਾ ਬੁੱਲੋਵਾਲ ਦੂਜੇ , ਲੰਬੀ ਛਾਲ (ਲੜਕੀਆਂ) ਨੇਹਾ ਭੁੰਗ -ਭੁੰਗ ਹੁਸ਼ਿਆਰਪੁਰ 2 ਬੀ ਪਹਿਲੇ, ਫੁਲਸਾਨੀ ਵਰਜ਼ੋ ਦਸੂਹਾ -1ਦੂਜੇ, ਰਿਲੇਅ 4 100 ਮੀਟਰ (ਲੜਕਿਆਂ) ਮਾਹਿਲਪੁਰ -2 ਪਹਿਲੇ, ਦਸੂਹਾ-1 ਦੂਜੇ,ਰਿਲੇਅ 4 100 ਮੀਟਰ (ਲੜਕੀਆਂ) ਵਿੱਚ ਹੁਸ਼ਿਆਰਪੁਰ-2ਬੀ, ਮੁਕੇਰੀਆਂ-2 ਦੂਜੇ, ਕਬੱਡੀ ਨੈਸ਼ਨਲ ਸਟਾਇਲ (ਲੜਕਿਆਂ) ਅਤੇ ਲੜਕੀਆਂ ਵਿੱਚ ਹੁਸ਼ਿਆਰਪੁਰ -2ਬੀ ਪਹਿਲੇ, ਖੋ -ਖੋ (ਲੜਕਿਆਂ) ਵਿੱਚ ਮੁਕੇਰੀਆਂ -2 ਪਹਿਲੇ,ਖੋ-ਖੋ (ਲੜਕੀਆਂ) ਵਿੱਚ ਕਮਾਹੀਦੇਵੀ ਪਹਿਲੇ,ਕਬੱਡੀ ਪੰਜਾਬ ਸਟਾਇਲ (ਲੜਕਿਆਂ) ਵਿੱਚ ਹੁਸ਼ਿਆਰਪੁਰ -1ਏ ਪਹਿਲੇ ,ਰੱਸਾਕਸ਼ੀ ਵਿੱਚ ਹੁਸ਼ਿਆਰਪੁਰ -1ਏ ਪਹਿਲੇ,ਹੈਂਡ-ਬਾਲ (ਲੜਕਿਆਂ)ਵਿੱਚ ਹਾਜੀਪੁਰ ਪਹਿਲੇ, ਹੈਂਡ-ਬਾਲ (ਲੜਕੀਆਂ)ਵਿੱਚ ਦਸੂਹਾ -1,ਕੁਸ਼ਤੀ 25 . ਵਰਗ ਵਿੱਚ ਸਲੀਮ ਭੁੰਗਾ -1ਪਹਿਲੇ,28 . ਵਰਗ ਵਿੱਚ ਕਰਮਾ ਭੁੰਗਾ-1ਪਹਿਲੇ,30 . ਵਰਗ ਵਿੱਚ ਬਲਵੀਰ ਭੁੰਗਾ -1ਪਹਿਲੇ,32. ਵਰਗ ਵਿੱਚ ਅਰਵਿਤ ਠਾਕੁਰ ਕਮਾਹੀਦੇਵੀ ਪਹਿਲੇ ਸਹਿਤ ਜੇਤੂ ਖਿਡਾਰੀਆਂ ਨੇ ਇਨਾਮ ਪ੍ਰਾਪਤ ਕੀਤੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਜੇਸ਼ਵਰ ਦਿਆਲ ਉੱਘੇ ਸਮਾਜ ਸੇਵਕ,ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਅਮਰਿੰਦਰ ਪਾਲ ਢਿੱਲੋਂ, ਚਰਨਜੀਤ ਸਿੱਧੂ, ਰਾਜ ਕੁਮਾਰ,ਸੁਰਤੀ ਲਾਲ, ਜਸਵਿੰਦਰ ਬਾਂਸਲ, ਜ਼ਿਲ੍ਹਾ ਖੇਡ ਕੋਆਰਡੀਨੇਟਰ ਜਗਜੀਤ ਸਿੰਘ, ਜਗਤਾਰ ਸਿੰਘ, ਬਲਵੀਰ ਸਿੰਘ, ਕਮਲਜੀਤ ਸਿੰਘ, ਓਂਕਾਰ ਸਿੰਘ ਸੂਸ,ਜਗਤਜੀਤ ਸਿੰਘ,ਕਮਲਜੀਤ ਸਿੰਘ, ਜਸਵਿੰਦਰ ਸਿੰਘ, ਸੰਗੀਤਾ ਵਾਸੂਦੇਵਾ, ਜੋਤੀ ਸੈਣੀ,ਸਰਬਜੀਤ ਸਿੰਘ ਕੰਗ,ਕੁਲਦੀਪ ਕੁਮਾਰ, ਰਮਨ ਕੁਮਾਰ ਐਰੀ, ਰਜਿੰਦਰ ਸੈਣੀ,ਮਨਜੀਤ ਸਿੰਘ ਲੱਲੀਆਂ,ਸਿੰਮੀ ਬਾਲਾ, ਕਰਨ ਸ਼ਰਮਾ,ਰਾਮ ਸਿੰਘ,ਜਸਵਿੰਦਰ ਸਿੰਘ ਸਾਕਾ,ਸੁਖਦੇਵ ਸਿੰਘ, ਗੁਰਮੇਲ ਸਿੰਘ ਸੰਦਲ , ਸਤੀਸ਼ ਸ਼ਰਮਾ,ਵਿਕਾਸ ਸ਼ਰਮਾ,ਅਰੁਨ ਕੁਮਾਰ ਕਾਲੀਆ, ਕਮਲ ਛਾਬੜਾ, ਓਮ ਪ੍ਰਕਾਸ਼,ਨਰੇਸ਼ ਕੁਮਾਰ, ਅਮਨਦੀਪ ਸਿੰਘ ਸਹਿਤ ਜ਼ਿਲ੍ਹੇ ਭਰ ਵਿੱਚੋਂ ਅਧਿਆਪਕ ਹਾਜ਼ਰ ਸਨ।

# ਭਗਵਾਨ ਵਾਲਮੀਕਿ ਦੇ ਜਨਮ ਦਿਹਾੜੇ 'ਤੇ ਸੱਗਰਾ ਮੁਹੱਲਾ 'ਚ ਲੰਗਰ ਲਗਾਇਆ



**ਆਦਮਪੁਰ ( ਪਰਮਜੀਤ ਸਿੰਘ )**:- ਇਥੇ ਸੱਗਰਾ ਮੁਹੱਲਾ ਵਿਖੇ ਭਗਵਾਨ ਵਾਲਮੀਕਿ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਮੌਕੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਸਾਲਾਨਾ ਲੰਗਰ ਲਗਾਇਆ ਗਿਆ। ਭਗਵਾਨ ਵਾਲਮੀਕਿ ਸਭਾ ਦੇ ਚੇਅਰਮੈਨ ਅਸਵਨੀ ਕੁਮਾਰ ਸਹੋਤਾ ਅਤੇ ਪ੍ਰਧਾਨ ਸ਼ਿਵ ਕੁਮਾਰ ਗੋਰਾ ਨੇ ਸਮੂਹ ਇਲਾਕਾ ਨਿਵਾਸੀਆਂ ਨੂੰ ਭਗਵਾਨ ਵਾਲਮੀਕਿ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਸਾਨੂੰ ਸਾਰਿਆ ਨੂੰ ਭਗਵਾਨ ਵਾਲਮੀਕਿ ਜੀ ਦੇ ਦੱਸੇ ਮਾਰਗ 'ਤੇ ਚੱਲ ਕੇ ਆਪਣਾ ਜੀਵਨ ਸਫਲ ਕਰਨਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਉਹ ਹਰ ਸਾਲ ਆਪਣੇ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਲੰਗਰ ਲਗਾਉਂਦੇ ਹਨ ਜੋ ਦੁਪਹਿਰ ਤੋਂ ਸ਼ਾਮ ਤੱਕ ਸੰਗਤਾਂ 'ਚ ਵਰਤਾਇਆ ਗਿਆ। ਉਨ੍ਹਾਂ ਲੰਗਰ 'ਚ ਯੋਗਦਾਨ ਪਾਉਣ ਵਾਲੇ ਪਤਵੰਤਿਆਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਸੰਗਤਾਂ ਵਿੱਚ ਲੰਗਰ ਵਰਤਾਉਣ ਦੀ ਸੇਵਾ ਗਿਆਨ ਚੰਦ, ਸੁਖਵਿੰਦਰ ਕੁਮਾਰ ਮੱਟੂ, ਸੋਮਾ ਰਾਣੀ ਪ੍ਰਧਾਨ, ਕਾਂਤਾ ਰਾਣੀ, ਅਸ਼ੋਕ ਕੁਮਾਰ, ਰਿੰਕੂ ਸਹੋਤਾ, ਸ਼ੰਮੀ ਕੁਮਾਰ ਭੱਟੀ, ਮਨਜੀਤ ਕੌਰ, ਟੀਨਾ, ਬਲਜਿੰਦਰ ਕੁਮਾਰ ਵੱਲੋਂ ਕੀਤੀ ਗਈ।

# ਪੁਰਾਣੀ ਪੈਨਸ਼ਨ ਤੁਰੰਤ ਲਾਗੂ ਕੀਤੀ ਜਾਵੇ : ਪੰਜਾਬ ਪੈਨਸ਼ਨਰਜ਼ ਮਹਾਂ ਸੰਘ



**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**- ਪੰਜਾਬ ਪੈਨਸ਼ਨਰਜ਼ ਮਹਾਂ ਸੰਘ ਬਲਾਕ ਚਮਕੌਰ ਸਾਹਿਬ ਦੇ ਮੈਂਬਰਾਂ ਦੀ ਮੀਟਿੰਗ ਸੰਘ ਦੇ ਪ੍ਰਧਾਨ ਲੈਕਚਰਾਰ ਧਰਮਪਾਲ ਸੋਖਲ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਸਭ ਤੋਂ ਪਹਿਲਾਂ ਜਿਨ੍ਹਾਂ ਮੈਂਬਰਾਂ ਦੇ ਜਨਮ ਨਵੰਬਰ ਮਹੀਨੇ ਵਿੱਚ ਆਉਂਦੇ ਹਨ, ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਸੰਘ ਦੇ ਜਨਰਲ ਸਕੱਤਰ ਲੈਕਚਰਾਰ ਲਛਮਣ ਸਿੰਘ ਅਤੇ ਸਕੱਤਰ ਪਵਨ ਕੁਮਾਰ ਨੇ ਦੱਸਿਆ ਮੀਟਿੰਗ ਦੌਰਾਨ ਸਮੂਹ ਮੈਂਬਰਾਂ ਨੇ ਪੰਜਾਬ ਸਰਕਾਰ ਦੀ ਪੈਨਸ਼ਨਰਜ਼ਾਂ ਪ੍ਰਤੀ ਬੇਰੁਖੀ ਨੀਤੀ ਦੀ ਜੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ । ਪੈਨਸ਼ਨਰਜ਼ਾਂ ਨੇ ਪੰਜਾਬ ਸਰਕਾਰ ਤੋਂ ਆਪਣੀਆਂ ਕਾਫੀ ਸਮੇਂ ਤੋਂ ਲਟਕਦੀਆਂ ਮੰਗਾਂ ਜਿੰਨ੍ਹਾਂ ਵਿੱਚ ਮੁੱਖ ਤੌਰ ਤੇ 2.59 ਦਾ ਗੁਣਾਂਕ, 1 ਜਨਵਰੀ 2016 ਤੋਂ 30 ਜੂਨ 2021 ਤੱਕ ਪੈਨਸ਼ਨ ਰਵੀਜਨ ਦਾ ਬਕਾਇਆ, ਕੇਂਦਰ ਦੀ ਤਰਜ ਤੇ 12 ਪ੍ਰਤੀਸ਼ਤ ਡੀ.ਏ ਦੀਆਂ ਕਿਸ਼ਤਾਂ ਜਾਰੀ ਕਰਨਾ, ਪੈਡਿੰਗ ਪਏ ਡੀ.ਏ ਦੀਆਂ ਕਿਸ਼ਤਾਂ ਦਾ 210 ਮਹੀਨੇ ਦਾ ਬਕਾਇਆ ਜਾਰੀ ਕਰਨਾ, ਕੈਸ਼ਲੈੱਸ ਮੈਡੀਕਲ ਸਕੀਮ ਲਾਗੂ ਕਰਨਾ ਅਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨਾ ਆਦਿ ਸ਼ਾਮਲ ਹਨ ਨੂੰ ਤੁਰੰਤ ਲਾਗੂ ਕਰਕੇ ਪੈਨਸ਼ਨਰਜ਼ਾਂ ਨੂੰ ਲਾਭ ਦਿੱਤਾ ਜਾਵੇ । ਪੈਨਸ਼ਨਰਜ਼ਾਂ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਦਿਵਾਲੀ ਤੋਂ ਪਹਿਲਾਂ ਇਨ੍ਹਾਂ ਮੰਗਾਂ ਦਾ ਨਿਪਟਾਰਾ ਨਾ ਕੀਤਾ ਤਾਂ ਪੈਨਸ਼ਨਰ ਕਾਲੀ ਦਿਵਾਲੀ ਮਨਾਉਣ ਅਤੇ ਮੁੱਖ ਮੰਤਰੀ ਦੇ ਪੁਤਲੇ ਫੂਕਣ ਲਈ ਮਜਬੂਰ ਹੋਣਗੇ। ਇਸ ਤੋਂ ਇਲਾਵਾ ਉਨ੍ਹਾਂ ਰੂਪਨਗਰ ਵਿਖੇ ਬਜੁਰਗ ਲੈਕਚਰਾਰ ਦੀ ਉਨ੍ਹਾਂ ਦੇ ਪੁੱਤਰ ਵੱਲੋਂ ਕੀਤੀ ਕੁੱਟਮਾਰ ਦੀ ਵੀ ਨਿਖੇਧੀ ਕੀਤੀ । ਇਸ ਮੌਕੇ ਪ੍ਰਿੰਸੀਪਲ ਜਸਵੰਤ ਸਿੰਘ, ਪ੍ਰਿੰਸੀਪਲ ਮੋਹਣ ਸਿੰਘ, ਸਾਬਕਾ ਅਧਿਕਾਰੀ ਭਾਗ ਸਿੰਘ ਮਕੜੌਨਾਂ, ਬਾਰਾ ਸਿੰਘ ਕੰਗ, ਪ੍ਰਗਟ ਸਿੰਘ, ਹਰਚੰਦ ਸਿੰਘ, ਸੁਰਿੰਦਰਜੀਤ ਵਰਮਾ, ਕੈਪਟਨ ਗੁਰਦੇਵ ਸਿੰਘ, ਸੁਰਜੀਤ ਸਿੰਘ, ਗੁਰਦਿਆਲ ਸਿੰਘ, ਡਾ: ਬੁੱਧ ਸਿੰਘ ਅਤੇ ਫਕੀਰ ਸਿੰਘ ਆਦਿ ਹਾਜਰ ਸਨ।

# ਪੁਰਾਣੀ ਪੈਨਸ਼ਨ ਸਕੀਮ ਨੂੰ ਸਰਕਾਰ ਤੁਰੰਤ ਲਾਗੂ ਕਰੇ : ਮੰਝਪੁਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**— ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਦੇ ਜ਼ਿਲ੍ਹਾ ਕਨਵੀਨਰ ਗੁਰਜਿੰਦਰ ਸਿੰਘ ਮੰਝਪੁਰ ਨੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਪੰਜਾਬ ਦੇ ਮੁਲਾਜ਼ਮਾਂ ਨੇ ਆਮ ਆਦਮੀ ਪਾਰਟੀ ਨੂੰ ਵਿਧਾਨ ਸਭਾ ਚੋਣਾਂ ਦੇ ਦੌਰਾਨ ਭਾਰੀ ਬਹੁਮਤ ਨਾਲ ਜਿਤਾਇਆ ਸੀ। ਮੁਲਾਜ਼ਮਾਂ ਨੂੰ ਆਸ ਸੀ ਕਿ ਸਰਕਾਰ ਵਿੱਚ ਆਉਣ ਤੋਂ ਬਾਅਦ ਆਮ ਆਦਮੀ ਪਾਰਟੀ ਪੁਰਾਣੀ ਪੈਨਸ਼ਨ ਦੀ ਮੰਗ ਨੂੰ ਪਹਿਲੀ ਕੈਬਨਿਟ ਮੀਟਿੰਗ ਵਿੱਚ ਬਹਾਲ ਕਰੇਗੀ ਪਰ ਹੁਣ ਤੱਕ ਸਰਕਾਰ ਪੁਰਾਣੀ ਪੈਨਸ਼ਨ ਦੇ ਜੀ.ਪੀ.ਐਫ. ਦੇ ਖਾਤੇ ਖੋਲਣ ਵਿੱਚ ਵੀ ਨਾਕਾਮ ਰਹੀ ਹੈ। ਪੰਜਾਬ ਸਰਕਾਰ ਵਲੋਂ ਲੱਗਭਗ ਇੱਕ ਸਾਲ ਪਹਿਲਾਂ ਸੂਬੇ ਵਿੱਚ ਪੁਰਾਣੀ ਪੈਨਸ਼ਨ ਨੂੰ ਲਾਗੂ ਕਰਨ ਦਾ ਐਲਾਨ ਕੀਤਾ ਗਿਆ ਸੀ, ਪਰ ਇੱਕ ਸਾਲ ਬੀਤਣ ਦੇ ਬਾਵਜੂਦ ਵੀ ਪੰਜਾਬ ਸਰਕਾਰ ਨੇ ਅਜੇ ਤੱਕ ਨਾ ਤਾਂ ਨਵੀਂ ਪੈਨਸ਼ਨ ਸਕੀਮ ਅਧੀਨ ਆਉਣ ਵਾਲੇ ਮੁਲਾਜ਼ਮਾਂ ਦਾ ਕੰਟਰੀਬਿਊਟਰੀ ਪ੍ਰਾਵੀਡੈਂਟ ਫ਼ੰਡ (ਸੀ.ਪੀ.ਐੱਫ.) ਕੱਟਣਾ ਹੀ ਸ਼ੁਰੂ ਕੀਤਾ ਅਤੇ ਨਾ ਹੀ ਕੇਂਦਰੀ ਪੈਨਸ਼ਨ ਏਜੰਸੀ ਕੋਲ ਜਮ੍ਹਾਂ ਪੰਜਾਬ ਦੇ ਮੁਲਾਜ਼ਮਾਂ ਦਾ ਕਰੋੜਾਂ ਰੁਪਇਆ ਹੀ ਮੁਲਾਜ਼ਮਾਂ ਨੂੰ ਵਾਪਿਸ ਲੈ ਕੇ ਦੇਣ ਦੀ ਚਾਰਾਜੋਈ ਸ਼ੁਰੂ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਇਸ ਢਿੱਲ-ਮੱਠ ਵਾਲ਼ੇ ਰਵੱਈਏ ਦੇ ਖ਼ਿਲਾਫ਼ ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਪੰਜਾਬ ਨੇ ਸੰਘਰਸ਼ ਦੇ ਮੈਦਾਨ ਵਿੱਚ ਕੁੱਦਣ ਦਾ ਫ਼ੈਸਲਾ ਕਰਦੇ ਹੋਏ 19 ਨੰਵਬਰ ਨੂੰ ਸੰਗਰੂਰ ਵਿਖੇ ਪੁਰਾਣੀ ਪੈਨਸਨ ਪ੍ਰਾਪਤੀ ਫਰੰਟ ਵੱਲੋਂ ਇੱਕ ਵਿਸ਼ਾਲ ਸੂਬਾ ਪੱਧਰੀ ਰੈਲੀ ਕੀਤੀ ਜਾ ਰਹੀ ਹੈ

ਇਸ ਪੈਨਸ਼ਨ ਪ੍ਰਾਪਤੀ ਰੈਲੀ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਵੱਡੀ ਗਿਣਤੀ ਵਿੱਚ ਨਵੀਂ ਪੈਨਸ਼ਨ ਸਕੀਮ ਤੋਂ ਪੀੜਤ ਮੁਲਾਜ਼ਮਾਂ ਵੱਲੋਂ ਸ਼ਮੂਲੀਅਤ ਕੀਤੀ ਜਾਵੇਗੀ ਅਤੇ ਪੰਜਾਬ ਸਰਕਾਰ ਤੋਂ ਪੁਰਾਣੀ ਪੈਨਸ਼ਨ ਨੂੰ ਹਕੀਕੀ ਰੂਪ ਵਿੱਚ ਲਾਗੂ ਕਰਨ ਦੀ ਮੰਗ ਕੀਤੀ ਜਾਵੇਗੀ ਤਾਂ ਜੋ ਮੁਲਾਜ਼ਮਾਂ ਦੇ ਬੁਢਾਪੇ ਦੀ ਲਾਠੀ ਨੂੰ ਬਚਾਇਆ ਜਾ ਸਕੇ।

# ਰਾਮਗੜ੍ਹੀਆ ਬੇਬੇ ਨਾਨਕੀ ਸੀ. ਸੈ. ਸਕੂਲ ਦੀਆਂ ਵਿਦਿਆਰਥਣਾਂ ਨੇ ਮਾਰੀਆਂ ਮੱਲਾਂ



**ਫਗਵਾੜਾ (ਡਾ. ਰਮਨ )** ਰਾਮਗੜ੍ਹੀਆ ਸੀਨੀਅਰ ਸੈਕੰਡਰੀ ਸਕੂਲ ਸਤਨਾਮਪੁਰਾ ਫਗਵਾੜਾ ਦੀ ਗਰਲਜ ਬ੍ਰਾਂਚ ਬੇਬੇ ਨਾਨਕੀ ਸਕੂਲ ਦੀਆਂ ਵਿਦਿਆਰਥਣਾਂ ਨੇ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਸਿੱਖਿਆ ਵਿਭਾਗ ਪੰਜਾਬ ਵਲੋਂ ਕਰਵਾਈਆਂ ਜਾ ਰਹੀਆਂ ਖੇਡਾਂ ਵਤਨ ਪੰਜਾਬ ਦੀਆਂ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਵਿਦਿਆਰਥਣਾਂ ਦੀ ਇਸ ਪ੍ਰਾਪਤੀ ਨੂੰ ਲੈ ਕੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਦੇ ਚੇਅਰਪਰਸਨ ਮਨਪ੍ਰੀਤ ਕੌਰ ਭੋਗਲ ਨੇ ਦੱਸਿਆ ਕਿ ਵਿਦਿਆਰਥਣ ਬਿੰਦੀਆ ਨੇ ਜੋਨ ਪੱਧਰ ਤੇ ਮੁੱਕੇਬਾਜ਼ੀ ਵਿਚ ਇਕ ਗੋਲਡ ਮੈਡਲ, ਲਾਂਗ ਜੰਪ ਤੇ ਸ਼ਾਟਪੁਟ ਵਿਚ ਇਕ-ਇਕ ਸਿਲਵਲ ਮੈਡਲ, 1500 ਮੀਟਰ ਦੌੜ 'ਚ ਇਕ ਕਾਂਸੇ ਦਾ ਮੈਡਲ ਹਾਸਲ ਕੀਤਾ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਪੱਧਰੀ ਬਾਕਸਿੰਗ 'ਚ ਵੀ 1 ਕਾਂਸੇ ਦਾ ਮੈਡਲ, ਜ਼ਿਲ੍ਹਾ ਸਕੂਲ ਖੇਡ ਮੁਕਾਬਲੇ ਵਿਚ ਇਕ ਸਿਲਵਰ ਮੈਡਲ ਤੇ ਜ਼ਿਲ੍ਹਾ ਸਕੂਲ ਪੱਧਰ 'ਤੇ ਸ਼ਾਟਪੁਟ ਵਿਚ ਇਕ ਕਾਂਸੇ ਦਾ ਮੈਡਲ ਜਿੱਤਿਆ ਹੈ। ਇਸੇ ਤਰ੍ਹਾਂ ਮਨਵੀਰ ਨੇ ਜੋਨ ਪੱਧਰ 'ਤੇ ਸ਼ਾਟਪੁਟ 'ਚ ਸਿਲਵਰ ਅਤੇ ਡਿਸਕ ਥ੍ਰੋ 'ਚ ਕਾਂਸੇ ਦਾ ਮੈਡਲ ਹਾਸਲ ਕੀਤਾ ਹੈ। ਉਹਨਾਂ ਦੱਸਿਆ ਕਿ ਸਕੂਲ ਦੀਆਂ ਹੋਣਹਾਰ ਵਿਦਿਆਰਥਣਾਂ ਤਾਨਿਆ, ਸਾਨੀਆ ਤੇ ਜਾਨਵੀ ਨੇ ਵੀ ਜ਼ਿਲ੍ਹਾ ਪੱਧਰੀ ਖੇਡਾਂ ਵਤਨ_ਪੰਜਾਬ ਦੀਆਂ ਵਿਚ ਗੋਲਡ ਮੈਡਲ ਹਾਸਲ ਕੀਤੇ ਹਨ। ਜਦਕਿ ਅੰਸ਼ੀ ਨੇ ਜ਼ਿਲ੍ਹਾ ਪੱਧਰੀ ਬਾਕਸਿੰਗ 'ਚ ਕਾਂਸੇ ਦਾ ਮੈਡਲ, 100 ਮੀਟਰ ਦੌੜ 'ਚ ਸਿਲਵਰ, 400 ਮੀਟਰ ਦੌੜ 'ਚ ਕਾਂਸੇ ਦਾ ਮੈਡਲ ਤੇ ਜੋਨ ਲੈਵਲ ਬਾਕਸਿੰਗ ਵਿਚ ਗੋਲਡ ਮੈਡਲ ਪ੍ਰਾਪਤ ਕੀਤਾ ਹੈ। ਇਸੇ ਤਰ੍ਹਾਂ ਵਿਦਿਆਰਥਣ ਨੀਸ਼ੂ ਨੇ ਜ਼ਿਲ੍ਹਾ ਪੱਧਰੀ ਬਾਕਸਿੰਗ ਮੁਕਾਬਲੇ 'ਚ ਗੋਲਡ ਤੇ ਰਾਜ ਪੱਧਰੀ ਮੁਕਾਬਲੇ ਵਿਚ ਕਾਂਸੇ ਦਾ ਮੈਡਲ

# ਕਰੰਟ ਲੱਗਣ ਨਾਲ ਮੌਤ



**ਫਿਲੌਰ, ( ਨਿਰਮਲ )** ਫਿਲੌਰ ਦੇ ਗੜ੍ਹਾ ਰੋਡ 'ਤੇ ਇੱਕ ਘਰ ਤੇ ਬਿਜਲੀ ਦੀਆਂ ਲੜੀਆਂ ਲਗਾ ਰਹੇ ਇੱਕ ਬਿਜਲੀ ਮਕੈਨਿਕ ਨਾਲ ਵੱਡਾ ਹਾਦਸਾ ਵਾਪਰ ਗਿਆ ਪ੍ਰਾਪਤ ਜਾਣਕਾਰੀ ਮੁਤਾਬਕ ਬਿਜਲੀ ਮਕੈਨਿਕ ਪ੍ਰੇਮ ਕੁਮਾਰ ਪੁੱਤਰ ਦਰਸ਼ਨ ਲਾਲ ਵਾਸੀ ਮਹੱਲਾ ਕਾਜੀਆਂ ਫਿਲੌਰ ਇੱਕ ਘਰ ਦੀ ਛੱਤ ਤੇ ਬਿਜਲੀ ਦੀਆਂ ਲੜੀਆਂ ਲਗਾ ਰਿਹਾ ਸੀ। ਉਸਨੂੰ ਜ਼ਬਰਦਸਤ ਕਰੰਟ ਲੱਗਾ ਜਿਸ ਨੂੰ ਗੰਭੀਰ ਹਾਲਤ ਵਿੱਚ ਪ੍ਰਾਈਵੇਟ ਹਸਪਤਾਲ ਲਿਜਾਇਆ ਗਿਆ ਜਿੱਥੇ ਕਿ ਉਸ ਦੀ ਹਾਲਤ ਨਾਜ਼ੁਕ ਹੋਣ ਕਾਰਨ ਲੁਧਿਆਣਾ ਹਸਪਤਾਲ ਵਿਖੇ ਭੇਜ ਦਿੱਤਾ ਗਿਆ। ਲੁਧਿਆਣਾ ਹਸਪਤਾਲ ਦੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ। ਫਿਲੌਰ ਪੁਲਸ ਨੇ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਫਿਲੌਰ ਵਿਖੇ ਲਿਆਂਦਾ ਅਤੇ ਅਗਲੇਰੀ ਕਾਰਵਾਈ ਸ਼ੁਰੂ ਕੀਤੀ ਗਈ।

# ਜ਼ਿਲ੍ਹਾ ਕਾਨੂੰਨੀ ਸੇਵਾ ਅਥਾਰਟੀ ਨੇ ਰਾਸ਼ਟਰੀ ਕਾਨੂੰਨੀ ਸੇਵਾਵਾਂ ਦਿਵਸ ਮੌਕੇ ਕਰਵਾਇਆ ਵਿਸ਼ੇਸ਼ ਸਮਾਗਮ



**ਹੁਸ਼ਿਆਰਪੁਰ: (ਓ ਪੀ ਰਾਣਾ )**-ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਦਿਲਬਾਗ ਸਿੰਘ ਜੌਹਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸੀ. ਜੇ. ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਪਰਾਜਿਤਾ ਜੋਸ਼ੀ ਦੀ ਅਗਵਾਈ ਹੇਠ ਰਾਸ਼ਟਰੀ ਕਾਨੂੰਨੀ ਸੇਵਾਵਾਂ ਦਿਵਸ ਮੌਕੇ ਸਵਾਮੀ ਸਰਵਾਨੰਦ ਗਿਰੀ ਰਿਜਨਲ ਸੈਂਟਰ (ਲਾਅ ਕਾਲਜ) ਹੁਸ਼ਿਆਰਪੁਰ ਵਿਖੇ ਇਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਮੌਕੇ ਉਨ੍ਹਾਂ ਦੱਸਿਆ ਕਿ ਹਰੇਕ ਸਾਲ 9 ਨਵੰਬਰ ਨੂੰ ਮਨਾਏ ਜਾਂਦੇ ਰਾਸ਼ਟਰੀ ਕਾਨੂੰਨੀ ਸੇਵਾਵਾਂ ਦਿਵਸ ਦਾ ਮਕਸਦ ਕਾਨੂੰਨੀ ਸੇਵਾਵਾਂ ਅਥਾਰਟੀਜ਼ ਐਕਟ 1987 ਬਾਰੇ ਜਾਗਰੂਕ ਕਰਦਿਆਂ ਸਾਰਿਆਂ ਲਈ ਨਿਆਂ ਤੱਕ ਪਹੁੰਚ ਯਕੀਨੀ ਬਣਾਉਣਾ ਅਤੇ ਹਾਸ਼ੀਏ 'ਤੇ ਪਏ ਲੋਕਾਂ ਨੂੰ ਕਾਨੂੰਨੀ ਜਾਗਰੂਕਤਾ ਰਾਹੀਂ ਸ਼ਕਤੀ ਪ੍ਰਦਾਨ ਕਰਨਾ ਹੈ। ਉਨ੍ਹਾਂ ਦੱਸਿਆ ਕਿ ਇਸ ਐਕਟ ਅਧੀਨ ਗ਼ਰੀਬ ਲੋਕਾਂ ਨੂੰ ਮੁਫ਼ਤ ਕਾਨੂੰਨੀ ਸੇਵਾਵਾਂ ਮੁਹੱਈਆ ਕਰਨ ਲਈ ਅਥਾਰਟੀ ਵੱਲੋਂ 8 ਕੈਟਾਗਰੀਆਂ, ਜਿਵੇਂ ਕਿ ਔਰਤ, ਹਵਾਲਾਤੀ, ਐਸ. ਸੀ/ਐਸ. ਟੀ, ਬੇਗਾਰ ਦਾ ਮਾਰਿਆ, ਹੜ੍ਹ/ਭੂਚਾਲ ਪੀੜਤ, 18 ਸਾਲ ਤੋਂ ਘੱਟ ਉਮਰ ਦਾ ਬੱਚਾ, ਅਪੰਗ ਅਤੇ ਹਰ ਵੁਹ ਵਿਅਕਤੀ, ਜਿਸ ਦੀ ਸਾਲਾਨਾ ਆਮਦਨ 3 ਲੱਖ ਰੁਪਏ ਤੋਂ ਘੱਟ ਹੋਵੇ, ਉਸ ਨੂੰ ਜ਼ਿਲ੍ਹਾ ਪੱਧਰ ਅਤੇ ਸਬ-ਡਵੀਜ਼ਨ ਪੱਧਰ 'ਤੇ ਮੁਫ਼ਤ ਕਾਨੂੰਨੀ ਸਹਾਇਤਾ ਦਿੱਤੀ ਜਾਂਦੀ ਹੈ। ਇਸ ਦੇ ਨਾਲ ਹੀ ਉਨ੍ਹਾਂ ਨਾਲਸਾ ਦੀਆਂ ਸਕੀਮਾਂ ਬਾਰੇ ਵਿਦਿਆਰਥੀਆਂ ਨੂੰ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।

ਸੀ. ਜੇ. ਐਮ ਅਪਰਾਜਿਤਾ ਜੋਸ਼ੀ ਨੇ ਇਹ ਵੀ ਦੱਸਿਆ ਕਿ ਅਥਾਰਟੀ ਵੱਲੋਂ ਲੋਕ ਅਦਾਲਤਾਂ, ਮਿਡੀਏਸ਼ਨ ਅਤੇ ਕੰਸਲੀਏਸ਼ਨ ਸੈਂਟਰ ਦੁਆਰਾ ਰਾਜ਼ੀਨਾਮੇ ਰਾਹੀਂ ਕੇਸਾਂ ਦਾ ਫ਼ੈਸਲਾ ਕੀਤਾ ਜਾਂਦਾ ਹੈ ਅਤੇ ਜ਼ਿਲ੍ਹਾ ਪੱਧਰ 'ਤੇ ਸਥਾਈ ਲੋਕ ਅਦਾਲਤ (ਜਨ ਉਪਯੋਗੀ ਸੇਵਾਵਾਂ) ਦਫ਼ਤਰ ਸਥਾਪਿਤ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਜਿਹੜੇ ਕੇਸ ਅਦਾਲਤ ਵਿਚ ਨਹੀਂ ਚੱਲਦੇ, ਜਿਵੇਂ ਕਿ ਟੈਲੀਫੋਨ, ਬਿਜਲੀ, ਪਾਣੀ, ਬੈਂਕਾਂ ਦੇ ਕੇਸ, ਇੰਸ਼ੋਰੈਂਸ ਕੰਪਨੀਆਂ ਦੇ ਕੇਸ ਆਦਿ, ਪ੍ਰਾਰਥੀ ਇਸ ਲੋਕ ਅਦਾਲਤ ਵਿਚ ਸਿੱਧੀ ਐਪਲੀਕੇਸ਼ਨ ਦੇ ਕੇ ਮੁਫ਼ਤ ਵਿਚ ਦਾਇਰ ਕਰ ਸਕਦਾ ਹੈ।

ਇਸ ਤੋਂ ਇਲਾਵਾ ਸੀ. ਜੇ. ਐਮ ਅਪਰਾਜਿਤਾ ਜੋਸ਼ੀ ਵੱਲੋਂ ਕੇਂਦਰੀ ਜੇਲ੍ਹ ਹੁਸ਼ਿਆਰਪੁਰ ਦਾ ਦੌਰਾ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਜਿਥੇ ਕੈਦੀਆਂ ਮੁਸ਼ਕਲਾਂ ਸੁਣੀਆਂ ਗਈਆਂ, ਉਥੇ ਕੈਦੀਆਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਮੁਹੱਈਆ ਕਰਵਾਉਣ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦਫ਼ਤਰ ਲਈ ਵਡਮੁੱਲਾ ਯੋਗਦਾਨ ਦੇਣ ਲਈ ਰਾਜ ਪੱਧਰ 'ਤੇ ਵਧੀਆ ਪੀ. ਐਲ. ਵੀ ਐਲਾਨੀ ਗਈ ਇੰਦੂ ਪਠਾਣੀਆ ਨੂੰ ਰਾਸ਼ਟਰੀ ਕਾਨੂੰਨੀ ਸੇਵਾਵਾਂ ਦਿਵਸ ਮੌਕੇ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜੇਲ੍ਹ ਸੁਪਰਡੈਂਟ ਅਤੇ ਸਮੂਹ ਸਟਾਫ਼ ਹਾਜ਼ਰ ਸੀ।

# 180 ਗ੍ਰਾਮ ਨਸ਼ੀਲੇ ਪਦਾਰਥ ਸਮੇਤ ਦੋ ਦਬੋਚੇ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**—ਇੰਸ: ਕਰਨੈਲ ਸਿੰਘ ਮੁੱਖ ਅਫਸਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਏ ਐਸ ਆਈ ਤਜਿੰਦਰ ਸਿੰਘ ਥਾਣਾ ਮਾਡਲ ਟਾਊਨ ਨੇ ਸਾਥੀ ਕਮਚਾਰੀਆ ਦੇ ਨਾਲ ਗਸ਼ਤ ਦੌਰਾਨ ਮੋਟਰਸਾਈਕਲ ਸਪਲੈਂਡਰ ਰੰਗ ਕਾਲਾ ਨੰਬਰ -07- -3684 'ਤੇ ਸਵਾਰ ਗੌਰਵ ਗਿੱਲ ਉਰਫ ਸਿੱਬੂ ਪੁੱਤਰ ਸੁਨੀਲ ਦੱਤ ਵਾਸੀ ਗਲੀ ਨੰਬਰ 01 ਮੁਹੱਲਾ ਭਗਤ ਨਗਰ ਥਾਣਾ ਮਾਡਲ ਟਾਊਨ ਅਤੇ ਉਪਕਾਰ ਕ੍ਰਿਸ਼ਨ ਉਰਫ ਵਿੱਕੀ ਪੁੱਤਰ ਧਰਮਵੀਰ ਵਾਸੀ ਮਕਾਨ ਨੰਬਰ 13/17 ਨੇੜੇ ਕਾਮਰੇਡ ਦਫਤਰ ਮਾਡਲ ਟਾਊਨ ਨੂੰ ਕਾਬੂ ਕੀਤਾ ਅਤੇ ਉਹਨਾਂ ਦੀ ਤਲਾਸ਼ੀ ਕਰਨ ਉਪਰੰਤ ਗੌਰਵ ਗਿੱਲ ਉਰਫ ਸਿੱਬੂ ਪਾਸੋਂ 97 ਗ੍ਰਾਮ ਅਤੇ ਉਪਕਾਰ ਕ੍ਰਿਸ਼ਨ ਉਰਫ ਵਿੱਕੀ ਪਾਸੋਂ 83 ਗ੍ਰਾਮ ਨਸ਼ੀਲਾ ਪਦਾਰਥ ਬ੍ਰਾਮਦ ਹੋਣ 'ਤੇ ਉਨ੍ਹਾਂ ਦੇ ਖਿਲਾਫ ਮੁੱਕਦਮਾ ਨੰਬਰ ਐਨ ਡੀ ਪੀ ਐਸ ਐਕਟ ਥਾਣਾ ਮਾਡਲ ਟਾਊਨ ਵਿਖੇ ਮੁੱਕਦਮਾ ਦਰਜ ਕੀਤਾ ਗਿਆ।

ਪੁਨਰ-ਜਨਕ ਖੇਤੀ ਨੂੰ ਉਤਸ਼ਾਹਿਤ ਕਰਦੀ ਹੈ ਜੋ ਰਸਾਇਣਕ ਖਾਦਾਂ ਦੁਆਰਾ ਮਿੱਟੀ ਨੂੰ ਹੋਣ ਵਾਲੇ ਨੁਕਸਾਨ ਦੀ ਭਰਪਾਈ ਕਰਦੀ ਹੈ। ਐਵਰਐਨਵੀਰੋ ਪੰਜਾਬ ਭਰ ਵਿੱਚ 8 ਹੋਰ ਕੰਪਰੈੱਸਡ ਬਾਇਓ ਗੈਸ ਪ੍ਰੋਜੈਕਟ ਵੀ ਤਿਆਰ ਕਰ ਰਿਹਾ ਹੈ।

# ਮੇਹਰ ਚੰਦ ਪੋਲੀਟੈਕਨਿਕ ਕਾਲਜ ਦੇ ਵਿਦਿਆਰਥੀਆਂ ਨੇ ਕੀਤਾ ਵਿਦਿਅਕ ਦੌਰਾ

**ਜਲੰਧਰ (ਸ਼ੈਲੀ ਅਲਬਰਟ)**—ਮੇਹਰ ਚੰਦ ਪੋਲੀਟੈਕਨਿਕ ਕਾਲਜ ਜਲੰਧਰ ਦੇ ਮਕੈਨੀਕਲ ਵਿਭਾਗ ਦੇ ਤੀਜੇ ਸਾਲ ਦੇ ਵਿਦਿਆਰਥੀਆਂ ਨੇ ਇੱਕ ਐਜੋਕੇਸ਼ਨਲ ਟੂਰ ਤਹਿਤ ਹਿੰਦੁਸਤਾਨ ਹਾਇਡਰੋਲਿਕਸ ਸੁਰਾਨੂੱਸੀ ਦਾ ਦੌਰਾ ਕੀਤਾ। ਜਿਸ ਵਿੱਚ ਵਿਦਿਆਰਥੀਆਂ ਨੇ ਮਕੈਨੀਕਲ ਦੇ ਵੱਖ ਵੱਖ ਪਾਰਟਸ ਬਣਾਉਣ ਵਾਲੀਆਂ ਸੀ.ਐਨ.ਸੀ.ਮਸ਼ੀਨਾਂ ਅਤੇ ਪਾਰਟਸ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ। ਇਸ ਮੌਕੇ ਵਿਦਿਆਰਥੀਆਂ ਨੇ ਕਈ ਸਵਾਲ ਵੀ ਪੁੱਛੇ, ਜਿੰਨ੍ਹਾਂ ਦੇ ਜਵਾਬ ਫੈਕਟਰੀ ਦੇ ਅਧਿਕਾਰੀਆਂ ਵਲੋਂ ਦਿੱਤੇ ਗਏ।

ਇਸ ਵਿਦਿਅਕ ਪ੍ਰੋਗਰਾਮ ਦੀ ਰਹਿਨਮਾਈ ਪ੍ਰਭੁਦਿਆਲ ਅਤੇ ਗੌਰਵ ਸ਼ਰਮਾ ਨੇ ਕੀਤੀ। ਇਸ ਮੌਕੇ 'ਤੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਵਿਦਿਆਰਥੀਆਂ ਅਤੇ ਸਟਾਫ ਨੂੰ ਇਸ ਉਪਰਾਲੇ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਇਸ ਤਰਾਂ ਦੇ ਵਿਦਿਅਕ ਦੌਰੇ ਨਾਲ ਵਿਦਿਆਰਥੀਆਂ ਨੂੰ ਭਰਪੂਰ ਜਾਣਕਾਰੀ ਮਿਲਦੀ ਜੋ ਕਿ ਉਹਨਾਂ ਦੇ ਭਵਿੱਖ ਵਿੱਚ ਕੰਮ ਆਉਂਦੀ ਹੈ।



# ਇੰਟਰ ਸਕੂਲ ਖੇਤਰੀ ਲੋਕ ਪ੍ਰਤੀਯੋਗਤਾ 'ਚ ਐੱਮ ਜੀ ਐੱਨ ਪਬਲਿਕ ਸਕੂਲ ਰਿਹਾ ਮੋਹਰੀ



**ਕਪੂਰਥਲਾ, ( ਹਨੀ )**-ਸਹੋਦਿਆ ਸਕੂਲ ਕੰਪਲੈਕਸ, ਕਪੂਰਥਲਾ ਵਲੋਂ ਉਲੀਕੇ ਗਏ ਵੱਖ-ਵੱਖ ਮੁਕਾਬਲਿਆਂ ਦੀ ਲੜੀ ਵਿੱਚ ਜੀ ਡੀ ਗੋਇਨਕਾ ਇੰਟਰਨੈਸ਼ਨਲ ਸਕੂਲ ਕਪੂਰਥਲਾ ਨੂੰ ਸਹੋਦਿਆ ਇੰਟਰ ਸਕੂਲ ਖੇਤਰੀ ਲੋਕ ਨਾਚ ਮੁਕਾਬਲਾ ਕਰਵਾਉਣ ਦਾ ਸੁਭਾਗ ਪ੍ਰਾਪਤ ਹੋਇਆ । ਜਿਸ ਵਿਚ ਕਪੂਰਥਲਾ ਜ਼ਿਲ੍ਹੇ ਦੇ ਸਹੋਦਿਆ ਮੈਂਬਰ ਸੀਬੀਐਸਈ ਸਕੂਲਾਂ ਨੇ ਭਾਗ ਲਿਆ । ਜਿਸ ਵਿੱਚ ਐਮ ਜੀ ਐਨ ਪਬਲਿਕ ਸਕੂਲ ਕਪੂਰਥਲਾ ਪਹਿਲੇ, ਗੁਰੂ ਅਮਰਦਾਸ ਪਬਲਿਕ ਸਕੂਲ ਉੱਚਾ ਬੇਟ ਦੂਜੇ ਅਤੇ ਕੈਂਮਬ੍ਰਿਜ ਇੰਟਰਨੈਸਨਲ ਸਕੂਲ ਤੀਜੇ ਸਥਾਨ 'ਤੇ ਕਬਜ਼ਾ ਕਰਨ ਵਿਚ ਸਫਲ ਰਹੇ । ਐੱਸ. ਪੀ.ਪੀ.ਐੱਸ ਕੋਨਵੈਂਟ ਸਕੂਲ ਬੇਗੋਵਾਲ ਨੂੰ ਕੰਸੋਲੇਸਨ ਇਨਾਮ ਹਾਸਲ ਕਰਨ ਵਿਚ ਸਫਲ ਰਿਹਾ । ਜੇਤੂ ਰਹੇ ਵਿਦਿਆਰਥੀਆਂ ਨੂੰ ਸਕੂਲ ਪ੍ਰਬੰਧਕ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ । ਕਪੂਰਥਲਾ ਅਤੇ ਜਲੰਧਰ ਜਿਲ੍ਹਿਆਂ ਦੇ ਡੀਈਓ ਰਹਿ ਚੁੱਕੇ ਮੱਸਾ ਸਿੰਘ ਸਿੱਧੂ ਨੇ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਕਰਨੈਲ ਸਿੰਘ ਨੱਡਾ ਸਨਮਾਨਿਤ ਮਹਿਮਾਨ ਵਜੋਂ ਸ਼ਾਮਲ ਹੋਏ। ਨਿਰਨਾਇਕ ਮੰਡਲ ਵਿਚ ਡਾ: ਮਿਕੀ ਵਰਮਾ ਸਹਾਇਕ ਪ੍ਰੋਫੈਸਰ ਏ.ਪੀ.ਜੇ.ਕਾਲਜ ਜਲੰਧਰ ਅਤੇ ਪ੍ਰਭਦੀਪ ਕੌਰ ਐਮ.ਫਿਲ ਅਤੇ ਸਾਬਕਾ ਸਹਾਇਕ ਪ੍ਰੋਫੈਸਰ ਲਾਇਲਪੁਰ ਖਾਲਸਾ ਕਾਲਜ ਜਲੰਧਰ ਸ਼ਾਮਲ ਸਨ। ਸਕੂਲ ਦੇ ਚੇਅਰਮੈਨ ਸੁਖਦੇਵ ਸਿੰਘ ਨਾਨਕਪੁਰ, ਸਕੱਤਰ ਪਰਮਿੰਦਰ ਕੌਰ ਅਤੇ ਪ੍ਰਿੰਸੀਪਲ ਡਾ. ਪਵਲਜੀਤ ਕੌਰ ਅਗਵਾਈ ਹੇਠ ਆਯੋਜਿਤ ਇੰਟਰ ਸਕੂਲ ਖੇਤਰੀ ਲੋਕ ਨਾਚ ਮੁਕਾਬਲਾ ਅਮਿੱਟ ਯਾਦਾਂ ਛੱਡਦਾ ਸਫਲਤਾ ਪੂਰਵਕ ਸੰਪੰਨ ਹੋਇਆ ।

# ਵਾਰਡ ਨੰਬਰ 37 'ਚ ਅੱਠ ਲਾਭਪਾਤਰੀਆਂ ਨੂੰ ਦਿੱਤੇ ਨਵੇਂ ਗੈਸ ਕੁਨੈਕਸ਼ਨ



**ਫਗਵਾੜਾ ( ਡਾ. ਰਮਨ, ਜਸਵਿੰਦਰ ਢੱਡਾ )** ਨਗਰ ਕੌਂਸਲ ਫਗਵਾੜਾ ਦੇ ਸਾਬਕਾ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੇ ਯਤਨਾਂ ਸਦਕਾ ਪ੍ਰਧਾਨ ਮੰਤਰੀ ਉਜਵਲਾ ਯੋਜਨਾ ਤਹਿਤ ਫਗਵਾੜਾ ਗੈਸ ਸਰਵਿਸ ਦੇ ਸਹਿਯੋਗ ਨਾਲ ਵਾਰਡ ਨੰ: 37 ਦੇ ਖੇੜਾ ਰੋਡ ਵਿਖੇ ਕੈਂਪ ਲਗਾ ਕੇ 8 ਲੋੜਵੰਦ ਪਰਿਵਾਰਾਂ ਨੂੰ ਮੁਫ਼ਤ ਰਸੋਈ ਗੈਸ ਕੁਨੈਕਸ਼ਨ, ਸਿਲੰਡਰ, ਚੁੱਲ੍ਹਾ ਅਤੇ ਰੈਗੂਲੇਟਰ ਮੁਹੱਈਆ ਕਰਵਾਏ ਗਏ। ਜਦਕਿ ਗੈਸ ਏਜੰਸੀ ਦੇ ਨੁਮਾਇੰਦੇ ਬੱਲੂ ਵੱਲੋਂ 5 ਹੋਰ ਲੋੜਵੰਦ ਔਰਤਾਂ ਦੇ ਫਾਰਮ ਭਰੇ ਗਏ। ਫਗਵਾੜਾ ਗੈਸ ਸਰਵਿਸ ਦੇ ਮਾਲਕ ਪਰਮਿੰਦਰ ਸਿੰਘ ਨੇ ਭਰੋਸਾ ਦਿੱਤਾ ਕਿ ਜਿਨ੍ਹਾਂ ਦੇ ਅੱਜ ਫਾਰਮ ਭਰੇ ਗਏ ਹਨ, ਉਨ੍ਹਾਂ ਨੂੰ ਵੀ ਸਰਕਾਰ ਦੀ ਯੋਜਨਾ ਅਨੁਸਾਰ ਜਲਦੀ ਹੀ ਐਲ.ਪੀ.ਜੀ. ਸਿਲੰਡਰ ਅਤੇ ਕੁਨੈਕਸ਼ਨ ਦਿੱਤੇ ਜਾਣਗੇ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਜਿਨ੍ਹਾਂ ਪਰਿਵਾਰਾਂ ਵਿੱਚ ਇੱਕ ਹੀ ਵਿਅਕਤੀ ਹੈ ਅਤੇ ਉਹ ਆਰਥਿਕ ਤੌਰ 'ਤੇ ਕਮਜ਼ੋਰ ਹੈ, ਉਸਨੂੰ ਵੀ ਇਸ ਸਕੀਮ ਦਾ ਲਾਭ ਦਿਵਾਉਣ ਲਈ ਉਹ ਸਰਕਾਰ ਕੋਲ ਮੁੱਦਾ ਉਠਾਉਣਗੇ । ਮਲਕੀਅਤ ਸਿੰਘ ਰਘਬੋਤਰਾ ਨੇ ਗੈਸ ਏਜੰਸੀ ਦੇ ਮਾਲਕ ਪਰਮਿੰਦਰ ਸਿੰਘ ਅਤੇ ਫਾਰਮ ਭਰਨ ਵਾਲੇ ਕਰਮਚਾਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਾਰਡ ਨੰਬਰ 37 ਅਧੀਨ ਮੁਹੱਲਾ, ਪ੍ਰੇਮ ਨਗਰ, ਮਾਸਟਰ ਸਾਧੂ ਰਾਮ ਨਗਰ, ਖੇੜਾ ਰੋਡ ਅਤੇ ਗੁਰੂ ਨਾਨਕਪੁਰਾ ਦੇ ਵਸਨੀਕਾਂ ਨੂੰ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਸਾਰੀਆਂ ਭਲਾਈ ਸਕੀਮਾਂ ਦਾ ਲਾਭ ਦੁਆਉਣ ਦਾ ਆਪਣਾ ਫਰਜ਼ ਨਿਭਾਉਂਦੇ ਰਹਿਣਗੇ। ਸਰਕਾਰ ਦੀਆਂ ਭਲਾਈ ਸਕੀਮਾਂ ਤਹਿਤ ਜਿਸ ਸਕੀਮ ਲਈ ਜੋ ਵੀ ਯੋਗ ਵਿਅਕਤੀ ਜਾਂ ਪਰਿਵਾਰ ਹੋਵੇਗਾ ਉਸਨੂੰ ਯਕੀਨੀ ਤੌਰ ਤੇ ਯੋਜਨਾ ਦਾ ਲਾਭ ਦੁਆਇਆ ਜਾਵੇਗਾ। ਇਸ ਮੌਕੇ ਪ੍ਰੇਮ ਨਗਰ ਸੇਵਾ ਸੁਸਾਇਟੀ ਦੇ ਪ੍ਰਧਾਨ ਸੁਧੀਰ ਸ਼ਰਮਾ, ਭੁਵੇਸ਼ ਗੁਪਤਾ, ਅੰਮ੍ਰਿਤ ਗੁਜਰਾਤੀ, ਵੰਦਨਾ ਸ਼ਰਮਾ, ਮੋਹਨ ਲਾਲ ਤਨੇਜਾ ਆਦਿ ਹਾਜ਼ਰ ਸਨ।

# ਕੰਪਰੈੱਸਡ ਬਾਇਓਗੈਸ 'ਤੇ ਹੋਇਆ ਸਮਝੌਤਾ, ਪਰਾਲੀ ਸਾੜਨ ਨੂੰ ਰੋਕਣ 'ਚ ਮਿਲੇਗੀ ਮਦਦ



**ਜਲੰਧਰ ( ਸ਼ੈਲੀ ਐਲਬਰਟ)**:-ਭਾਰਤ ਵਿੱਚ ਕੰਪਰੈੱਸਡ ਬਾਇਓਗੈਸ ਦਾ ਉਤਪਾਦਨ ਕਰਨ ਵਾਲੀ ਕੰਪਨੀ ਐਵਰਐਨਵੀਰੋ ਰਿਸੋਰਸ ਮੈਨੇਜਮੈਂਟ ਪ੍ਰਾਈਵੇਟ ਲਿਮਟਿਡ ਨੇ ਕੰਪਰੈੱਸਡ ਬਾਇਓ ਗੈਸ ਦੀ ਵਿਕਰੀ ਲਈ ਟੋਰੈਂਟ ਗੈਸ ਨਾਲ ਸਮਝੌਤਾ ਕੀਤਾ ਹੈ। ਕੰਪਰੈੱਸਡ ਬਾਇਓਗੈਸ ਪੰਜਾਬ ਨੂੰ ਗੇਲ ਇੰਡੀਆ ਲਿਮਟਿਡ, ਚੰਡੀਗੜ੍ਹ ਰਾਹੀਂ ਸਪਲਾਈ ਕੀਤੀ ਜਾਵੇਗੀ। ਇਹ ਸਮਝੌਤਾ ਨਾ ਸਿਰਫ ਖਪਤਕਾਰਾਂ ਨੂੰ ਸਾਫ-ਸੁਥਰਾ ਈਂਧਨ ਪ੍ਰਦਾਨ ਕਰੇਗਾ ਸਗੋਂ ਪੰਜਾਬ ਰਾਜ ਵਿੱਚ ਪਰਾਲੀ ਸਾੜਨ 'ਤੇ ਵੀ ਰੋਕ ਲਗਾਏਗਾ। ਗੁਆਂਢੀ ਰਾਜਾਂ ਵਿੱਚ ਧੁੰਦ ਅਤੇ ਧੂੰਏਂ ਦਾ ਮੁੱਖ ਕਾਰਨ ਪਰਾਲੀ ਸਾੜਨਾ ਹੈ। ਸਮਝੌਤੇ ਅਨੁਸਾਰ ਬਾਇਓਗੈਸ ਦਾ ਉਤਪਾਦਨ ਪੰਜਾਬ ਵਿੱਚ ਐਵਰਐਨਵੀਰੋ ਦੀ ਸੰਗਰੂਰ ਪ੍ਰਾਈਵੇਟ ਲਿਮਟਿਡ ਅਤੇ ਪਟਿਆਲਾ ਪ੍ਰਾਈਵੇਟ ਲਿਮਟਿਡ ਦੁਆਰਾ ਕੀਤਾ ਜਾਵੇਗਾ। ਸੀਜੀਡੀ ਸਿੰਕ੍ਰੋਨਾਈਜੇਸਨ ਸਕੀਮ ਤਹਿਤ ਇਸ ਸਮਝੌਤੇ 'ਤੇ ਹਸਤਾਖਰ ਕਰਕੇ, ਪੰਜਾਬ ਨੇ ਰਾਜ ਵਿੱਚ ਵਾਤਾਵਰਣ ਅਨੁਕੂਲ ਊਰਜਾ ਨੂੰ ਉਤਸ਼ਾਹਿਤ ਕਰਨ ਵਿੱਚ ਇੱਕ ਵੱਡੀ ਪ੍ਰਾਪਤੀ ਹਾਸਲ ਕੀਤੀ ਹੈ। ਇਸ ਵੱਕਾਰੀ ਭਾਈਵਾਲੀ ਤਹਿਤ ਝੋਨੇ ਦੀ ਪਰਾਲੀ ਤੋਂ ਕੰਪਰੈੱਸਡ ਬਾਇਓ ਗੈਸ ਪੈਦਾ ਕਰਕੇ ਖੇਤੀ ਰਹਿੰਦ-ਖੂੰਹਦ ਨੂੰ ਕੀਮਤੀ ਸਰੋਤਾਂ ਵਿੱਚ ਬਦਲਣ ਦਾ ਸੰਕਲਪ ਸਾਕਾਰ ਹੋਇਆ ਹੈ। ਹਰੇਕ ਪਲਾਂਟ ਪ੍ਰਤੀ ਦਿਨ ਲਗਭਗ 15 ਟਨ ਕੰਪਰੈੱਸਡ ਬਾਇਓਗੈਸ/ਬਾਇਓ ਸੀਐਨਜੀ ਪੈਦਾ ਕਰ ਸਕਦਾ ਹੈ ਅਤੇ ਇੱਕ ਸਾਲ ਵਿੱਚ 40,000 ਟਨ ਤੋਂ ਵੱਧ ਝੋਨੇ ਦੀ ਪਰਾਲੀ ਦੀ ਵਰਤੋਂ ਕਰ ਸਕਦਾ ਹੈ। ਇਨ੍ਹਾਂ ਪਲਾਂਟਾਂ ਵਿੱਚ ਕੰਪਰੈੱਸਡ ਬਾਇਓਗੈਸ ਦਾ ਉਤਪਾਦਨ ਲਗਭਗ 40,000 ਏਕੜ ਖੇਤ ਵਿੱਚ ਪਰਾਲੀ ਸਾੜਨ ਤੋਂ ਰੋਕ ਸਕਦਾ ਹੈ, ਜਿਸ ਨਾਲ ਹਰ ਸਾਲ ਲਗਭਗ 27826 ਟਨ ਕਾਰਬਨ ਡਾਈਆਕਸਾਈਡ ਦੇ ਨਿਕਾਸ ਨੂੰ ਘਟਾਇਆ ਜਾ ਸਕਦਾ ਹੈ। ਸਮਝੌਤੇ ਬਾਰੇ ਜਾਣਕਾਰੀ ਦਿੰਦਿਆਂ ਐਵਰਐਨਵੀਰੋ ਰਿਸੋਰਸਜ ਦੇ ਮੈਨੇਜਿੰਗ ਡਾਇਰੈਕਟਰ ਅਤੇ ਸੀਈਓ ਮਹੇਸ ਗਿਰਧਰ ਨੇ ਦੱਸਿਆ ਕਿ ਇਹ ਪਲਾਂਟ ਨਾ ਸਿਰਫ ਵਾਤਾਵਰਨ ਪੱਖੀ ਊਰਜਾ ਉਤਪਾਦਨ ਲਈ ਹਨ ਸਗੋਂ ਸਰਕੂਲਰ ਅਰਥਵਿਵਸਥਾ ਵੱਲ ਇੱਕ ਠੋਸ ਕਦਮ ਦਾ ਪ੍ਰਤੀਕ ਵੀ ਹਨ। ਉਨ੍ਹਾਂ ਦਾ ਟੀਚਾ ਰਹਿੰਦ-ਖੂੰਹਦ ਨੂੰ ਘਟਾਉਣਾ, ਹਵਾ ਪ੍ਰਦੂਸਣ ਨੂੰ ਰੋਕਣਾ ਅਤੇ ਸਮਾਜ ਨੂੰ ਊਰਜਾ ਦਾ ਇੱਕ ਸਾਫ ਸਰੋਤ ਪ੍ਰਦਾਨ ਕਰਨਾ ਹੈ। ਗਿਰਧਰ ਨੇ ਕਿਹਾ, ਸਾਰੀਆਂ ਸਹੂਲਤਾਂ ਨਾਲ ਲੈਸ ਆਧੁਨਿਕ ਪਲਾਂਟਾਂ ਦਾ ਬਹੁ-ਆਯਾਮੀ ਪ੍ਰਭਾਵ ਹੈ। ਉਹ ਖੇਤੀਬਾੜੀ ਰਹਿੰਦ-ਖੂੰਹਦ ਦੇ ਨਿਪਟਾਰੇ ਲਈ ਇੱਕ ਵਾਤਾਵਰਣ ਅਨੁਕੂਲ ਹੱਲ ਪ੍ਰਦਾਨ ਕਰਦੇ ਹਨ ਅਤੇ ਸਥਾਨਕ ਭਾਈਚਾਰਿਆਂ ਦੀ ਰੋਜੀ-ਰੋਟੀ ਨੂੰ ਮਜਬੂਤ ਕਰਕੇ ਪੇਂਡੂ ਆਰਥਿਕਤਾ ਨੂੰ ਵੀ ਮਜਬੂਤ ਕਰਦੇ ਹਨ। ਪੰਜਾਬ ਵਿੱਚ ਐਵਰਐਨਵੀਰੋ ਦੇ ਕੰਪਰੈੱਸਡ ਬਾਇਓਗੈਸ ਪਲਾਂਟ ਹਰੇਕ ਪ੍ਰੋਜੈਕਟ ਦੇ ਨਾਲ ਲਗਭਗ 1500 ਪਿੰਡ ਪੱਧਰ ਦੇ ਉੱਦਮੀਆਂ ਨੂੰ ਆਮਦਨ ਦਾ ਇੱਕ ਸਰੋਤ ਪ੍ਰਦਾਨ ਕਰਦੇ ਹਨ। ਇਹ ਉੱਦਮੀ ਸੰਗਰੂਰ ਅਤੇ ਪਟਿਆਲਾ ਦੋਵਾਂ ਪਲਾਂਟਾਂ ਲਈ ਬਾਇਓਮਾਸ ਵਜੋਂ ਝੋਨੇ ਦੀ ਭੁੱਕੀ ਅਤੇ ਬੰਡਲ ਪ੍ਰਦਾਨ ਕਰਦੇ ਹਨ।

ਇਹਨਾਂ ਪਲਾਂਟਾਂ ਵਿੱਚ ਹਰ ਸਾਲ 25,000 ਟਨ ਜੈਵਿਕ ਖਾਦ ਪੈਦਾ ਕਰਨ ਦੀ ਸਮਰੱਥਾ ਹੈ, ਜੋ ਮਿੱਟੀ ਦੀ ਸਿਹਤ ਵਿੱਚ ਸੁਧਾਰ ਕਰਦੀ ਹੈ ਅਤੇ